ਸਾਖੀ ਬਾਬੇ ਨਾਨਕ ਜੀ ਕੀ

(ਪੁਰਾਤਨ ਜਨਮਸਾਖੀ)

ਸਾਖੀਕਾਰ

ਸੈਦੋ ਜੱਟ

ਸੰਪਾਦਕ

ਸ. ਸ. ਪਦਮ

Scanned by CamScanner

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਸਾਖੀ ਬਾਬੇ ਨਾਨਕ ਜੀ ਕੀ ਸਾਖੀ ਪਰੰਪਰਾ ਦਾ ਅਹਿਮ ਮਤਨ ਹੈ, ਜੋ 'ਪੁਰਾਤਨ ਜਨਮਸਾਖੀ' ਦੇ ਨਾਂ ਹੇਠ ਸਿੱਖ ਅਕਾਦਮਿਕਤਾ ਵਿਚ ਪ੍ਰਚਲਨ ਚੜ੍ਹਿਆ ਹੈ। ਹੈਨਰੀ ਥਾਮਸ ਕੋਲਬਰੁਕ (1765-1837) ਨੇ ਇਸ ਦਾ ਇਕ ਨੁਸਖ਼ਾ ਪ੍ਰਾਪਤ ਕਰ ਕੇ 1815 ਵਿਚ ਲੰਡਨ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਕਰ ਦਿੱਤਾ ਸੀ। ਅਰਨੈਸਟ ਟਰੰਪ ਨੇ ਪਹਿਲੀ ਵਾਰ ਇਸ ਅੰਤਰਮੁਖਤਾ ਹੇਠ ਲਿਖਤ ਬਾਰੇ ਦੀ ਕਦਰ ਪਛਾਣ ਕੇ, ਇਸ ਨੂੰ ਅੰਗਰੇਜ਼ੀ ਵਿਚ ਉਲਥਾ ਕੇ ਚੋਣ ਪ੍ਰਾਪਤ ਕੀਤਾ। ਸਿੱਖ ਸਭਾ ਲਾਹੌਰ ਦੇ ਸਰਗਰਮ ਮੈਂਬਰ ਅਤੇ ਪ੍ਰਧਾਨ ਅਤਰ ਸਿੰਘ ਦੇ ਯਤਨਾਂ ਨਾਲ ਇਹ ਨੁਸਖ਼ਾ 1883 ਈ. ਵਿਚ ਵਲਾਇਤ ਤੋਂ ਮੰਗਵਾਇਆ ਗਿਆ ਅਤੇ ਇਸ ਦੀਆਂ ਜ਼ਿੰਕੋਗ੍ਰਾਫ਼ ਕਾਪੀਆਂ ਤਿਆਰ ਹੋਈਆਂ ਤੇ ਫਿਰ 1885 ਈ. ਵਿਚ ਇਸ ਨੂੰ ਪੱਥਰ ਦੇ ਛਾਪੇ 'ਤੇ ਛਪਵਾਇਆ ਗਿਆ। ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫੈਸਰ ਗੁਰਮੁਖ ਸਿੰਘ ਨੇ ਇਸ ਦਾ ਇਕ ਨੁਸਖ਼ਾ ਹਾਫ਼ਿਜ਼ਾਬਾਦ ਪ੍ਰਾਪਤ ਕਰ ਕੇ, ਨਵੀਨ ਢੰਗ ਨਾਲ ਵਿਉਂਤ ਕੇ, ਮੈਕਾਲਿਫ਼ ਦੀ ਸਰਪ੍ਰਸਤੀ ਤੇ ਸਹਿਯੋਗ ਨਾਲ ਰਾਵਲਪਿੰਡੀ 1885 ਈ. ਵਿਚ ਲਿਥੋ 'ਤੇ ਛਪਵਾ ਕੇ ਪ੍ਰਕਾਸ਼ਤ ਕੀਤਾ। ਭਾਈ ਵੀਰ ਸਿੰਘ ਨੇ 1926 ਈ. ਵਿਚ ਇਨ੍ਹਾਂ ਤਕ ਪ੍ਰਾਪਤ ਸਾਰੀ ਸਮੱਗਰੀ ਦੀ ਸਹਾਇਤਾ ਨਾਲ, ਦੋਹਾਂ ਛਾਪਾਂ ਦੇ ਪਾਠਾਂ ਦਾ ਏਕੀਕਰਨ ਕਰ ਕੇ ਇਕ ਰੂਪਾਂਤਰ ਤਿਆਰ ਕੀਤਾ, ਜਿਸ ਨੇ 'ਪੁਰਾਤਨ ਜਨਮਸਾਖੀ' ਦੇ ਨਾਂ ਹੇਠ ਹੁਣ ਤਕ ਸਥਾਈ ਸਿੱਕਾ ਮੰਨਿਆ ਹੋਇਆ ਹੈ।

ਇਸ ਪੁਸਤਕ ਵਿਚ ਸੰਪਾਦਕ ਨੇ ਉਪਲਬਧ ਹੱਥ-ਲਿਖਤਾਂ ਦੇ ਮਿਲਾਨ ਉਪਰੰਤ ਇਸ ਕੇਂਦਰੀ ਰਚਨਾ ਦਾ ਪ੍ਰਮਾਣਿਕ ਪਾਠ ਤਿਆਰ ਕੀਤਾ ਹੈ। ਇਸ ਤੋਂ ਇਲਾਵਾ ਇਸ ਪੋਥੀ ਦੀ ਰਚਨਾਕਾਰਤਾ ਤੇ ਰਚਨਾ-ਕਾਲ ਨਾਲ ਜੁੜੇ ਮੁੱਦਿਆਂ ਦੇ ਨਿਪਟਾਰੇ ਲਈ ਦਸਤਾਵੇਜ਼ੀ ਸਬੂਤਾਂ ਤੇ ਤਰਕਸੰਗਤ ਦਲੀਲਾਂ ਨੂੰ ਆਧਾਰ ਬਣਾ ਕੇ ਵਿਸ਼ਲੇਸ਼ਣ ਤੇ ਵਿਆਖਿਆ ਕੀਤੀ ਗਈ ਹੈ ਤੇ ਮੰਤਵ-ਯੋਗ ਸਿੱਟੇ ਕੱਢੇ ਗਏ ਹਨ। ਸੰਪਾਦਕ ਨੇ ਕੁਸ਼ਲਤਾ ਬਿਰਤੀ ਨਾਲ ਹੰਦਾਲੀਆਂ ਦੇ ਕੂੜ-ਪਸਾਰੇ ਨੂੰ ਨਸ਼ਰ ਕਰ ਕੇ ਖ਼ਾਲਸਾ-ਮਿਥ ਬਾਰੇ ਵੀ ਨਿਰਣਾਇਕ ਸਿੱਟੇ ਕੱਢੇ ਹਨ।

'ਪੁਰਾਤਨ ਜਨਮਸਾਖੀ' ਦੇ ਇਸ ਨਵੇਂ ਢੰਗ ਦੇ ਸੰਪਾਦਨ ਨਾਲ ਸਾਖੀ ਪਰੰਪਰਾ ਦੇ ਨਿਕਾਸ ਤੇ ਵਿਕਾਸ ਦੀ ਕਹਾਣੀ ਵੀ ਸਪੱਸ਼ਟ ਤੇ ਤਰਕ-ਸੰਗਤ ਬਣ ਗਈ ਹੈ ਤੇ ਇਸ ਨੂੰ ਨਵਾਂ ਪਰਿਪੇਖ ਮਿਲ ਗਿਆ ਹੈ।

ਬ੍ਰਹਮਪੁਰਾ

9592020595

Scanned by CamScanner

ਸਮਰਪਣ

ਸਾਖੀ ਅਤੇ ਸਿੱਖ ਚਿੰਤਨ ਦੇ ਗੌਰਵ

ਗੁਮਨਾਮ ਵਿਸਨ ਸਿੰਘ

ਨਾਮੀ ਦਿੱਤ ਸਿੰਘ ਅਤੇ ਗੁਰਮੁਖ ਸਿੰਘ,

ਗਰਾਮੀ ਕਰਮ ਸਿੰਘ

ਨੂੰ

Scanned by CamScanner

ਤਤਕਰਾ

ਦੇਣਦਾਰੀਆਂ	13
ਮੁਖਬੰਧ	15
1. ਹੱਥ-ਲਿਖਤ ਖਰੜੇ	19-30
—ਵਰਤਿਆ, ਅਪਰਾਪਤ ਖਰੜਾ	23
ਹਾਫ਼ਜ਼ਾਬਾਦੀ ਨੁਸਖ਼ਾ	23
—ਅਪਰਾਪਤ ਖਰੜੇ	23
ਨਿੱਜੀ ਨੁਸਖ਼ਾ, ਪ੍ਰੋ. ਪ੍ਰੀਤਮ ਸਿੰਘ	23
ਨਿੱਜੀ ਨੁਸਖ਼ਾ, ਕੁਲਦੀਪ ਸਿੰਘ ਬੇਦੀ	23
—ਆਧਾਰ ਪੋਥੀ, ਰਤਨ ਸਿੰਘ ਜੱਗੀ	24
—ਖਰੜਿਆਂ ਦਾ ਵਰਗੀਕਰਨ	26
—ਤਾਰਕੀਅਤਾ, ਵਰਗੀਕਰਨ ਦੀ	26
—ਸਮਾਪਤੀ ਟਿੱਪਣੀ	29
2. ਰਚਿਆਰਤਾ	31-42
—ਮੁੱਦਾ ਦੂਹਰੀ ਰਚਿਆਰਤਾ ਦਾ	32
—'ਸੈਦੋ ਜਟੁ ਸਬਦੁ ਵੀਚਾਰੀ'	34
—ਸੈਦੋ ਦਾ ਨਿਵਾਸ ਸਥਾਨ	37
—ਲਾਹੌਰ ਤੋਂ ਪਸ਼ੌਰ ਦਾ ਸਫ਼ਰ	38
—ਸੈਦੋ ਦੀ ਸ਼ਖ਼ਸੀਅਤ	39
—ਅਭਿੰਨ ਵਿਭਿੰਨਤਾ	41
—ਪੁਣ-ਛਾਣ ਤੋਂ ਪ੍ਰਾਪਤ ਵਿਸ਼ੇਸ਼ ਨੁਕਤੇ	42
3. ਰਚਨਾ ਕਾਲ	43-56
—ਦਿਸ਼ਾਹੀਣ ਅਟਕਲਾਂ	43
—ਦੋਹਰੇ ਰਚਨਾ ਕਾਲ ਅਤੇ ਸਥਾਨ	44

Scanned by CamScanner

—ਬਾਲਾ ਮਾਰਕਰ 45
—ਗੋਰਖ ਸੈਦੋ ਸੰਬੰਧ 46
—ਬਾਲਾ-ਭਰਮ-ਭੂਤ ਨਿਵਾਰਨ 47
—ਨਿਬੇੜਾ 55
—ਸਮੀਖਿਆ ਤੋਂ ਮਿਲਿਆ ਲਾਭਾਂਸ਼ 55

4. ਸਾਖੀ ਸੰਪਾਦਨ ਸਮੀਖਿਆ 57-68
—ਸੰਦਾਪਕੀ ਪ੍ਰਤੀਮਾਨ ਨਜ਼ਰ-ਅੰਦਾਜ਼ 57
—ਫ਼ਾਰਸੀਆਂ ਘਰ ਗਾਲੇ 59
—ਪਾਠਾਂਤਰ, ਇਹ ਵੀ 61
—ਇਕ ਯਾਦਗਾਰੀ ਮਾਰਕਰ 62
—ਪੋਚਾਗਰੀ ਦਾ ਵਿਸਤਾਰ 64
—ਨਿਤਾਰਾ 66
—ਵਿਸ਼ੇਸ਼ ਪ੍ਰਕਾਸ਼ਮਾਨ ਨੁਕਤੇ 67

5. ਬਿਰਤਾਂਤ ਵਿਕਾਸ 68-82
—ਵੱਡੀਆਂ ਚੁਣੌਤੀਆਂ 68
—ਪ੍ਰਸੰਗ ਪਛਾਣ 69
—ਬਿਰਤਾਂਤ ਵਿਸਤਾਰ 72
—ਪ੍ਰਾਣ ਸੰਗਲੀ, ਉਤਪਤੀ ਤੇ ਵਿਸਤਾਰ 73
—ਰਾਗਮਾਲਾ ਦਾ ਰਾਗੜਾ 76
—ਤਰਕ ਬਨਾਮ ਤਰਕਹੀਣਤਾ 78
—ਮੁੱਕਦੀ ਗੱਲ 81
—ਸਾਰੰਸ਼ੀ ਨੁਕਤੇ 82

6. ਬਾਲੰਬਰੀ ਵਰਤਾਰਾ 83-92
—ਅਰੰਭ ਅਤੇ ਪਸਾਰਾ 83
—ਪ੍ਰਸੰਗ : ਸੁਚਜ-ਪ੍ਰੀਤਾ ਗੁਰੂ ਕਾ 84
—ਬਾਲਾ-ਲਾਗੀ ਦੀ [illegible] 85

Scanned by CamScanner

—ਕਿੱਸਾ, ਜਨ ਬਹਿਲੋ ਦਾ 87
—'ਗੁਰਬਿਲਾਸ' ਦੀ ਵਿਲਾਸਤਾ 87
—ਯਾਦਗਾਰੀ ਨੁਕਤੇ 91

ਮਤਨ

ਸਾਖੀ ਬਾਬੇ ਨਾਨਕ ਜੀ ਕੀ 93-216
1. ਅਵਤਰਨ 95
2. ਪਾਧਾ 96
3. ਉਪਰਾਮਤਾ 98
4. ਖੇਤ ਹਰਾ 99
5. ਸਥਿਰ ਛਾਂ 100
6. ਦੁਨੀਆਵੀ ਧੰਦੇ 101
7. ਵੈਦ ਪਰਖਾਇ 105
8. ਸੁਲਤਾਨਪੁਰੋਂ ਸੱਦਾ 107
9. ਮੋਦੀਖਾਨੇ ਦੀ ਸੇਵਾ 108
10. ਵੇਈਂ ਵਰਤਾਰਾ 108
11. ਕਾਜੀ ਚਰਚਾ, ਪਦ ਤਿਆਗ 111
12. ਮਰਦਾਨੇ ਦੀ ਸੇਵਾ 115
13. ਸਜਣ ਠਗ 116
14. ਸੇਖ ਸਰਫ ਵਾਰਤਾ 118
15. ਦਿਲੀ ਹਾਥੀ ਮੋਇਆ ਜਿਵਾਇਆ 121

ਪਹਿਲੀ ਉਦਾਸੀ

16. ਸੇਖ ਫਰੀਦ ਭੇਟ 122
17. ਬਨਾਰਸ ਵਿਚ ਚਤੁਰ ਦਾਸ 123
18. ਨਾਨਕ ਮਤੇ ਸਿੱਧਾਂ ਨਾਲ ਗੋਸਟ 125
19. ਵਣਜਾਰਿਆਂ ਦੇ ਟਾਂਡੇ 126
20. ਪਾਲੀ ਨੂੰ ਪਾਤਸ਼ਾਹੀ 127
21. ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ 128

Scanned by CamScanner

22. ਠੱਗਾਂ ਦਾ ਨਿਸਤਾਰਾ 129
23. ਨੂਰ ਸਾਹ ਨਿਸਤਾਰਾ 131
24. ਕਲਿਜੁਗ 135
25. ਕੀੜ ਨਗਰ 137
26. ਵਸਦਾ ਰਹੇ 139
27. ਉਜੜ ਜਾਵੇ 139
28. ਸ਼ੇਖ ਫਰੀਦ ਗੋਸ਼ਟੀ 140
29. ਬਿਸੀਅਰ ਦੇਸ਼ ਝੰਡਾ ਬਾਢੀ 146
30. ਮਰਦਾਨੇ ਦੀ ਭੁਖ ਗਵਾਈ 146
31. ਮਾਤਾ ਪਿਤਾ ਜੀ ਨਾਲ ਮੇਲ 148
32. ਸੇਖ ਬ੍ਰਿਹਮ ਨਾਲ ਗੋਸ਼ਟ 152
33. ਕੋਹੜੀ ਫ਼ਕੀਰ ਨਿਸਤਾਰਾ 156
34. ਕਿੜੀਆਂ ਪਠਾਣਾਂ 157
35. ਸੈਦਪੁਰ ਦੀ ਬੰਦ 158
36. ਗੋਸ਼ਟ ਮੀਆ ਮਿੱਠਾ 166
37. ਦੁਨੀ ਚੰਦ ਨਿਸਤਾਰਾ 169
38. ਬ੍ਰਾਹਮਣ ਦੀ ਸੁਚ ਰਸੋਈ 170
39. ਇਕ ਵੈਰਾਗੀ ਬਾਲਕ 171
40. ਕਰੋੜੀਆ 172
41. ਭਾਗੀਰਥ, ਮਨਸੁਖ ਤੇ ਸਿਵਨਾਭ 173

ਦੂਜੀ ਉਦਾਸੀ ਦੱਖਣ ਦੀ

42. ਸੈਦੋ ਸੀਹੋ ਤੇ ਵਰਟ 177
43. ਅਨਭੀ ਸਰੇਵੜਾ 179
44. ਕਉਡਾ ਰਾਖਸ 180
45. ਮਖਦੂਮ ਬਹਾਵਦੀ 181
46. ਸਿੱਧਾਂ ਨਾਲ ਗੋਸ਼ਟ 184
47. ਸਿਵਨਾਭ ਪ੍ਰਾਣ ਸੰਗਲੀ 185
48. ਬਾਢੀ ਦੀ ਝੁੱਗੀ ਢਾਹੀ 189

Scanned by CamScanner

ਤੀਜੀ ਉਦਾਸੀ

49. ਕਸ਼ਮੀਰ ਬ੍ਰਹਮਦਾਸ ਪੰਡਤ 189
50. ਸੁਮੇਰ ਤੇ ਅਚਲ ਪਰ ਸਿੱਧਾਂ ਨਾਲ ਗੋਸ਼ਟ 193

ਚਉਥੀ ਉਦਾਸੀ

51. ਮਕਾ 200

ਪੰਜਵੀਂ ਉਦਾਸੀ

52. ਸਿਧ ਗੋਸਟਿ ਗੋਰਖ ਹਟੜੀ 204
53. ਸ੍ਰੀ ਲਹਿਣਾ ਪ੍ਰੀਖਯਾ ਦਾਸੀ ਤੁਲਸਾ 206
54. ਲਹਿਣੇ ਤੋਂ ਅੰਗਦ 207
55. ਮਖਦੂਮ ਬਹਾਵਦੀ ਦਾ ਚਲਾਣਾ 208
56. ਸ੍ਰੀ ਗੁਰੂ ਅੰਗਦ ਜੀ ਨੂੰ ਗੁਰਿਆਈ 210
57. ਜੋਤੀ ਜੋਤ ਸਮਾਉਣਾ 211

ਜ਼ਮੀਮੇ 217-228
1. ਵਿਥਿਆ ਘੋੜੇ ਜੱਟ ਦੀ 217
2. ਲਾਲੀਆ, ਲਾਲੋ ਦਾ 225

ਸਹਾਇਕ ਪੁਸਤਕ ਸੂਚੀ 229-234
ਇੰਡੈਕਸ 235-240

Scanned by CamScanner

ਹਵਾਲਾ ਸੰਕੇਤਾਵਲੀ

ਉਹੀ : *ibid.*

ਉਤਰੋਕਤ : *infra*

ਸਥਾਨੋਕਤ : *loc.cit.*

ਕਥੋਕਤੀ : quoted

ਕਿਰਤੋਕਤ : *op.cit.*

ਤੇ ਹੋ : et al

ਪੂਰਬੋਕਤ : supra

ਮੇਲੋ/ਵੇਖੋ : cf.

(ਯਥਾ) : *sic.*

(ਅਸਲ ਅਨੁਸਾਰ ਭਾਵੇਂ ਗ਼ਲਤ/ਸ਼ੱਕੀ)

Scanned by CamScanner

ਦੇਣਦਾਰੀਆਂ

ਸਾਖੀ ਪਰੰਪਰਾ ਦੇ ਪੁਨਰ ਉਥਾਨ ਵਿਚ ਹਿੱਸਾ ਪਾਉਣ ਵਾਲਿਆਂ ਦਾ ਭਾਰੀ ਅਤੇ ਪ੍ਰਭਾਵਸ਼ਾਲੀ ਸਮੂਹ ਹੈ, ਜਿਨ੍ਹਾਂ ਦੀ ਦੇਣ ਨੂੰ ਚਿਤਾਰਿਆ ਜਾਣਾ ਜ਼ਰੂਰੀ ਹੈ। *ਪੁਰਾਤਨ* ਦੇ ਪੁਨਰ-ਸੰਪਾਦਨ ਦਾ ਕਾਰਜ ਪ੍ਰੋ. ਪ੍ਰੀਤਮ ਸਿੰਘ ਦੀ ਬਦੌਲਤ ਉਨ੍ਹਾਂ ਦੇ ਜੀਵਨ-ਕਾਲ ਵਿਚ ਹੀ ਅਰੰਭ ਹੋਇਆ ਪਰ ਸੰਪੰਨ ਹੁਣ ਹੋ ਰਿਹਾ ਹੈ। *ਸਿੱਖਾਂ ਦੀ ਭਗਤਮਾਲਾ* ਦੇ ਸੰਪਾਦਨ ਦਾ ਕੰਮ ਮੁੱਕਦਿਆਂ ਸਾਰ, ਉਨ੍ਹਾਂ ਨੇ *ਪੁਰਾਤਨ* ਦੇ ਨਵੇਂ ਸਿਰਿਓਂ ਸੰਪਾਦਨ ਦੀ ਤਜਵੀਜ਼ ਅੱਗੇ ਰੱਖ ਦਿੱਤੀ। ਸਾਖੀ ਪਰੰਪਰਾ ਨਾਲ ਸੰਬੰਧਤ ਬਹੁਤ ਸਾਰੇ ਮੁੱਦੇ, ਕਿਉਂਕਿ ਪਰਸਪਰ ਸੰਬੰਧਾਂ ਵਾਲੇ ਹੋਣ ਕਾਰਨ, ਬਹੁਤ ਹੱਦ ਤਕ ਪਹਿਲਾਂ ਹੀ ਨਜਿੱਠੇ ਜਾ ਚੁੱਕੇ ਸਨ, ਪੁਨਰ-ਸੰਪਾਦਨ ਲਈ ਜ਼ਮੀਨ ਤਿਆਰ ਬਰ ਤਿਆਰ ਦਿਸੀ, ਹਾਂ ਹੋ ਗਈ। ਸਭ ਤੋਂ ਪਹਿਲਾਂ ਉਨ੍ਹਾਂ ਦੇ ਰਿਣ ਨੂੰ ਚੇਤੇ ਕਰਨਾ ਬਣਦਾ ਹੈ।

ਹੈਨਰੀ ਥਾਮਸ ਕੋਲਬਰੁੱਕ (1765-1835) ਜਿਸ ਨੇ *ਸਾਖੀ ਬਾਬੇ ਨਾਨਕ ਜੀ ਕੀ* ਦਾ ਇਕ ਨੁਸਖ਼ਾ ਪ੍ਰਾਪਤ ਕਰ ਕੇ 1815 ਵਿਚ ਲੰਡਨ ਦੀ ਲਾਇਬਰੇਰੀ ਵਿਚ ਸੁਰੱਖਿਅਤ ਕੀਤਾ; ਟਰੰਪ, ਜਿਸ ਨੇ ਪਹਿਲੀ ਵਾਰੀ ਇਸ ਮਹੱਤਵਪੂਰਨ ਹੱਥ-ਲਿਖਤ ਖਰੜੇ ਦੀ ਕਦਰ ਪਛਾਣ ਕੇ, ਇਸ ਨੂੰ ਅੰਗਰੇਜ਼ੀ ਵਿਚ ਉਲਥਾ ਕੇ ਜੱਗ ਜ਼ਾਹਰ ਕੀਤਾ; ਸਿੰਘ ਸਭਾ, ਲਾਹੌਰ ਦੇ ਸਰਗਰਮ ਮੈਂਬਰ ਅਤੇ ਪ੍ਰਧਾਨ ਮੀਹਾਂ ਸਿੰਘ, ਜਿਨ੍ਹਾਂ ਦੇ ਯਤਨਾਂ ਨਾਲ ਵਲਾਇਤੋਂ ਇਹ ਨੁਸਖ਼ਾ 1883 ਈ. ਵਿਚ ਮੰਗਵਾਇਆ ਗਿਆ ਅਤੇ ਇਸ ਦੀਆਂ ਜ਼ਿੰਕੋਗਰਾਫ਼ ਕਾਪੀਆਂ ਤਿਆਰ ਹੋਈਆਂ, ਫੇਰ 1885 ਈ. ਵਿਚ ਪੱਥਰ ਦੇ ਛਾਪੇ 'ਤੇ ਛਪਵਾਇਆ; ਓਰੀਐਂਟਲ ਕਾਲਜ, ਲਾਹੌਰ ਦੇ ਪ੍ਰੋਫੈਸਰ ਗੁਰਮੁਖ ਸਿੰਘ, ਜਿਨ੍ਹਾਂ ਨੇ ਇਸ ਦਾ ਇਕ ਨੁਸਖ਼ਾ ਹਾਫ਼ਜ਼ਾਬਾਦੋਂ ਪ੍ਰਾਪਤ ਕਰ ਕੇ, ਨਵੀਨ ਢੰਗ ਨਾਲ ਵਿਉਂਤ ਕੇ, ਮੈਕਾਲਿਫ਼ ਦੀ ਸੱਜਣਤਾ ਅਤੇ ਮਾਇਆ ਨਾਲ ਰਾਵਲਪਿੰਡੀਓਂ, 1885 ਈ. ਵਿਚ ਲਿੱਥੋ 'ਤੇ ਛਪਵਾ ਕੇ ਪ੍ਰਕਾਸ਼ਤ ਕੀਤਾ, ਇਹ ਸਾਰੇ ਨੇਕਬਖ਼ਤ, ਜਿਨ੍ਹਾਂ ਦੇ ਯਤਨਾਂ ਸਦਕਾ ਮੁੱਢਲੀ ਸਾਖੀ ਪਰੰਪਰਾ ਦੀ ਗਰਿਮਾ ਉਜਾਗਰ ਹੋਈ, ਚਿਤਾਰੇ ਜਾਣ ਅਤੇ ਹਾਰਦਿਕ ਧੰਨਵਾਦ ਦੇ ਹੱਕਦਾਰ ਹਨ।

ਭਾਈ ਵੀਰ ਸਿੰਘ ਨੇ 1926 ਈ. ਵਿਚ ਓਦੋਂ ਤਕ ਪ੍ਰਾਪਤ ਛਪੀ ਸਮੱਗਰੀ ਦੀ ਸਹਾਇਤਾ ਨਾਲ, ਦੋਵਾਂ ਛਾਪਾਂ ਦੇ ਪਾਠਾਂ ਦਾ ਏਕੀਕਰਨ ਕਰ ਕੇ ਇਕ ਰੂਪਾਂਤਰ ਤਿਆਰ ਕੀਤਾ, ਜਿਸ ਨੇ *ਪੁਰਾਤਨ ਜਨਮਸਾਖੀ* ਦੇ ਨਾਂ ਹੇਠ ਹੁਣ ਤਕ ਬਰਾਬਰ ਪਿੜ ਮੱਲਿਆ ਹੋਇਆ ਹੈ। ਜਿਵੇਂ ਕਿਵੇਂ ਇਹ ਹੈ, ਇਹੋ ਹੀ ਇਕ ਸੰਪਾਦਨ ਹੈ, ਜਿਸ ਦੀ ਅਕਾਦਮਿਕ ਖੇਤਰ ਵਿਚ ਹੁਣ ਤਕ ਗੱਲ ਬਣੀ ਹੋਈ ਹੈ; ਇਸ ਦਾ ਸੰਪਾਦਕ ਵੀ ਸਾਡੀ ਅਹਿਸਾਨਮੰਦੀ ਦਾ ਪਾਤਰ ਹੈ।

Scanned by CamScanner

ਖੋਜ ਦੇ ਇਸ ਲੰਬੇ ਸਫ਼ਰ ਵਿਚ, ਗਲਪਕਾਰ ਗੁਰਬਚਨ ਸਿੰਘ ਭੁੱਲਰ ਅਤੇ ਮਨਮੰਦਰ ਸਿੰਘ ਸੇਖੋਂ ਵੱਲੋਂ ਲੱਭ ਕੇ ਦਿੱਤੇ ਸਰੋਤ ਸਮੱਗਰੀ ਵਾਲੇ ਅਮੋਲ ਗਰੰਥਾਂ ਦੇ ਨਿਰੰਤਰ ਭਰੋਸੇਯੋਗ ਸਾਥ ਦੀ ਬਦੌਲਤ, ਇਨ੍ਹਾਂ ਬੇਗ਼ਰਜ਼ ਪਰਦਾਤਿਆਂ ਦਾ ਉਪਕਾਰ ਹਮੇਸ਼ਾ ਚੇਤੇ 'ਤੇ ਛਾਇਆ ਰਹਿੰਦਾ ਹੈ। ਜਸਬੀਰ, ਰੂਪਿੰਦਰ, ਨਰਿੰਦਰ ਦੀ ਸੇਵਾ-ਸੰਭਾਲ ਅਤੇ ਪ੍ਰੋ. ਤਰਸੇਮ ਸਿੰਘ ਰਾਣਾ ਦੀ ਡੰਗੋਰੀ ਵਾਲੀ ਭੂਮਿਕਾ ਤੋਂ ਬਿਨਾਂ ਬੁਢਾਪੇ ਵਿਚ ਖੋਜ ਵਰਗੇ ਬਿਖਮ ਕਾਰਜ ਦੀ ਕਲਪਣਾ ਕਰਨੀ ਵੀ ਸੰਭਵ ਨਹੀਂ ਸੀ; ਚੰਗੇ ਖੋਜੀ ਅਤੇ ਵਿਸ਼ਲੇਸ਼ਕ ਹਰੀ ਸਿੰਘ ਜਾਚਕ ਜਿਸ ਨੂੰ ਅਣਸੁਖਾਵੀਆਂ ਪੁੱਛਾਂ ਨਾਲ ਪਰੇਸ਼ਾਨੀ ਵਿਚ ਪਾਇਆ; ਕੁੰਦਨ ਲਾਲ ਬੱਧਨ ਅਤੇ ਇਤਿਹਾਸਕਾਰ ਪ੍ਰਿਥੀਪਾਲ ਸਿੰਘ ਕਪੂਰ, ਜਿਨ੍ਹਾਂ ਨੇ ਕਈ ਅਣਗੌਲੇ ਪਰ ਜ਼ਰੂਰੀ ਤੇ ਦਿਲਚਸਪ ਮੁੱਦਿਆਂ ਵੱਲ ਧਿਆਨ ਦਿਵਾਇਆ, ਸਨੇਹਪੂਰਨ ਇਹਸਾਨਮੰਦੀ ਦੇ ਪਾਤਰ ਹਨ।

ਆਰਕਾਈਵਜ਼ ਪੰਜਾਬ, ਪਟਿਆਲਾ; ਸਿੱਖ ਰੈਫ਼ਰੈਂਸ ਲਾਇਬਰੇਰੀ, ਅੰਮ੍ਰਿਤਸਰ; ਖ਼ਾਲਸਾ ਕਾਲਜ ਅੰਮ੍ਰਿਤਸਰ, ਸਿ.ਹਿ.ਰੀ.ਡੀ.; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਸੈਂਟਰਲ ਸਟੇਟ ਲਾਇਬਰੇਰੀ, ਪਟਿਆਲਾ; ਭਾਸ਼ਾ ਵਿਭਾਗ, ਪਟਿਆਲਾ, ਆਦਿ ਖੋਜ ਸੰਸਥਾਵਾਂ ਦੇ ਲਾਇਬਰੇਰੀ ਅਮਲੇ, ਜਿਸ ਤੋਂ ਇਸ ਕੰਮ ਵਿਚ ਸਹਿਯੋਗ ਮਿਲਿਆ, ਦਾ ਵੀ ਧੰਨਵਾਦ।

ਪ੍ਰਕਾਸ਼ਨ ਦੇ ਖੇਤਰ ਵਿਚ ਨਵੇਂ ਮਿਆਰ ਸਿਰਜਣ ਵਾਲੇ ਸੁਘੜ ਪਾਰਖੂ, ਅੱਗੇ ਵਧੂ ਗੁਰਸਾਗਰ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਿਨ੍ਹਾਂ ਇਸ ਕਾਰਜ ਲਈ ਲੋੜੀਂਦੀ ਪ੍ਰਕਾਸ਼ਤ ਸਮੱਗਰੀ ਮੁਹੱਈਆ ਕਰਵਾਈ, ਅਨੇਕਾਂ ਵਜ਼ਨਦਾਰ ਸੁਝਾਵਾਂ ਨਾਲ ਬਿਰਤਾਂਤ ਦੇ ਸੁਧਾਰ ਵਿਚ ਹਿੱਸਾ ਪਾਇਆ ਅਤੇ ਇਸ ਦੀ ਮਨਮੋਹਕ ਛਪਾਈ ਦਾ ਉੱਦਮ ਕੀਤਾ, ਹਾਰਦਿਕ ਧੰਨਵਾਦ ਦੇ ਪਾਤਰ ਹਨ।

ਬਹੁਤ ਬਹੁਤ ਧੰਨਵਾਦ ਉਨ੍ਹਾਂ ਲੇਖਕਾਂ, ਵਿਦਵਾਨਾਂ ਅਤੇ ਗੁਣੀ-ਜਨਾਂ ਦਾ ਜਿਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰੇਰਨਾ, ਆਪਣੇ ਵਿਚਾਰਾਂ ਦੀ ਉਸਾਰੀ ਜਾਂ ਇਸ ਖੋਜ ਨਾਲ ਸੰਬੰਧਤ ਮੁੱਦਿਆਂ ਨੂੰ ਹੱਲ ਕਰਨ ਵਿਚ ਕਿਸੇ ਵੀ ਰੂਪ ਵਿਚ ਲਾਭ ਲਿਆ ਹੈ।

ਮਲੇਰਕੋਟਲਾ

ਸ. ਸ. ਪਦਮ

Scanned by CamScanner

ਮੁਖਬੰਧ

ਜਿਹੋ ਜਿਹਾ ਖਿੰਡਾਹਰ *ਪੁਰਾਤਨ ਜਨਮਸਾਖੀ* ਨਾਲ ਸੰਬੰਧਤ ਹਰ ਇਕ ਖੇਤਰ ਵਿਚ ਵੇਖਣ ਨੂੰ ਮਿਲਦਾ ਹੈ, ਉਹ ਹੋਰ ਕਿਧਰੇ ਨਹੀਂ। ਸਵਾ ਸੌ ਸਾਲ ਬੀਤ ਚੁੱਕੇ ਹਨ ਇਸ ਨੂੰ ਪ੍ਰਕਾਸ਼ ਵਿਚ ਆਇਆਂ, ਵੱਖ-ਵੱਖ ਯੂਨੀਵਰਸਿਟੀਆਂ ਦੇ ਸਿਲੇਬਸਾਂ ਦਾ ਦਹਾਕਿਆਂ ਤਕ ਹਿੱਸਾ ਬਣੇ ਰਹਿਣ ਅਤੇ ਬੁੱਧੀਮਾਨ ਵਰਗ ਦੇ ਧਿਆਨ ਦਾ ਕੇਂਦਰ ਰਹੇ ਹੋਣ ਦੇ ਬਾਵਜੂਦ, ਇਸ ਦੇ ਪ੍ਰਮਾਣਕ ਪਾਠ, ਰਚਿਆਰਤਾ, ਰਚਨਾ-ਕਾਲ ਆਦਿ ਮੁੱਦਿਆਂ ਦਾ ਕੋਈ ਭਰੋਸੇਯੋਗ ਅਤੇ ਮੰਨਣਯੋਗ ਸੁਲਝਾਉ ਸਾਹਮਣੇ ਨਹੀਂ ਆਇਆ; ਉਲਝਾਉ ਵਾਫ਼ਰ ਹਨ, ਜਿਨ੍ਹਾਂ ਬਾਰੇ ਪ੍ਰੋ. ਪ੍ਰੀਤਮ ਸਿੰਘ ਅਕਸਰ ਚਿੰਤਾ ਜ਼ਾਹਰ ਕਰਦੇ ਰਹਿੰਦੇ ਸਨ। ਉਨ੍ਹਾਂ ਦੀ ਮਨਸ਼ਾ ਇਸ ਨੂੰ ਖ਼ੁਦ, ਨਵੇਂ ਸਿਰਿਓਂ, ਸੰਪਾਦਨ ਦੀ ਸੀ, ਪਰ ਅਮੁੱਕ ਰੁਝੇਵਿਆਂ ਕਾਰਨ ਅਜਿਹਾ ਹੋ ਨਾ ਸਕਿਆ; ਗੁਣਾ ਏਧਰ ਪੈ ਗਿਆ।

1969 ਈ. ਵਿਚ ਬਾਬੇ ਦੀ ਪੰਜਵੀਂ ਜਨਮ ਸ਼ਤਾਬਦੀ ਮਨਾਏ ਜਾਣ ਸਮੇਂ *ਪੁਰਾਤਨ ਜਨਮਸਾਖੀ* ਦਾ ਨਵਾਂ ਭਾਂਤ ਸੁਭਾਂਤਾ ਪੂਰ: *ਆਧੁਨਿਕ* (ਜਗਜੀਤ ਸਿੰਘ), *ਪੁਰਾਤਨ* (ਸ਼ਮਸ਼ੇਰ ਸਿੰਘ ਅਸ਼ੋਕ); *ਪ੍ਰਾਚੀਨ* (ਸੇਵਾ ਸਿੰਘ ਸੇਵਕ); ਅਤੇ *ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ* (ਰਤਨ ਸਿੰਘ ਜੱਗੀ) 1977 ਹੋਂਦ ਵਿਚ ਆਇਆ; 'ਪੁਰਾਤਨ' ਨਾਲ ਸੰਬੰਧਤ ਦੋ ਘੋਖ ਸੰਗ੍ਰਹਿ *ਜਨਮਸਾਖੀ ਅਧਿਐਨ*, ਸੰਪਾ. ਕ੍ਰਿਪਾਲ ਸਿੰਘ ਕੋਮਲ, 1970 ਅਤੇ *ਪੁਰਾਤਨ ਜਨਮਸਾਖੀ ਅਲੋਚਨਾਤਮਕ ਅਧਿਐਨ*, ਜਗਜੀਤ ਸਿੰਘ, 1976 ਵਿਚ ਪ੍ਰਕਾਸ਼ਤ ਹੋਏ। 'ਪੁਰਾਤਨ' ਨਾਲ ਸੰਬੰਧਤ ਇਨ੍ਹਾਂ ਬਹੁਭਾਂਤੀ ਪ੍ਰਕਾਸ਼ਨਾਵਾਂ ਦੇ ਪਾਠ ਸੰਬੰਧੀ ਏਨਾ ਕਹਿਣਾ ਹੀ ਕਾਫ਼ੀ ਹੋਵੇਗਾ ਕਿ ਇਨ੍ਹਾਂ ਵਿਚ ਭਾਈ ਵੀਰ ਸਿੰਘ ਵਾਲੇ ਨਿਰਧਾਰਤ ਪਾਠ ਨੂੰ ਹੀ ਅਨੁਕੂਲਿਆ ਜਾਂ ਆਧਾਰ ਬਣਾਇਆ ਹੈ, ਜਿਸ ਦੇ ਗੁਣ ਦੋਸ਼ ਤੋਂ ਇਕ ਇੰਚ ਵੀ ਇਧਰ ਉਧਰ ਨਹੀਂ ਹੋਏ। ਨਵੀਂ ਪ੍ਰਕਾਸ਼ ਵਿਚ ਆਈ, ਅਣਵਰਤੀ ਅਤੇ ਸੁਲੱਭ ਹੱਥ-ਲਿਖਤ ਸਮੱਗਰੀ, ਜਿਸ ਵਿਚ ਪ੍ਰਚੱਲਤ ਨੁਕਸਦਾਰ ਪਾਠ ਦੀਆਂ ਊਣਤਾਈਆਂ ਦੂਰ ਕਰ ਸਕਣ ਦੀਆਂ ਅਨੇਕਾਂ ਸੰਭਾਵਨਾਵਾਂ ਮੌਜੂਦ ਸਨ, ਵਰਤ ਕੇ ਆਪ ਪਾਠ ਤਿਆਰ ਕਰਨ ਦੀ ਜ਼ਹਿਮਤ ਨਵੇਂ ਸੰਪਾਦਕਾਂ ਨੂੰ ਗਵਾਰਾ ਨਹੀਂ। ਸਿੱਟੇ ਵਜੋਂ ਪੁਨਰ-ਸੰਪਾਦਨ ਦੇ ਹੁਣ ਤਕ ਹੋਏ ਯਤਨ ਭਾਈ ਵੀਰ ਸਿੰਘ ਵਾਲੇ ਪਾਏ ਪੂਰਨਿਆਂ ਦੇ ਹੀ ਪਾਬੰਦ ਰਹਿ ਕੇ ਉਸ ਉੱਤੇ ਮਾੜਾ-ਮੋਟਾ ਹੱਥ ਫੇਰਨ ਤਕ ਸੀਮਤ ਰਹੇ ਹਨ। ਹੋਰ ਸੰਬੰਧਤ ਮੁੱਦਿਆਂ ਬਾਰੇ ਵੀ ਇਹ ਮੋਢੀ ਸੰਪਾਦਕ ਦੀਆਂ ਸਥਾਪਨਾਵਾਂ ਦਾ ਹੀ ਰਟਣ ਲਗਾਤਾਰ ਕਰਦੇ ਆ ਰਹੇ ਹਨ, ਜਿਸ ਕਰਕੇ ਇਨ੍ਹਾਂ ਦੀ ਭਰੋਸੇਯੋਗਤਾ ਗ਼ੈਰ-ਯਕੀਨੀ ਹੋ ਗਈ ਹੈ।

Scanned by CamScanner

ਇਹ ਸਥਿਤੀ ਤੁਰੰਤ ਧਿਆਨ ਮੰਗਦੀ ਹੈ ਕਿਉਂਕਿ ਸਾਡੇ ਖੋਜੀ ਆਲਮਾਂ ਨੇ ਨਿੱਜੀ ਸੂਝ-ਬੂਝ ਨੂੰ ਤਾਲੇ-ਬੰਦ ਕੀਤਾ ਹੋਇਆ ਹੈ। ਹਕੀਕਤ ਇਹ ਹੈ ਕਿ ਪਾਠ ਨਿਰਧਾਰਨ ਲਈ ਹੱਥ-ਲਿਖਤਾਂ ਦੇ ਪਾਠ-ਮੇਲ ਵਰਗਾ ਜਾਨ-ਮਾਰੂ ਕੰਮ, ਜੋ ਅੱਖਾਂ ਦਾ ਖਉ ਬਣ ਸਕਦਾ ਹੈ, ਕਰਨ ਲਈ ਕੋਈ ਅਕਲ ਦਾ ਅੰਨ੍ਹਾ ਅਤੇ ਗੰਢ ਦਾ ਪੂਰਾ ਹੀ ਨਿੱਤਰਦਾ ਹੈ; ਸਮਝਦਾਰ ਬੰਦੇ, ਜਦੋਂ ਸਰਦਾ ਹੋਵੇ, ਖਾਹ-ਮਖਾਹ ਇਸ ਪਾਸੇ ਟੰਗ ਨਹੀਂ ਅੜਾਉਂਦੇ, ਕਾਪੀਰਾਈਟ ਦੀ ਮਿਆਦ ਨੂੰ ਉਡੀਕਦੇ ਹਨ।

ਪੁਰਾਤਨ ਜਨਮਸਾਖੀ ਦੇ ਹੁਣ ਤਕ ਪ੍ਰਾਪਤ ਹੋਏ ਅਧਿਐਨਾਂ ਤੋਂ ਇਨ੍ਹਾਂ ਦੇ ਕਰਤਿਆਂ ਨੂੰ ਅਨੁਭਵੀ ਲਾਭ ਹੋਏ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਹੋ ਸਕਦਾ, ਪਰ ਸਾਖੀ ਪਰੰਪਰਾ ਦੇ ਸਰੋਕਾਰਾਂ ਨੂੰ ਵਸਤੂ ਮਾਤਰ ਕੋਈ ਲਾਭ ਨਹੀਂ ਪਹੁੰਚਿਆ। ਭਾਈ ਵੀਰ ਸਿੰਘ ਵਾਲਾ ਪਾਠ, ਨੌਂ ਦਹਾਕੇ ਪੁਰਾਣਾ ਹੋਣ ਕਰਕੇ ਅਪ੍ਰਸੰਗਕ ਹੋ ਗਿਆ ਹੈ; ਨਾਲ ਹੀ, ਅਨੇਕ ਵਾਰ ਛਪਦਾ ਛਪਦਾ ਛਾਪੇਖ਼ਾਨੇ ਦੀ ਸ਼ੈਤਾਨੀਅਤ ਸਦਕਾ ਆਪਣੀ ਸ਼ੁੱਧਤਾ ਵੀ ਗੰਵਾ ਬੈਠਾ ਹੈ।

ਸਭ ਕੁਝ ਕਰ ਕਰਾ ਕੇ ਵੀ, ਪੰਜਾਬੀ ਵਾਰਤਕ ਦੀ ਇਸ ਸਿਰਮੌਰ ਰਚਨਾ ਦੇ ਰਚਨਾਕਾਰ ਤੋਂ ਇਲਾਵਾ ਰਚਨਾ-ਕਾਲ ਦਾ ਮਸਲਾ ਵੀ ਜਿਉਂ ਦਾ ਤਿਉਂ ਕਾਇਮ ਹੈ। ਕਰਮ ਸਿੰਘ ਹੋਰਾਂ ਦਾ, ਇਸ ਵਿਚ ਮਿਲਦੀ 'ਜੁਗਾਵਲੀ' ਦੇ ਆਧਾਰ 'ਤੇ ਕੱਢਿਆ ਸੰ. 1692 (1635 ਈ.) ਸਾਡੇ ਖੋਜੀਆਂ, ਸੰਪਾਦਕਾਂ, ਅਧਿਐਨਕਾਰਾਂ ਨੂੰ ਬਹੁਤ ਸੂਤ ਬੈਠਦਾ ਹੈ, ਉਹ ਹਰ ਹੀਲੇ ਆਪਣੀਆਂ ਪ੍ਰਕਾਸ਼ਨਾਂ, ਲੱਭਤਾਂ ਅਤੇ 'ਆਧਾਰ ਪੋਥੀਆਂ' ਦੇ ਰਚਨਾ-ਕਾਲ ਨੂੰ ਉਕਤ ਸੰਨ ਦੇ ਪੰਜ ਦਸ ਸਾਲ ਅੱਗੇ ਪਿੱਛੇ ਘੁੰਮਾਈ ਜਾਂਦੇ ਹਨ। ਇਉਂ ਲੱਗਦੈ ਜਿਵੇਂ ਕਰਮ ਸਿੰਘ ਹੋਰੀਂ, ਇਨ੍ਹਾਂ ਲਈ ਕਰਨ ਜੋਗਾ ਕੁਝ ਛੱਡ ਹੀ ਨਹੀਂ ਗਏ।

ਭਾਈ ਵੀਰ ਸਿੰਘ ਦੇ ਪਾਛੂ ਸੰਪਾਦਕਾਂ, ਖੋਜੀਆਂ ਅਤੇ ਵਿਸ਼ਲੇਸ਼ਣਕਾਰਾਂ ਦੀਆਂ ਪ੍ਰਾਪਤੀਆਂ ਅਤੇ ਸਿੱਟਿਆਂ ਨੂੰ ਜਦੋਂ ਸਾਖੀ ਪਰੰਪਰਾ ਦੀ ਗੌਣ ਰੂਪ ਵਿਚ ਹੋਈ ਡੂੰਘੀ ਛਾਣਬੀਨ ਵਾਲੀ ਪੜਤਾਲ ਤੋਂ ਪ੍ਰਾਪਤ ਹੋਏ ਸਿੱਟਿਆਂ ਦੇ ਬਰਾਬਰ ਰੱਖ ਕੇ ਦੇਖੀਦਾ ਹੈ, ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਇਸ ਰਚਨਾ ਦਾ ਨਿਰਮਾਣ 1657-58 ਈ. ਦੇ ਏੜ-ਗੇੜ ਵਿਚ ਹੋਇਆ ਸਿੱਧ ਹੁੰਦਾ ਹੈ, ਪਰ ਸਾਡੇ ਉਤਸ਼ਾਹੀ ਖੋਜੀਆਂ ਨੇ ਇਸ ਤੋਂ 20-30 ਸਾਲ ਪਹਿਲਾਂ ਦੇ ਨੁਸਖ਼ੇ ਲੱਭਣ ਦੇ ਧੜੱਲੇਦਾਰ ਦਾਅਵੇ ਵੀ ਇਸ ਦੌਰਾਨ ਕੀਤੇ ਹਨ। ਇਹ ਵੱਖਰੀ ਗੱਲ ਹੈ ਕਿ ਆਪਣੀਆਂ ਲੱਭਤਾਂ ਦੇ ਸਿੱਟਿਆਂ ਦੀ ਸਚਾਈ ਸਿੱਧ ਕਰਨ ਲਈ ਉਨ੍ਹਾਂ ਪਾਸ ਨਾ ਕੋਈ ਨਿਸ਼ਾ ਕਰਵਾਉਣ ਵਾਲਾ ਸਬੂਤ ਹੈ, ਨਾ ਮਨਸ਼ਾ। ਦਿਨੋ-ਦਿਨ ਵਾਧੇ ਪਿਆ ਇਹ ਬਖਾਧ ਨਵੀਆਂ ਉਲਝਣਾਂ ਖੜੀਆਂ ਕਰਦਾ ਹੈ, ਜਿਸ ਦਾ ਨਾਰਾਜ਼ਗੀਆਂ ਸਹੇੜੇ ਜਾਣ ਦੀਆਂ ਸੰਭਾਵਨਾਵਾਂ ਦੇ ਬਾਵਜੂਦ ਨੋਟਿਸ ਲਿਆ ਜਾਣਾ ਜ਼ਰੂਰੀ ਹੋ ਗਿਆ ਹੈ।

ਜਾਅਲਸਾਜ਼ੀ ਜੜ੍ਹਹੀਣ ਪਰਜੀਵੀ ਅਮਰਵੇਲ ਵਾਂਗ ਹਰ ਜੁੱਗ, ਹਰ ਸਮੇਂ ਕਾਰਜਸ਼ੀਲ ਰਹਿੰਦੀ ਹੈ—ਠੱਗੀ ਜੁਗੋ ਜੁੱਗ ਅਟੱਲ! ਠੱਗੀਆਂ ਫੜਨ ਦੇ ਸ਼ੌਕੀਨ, ਹਮਾਤੜਾਂ ਦਾ ਵੀ ਕਈ ਵਾਰ ਛੋਟੀ ਮੋਟੀ ਸਾਹਿਤਕ ਠੱਗੀ ਮਾਰਨ ਨੂੰ ਜੀਅ ਕਰ ਆਉਂਦਾ ਹੈ, ਜਿਵੇਂ ਚੋਰੀਆਂ ਫੜਦਾ ਫੜਦਾ ਪੁਲਸੀਆ ਆਪ ਚੋਰੀ ਦਾ ਅਨੰਦ

Scanned by CamScanner

ਮਾਣਨ ਲੱਗ ਜਾਏ। ਇਕ ਸਮੇਂ 'ਰਾਗ ਮਾਲਾ' ਨੂੰ ਗੁਰਬਾਣੀ ਦਾ ਹਿੱਸਾ ਮੰਨਣ ਵਾਲੇ ਭਰੋਸੇਵਾਨਾਂ ਨੇ ਆਪਣੀਆਂ ਧਾਰਨਾਵਾਂ ਦੀ ਸਚਾਈ ਸਿੱਧ ਕਰਨ ਲਈ ਸੰਸਕ੍ਰਿਤ ਦੇ ਬੋਗਸ 'ਜੋਧ ਕਵੀ' ਅਤੇ ਨਕਲੀ 'ਆਲਮ ਕਵੀ' ਘੜਨ ਵਾਲਾ ਚਲਿੱਤਰ ਵੀ ਸਾਜਿਆ ਤੇ ਪ੍ਰਚੱਲਿਤ ਕੀਤਾ ਸੀ। ਇਹ ਵੱਖਰੀ ਗੱਲ ਹੈ ਕਿ ਕੇਵਲ ਵਿਰੋਧੀਆਂ ਨੂੰ ਮਾਤ ਦੇਣ ਲਈ ਘੜੇ ਅਜਿਹੇ ਢੋਲਾਂ ਦਾ ਪੋਲ ਛੇਤੀ ਹੀ ਖੁੱਲ੍ਹ ਜਾਂਦਾ ਹੈ—ਤੱਤਹੀਣ ਛਲਾਵਿਆਂ ਜਾਂ ਭੁਲਾਵਿਆਂ ਦੀ ਉਮਰ ਬਹੁਤ ਲੰਬੀ ਨਹੀਂ ਹੁੰਦੀ। ਤਾਂ ਵੀ, ਜਾਅਲਸਾਜ਼ਾਂ ਦੇ ਦੰਭ ਦੀ ਲਪੇਟ ਵਿਚ ਆ ਜਾਣਾ ਆਮ ਆਦਮੀ ਦੀ ਵੱਡੀ ਕਮਜ਼ੋਰੀ ਹੈ। ਜੇ ਧਰਮ ਅਤੇ ਸਾਹਿਤ ਦੇ ਮਹਾਂਰਥੀ ਇਸ ਬਿਮਾਰੀ ਦਾ ਸ਼ਿਕਾਰ ਹੋ ਸਕਦੇ ਹਨ ਤਾਂ ਰਮਾਤੜ ਇੱਕੀ-ਦੁੱਕੀ ਬੌਣੇ ਨੌਸਰਬਾਜ਼ਾਂ ਦੀ ਕੀ ਪਾਇਆਂ ਹੈ!

ਪੁਰਾਤਨ ਦੀ ਪੁਰਾਤਨਤਾ ਵੀ ਹੁਣ ਵੰਗਾਰੀ ਜਾ ਚੁੱਕੀ ਹੈ। *ਸਾਖੀ ਮਹਲੁ ਪਹਿਲੇ ਕੀ* ਦੀ ਪਰਕਰਨਕ ਪੜਤਾਲ ਕਰਦਿਆਂ ਸਾਖੀ ਪਰੰਪਰਾ ਦੀ ਹੋਈ ਡੂੰਘੀ ਪਰਖ-ਪੜਚੋਲ ਨੇ ਜਿਸ ਚਾਨਣ ਪੱਟੀ ਦੇ ਦੀਦਾਰ ਕਰਾਏ, ਉਸ ਵਿਚ ਇਹ ਖੱਬੇ ਸਿਰੇ, ਜਿਥੇ 'ਪੁਰਾਤਨ' ਹੋਣ ਕਰਕੇ ਚਿਰ ਕਾਲ ਤੋਂ ਟਿਕੀ ਹੋਈ ਸੀ, ਤੋਂ ਖਿਸਕ ਕੇ ਧੁਰ ਸੱਜੇ ਸਿਰੇ ਜਾ ਟਿਕੀ; ਇਸ ਸਥਾਨ ਪਲਟੀ (*status inversus*) ਕਾਰਨ ਇਸ ਦੀ ਸਥਿਤੀ ਪਹਿਲੀ ਦੀ ਥਾਂ ਆਖ਼ਰੀ ਵਾਲੀ ਹੋ ਗਈ ਹੈ; ਨਾਲ ਹੀ, 'ਬਾਲੇ ਵਾਲੀ ਜਨਮਸਾਖੀ' ਦਾ ਗੂੜ੍ਹਾ ਬੈਂਗਣੀ ਰੰਗ ਵੀ ਚੰਗਾ ਉੱਘੜਿਆ ਹੈ। ਸਾਖੀ ਪਰੰਪਰਾ ਦੀ ਪਲੇਠੀ ਰਚਨਾ *ਸਾਖੀ ਮਹਲੁ ਪਹਿਲੇ ਕੀ* ਦੇ ਪ੍ਰਕਾਸ਼ ਵਿਚ ਆਉਣ ਨਾਲ ਸਮੁੱਚੀ ਸਾਖੀ ਪਰੰਪਰਾ ਨੂੰ ਨਵਾਂ ਨਜ਼ਰੀਆ ਤੇ ਪਿਛੋਕੜ ਮਿਲਿਆ ਹੈ, ਜਿਸ ਨੇ ਮੁੱਢਲੀ ਸਾਖੀ ਪਰੰਪਰਾ ਵਿਚ *ਪੁਰਾਤਨ* ਦੀ ਬਣਦੀ ਸਾਪੇਖਕ ਹੈਸੀਅਤ ਦੇ ਪੁਨਰਾਵਲੋਕਨ ਲਈ ਨਾਯਾਬ ਮੌਕਾ ਪੈਦਾ ਕਰਨ ਦੇ ਨਾਲ ਨਾਲ ਇਸ ਦੇ ਪਾਠ ਨੂੰ ਨਵੇਂ ਸਿਰਿਓਂ ਨਿਰਧਾਰਤ ਕਰਨ ਲਈ ਸਬੱਬ ਵੀ ਪੈਦਾ ਕੀਤਾ ਹੈ। ਇਸ ਦਾ ਲਾਭਕਾਰੀ ਅਮਲ, ਇਸ ਨਾਲ ਸੰਬੰਧਤ ਹਰ ਮੁੱਦੇ ਨੂੰ ਨਿਪਟਾਉਣ ਵੇਲੇ ਦੇਖਣ ਨੂੰ ਮਿਲੇਗਾ; ਲੋੜ ਇਨ੍ਹਾਂ ਮੁੱਦਿਆਂ ਵੱਲ, ਇਕ ਵਾਰ ਮੁੜ ਕੇ ਫੇਰਾ ਪਾਉਣ ਦੀ ਹੈ।

ਇਸ ਦੇ ਨਾਮਕਰਨ ਵਿੱਚੋਂ 'ਪੁਰਾਤਨ' ਅਤੇ 'ਜਨਮਸਾਖੀ' ਪਦਾਂ ਨੂੰ ਵੀ ਹਟਾਇਆ ਜਾਣਾ ਬਣਦਾ ਸੀ। ਇਹ ਨਾਂ ਭਾਈ ਵੀਰ ਸਿੰਘ ਹੋਰਾਂ ਦਾ ਧਰਿਆ ਹੋਇਆ ਹੈ। ਇਸ ਦੇ ਮੂਲ ਸਿਰਜਕ 'ਸੈਦੋ ਜੱਟ' ਦਾ ਦਿੱਤਾ ਨਾਂ *ਸਾਖੀ ਬਾਬੇ ਨਾਨਕ ਜੀ ਕੀ (ਸਾਖੀ ਆਦਿ ਅੰਤ ਕੀ)* ਹੈ। ਇਸ ਦੇ ਪਾਠ ਵਿਚ ਸੀਹਾਂ ਉੱਪਲ ਦੀ ਅਧੂਰੀ ਰਹੀ ਹੋਈ *ਸਾਖੀ ਮਹਲੁ ਪਹਿਲੇ ਕੀ* ਵਾਲਾ ਪਾਠ ਵਿਲੀਨ ਹੋਇਆ ਮਿਲਦਾ ਹੈ। ਸੈਦੋ ਨੇ ਉਸ ਦੀ ਮਹੱਤਵਪੂਰਨ ਰਚਨਾ ਨੂੰ ਸੰਪੂਰਨਤਾ ਦੇਣ ਲਈ ਬਿਰਤਾਂਤ ਨੂੰ ਬਾਬੇ ਦੇ ਚਲਾਣੇ ਤਕ ਵਿਸਤਾਰਿਆ, ਯਾਨੀ ਸਾਖੀ ਨੂੰ ਆਦਿ ਤੋਂ ਅੰਤ ਤਕ ਮੁਕੰਮਲ ਕੀਤਾ ਅਤੇ ਉਸ ਨੂੰ ਢੁਕਵਾਂ ਅਤੇ ਸਹੀ ਨਾਂ ਦਿੱਤਾ। ਸੈਦੋ ਤੋਂ ਪਹਿਲਾਂ ਭਾਈ ਬੂਲਾ ਪਾਂਧਾ ਅਤੇ ਗੋਰਖ ਦਾਸ ਆਪਣੀਆਂ ਰਚਨਾਵਾਂ ਵਿਚ 'ਸਾਖੀ' ਦੀ ਥਾਵੇਂ ਆਪਣੇ ਪੇਸ਼ੇ ਤੋਂ ਪ੍ਰੇਰਤ 'ਜਨਮ ਪਤ੍ਰੀ' ਪਦ ਵਰਤ ਚੁੱਕੇ ਸਨ। ਪਰ ਸੈਦੋ ਨੇ ਆਪਣੇ ਪੂਰਵਗਾਮੀ ਸੀਹਾਂ ਉੱਪਲ ਵਾਲੇ ਨਾਂ *ਸਾਖੀ ਮਹਲੁ ਪਹਿਲੇ ਕੀ* ਵਿੱਚੋਂ 'ਮਹਲੁ ਪਹਿਲੇ' ਦਾ ਬਦਲ ਖਾਸ ਨਾਂ 'ਬਾਬੇ ਨਾਨਕ ਜੀ', ਵਰਤਣ ਨੂੰ ਤਰਜੀਹ ਦਿੱਤੀ। 'ਜਨਮਸਾਖੀ' ਖਾਸ

Scanned by CamScanner

18ਵੀਂ ਸਦੀ ਦੇ ਮੱਧ ਵਿਚ ਪ੍ਰਚੱਲਿਤ ਹੋਇਆ; ਇਸ ਨੂੰ ਪੂਰਵਕਾਲੀ ਰਚਨਾਵਾਂ 'ਤੇ ਲਾਗੂ ਕਰਨਾ ਕਾਲ ਦੋਸ਼ ਹੈ।

ਆਸ ਕੀਤੀ ਜਾਂਦੀ ਹੈ ਕਿ 'ਪੁਰਾਤਨ' ਵਾਲਾ ਨਾਂ ਅਤੇ ਥਾਂ ਗੁਆ ਕੇ ਬਣੀ ਪਿਛਲੇਰੀ ਸਾਖੀ ਵਾਲੀ ਹੈਸੀਅਤ ਨਾਲ, ਇਸ ਦੀ ਅਹਿਮੀਅਤ ਬਾਰੇ ਪਹਿਲੀਆਂ ਸਥਾਪਤ ਧਾਰਨਾਵਾਂ 'ਤੇ ਨਕਾਰਾ ਪ੍ਰਭਾਵ ਨਹੀਂ ਪਏਗਾ। ਸਮੁੱਚੀ ਮੁੱਢਲੀ ਸਾਖੀ ਪਰੰਪਰਾ ਵਿਚ *ਪੁਰਾਤਨ* ਦੇ ਸਰੋਤੋਂ ਆਇਆ ਸਮਝਿਆ ਜਾਂਦਾ ਜ਼ੋਰਦਾਰ ਅਤੇ ਦਮਦਾਰ ਅੰਸ਼, ਅਸਲ ਵਿਚ, ਜਾਂ ਤਾਂ ਸਿੱਧਾ *ਸਾਖੀ ਮਹਲੁ ਪਹਿਲੇ ਕੀ* ਤੋਂ, ਜਾਂ *ਜਨਮ ਪਤ੍ਰੀ ਬਾਬੇ ਜੀ ਕੀ (ਆਦਿ ਸਾਖੀਆਂ)* ਰਾਹੀਂ ਆਇਆ ਹੈ; ਇਸ ਲਈ, ਇਹ ਸਥਾਈ ਕਿਸਮ ਦਾ ਹੈ। ਫ਼ਰਕ ਕੇਵਲ ਇਹ ਪਏਗਾ ਕਿ ਜਿਹੜੀ ਸੋਭਾ ਪਹਿਲਾਂ *ਪੁਰਾਤਨ* ਦੇ ਖਾਤੇ ਪੈਂਦੀ ਸੀ ਹੁਣ, *ਸਾਖੀ ਮਹਲੁ ਪਹਿਲੇ ਕੀ* ਦੇ ਹਿੱਸੇ ਆਏਗੀ। ਇਹ ਵੀ, ਕਿ *ਪੁਰਾਤਨ* ਦੇ ਨਵੇਂ ਡੌਲੇ ਸੰਪਾਦਨ ਨਾਲ ਸਾਖੀ ਪਰੰਪਰਾ ਦੇ ਨਿਕਾਸ ਤੇ ਵਿਕਾਸ ਦੀ ਕਹਾਣੀ ਨੂੰ, ਜੋ ਹੁਣ ਤਕ ਕੇਵਲ ਕਿਆਸ ਆਰਾਈਆਂ ਜਾਂ ਅਟਕਲਾਂ ਦਾ ਵਿਸ਼ਾ ਸੀ, ਤਾਰਕੀਅਤਾ ਵਾਲੀ ਪਿੱਠ-ਭੂਮੀ ਜ਼ਰੂਰ ਮਿਲ ਸਕੇਗੀ।

ਹੱਥਲੇ ਯਤਨ ਸਦਕਾ ਸਾਖੀ ਪਰੰਪਰਾ ਦੀ ਕੋਈ ਨਵੀਂ ਧਰਤ-ਪਰਤ ਲੱਭੇ ਜਾਣ ਦਾ ਦਾਅਵਾ ਨਹੀਂ, *ਪੁਰਾਤਨ* ਨਾਲ ਸੰਬੰਧਤ ਮਸਲਿਆਂ 'ਤੇ 'ਨਵੀਨ ਝਾਤ' ਪਾਉਣ ਦਾ ਯਤਨ ਜ਼ਰੂਰ ਕੀਤਾ ਗਿਆ ਹੈ।

Scanned by CamScanner

ਹੱਥ-ਲਿਖਤ ਖਰੜੇ

ਸਾਖੀ ਦੇ ਮੂਲਾਧਾਰ

ਸਿੱਖ ਜਗਤ ਵਿਚ ਬਦਨਾਮ ਵਿਦੇਸ਼ੀ ਵਿਦਵਾਨ ਟਰੰਪ ਦੀ ਸਭ ਤੋਂ ਵੱਧ ਯਾਦ ਰੱਖਣਯੋਗ ਦੇਣ, ਉਸ ਦਾ ਪੁਰਾਣੀ ਜਨਮਸਾਖੀ ਪਰੰਪਰਾ ਨਾਲ ਸੰਬੰਧਤ ਨੁਸਖ਼ਾ ਵਲਾਇਤ ਵਿੱਚੋਂ ਲੱਭ ਕੇ, ਉਸ ਦੀ ਹੋਂਦ ਅਤੇ ਅਹਿਮੀਅਤ ਤੋਂ, ਬੁੱਧੀਮਾਨ ਵਰਗ ਨੂੰ ਆਮ ਕਰਕੇ ਅਤੇ ਸਿੱਖ ਜਗਤ ਨੂੰ ਖ਼ਾਸ ਕਰਕੇ, ਵਿਸਰ ਭੁੱਲ ਦੇ ਸ਼ਿਕਾਰ ਹੋ ਚੁੱਕੇ ਸ਼ਾਨਦਾਰ ਸਭਿਆਚਾਰਕ ਵਿਰਸੇ ਤੋਂ ਜਾਣੂ ਕਰਵਾਉਣਾ ਸੀ; ਅਤੇ ਇਸ ਨਾਲ ਸ਼ੁਰੂ ਹੋਇਆ ਇਸ ਪੁਰਾਣੀ ਪਰੰਪਰਾ ਨਾਲ ਸੰਬੰਧਤ ਨੁਸਖ਼ਿਆਂ ਦੇ ਲੱਭੇ ਅਤੇ ਖੋਏ ਜਾਣ ਦਾ ਲੰਬਾ ਦੌਰ-ਦੌਰਾ। ਹੁਣ ਤਕ ਇਸ ਰਚਨਾ ਦੇ ਦਰਜਨ ਦੇ ਕਰੀਬ ਨੁਸਖ਼ੇ ਲੱਭੇ ਅਤੇ ਇਨ੍ਹਾਂ ਵਿੱਚੋਂ ਅੱਧ-ਪਚੱਧ ਖੋਏ ਜਾਂ ਨੁਕਸਾਨੇ ਜਾ ਚੁੱਕੇ ਹਨ। ਲੈ ਦੇ ਕੇ, ਕੁੱਲ ਛੇ ਨੁਸਖ਼ੇ ਪਾਠ-ਮੇਲ ਲਈ ਸੁਲੱਭ ਹੋ ਸਕੇ ਸਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਸਿੱਖ ਰੈਫ਼ਰੈਂਸ ਲਾਇਬਰੇਰੀ, ਅੰਮ੍ਰਿਤਸਰ

1. ਸਿ.ਰੈ.ਲਾ. ਖਰੜਾ 6535

ਆਕਾਰ 28X18 ਸਮ, ਲਿਖਤ 22X13 ਸਮ; ਕੁੱਲ ਪੱਤਰੇ 3-305; 13 ਸਤਰਾਂ ਪ੍ਰਤੀ ਪੰਨਾ; ਮੁੱਢਲੇ ਦੋ ਪੱਤਰੇ ਉੱਡੇ ਹੋਏ; 'ਸਾਖੀ' ਪੱਤਰਾ 3-96 'ਤੇ ਪ੍ਰਾਪਤ, ਪਾਠ ਮੁਕੰਮਲ; ਕਾਗ਼ਜ਼ ਸਿਆਲਕੋਟੀ, ਖੁਰਦਰਾ; ਗ਼ੈਰ-ਕਸਬੀ ਲਿਖਾਰੀ ਦੀ ਲਿਖਤ; ਰੰਗਦਾਰ ਲਕੀਰਾਂ ਵਾਲਾ ਹਾਸ਼ੀਆ; ਲਿਖੀ ਸੰ. 1873 (1816 ਈ.); ਸੁਜਿਲਦ, ਚੰਗੀ ਹਾਲਤ ਵਿਚ ਸੀ; ਇਸ ਗ੍ਰੰਥ ਵਿਚ ਡੇਢ ਦਰਜਨ ਹੋਰ ਰਚਨਾਵਾਂ ਸ਼ਾਮਲ ਸਨ; 'ਸਾਖੀ', "ਸ੍ਰੀ ਗੁਰੂ ਜੀ ਜਗਤ ਨਿਸਤਾਰਨ ਕਉ ਆਇਆ। ਕਲਿਜੁਗ ਵਿਚਿ ਬਾਬਾ ਨਾਨਕ ਹੋਇ ਜਨਮਿਆ॥ ਸੰਮਤ 1526 ਮਹੀਨੇ ਵੈਸਾਖ ਤ੍ਰਿਤਿਆ ਚਾਨਣੀ ਰਾਤ ਅੰਮ੍ਰਿਤ ਵੇਲੇ ਪਹਰ ਰਾਤ ਰਹਦੀ ਕਉ ਜਨਮਿਆ॥ ਅਨਹਦ ਸਬਦ ਪਰਮੇਸਰ ਕੇ ਦਰਬਾਰ ਵਜੇ॥" ਨਾਲ ਸ਼ੁਰੂ ਹੁੰਦੀ ਸੀ ਅਤੇ, "ਜਬ ਸਲੋਕ ਪੜਿਆ॥ ਬਾਬਾ ਚਾਦਰਿ ਉਪਰਿ ਲੇ ਕਰ ਸੁਤਾ॥ ਸੰਗਤੀ ਮਥਾ ਟੇਕਿਆ॥ ਜਬ ਚਾਦਰਿ ਉਠਾਵਨਿ ਤਾ ਦੇਖਹਿ ਤਾ ਬਾਬਾ ਉਥੇ ਨਾਹੀ॥ ਤਾਂ ਫੂਲ ਦੋਹਾਂ ਦੇ ਹਰੇ ਰਹੇ॥ ਹਿੰਦੂ ਆਪਣੇ ਲੈ ਗਏ ਅਤੇ ਮੁਸਲਮਾਨੁ ਆਪਿਣੇ ਲੈ ਗਏ॥ ਸਰਬਤਿ ਸੰਗਤਿ ਪੈਰਾ ਪਈ॥ ਬੋਲਹੁ ਭਾਈ ਜੀ

Scanned by CamScanner

ਵਾਹਗੁਰੂ ਜੀ॥ ਸੰਮਤੁ 15 ਸੈਇ 95 ਮਿਤੀ ਅਸੂ ਸੁਦੀ ਦਸਮੀ 10 ਸ੍ਰੀ ਗੁਰੂ ਬਾਬਾ ਨਾਨਕ ਜੀ ਸਮਾਣੇ ਕਰਤਾਰਿਪੁਰਿ॥" ਨਾਲ ਸਮਾਪਤ ਹੁੰਦੀ ਸੀ।

'ਪੁਰਾਤਨ' ਦੇ ਖਰੜਿਆਂ ਦੀ ਦੁਰਲੱਭਤਾ ਨੂੰ ਮੁੱਖ ਰੱਖਦਿਆਂ, ਇਸ ਨੁਸਖ਼ੇ ਦੀ 1969 ਵਿਚ ਸਰਸਰੀ ਪਰਖ ਪੜਤਾਲ ਕੀਤੀ ਸੀ। ਉਸ ਸਮੇਂ ਇਸ ਵਿੱਚੋਂ ਕੇਵਲ ਚੋਣਵੇਂ ਨੋਟ ਹੀ ਲਏ ਗਏ। ਪੁਨਰ-ਸੰਪਾਦਨ ਦਾ ਮਸਲਾ ਸਾਹਮਣੇ ਨਾ ਹੋਣ ਕਾਰਨ ਮੁਕੰਮਲ ਪਾਠ ਮੇਲ ਨਾ ਹੋ ਸਕਿਆ। 1984 ਵਿਚ ਇਹ ਨਿਰਮੋਲ ਖਰੜਾ ਵੀ 'ਅਪਰੇਸ਼ਨ ਨੀਲਾ ਤਾਰਾ' ਵਿਚ ਨਸ਼ਟ ਹੋ ਗਿਆ, ਜਿਸ ਦੇ ਲਾਏ ਡੂੰਘੇ ਜ਼ਖ਼ਮਾਂ ਦੇ ਦਰਦਾਂ ਵਾਂਗ ਇਸ ਦਾ ਵਿਗੋਚਾ ਵੀ ਹਮੇਸ਼ਾ ਰੜਕਦਾ ਰਹੇਗਾ।

2. ਸਿ.ਰੈ.ਲਾ. ਖਰੜਾ 8086

ਆਕਾਰ, ਖੜੇ-ਦਾਓ 20X15ਸਮ, ਲਿਖਤ 17X10ਸਮ; ਕੁੱਲ ਪੱਤਰੇ 501 ਤੋਂ 776 (275); ਇਹ ਨੁਸਖ਼ਾ ਕਿਸੇ ਵੱਡੇ ਸੰਗ੍ਰਹਿ ਤੋਂ ਅਲੱਗ ਕੀਤਾ ਹੋਇਆ ਹਿੱਸਾ ਹੈ, ਜਿਲਦ ਰਹਿਤ; ਅਖ਼ੀਰਲੇ ਭਾਗ ਵਿਚ ਗੁਰਬਾਣੀ ਦਰਜ; 15 ਸਤਰਾਂ ਪ੍ਰਤੀ ਪੰਨਾ; 'ਸਾਖੀ' ਦਾ ਪਾਠ ਪੱਤਰਾ 501-678 ਤਕ ਚੱਲਦਾ ਹੈ; ਪਾਠ ਕੋਲਬਰੁੱਕ ਸ਼ਾਖਾ ਵਾਲਾ, ਜੁਗਾਵਲੀ ਸਮੇਤ, ਮੁਕੰਮਲ; ਕਾਗ਼ਜ਼ ਸਿਆਲਕੋਟੀ, ਖੁਰਦਰਾ; ਲਿਖਾਈ ਕਸਬੀ ਲਿਖਾਰੀ ਦੇ ਪੱਕੇ ਹੱਥ ਦੀ, ਆਮ ਕਰਕੇ ਸ਼ੁੱਧ, ਵਿਚ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ; ਸੱਜੇ ਖੱਬੇ ਦੁਹਰੀਆਂ ਲਕੀਰਾਂ ਵਾਲਾ ਖੁੱਲ੍ਹੇ ਹੱਥੀਂ ਵਾਹਿਆ ਸਾਦਾ ਹਾਸ਼ੀਆ; ਮਿਤੀ ਰਹਿਤ, ਕਾਗ਼ਜ਼ ਦੀ ਦਿੱਖ ਤੋਂ ਢਾਈ ਕੁ ਸੌ ਸਾਲ ਪੁਰਾਣਾ ਲੱਗਦਾ ਹੈ; ਹੁਣ ਤਕ ਜਾਣੀਂਦੇ ਅਤੇ ਸੂਚੀਬੱਧ ਖਰੜਿਆਂ ਤੋਂ ਅੱਡਰੀ ਚੀਜ਼ ਹੈ, ਜਿਸ ਦੀ ਪਿੱਛੇ ਜਿਹੇ ਹੋਈ ਪ੍ਰਾਪਤੀ ਨਾਲ, ਲਾਇਬਰੇਰੀ ਨੂੰ ਹੋਏ ਨੁਕਸਾਨ ਦੀ ਪੂਰਤੀ ਹੋਈ ਹੈ ਅਤੇ ਇਸ ਦੇ ਮਾਣ ਵਿਚ ਵਾਧਾ ਹੋਇਆ ਹੈ। ਇਸ ਵਿਚ ਦਿੱਤਾ ਬਾਬੇ ਦਾ ਜਨਮ ਸੰਮਤ 1536, ਜਿਸ ਨੂੰ ਸੋਧ ਕੇ 1626 ਅੱਖਰਾਂ ਅਤੇ ਅੰਕਾਂ ਵਿਚ ਲਿਖਿਆ ਹੈ, ਇਸ ਨੂੰ ਅਤੇ ਖਾ.ਕਾ.ਅ. 2310 ਏ. ਨੂੰ ਇਕ-ਨਾਭੂਏ ਉਤਾਰੇ ਸਿੱਧ ਕਰਦਾ ਹੈ।

ਸੈਂਟਰਲ ਸਟੇਟ ਲਾਇਬਰੇਰੀ, ਪਟਿਆਲਾ (ਮੁਸਾਫ਼ਿਰ ਮੈਮੋਰੀਅਲ)

3. ਸੈ.ਸ.ਲਾ. ਖਰੜਾ 2913

ਆਕਾਰ 13X14ਸਮ, ਲਿਖਤ 9X10ਸਮ; ਕੁੱਲ ਪੱਤਰੇ 383; ਪ੍ਰਤੀ ਪੰਨਾ 10 ਸਤਰਾਂ; ਸਾਦਾ ਕਾਲਾ ਹਾਸ਼ੀਆ; ਜਿਲਦਹੀਣ, ਪਰ ਚੰਗੀ ਹਾਲਤ ਵਿਚ; ਸਾਖੀ ਦਾ ਪਾਠ ਪੱਤਰਾ 1-276 ਤਕ ਫੈਲਿਆ ਹੋਇਆ; ਮੁੱਢ ਵਿਚ ਤਿੰਨ ਅੰਕਹੀਣ ਪੱਤਰਿਆਂ 'ਤੇ ਵਿਸ਼ਾ ਸੂਚੀ ਦਰਜ, ਅੱਗੇ ਇਕ ਪੱਤਰਾ ਖ਼ਾਲੀ; ਗਲਗਲੇ ਦੇ ਸਥਾਨ 'ਤੇ ਲਿਖੀ "ਕਿਸਨਾ ਨਦੀ ਉਪਰ ਦੱਖਣ ਵਿਚਿ, ਪਾਤਸਾਹ ਨਉਰੰਗ ਸਾਹ ਕੇ ਲਸਕਰ ਵਿਚਿ"; ਲਿਖਾਰੀ 'ਹਕੀਕਤ ਰਾਹ ਮੁਕਾਮ' ਵਾਲਾ ਬੇਨਾਮ ਲੇਖਕ, ਜੋ ਔਰੰਗਜ਼ੇਬ ਦਾ ਲਸ਼ਕਰੀ ਸੀ; ਲਿਖਾਈ ਪੱਕੇ ਕਸਬੀ ਹੱਥ ਦੀ, ਪੁਰਾਣੀ ਸ਼ੈਲੀ ਦੀ, ਪਰ ਸਾਫ਼; ਉਤਾਰਾ ਸੰ. 1747 (1690 ਈ.) ਮਿਤੀ ਸਾਵਨ ਵਦੀ 15/25 ਜੁਲਾਈ, ਦਿਨ ਸ਼ੁਕਰਵਾਰ; ਸਿਆਹੀ ਫਿੱਕੀ, ਮੋਟੇ ਅੱਖਰ; ਕਾਗ਼ਜ਼ ਪਤਲਾ ਦੇਸੀ ਸਾਖਤ ਦਾ; ਪੱਤਰਾ 277 'ਤੇ

Scanned by CamScanner

'ਚਲਿਤੁ ਜੋਤੀ ਜੋਤ ਸਮਾਣੇ ਕਾ'; 278-383 ਤਕ ਫੁਟਕਲ ਰਾਗਾਂ ਦੇ ਸ਼ਬਦ ਦਰਜ; ਪਾਠ ਦੇ ਨੁਕਤੇ ਤੋਂ ਸ਼ੁੱਧ ਅਤੇ ਮੁੱਲਵਾਨ ਨੁਸਖ਼ਾ। ਇਸ ਦਾ ਪਾਠ ਹਾਫ਼ਜ਼ਾਬਾਦੀ ਸ਼ਾਖਾ ਵਾਲੇ ਪਾਠ ਦਾ ਕਰੀਬੋ ਕਰੀਬ ਅਨੁਸਾਰੀ ਹੈ; ਮੌਜੂਦਾ ਪ੍ਰਾਪਤ ਤੇ ਸਾਬਤ ਸਬੂਤ ਖਰੜਿਆਂ ਵਿੱਚੋਂ ਸਭ ਤੋਂ ਪੁਰਾਣਾ, ਮਿਤੀ ਬੱਧ ਨੁਸਖ਼ਾ ਹੈ।

ਪਹਿਲਾ ਅਨੁਮਾਨ ਸੀ ਕਿ ਦੱਖਣ ਦੀ ਮੁਹਿੰਮ ਦੌਰਾਨ ਔਰੰਗਜ਼ੇਬ ਦੇ ਕਿਸੇ ਲਸ਼ਕਰੀ ਨੇ ਬੁਰਹਾਨਪੁਰ ਤੋਂ ਕੋਈ ਨੁਸਖ਼ਾ ਪ੍ਰਾਪਤ ਕਰ ਕੇ ਗਲਗਲੇ ਵਿਚ ਇਹ ਉਤਾਰਾ ਕੀਤਾ; ਪਾਠ ਮੇਲ ਤੋਂ ਇਹ ਹਾਫ਼ਜ਼ਾਬਾਦੀ ਸ਼ਾਖਾ ਦਾ ਨੁਸਖ਼ਾ ਸਿੱਧ ਹੋਇਆ, ਜਦੋਂ ਕਿ ਬੁਰਹਾਨਪੁਰੀ ਨੁਸਖ਼ਿਆਂ ਦਾ ਸਿਲਸਿਲਾ ਕੋਲਬਰੁੱਕ ਸ਼ਾਖਾ ਨਾਲ ਸੰਬੰਧਤ ਹੈ। ਹਾਫ਼ਜ਼ਾਬਾਦੀ ਸ਼ਾਖਾ, ਭਾਈ ਬੰਨੋ ਵਾਲੀ ਟਕਸਾਲ, ਖਾਰਾ ਮਾਂਗਟ, ਵਿਚ ਹੋਏ ਉਤਾਰਿਆਂ ਤੋਂ ਵਿਕਸਤ ਹੋਈ ਹੈ। ਹੁਣ, ਸੰਭਵ ਤੌਰ 'ਤੇ ਲੱਖਣ ਇਹ ਲੱਗਦਾ ਹੈ ਕਿ ਇਸ 'ਖਾਰੇ ਕੀ ਸੰਗਤ' ਨਾਲ ਸੰਬੰਧਤ ਕੋਈ ਭਾਟੀਆ ਕਸਬੀ ਲਿਖਾਰੀ, ਪੋਥੀਆਂ ਨਕਲਾਉਣ ਵਾਲੇ ਧੰਦੇ ਤੋਂ ਕੁਝ ਬਣਦਾ ਨਾ ਵੇਖ ਕੇ ਭਰਤੀ ਹੋ ਗਿਆ, ਪਰ ਸ਼ੌਕ ਪੂਰਾ ਕਰਨ ਲਈ ਉਸ ਨੇ ਆਪਣੇ ਕੋਲ ਰੱਖੀ ਹੱਥ-ਲਿਖਤ ਸਮੱਗਰੀ ਤੋਂ ਉਤਾਰੇ ਕਰਨਾ, ਦੱਖਣ ਦੀ ਮੁਹਿੰਮ ਦੌਰਾਨ ਵੀ ਜਾਰੀ ਰੱਖਿਆ ਅਤੇ ਨਾਲ ਹੀ 'ਹਕੀਕਤ ਰਾਹ ਮੁਕਾਮ' ਨਾਂ ਨਾਲ ਪ੍ਰਸਿੱਧ ਇਤਿਹਾਸਕ ਯਾਦਦਾਸ਼ਤ ਕਲਮਬੰਦ ਕੀਤੀ; ਕਲਮ ਅਤੇ ਤਲਵਾਰ ਦੇ ਉਸ ਗੁੰਮਨਾਮ ਧਨੀ ਦੀ ਇਹ ਉਪਕਾਰੀ ਦੇਣ ਹੈ, ਧੰਨ ਕਮਾਈਆਂ!

ਖ਼ਾਲਸਾ ਕਾਲਜ, ਅੰਮ੍ਰਿਤਸਰ (ਸਿ.ਹਿ.ਰੀ.ਡੀ.)

4. ਖਾ.ਕਾ.ਅ. ਖਰੜਾ 2310 ਏ

ਆਕਾਰ 15X14ਸਮ; ਕੁੱਲ ਪੱਤਰੇ 185, ਅਖ਼ੀਰਲਾ ਪੱਤਰਾ ਗੁੰਮ; ਪ੍ਰਤੀ ਪੰਨਾ 11 ਸਤਰਾਂ; ਸਿਰਲੇਖਾਂ ਲਈ ਲਾਲ ਸਿਆਹੀ ਦੀ ਵਰਤੋਂ; ਕੀੜਾ ਲੱਗਿਆ, ਪਾਠ ਉਂਜ ਮੁਕੰਮਲ; ਉਤਾਰਾ ਸੰਮਤ 1829 (1772 ਈ.); ਦਿੱਖ ਕਾਫ਼ੀ ਪੁਰਾਣੀ; ਆਧੁਨਿਕ ਤਕਨੀਕ ਨਾਲ ਸੁਰੱਖਿਅਤ; ਲਿਖਾਰੀ ਨਾਮਾਲੂਮ, ਉਸ ਦੀ ਨਿਰੰਤਰ ਦਖ਼ਲ-ਅੰਦਾਜ਼ੀ ਕਾਰਨ ਪਾਠ ਵਿਕਰਿਤ, ਪਾਠ ਮੇਲ ਲਈ ਮਹੱਤਵਹੀਣ; ਇਸ ਦੇ ਪਾਠ ਨੂੰ ਹਾਫ਼ਜ਼ਾਬਾਦੀ ਸ਼ਾਖਾ ਵਾਲਾ ਮੰਨਣ ਵਿਚ ਮੈਕਲੋਡ ਨੂੰ ਟਪਲਾ ਲੱਗਾ ਹੈ, ਇਹ ਸਹੀ ਕੋਲਬਰੁੱਕ ਸ਼ਾਖਾ ਦਾ, ਜੁਗਾਵਲੀ ਰਹਿਤ, ਉਤਾਰਾ ਹੈ। ਉਤਾਰਕ ਦੀ ਗ਼ਲਤੀ ਕਾਰਨ ਬਾਬੇ ਦਾ ਜਨਮ ਸੰਮਤ 1536 ਦਿੱਤਾ ਹੈ, ਇਸ ਗ਼ਲਤੀ ਦੀ ਸਾਂਝ, ਇਸ ਨੂੰ ਸਿ.ਰੈ.ਲਾ. ਖਰੜਾ 8086 ਵਾਲੇ ਸਰੋਤ ਤੋਂ ਹੋਇਆ ਉਤਾਰਾ ਸਿੱਧ ਕਰਦੀ ਹੈ। ਭਾਈ ਵੀਰ ਸਿੰਘ ਨੇ *ਪੁਰਾਤਨ ਜਨਮਸਾਖੀ* ਦੇ ਸੰਪਾਦਨ ਸਮੇਂ ਇਸ ਖਰੜੇ ਤੋਂ ਅੰਸ਼ਕ ਤੇ ਪੂਰਕ ਲਾਭ ਹੀ ਲਿਆ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰ.ਹਿ.ਰ.ਡੀ.)

5. ਪੰ.ਯੂ.ਪ. ਖਰੜਾ 2665

ਪੋਥੀ ਆਕਾਰ 20X22ਸਮ, ਲਿਖਤ 17X18ਸਮ; ਕੁੱਲ ਪੱਤਰੇ 243; ਪ੍ਰਤੀ ਪੰਨਾ

Scanned by CamScanner

15 ਸਤਰਾਂ; ਦੁਪਾਸੇ ਸਾਦਾ ਕਾਲਾ ਹਾਸ਼ੀਆ; ਸੁਜਿਲਦ, ਚੰਗੀ ਹਾਲਤ ਵਿਚ, ਕਈ ਥਾਈਂ ਚੇਪੀਆਂ ਲਾ ਕੇ ਮੁਰੰਮਤ ਕੀਤੀ ਹੋਈ; ਸਾਖੀ ਦਾ ਪਾਠ ਪੱਤਰਾ 7-108 ਤਕ ਫੈਲਿਆ ਹੋਇਆ; ਮੁੱਢ ਵਿਚ ਪੰਜ ਪੱਤਰਿਆਂ 'ਤੇ ਵਿਸ਼ਾ ਸੂਚੀ, ਬਕਾਇਆ ਹਿੱਸੇ ਵਿਚ 9 ਹੋਰ ਫੁਟਕਲ ਰਚਨਾਵਾਂ ਦਰਜ; ਲਿਖਾਈ ਇੱਕੋ ਹੱਥ ਦੀ, ਸਹੁਨਰੇ ਹੱਥਾਂ ਦੀ ਲਿਖਤ; ਕਾਗਜ਼ ਦੇਸੀ ਸਾਖਤ ਦਾ; ਉਤਾਰੇ ਦਾ ਸੰਮਤ 1788 (1731ਈ.) ਸਥਾਨ "ਸਤਿਲੁਦਿ ਅਰੁ ਵਿਆਹ ਨਦੀ ਕੇ ਮਧਿ", ਯਾਨੀ ਉਸ ਸਮੇਂ ਦੀ, ਦਿਆਰਾਮ ਅਬਰੋਲ ਵਾਲੀ ਸਰਗਰਮ ਟਕਸਾਲ ਦਾ ਟਿਕਾਣਾ ਸੁਰਖਪੁਰ, ਜਿਥੇ ਉਸ ਨੇ 1733 ਈ. ਵਿਚ ਸੁਚਿਤਰ ਬੀ40 ਨਾਂ ਨਾਲ ਪ੍ਰਸਿੱਧ ਜਨਮਸਾਖੀ ਦਾ ਨਿਰਮਾਣ ਕੀਤਾ।

ਅਬਰੋਲ ਨੇ ਇਹ ਉਤਾਰਾ ਬੁਰਹਾਨਪੁਰ ਵਿਚ ਸੰ. 1727 (1670ਈ.) ਵਿਚ ਹੋਏ ਉਤਾਰੇ ਤੋਂ ਕੀਤਾ, ਅਤੇ ਨਦੀ ਕਿਨਾਰੇ ਉਤਾਰਾ ਕਰਨ ਵਾਲੇ ਉਸ ਵਿਚ ਵਰਤੇ ਨਮੂਨੇ 'ਤੇ ਆਪਣਾ ਟਿਕਾਣਾ ਦੋ ਨਦੀਆਂ ਦੇ ਵਿਚਕਾਰ ਦਾ ਦੱਸਿਆ ਹੈ। ਮੂਲ ਲਿਖਤ ਤੋਂ ਇਕ ਦਹਾਕੇ ਦੇ ਵਕਫ਼ੇ 'ਤੇ ਹੋਏ ਉਤਾਰੇ ਤੋਂ ਨਿਕਲਾਇਆ ਹੋਣ ਕਰਕੇ ਅਤਿ ਭਰੋਸੇਯੋਗ ਨੁਸਖ਼ਾ। ਇਹ ਉਹੀ ਨੁਸਖ਼ਾ ਹੈ ਜਿਸ ਨੂੰ ਕਰਮ ਸਿੰਘ[1] ਹੋਰਾਂ ਫ਼ਿਰੋਜ਼ਪੁਰ ਵਿਖੇ ਕਿਸੇ ਪ੍ਰਚਾਰਕ ਕੋਲ ਵੇਖਿਆ ਸੀ।

ਫ਼ਾਰਨ ਐਂਡ ਕਾਮਨਵੈਲਥ ਆਫ਼ਿਸ, ਲੰਡਨ (ਪੁਰਾਣਾ ਇੰਡੀਆ ਆਫ਼ਿਸ)

6. ਫ਼ਾ.ਕਾ.ਲੰ. ਖਰੜਾ Panj B. 6

ਇਹ ਨੁਸਖ਼ਾ (ਅੱਗੋਂ ਹਵਾਲੇ ਲਈ ਕੇਵਲ ਬੀ.6) ਹੈਨਰੀ ਥਾਮਸ ਕੋਲਬਰੁੱਕ ਰਾਹੀਂ, 1815 ਈ. ਵਿਚ ਇੰਡੀਆ ਆਫ਼ਿਸ ਦੀ ਲਾਇਬਰੇਰੀ, ਲੰਡਨ ਪੁੱਜਾ। ਟਰੰਪ ਨੇ ਪਹਿਲੀ ਵਾਰੀ ਇਸ ਮਹੱਤਵਪੂਰਨ ਹੱਥ-ਲਿਖਤ ਖਰੜੇ ਦੀ ਕਦਰ ਪਛਾਣ ਕੇ, ਇਸ ਨੂੰ ਅੰਗਰੇਜ਼ੀ ਵਿਚ ਉਲਥਾ ਕੇ ਪ੍ਰਕਾਸ਼ ਵਿਚ ਲਿਆਂਦਾ। ਮਾਰਚ 1883 ਵਿਚ ਇਹ ਨੁਸਖ਼ਾ ਲੈਫ਼ਟੀਨੈਂਟ ਗਵਰਨਰ ਪੰਜਾਬ ਦੀ ਸੱਜਣਤਾ ਨਾਲ ਮੰਗਵਾ ਕੇ ਇਸ ਦੀ ਫੋਟੋ ਜ਼ਿੰਕੋਗਰਾਫ਼ੀ ਰਾਹੀਂ ਕਾਪੀਆਂ ਤਿਆਰ ਕਰਵਾ ਕੇ ਪਤਵੰਤਿਆਂ ਨੂੰ ਵੰਡੀਆਂ ਗਈਆਂ; ਵਲਾਇਤ ਵਾਲੀ, ਕੋਲਬਰੁੱਕ ਵਾਲੀ, ਦੇਹਰਾਦੂਨ ਵਾਲੀ ਜਨਮਸਾਖੀ, ਇਸ ਦੇ ਨਾਂ ਹਨ; ਇਕ ਜ਼ਿੰਕੋਗਰਾਫ਼ ਸੈ.ਸ.ਲਾ.1618, ਨੂੰ ਹਥਲੇ ਸੰਪਾਦਨ ਦੇ ਸੰਬੰਧ ਵਿਚ ਵਰਤਿਆ ਹੈ, ਜਿਸ ਤੋਂ ਇਸ ਦੇ ਗ਼ੈਰ-ਕਸਬੀ ਉਤਾਰਕ ਦੀ ਚਲਾਵੀਂ ਲਿਖਤ ਹੋਣ ਦਾ ਪਤਾ ਲੱਗਦਾ ਹੈ।

ਗੁਟਕਾ ਆਕਾਰ, ਹਾਸ਼ੀਆ ਸਾਦਾ ਦੋ ਲਕੀਰਾ, ਖੁੱਲ੍ਹੇ-ਹੱਥ ਵਾਹਿਆ; ਗ਼ੈਰ-ਕਸਬੀ ਲਿਖਾਰੀ ਦੀ ਲਿਖਤ, ਵਿੱਚੋਂ ਪੱਤਰੇ ਉੱਡੇ ਹੋਣ ਕਰਕੇ ਪਾਠ ਖੰਡੂ; ਮਿਤੀ ਰਹਿਤ; ਇਸ ਵਿਚ ਦਰਜ ਹੋਈ ਮਿਲਦੀ ਜੁਗਾਵਲੀ ਨੂੰ ਵਿਦਵਾਨ ਇਸ ਦਾ ਚਿੰਨ੍ਹ-ਵਿਸ਼ੇਸ਼ ਖ਼ਿਆਲ ਕਰਦੇ ਹਨ। ਪਰ ਇਸ ਵਿਲੱਖਣ ਨੁਸਖ਼ੇ ਨੂੰ ਪਹਿਲੀ ਵਾਰ ਲਿੱਥੋ 'ਤੇ ਛਪ ਕੇ ਪ੍ਰਕਾਸ਼ਤ ਹੋਣ ਦਾ ਮਾਣ ਮਿਲਿਆ, ਜਿਸ ਸਦਕਾ ਪੁਰਾਣੀ ਸਾਖੀ ਪਰੰਪਰਾ ਪ੍ਰਕਾਸ਼ ਵਿਚ ਆਈ।

... 1932, ਪੰਨਾ 249.

ਵਰਤਿਆ, ਅਪਰਾਪਤ ਖਰੜਾ

7. ਹਾਫ਼ਜ਼ਾਬਾਦੀ ਨੁਸਖ਼ਾ

ਇਹ ਨੁਸਖ਼ਾ ਗੁਰਮੁਖ ਸਿੰਘ ਹੋਰਾਂ ਨੂੰ ਹਾਫ਼ਜ਼ਾਬਾਦ, ਜ਼ਿਲ੍ਹਾ ਗੁਜਰਾਤ ਤੋਂ ਮਿਲਿਆ ਸੀ ਅਤੇ ਉਨ੍ਹਾਂ ਇਸ ਨੂੰ ਮੈਕਾਲਿਫ਼ ਸਾਹਿਬ ਦੀ ਦੇਖ-ਰੇਖ ਹੇਠ ਸੰਪਾਦ ਕੇ 1885 ਈ. ਵਿਚ ਲਿੱਥੋ 'ਤੇ ਰਾਵਲਪਿੰਡੀਓਂ ਛਪਵਾਇਆ। ਇਸ ਨੂੰ 'ਮੈਕਾਲਿਫ਼ ਵਾਲੀ ਜਨਮ ਸਾਖੀ' ਵੀ ਸੱਦੀਦਾ ਹੈ। ਇਸ ਦੇ ਨੁਸਖ਼ੇ ਬਾਰੇ ਕੋਈ ਹੋਰ ਵੇਰਵਾ ਪ੍ਰਾਪਤ ਨਹੀਂ; ਨੁਸਖ਼ਾ, ਬਦਕਿਸਮਤੀ ਨਾਲ, ਨਸ਼ਟ ਹੋ ਚੁੱਕਾ ਹੈ;[1] ਪਾਠ-ਮੇਲ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ, ਇਸ ਦਾ ਪਾਠ ਸੈ.ਸ.ਲਾ. 2913 ਦੇ ਪਾਠ ਦੀ ਪੈਰਵੀ ਕਰਦਾ ਸੀ, ਪਰ ਬੇਅੰਤ ਸੋਧਕਾਰੀ ਮੁਦਾਖ਼ਲਤ ਕਾਰਨ ਇਸ ਦਾ ਲਿੱਥੋ ਪਾਠ ਭਰੋਸੇਯੋਗ ਨਹੀਂ ਰਿਹਾ; ਮਿਤੀਹੀਣ; ਪਿਛਲੇ ਪੱਤਰੇ ਉੱਡੇ ਹੋਣ ਕਾਰਨ ਪਾਠ ਖੰਡੂ। ਪਾਠ-ਮੇਲ ਲਈ 1885 ਈ. ਵਾਲੀ ਲਿੱਥੋ ਛਾਪ ਨੂੰ ਵਰਤਿਆ ਹੈ।

ਅਪਰਾਪਤ ਖਰੜੇ

8. ਨਿੱਜੀ ਨੁਸਖ਼ਾ, ਪ੍ਰੋ. ਪ੍ਰੀਤਮ ਸਿੰਘ

ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਮੁੱਢਲੇ ਸਾਲਾਂ ਵਿਚ ਪ੍ਰੋ. ਪ੍ਰੀਤਮ ਸਿੰਘ ਪਾਸ ਇਕ ਨੁਸਖ਼ਾ ਵੇਖਿਆ ਸੀ, ਜੋ ਕੋਲਬਰੁੱਕ ਸ਼ਾਖਾ ਵਾਲਾ, ਜੁਗਾਵਲੀ ਸਮੇਤ ਪੂਰਾ ਸੂਰਾ ਉਤਾਰਾ ਸੀ। ਇਸ ਨੂੰ ਦੇਖਣ ਪਰਖਣ ਦਾ ਅਵਸਰ ਪਿਆਰ ਸਿੰਘ[2] ਹੋਰਾਂ ਨੂੰ ਵੀ ਮਿਲਿਆ; ਉਨ੍ਹਾਂ ਦਾ ਅਨੁਮਾਨ ਹੈ ਕਿ ਬੀ.6 ਅਤੇ ਪ੍ਰੋ. ਪ੍ਰੀਤਮ ਸਿੰਘ ਵਾਲਾ ਖਰੜਾ, ਦੋਵੇਂ ਕਿਸੇ ਸਾਂਝੇ ਸਰੋਤ ਤੋਂ ਆਏ ਹਨ, ਪਰ ਹੁਣ ਇਹ ਪ੍ਰਾਪਤ ਨਹੀਂ, ਕੋਈ ਮਿਹਰਵਾਨ ਇਸ 'ਤੇ ਹੱਥ ਸਾਫ਼ ਕਰ ਗਿਆ। ਲਿਖਤ ਕਰਨੀ ਪਈ ਹੈ ਤਾਂ ਕਿ ਸਨਦ ਰਹੇ, ਅਤੇ ਜੇ ਕਿਧਰੇ ਕਿਸੇ ਸਮੇਂ ਇਹ ਮੁੜ 'ਪਰਗਟ' ਹੋਵੇ ਤਾਂ ਪਹਿਚਾਣ ਹੋ ਸਕੇ।

9. ਨਿੱਜੀ ਨੁਸਖ਼ਾ, ਕੁਲਦੀਪ ਸਿੰਘ ਬੇਦੀ

ਮੈਕਲੌਡ ਨੇ ਬਟਾਲਾ ਦੇ ਐਡਵੋਕੇਟ ਕੁਲਦੀਪ ਸਿੰਘ ਬੇਦੀ ਪਾਸ ਇਕ ਨੁਸਖ਼ੇ ਦੀ ਦੱਸ ਪਾਈ ਸੀ, ਜੋ ਬੁਰਦਵਾਨ, ਨੇੜੇ ਕਲਕੱਤਾ, ਵਿਚ ਸੰ. 1814 (1757 ਈ.) ਦਾ ਲਿਖਿਆ ਹੋਇਆ ਸੀ। ਮੁਲਕ ਰਾਜ ਭੱਲੇ ਦੇ ਵੇਖੇ ਜਿਸ ਨੁਸਖ਼ੇ ਦਾ ਜ਼ਿਕਰ ਕਰਮ ਸਿੰਘ[3] ਹੋਰਾਂ ਕੀਤਾ ਹੈ, ਉਹ ਇਹੀ ਨੁਸਖ਼ਾ ਸੀ। ਬੇਦੀ ਸਾਹਿਬ ਆਪ ਤਾਂ 2004 ਈ. ਵਿਚ ਚੜ੍ਹਾਈ ਕਰ ਗਏ ਹਨ, ਉਨ੍ਹਾਂ ਦੇ ਸਪੁੱਤਰ ਸਤਿੰਦਰ ਦੀਪ ਸਿੰਘ ਦੇ ਦੱਸਣ ਮੁਤਾਬਿਕ, ਜਾਣ ਤੋਂ ਕਾਫ਼ੀ ਸਮਾਂ ਪਹਿਲਾਂ ਉਹ ਇਸ ਨੁਸਖ਼ੇ ਨੂੰ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ ਭੇਂਟ ਕਰ ਗਏ ਸਨ; ਪਰ ਭਾਲ ਕਰਨ 'ਤੇ ਇਹ ਉਥੇ ਨਹੀਂ ਮਿਲਿਆ। ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਇਸ ਖਰੜੇ ਤੋਂ ਚੋਖੀ ਸਮੱਗਰੀ ਲੈ ਕੇ ਆਪਣੀ ਪੁਰਾਤਨ

---

1. ਆਦਿ ਸਾਖੀਆਂ, ਸੰਪਾ. ਪਿਆਰ ਸਿੰਘ, ਲੁਧਿਆਣਾ, 1983, ਪੰਨਾ 31.
2. ਉਹੀ, ਪੰਨਾ 32.
3. ਕੱਤਕ ਕਿ ਵਿਸਾਖ, ਪੰਨਾ 249.

Scanned by CamScanner

ਜਨਮ ਸਾਖੀ 1969 ਈ. ਵਿਚ ਤਿਆਰ ਕੀਤੀ ਸੀ। ਹੁਣ, ਇਹ ਨੁਸਖ਼ਾ ਵੀ ਹਾਫ਼ਜ਼ਾਬਾਦੀ ਖਰੜੇ ਵਾਲੇ ਰਾਹ ਗਿਆ ਸਮਝੋ। ਮੈਕਲੌਡ ਦੀ ਇਸ ਨੁਸਖ਼ੇ ਬਾਰੇ ਮੁਹੱਈਆ ਕਰਵਾਈ ਜਾਣਕਾਰੀ ਅਨਿਸਚਤ ਅਤੇ ਨਾਂ-ਮਾਤਰ ਹੈ, ਜਿਸ ਉੱਤੇ ਨਿਰਭਰ ਨਹੀਂ ਹੋਇਆ ਜਾ ਸਕਦਾ।

'ਅਸ਼ੋਕ' ਵਾਲੀ ਇਸ ਤੋਂ ਚੁੱਕੀ ਸਮੱਗਰੀ, ਕਿਸੇ ਤਰ੍ਹਾਂ ਵੀ ਭਰੋਸੇਯੋਗ ਨਹੀਂ। ਪਰ ਇਸ ਦਾ ਦੂਰ-ਦੁਰਾਡੇ ਬੁਰਦਵਾਨ ਵਿਚ ਨਕਲਾਏ ਹੋਣ ਤੋਂ ਇਸ ਦਾ ਸੰਬੰਧ ਕੋਲਬਰੁੱਕ ਵਾਲੀ ਮੁੱਖ ਸ਼ਾਖਾ ਨਾਲ ਜੁੜਦਾ ਹੈ। ਇਸ ਨੁਸਖ਼ੇ ਦੀ ਮਹੱਤਾ ਇਸ ਦੇ ਧੁਰ ਪੂਰਬ ਵਿਚ, ਢਾਕੇ ਵਾਲੀ ਵੱਡੀ 'ਹਜ਼ੂਰੀ ਸੰਗਤ' ਦੇ ਖੇਤਰ ਵਿਚ ਨਕਲਾਏ ਗਏ ਹੋਣ ਵਿਚ ਹੈ, ਜੋ ਇਸ ਤੱਥ ਦਾ ਪਰਮਾਣ ਹੈ ਕਿ ਹਰ ਛੋਟੀ ਵੱਡੀ, ਦੂਰ-ਨੇੜੇ ਦੀ ਸਿੱਖ ਸੰਗਤ ਵਿਚ, ਗੁਰਬਾਣੀ ਦੇ ਉਤਾਰਿਆਂ ਦੇ ਨਾਲ-ਨਾਲ ਮੁੱਢਲੀ ਸਾਖੀ ਪਰੰਪਰਾ ਨਾਲ ਸੰਬੰਧਤ ਰਚਨਾਵਾਂ ਦੇ ਵੀ ਉਤਾਰੇ ਤਿਆਰ ਕਰਵਾਏ ਅਤੇ ਖੇਤਰੀ ਸੰਗਤਾਂ ਨੂੰ ਮੁਹੱਈਆ ਕਰਵਾਏ ਜਾਂਦੇ ਸਨ।

10. 'ਆਧਾਰ ਪੋਥੀ', ਰਤਨ ਸਿੰਘ ਜੱਗੀ

ਇਸ ਮੰਨੇ ਦੰਨੇ ਵਿਦਵਾਨ ਨੇ *ਪੁਰਾਤਨ ਜਨਮ ਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ* ਪਟਿਆਲਿਓਂ 1977 ਈ. ਵਿਚ ਪ੍ਰਕਾਸ਼ਤ ਕਰਵਾਇਆ ਸੀ, ਜਿਸ ਵਿਚ ਸਾਖੀ ਪਾਠ ਵੀ ਦਿੱਤਾ ਹੈ, ਜੋ ਉਨ੍ਹਾਂ ਦੇ ਕਥਨ ਅਨੁਸਾਰ ਸੰਮਤ 1697 (1640 ਈ.) ਦੀ ਲਿਖੀ ਪੋਥੀ ਤੋਂ ਆਪਣੇ ਹੱਥੀਂ ਕੀਤਾ ਉਤਾਰਾ ਹੈ। ਕਿਸੇ ਰਮਤੇ ਸਾਧ ਦੀ ਪੋਥੀ ਤੋਂ ਇਸ ਉਤਾਰੇ ਲਈ ਅਨੁਮਤੀ, "ਕਈ ਸਾਲ ਪਿੱਛੇ ਪਏ ਰਹਿਣ" ਉਪਰੰਤ ਪ੍ਰਾਪਤ ਹੋਈ[1], ਧੰਨ ਲਗਨ ਅਤੇ ਧੰਨ ਮਿਹਨਤਾਂ। ਪਰ ਇਸ ਤੋਂ ਆਪਣੇ ਹੱਥੀਂ ਤਿਆਰ ਕੀਤੇ ਪਾਠ ਦਾ ਮੇਲਾਨ, ਜਿਸ ਨੂੰ ਉਹ ਤੁਲਨਾ ਦਾ ਨਾਂ ਦਿੰਦੇ ਹਨ, ਕੇਵਲ ਸਥਾਨਕ ਤੌਰ 'ਤੇ ਪ੍ਰਾਪਤ ਦੋ ਖਰੜਿਆਂ ਤਕ ਹੀ ਸੀਮਤ ਹੈ।

ਬਾਕੀ ਸਾਰੀ ਮੌਜੂਦਾ ਅਤੇ ਆਸਾਨ ਪਹੁੰਚ ਵਿਚ ਪ੍ਰਾਪਤ ਹੱਥ-ਲਿਖਤ ਸਮੱਗਰੀ ਦਾ ਪਾਠ-ਮੇਲ, ਜੋ ਮੁਕਾਬਲਤਨ ਬਹੁਤ ਆਸਾਨ ਕਾਰਜ ਸੀ, ਤੋਂ ਲਾਭ ਨਹੀਂ ਲਿਆ। ਵੱਡੇ ਯਤਨਾਂ ਨਾਲ ਪ੍ਰਾਪਤ ਕੀਤੀ ਪੋਥੀ ਦੀ ਨਮੂਨੇ ਮਾਤਰ ਫੋਟੋ ਕਾਪੀ ਵੀ ਸੰਪਾਦਨ ਵਿਚ ਪ੍ਰਾਪਤ ਨਹੀਂ। ਵਿਦਵਾਨ ਸੰਪਾਦਕ ਹੀ ਦੱਸ ਸਕਦਾ ਹੈ ਕਿ ਇਸ ਦੀ ਫੋਟੋ-ਕਾਪੀ ਕਿਉਂ ਨਾ ਕਰਵਾਈ ਗਈ, ਜਦੋਂ ਕਿ ਜ਼ੀਰੋਕਸ ਅਤੇ ਡਿਜੀਟਾਈਜ਼ ਕਰਨ ਲਈ ਸਹੂਲਤਾਂ ਹਰ ਥਾਂ ਪ੍ਰਾਪਤ ਹਨ ? 'ਵਿਗਿਆਨਿਕ ਸੰਪਾਦਨ' ਦੇ ਦਾਅਵੇਦਾਰ ਸੰਸਕਰਨ ਵਿਚ ਲਿਖਤ ਦਾ ਨਮੂਨਾ ਦੇਣਾ ਚਾਹੀਦਾ ਸੀ।

ਇਸ ਖਰੜੇ ਦਾ ਵਸਤੂ ਨਿਰੀਖਣ ਤਾਂ ਅਸੰਭਵ ਹੀ ਸਮਝੋ, ਕਿਉਂਕਿ ਸਾਧ ਦੇ ਗਾਤਰੇ ਵਾਲੀ ਇਹ 'ਕੌਤਕੀ ਪੋਥੀ', ਸਾਧ ਦੇ ਨਾਲ ਹੀ ਗੱਡੀ ਚੜ੍ਹੀ ਹੋਈ ਹੈ। ਲੇਖਕ ਦਾ ਕੀਤਾ ਉਤਾਰਾ ਕਿਸੇ ਬਸਤਾ-ਬੇ ਵਿਚ ਸੰਤੋਖਿਆ ਹੋਇਆ ਹੈ, ਜਿਸ ਨੂੰ ਫਰੋਲਣ ਲਈ ਉਨ੍ਹਾਂ ਪਾਸ, ਸਾਹਿਤਕ ਰੁਝੇਵਿਆਂ ਕਾਰਨ, ਵਿਹਲ ਨਹੀਂ। ਸਥਿਤੀ ਦਾ ਵਿਅੰਗ ਇਹ ਹੈ ਕਿ ਇਸ ਵਿਦਵਾਨ ਨੇ ਜਾਅਲੀ ਲਿਖਤਾਂ ਦੇ ਸਮੇਂ ਸਮੇਂ ਉਗਮ

1. *ਸਥਾਨੰਕਰ*, ਪੰਨਾ 136.

ਪੈਣ ਦੀ ਤਕੜੀ ਰਵਾਇਤ ਬਾਰੇ ਸਾਨੂੰ ਚੌਕਸ ਵੀ ਕੀਤਾ ਹੈ[1], ਪਰ ਉਨ੍ਹਾਂ ਦੀ ਇਹ ਪੋਥੀ ਉਸੇ ਸ਼੍ਰੇਣੀ ਦੀ ਹੀ ਹੈ। ਟੈਲੀਫ਼ੋਨ 'ਤੇ ਦੱਸੇ ਅਨੁਸਾਰ ਉਨ੍ਹਾਂ ਦੇ ਸੰਸਕਰਨ ਵਿਚ ਪੋਥੀ ਬਾਰੇ ਦਿੱਤੀ ਜਾਣਕਾਰੀ "ਅੱਖਰ ਅੱਖਰ ਸੱਚ" ਹੈ; ਜੇ ਇਵੇਂ ਹੈ, ਤਾਂ ਇਹ ਲੱਭਣ ਦੀ ਲੋੜ ਪਵੇਗੀ ਕਿ ਝੂਠ ਕਿਹੋ ਜਿਹਾ ਹੁੰਦਾ ਹੈ। ਇਕ ਅਜਿਹੇ ਹੋਰ ਸੱਚ ਦੇ ਦੀਦਾਰੇ ਇਨ੍ਹਾਂ ਦੀ *ਜਨਮ ਸਾਖੀ ਬਾਲਾ* ਸੰਬੰਧੀ ਖੋਜ ਦੀ ਪੇਸ਼ਕਾਰੀ ਵਿਚ ਵੀ ਹੋ ਜਾਂਦੇ ਹਨ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਸ ਦੇ ਮੁੱਢਲੇ ਆਦਿ ਖਰੜੇ ਦੀ ਅੱਖਰ-ਅੱਖਰ ਨਕਲ ਆਪਣੇ ਹੱਥੀਂ 1963 ਈ. ਵਿਚ ਕੀਤੀ ਸੀ।[2] ਪੜਤਾਲ ਦੱਸਦੀ ਹੈ ਕਿ ਅੱਖਰ ਅੱਖਰ ਨਕਲ ਤਾਂ ਇਕ ਪਾਸੇ, ਪੂਰਾ ਪੜ੍ਹਿਆ ਵੀ ਨਹੀਂ। ਮੂਲ ਖਰੜੇ ਦੇ ਦਰਸ਼ਨ ਹੀ ਕੀਤੇ ਲੱਗਦੇ ਹਨ, ਵਰਨਾ 'ਜੱਗੀ' ਵਰਗੇ ਸਿਆਣੇ ਨੇ ਜੇ ਪੜ੍ਹਿਆ ਹੁੰਦਾ ਤਾਂ ਉਸ ਦੇ ਰਚਨਾ-ਕਾਲ ਅਤੇ ਰਚਿਆਰਤਾ ਦੇ ਮੁੱਦਿਆਂ ਨੂੰ ਹੱਲ ਹੋਣ ਲਈ ਅੱਧੀ ਸਦੀ ਤੋਂ ਉਪਰ ਸਮੇਂ ਦੀ ਉਡੀਕ ਨਾ ਕਰਨੀ ਪੈਂਦੀ। ਚੁੱਟਕੀ ਪਾਠ ਵਾਲਾ ਫ਼ਾਰਮੂਲਾ ਖਰੜੇ ਦਾ ਪਾਠ ਉਠਾਲਣ ਵਿਚ ਸਹਾਈ ਨਹੀਂ ਹੁੰਦਾ। ਪਾਠ ਉਠਾਲਣ ਲਈ ਤਨੋਂ ਮਨੋਂ ਇਸ ਦੇ ਪਾਠ ਨਾਲ ਬਹਿਣਾ ਪੈਂਦਾ ਹੈ, ਤਾਂ ਫੇਰ ਇਹ ਰਾਜ਼ ਭਰਪੂਰ ਅਕੱਥ ਕਥਾਵਾਂ ਦੱਸਣ ਲੱਗਦਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

11. ਗੁ.ਨਾ.ਦੇ.ਖਰੜਾ 506

ਆਕਾਰ 20X14^{ਸਮ}, ਲਿਖਤ 13X11^{ਸਮ}; ਕੁੱਲ ਪੱਤਰੇ 287, ਪ੍ਰਤੀ ਪੰਨਾ 11 ਸਤਰਾਂ, ਦੁਪਾਸੇ ਸਾਦਾ ਕਾਲਾ ਹਾਸ਼ੀਆ; ਸੁਜਿਲਦ, ਚੰਗੀ ਹਾਲਤ ਵਿਚ; ਪਹਿਲੇ ਪੱਤਰੇ 'ਤੇ ਦਸਾਂ ਪਾਤਸ਼ਾਹੀਆਂ ਦੇ ਜੋਤੀ ਜੋਤ ਸਮਾਵਣੇ ਦੇ ਚਲਿਤਰ; ਸਾਖੀ ਪਾਠ ਪੱਤਰਾ 2-287 ਤਕ ਫੈਲਿਆ ਹੋਇਆ; ਨਿਰਮਾਣ ਸੰ. 1791 (1734 ਈ.) ਲੇਖਕ ਬ੍ਰਹਮਦਾਸ ਸਾਧ ਖਟੜੇ, ਨੇੜੇ ਖੰਨਾ ਵਾਲਾ; ਲਿਖਾਰੀ ਦੇਵੀ ਦਾਸ, ਲਿਖਾਈ ਪੱਕੇ ਕਸਬੀ ਹੱਥ ਦੀ, ਲਾਲ ਸਿਆਹੀ ਦੀ ਵਰਤੋਂ; ਲਾਇਬਰੇਰੀ ਦੀ ਸੂਚੀ ਵਿਚ ਦਰਜ ਨਾਂ ਹੈ : 'ਪੁਰਾਤਨ ਜਨਮ ਸਾਖੀ ਗੁਰੂ ਨਾਨਕ ਦੇਵ ਜੀ', ਪਰ ਇਸ ਦੀਆਂ ਪਹਿਲੀਆਂ ਗਿਣਤੀ ਦੀਆਂ ਕੁਝ ਸਾਖੀਆਂ ਹੀ *ਪੁਰਾਤਨ* ਵਾਲੇ ਸਰੋਤ ਤੋਂ ਆਈਆਂ ਹਨ, ਬਾਕੀ *ਆਦਿ ਸਾਖੀਆਂ*, ਕੁਝ ਮਿਹਰਵਾਨ ਵਾਲੀ ਪਰੰਪਰਾ ਤੋਂ ਹਨ। ਇਸ ਦਾ ਪਾਠ ਬੇਰੜਾ ਪ੍ਰਕਿਰਤੀ ਦਾ ਹੋਣ ਕਾਰਨ ਪਾਠ-ਮੇਲ ਲਈ ਬੇਕਾਰ ਨੁਸਖ਼ਾ ਹੈ।

ਇਹ ਨੁਸਖ਼ਾ ਸ਼ਮਸ਼ੇਰ ਸਿੰਘ 'ਅਸ਼ੋਕ' ਦੇ ਨਿੱਜੀ ਸੰਗ੍ਰਹਿ ਵਿਚ ਸ਼ਾਮਲ ਸੀ। ਪਿਆਰ ਸਿੰਘ ਨੇ ਇਸ ਦੇ *ਆਦਿ ਸਾਖੀਆਂ* ਵਾਲੇ ਭਾਗ ਨੂੰ ਆਪਣੇ ਸੰਪਾਦਨ ਵਿਚ ਪਾਠ-ਮੇਲ ਲਈ ਵਰਤਿਆ। ਅਸ਼ੋਕ ਨੇ ਬ੍ਰਹਮਦਾਸ ਦੀ ਬ੍ਰਹਮ ਵਿਦਿਆ ਤੋਂ ਪ੍ਰੇਰਨਾ ਲੈ ਕੇ ਉਸ ਦੇ ਪੈਟਰਨ 'ਤੇ ਕੁਝ ਸਮੱਗਰੀ ਇਸ ਵਿੱਚੋਂ, ਕੁਝ ਕੁਲਦੀਪ ਸਿੰਘ ਬਟਾਲਾ ਵਾਲੇ ਖਰੜੇ ਤੋਂ ਲੈ ਕੇ, ਸਭ ਤੋਂ ਵੱਡੀ *ਪੁਰਾਤਨ ਜਨਮਸਾਖੀ* ਸੋਧ ਸਾਜ ਕੇ 1969 ਈ. ਵਿਚ ਪ੍ਰਕਾਸ਼ਤ ਕਰਵਾਈ : ਕਿਤੋਂ ਦੀ ਇੱਟ ਕਿਤੋਂ ਦੇ ਰੋੜੇ ਨਾਲ ਭਾਨਮਤੀ

1. *ਜਨਮ ਸਾਖੀ ਭਾਈ ਬਾਲਾ*, ਖੋਜ ਪੱਤਰ, ਅੰਮ੍ਰਿਤਸਰ, 1974, ਪੰਨਾ 16.
2. *ਉਹੀ*, ਪੰਨਾ 8.

Scanned by CamScanner

ਵਾਲਾ ਕੁਨਬਾ ਜੋੜ ਲਿਆ; ਇਸੇ ਸਾਲ, ਭਾਨਮਤੀ ਸ਼ੈਲੀ ਵਾਲੀ ਇਕ ਹੋਰ ਸਾਖੀ 'ਅਸ਼ੋਕ' ਜੀ ਦੀ ਸੋਧ ਨਾਲ, ਸੇਵਾ ਸਿੰਘ ਸੇਵਕ ਨੇ 'ਪ੍ਰਾਚੀਨ' ਨਾਂ ਹੇਠ ਪ੍ਰਕਾਸ਼ਤ ਕਰਵਾਈ। *ਪੁਰਾਤਨ* ਦੇ ਪ੍ਰਸੰਗ ਵਿਚ ਜੇ ਕੋਈ ਕੁਢੱਬੀ ਗੱਲ ਸਾਹਮਣੇ ਆਈ ਹੈ, ਤਾਂ ਭਾਨਮਤੀ ਅੰਦਾਜ਼ ਵਾਲੇ ਇਹ 'ਤੂੰਥ ਮੂੰਥ ਨਵੇਂ ਸੰਗ੍ਰਹਿ' ਹਨ।

ਖਰੜਿਆਂ ਦਾ ਵਰਗੀਕਰਨ

ਉਪਰੋਕਤ ਖਰੜਾ ਸਮੂਹ ਨੂੰ, ਪਾਠ ਦੇ ਨੁਕਤੇ ਤੋਂ, ਦੋ ਨਿਸਚਤ ਵਰਗਾਂ ਵਿਚ ਰੱਖਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਖਰੜੇ ਲੱਭਣ ਵਾਲੇ ਮੋਢੀਆਂ ਦੇ ਸਤਿਕਾਰ ਵਜੋਂ, ਉਨ੍ਹਾਂ ਦੇ ਨਾਵਾਂ ਨਾਲ ਚਿਤਾਰਨਾ ਵਾਜਬ ਹੋਵੇਗਾ :

ਪਹਿਲਾ, ਕੋਲਬਰੁਕ ਵਰਗ : ਇਸ ਵਿਚ ਸ਼ਾਮਲ ਹੋ ਸਕਦੇ ਹਨ; ਸਿ.ਰੈ.ਲਾ.ਖਰੜਾ 6535, 8086, ਖਾ.ਕਾ.ਅ. ਖਰੜਾ 2310 ਏ, ਪੰ.ਯੂ.ਪ. ਖਰੜਾ 2665, ਫ਼ਾ.ਕਾ.ਲੰ. ਖਰੜਾ ਬੀ. 6, ਨਿੱਜੀ ਨੁਸਖ਼ਾ ਪ੍ਰੋ. ਪ੍ਰੀਤਮ ਸਿੰਘ ਅਤੇ ਨਿੱਜੀ ਨੁਸਖ਼ਾ ਐਡਵੋਕੇਟ ਕੁਲਦੀਪ ਸਿੰਘ ਬੇਦੀ।

ਦੂਜਾ, ਗੁਰਮੁਖ ਸਿੰਘ ਵਰਗ : ਇਸ ਵਿਚ ਕੇਵਲ ਦੋ ਲਿਖਤਾਂ ਹੀ ਮਿਆਉਂਦੀਆਂ ਹਨ; ਸੈ.ਸ.ਲਾ. ਖਰੜਾ 2913, ਅਤੇ ਹਾਫ਼ਜ਼ਾਬਾਦੀ ਗੁਆਚੇ ਨੁਸਖ਼ੇ ਦਾ ਲਿੱਖੋ ਪਾਠ।

10 ਨੰਬਰੀ 'ਆਧਾਰ ਪੋਥੀ' ਦਾ ਬਿਰਤਾਂਤ ਮਿਸ਼ਰਤ ਅਤੇ ਅਨਿਸਚਤ ਹੋਣ ਕਰਕੇ ਕਿਸੇ ਇਕ ਵਰਗ ਵਿਚ ਨਹੀਂ ਟਿਕਾਈ ਜਾ ਸਕਦੀ। ਮਸਨੂਈ ਤੌਰ 'ਤੇ ਖੜਾ ਕੀਤਾ ਗਿਆ ਇਸ ਦਾ ਬਿਰਤਾਂਤ, ਅਤੇ ਇਸ ਦੀ ਸਫ਼ਾਈ ਲਈ ਭੁਗਤਾਏ ਸਬੂਤ, ਨਿਰੀਖਣ ਦਾ ਭਾਰ ਵੀ ਨਹੀਂ ਚੁੱਕਦੇ, ਨਾ ਵਰਗੀਕਰਨ ਵਾਲੀ ਕਸਵੱਟੀ 'ਤੇ ਪਰਖੇ ਜਾਣ ਦੀ ਝਾਲ ਝੱਲਦੇ ਹਨ।

ਤਾਰਕੀਅਤਾ, ਵਰਗੀਕਰਨ ਦੀ

ਉੱਕਤ ਵਰਗ ਵੰਡ ਲਈ ਜ਼ਿੰਮੇਵਾਰ, ਸਾਖੀ ਦੇ ਬਿਰਤਾਂਤ ਵਿਚ ਪ੍ਰਤੱਖ ਦਿਸਦੇ ਵੱਡੇ ਖੱਪੇ ਅਤੇ ਮਹੱਤਵਪੂਰਨ ਪਾਠ-ਭੇਦ ਹਨ ਜੋ ਉਤਾਰਕਾਂ ਵੱਲੋਂ ਨਕਲ ਕਰਦਿਆਂ ਹੋਇਆਂ ਆਮ ਭੁੱਲਾਂ, ਗ਼ਲਤੀਆਂ, ਸ਼ਬਦ ਬਦਲੀਆਂ, ਵਰਗੇ ਪਾਠਾਂਤਰਾਂ ਨਾਲੋਂ ਵੱਖਰੀ ਭਾਂਤ ਦੇ ਹਨ, ਜਿਨ੍ਹਾਂ ਨੂੰ ਦ੍ਰਿਸ਼ਟਾਂਤਾਂ ਨਾਲ ਪ੍ਰਮਾਣਤ ਤੇ ਸੂਤਰਬੱਧ ਕਰਨਾ ਲਾਹੇਵੰਦ ਰਹੇਗਾ। ਇਨ੍ਹਾਂ ਦੀ ਬਦੌਲਤ ਮੁੱਢਲੀ ਸਿੱਖ ਪਰੰਪਰਾ ਦੇ ਕਈ ਅਤਿ ਹਨੇਰੇ ਪੱਖਾਂ ਉੱਤੇ ਰੋਸ਼ਨੀ ਪੈਣ ਦੀ ਸੰਭਾਵਨਾ ਹੈ।

(i) ਸਾਖੀ ਨੰ. 9 (ਕ੍ਰਮਾਂਕ ਤੇ ਸਿਰਨਾਮੇ ਭਾਈ ਵੀਰ ਸਿੰਘ ਦੀ *ਪੁਰਾਤਨ* ਵਾਲੇ ਹਨ) ਤੇ ਅੰਤ ਉੱਤੇ ਇਕ ਅਨੋਖੀ ਟੂਕ ਹੈ : "ਅਰੁ ਜਾਂ ਪ੍ਰਭਾਤਿ ਹੋਵੈ ਤਾਂ ਕੱਪੜੇ ਲਾਇਕੈ ਤਿਲਕੁ ਚੜਾਇ ਕਰਿ **ਦਰਬਾਰਿ ਦਫ਼ਤਰ ਮਨਾ ਘਿੰਨਿ ਲਿਖਣ ਬਹੈ**।" ਇਸ ਦਾ ਮੂਲ ਸਹੀ ਪਾਠ ਹੈ : ਦਰਬਾਰਿ ਆਇ ਦਫ਼ਤਰ ਘਿੰਨਿ ਲਿਖਣ ਬਹੈ। 'ਆਇ' ਕਾਤਬੀ ਫੇਰ ਬਦਲੀ ਨਾਲ 'ਆਨ' ਬਣ ਕੇ ਦਫ਼ਤਰ ਦੇ ਅੱਗੇ ਜਾ ਟਿਕਿਆ, ਫੇਰ

Scanned by CamScanner

'ਮਾਨ' ਵਿਚ ਵਟ ਗਿਆ, ਬੀ.6 ਤਕ ਪਹੁੰਚਦਿਆਂ 'ਮਨਾ' ਬਣ ਗਿਆ ਅਤੇ ਉਪਰੋਕਤ ਮੋਟਿਆਏ ਵਾਕੰਸ਼ ਵਾਲਾ ਰੂਪ ਧਾਰ ਗਿਆ। ਇਹ ਪਾਠ ਵਿਕਾਸ ਜਾਂ ਵਿਨਾਸ ਕੋਲਬਰੁੱਕ ਵਰਗ ਦੇ ਖਰੜਿਆਂ ਦਾ ਖ਼ਾਸਾ ਹੈ। ਖਾਰੇ ਵਾਲੀ ਬੰਨੋ ਟਕਸਾਲ ਵਿਚ ਵਿਕਸਤ ਸ਼ਾਖਾ ਨਾਲ ਸੰਬੰਧਤ ਗੁਰਮੁਖ ਸਿੰਘ ਵਰਗ ਦੇ ਖਰੜਿਆਂ ਵਿਚ, ਉਥੋਂ ਦੇ ਉਤਸ਼ਾਹੀ ਤੇ ਸੋਧੀ ਉਤਾਰਕਾਂ ਦੇ ਦਖ਼ਲ ਨਾਲ, ਇਸ ਵਾਕੰਸ਼ ਨੇ ਦਰਬਾਰ ਫ਼ੁਰਮਾਨ ਲੈ ਕਰ/ਘਿੰਨ ਕਰਿ ਲਿਖਣ ਬਹੈ, ਵਾਲੀ ਬੇਤੁਕੀ ਸ਼ਕਲ ਅਖ਼ਤਿਆਰ ਕਰ ਲਈ; 'ਮਾਨ' ਫ਼ੁਰਮਾਨ ਬਣ ਗਿਆ ਅਤੇ ਬਾਬੇ ਦਾ ਲਿਖਿਆ ਦਫ਼ਤਰ (ਕਾਗ਼ਜ਼-ਸਮੂਹ) ਯਾਨੀ ਫ਼ਾਇਲ ਗੁੰਮ ਹੋ ਗਈ, ਜਾਂ ਕਹੋ ਦਫ਼ਤਰ ਦਾਖ਼ਲ ਕਰ ਦਿੱਤੀ, ਜੋ ਫ਼ਾਰਸੀ ਤੋਂ ਰੁੱਸੇ ਹੋਏ ਸਾਡੇ ਖੋਜੀਆਂ ਅਤੇ ਸੰਪਾਦਕਾਂ ਨੂੰ ਹੁਣ ਤਕ ਨਹੀਂ ਲੱਭ ਸਕੀ। ਤਾਂ ਵੀ, ਇਸ ਪਾਠ ਭੇਦ ਦੇ 'ਆਇ' ਤੋਂ 'ਫ਼ੁਰਮਾਨ' ਤਕ ਦੇ ਅਲੋਕਾਰੀ ਸਫ਼ਰ ਨੇ ਇਸ ਜਨਮ ਸਾਖੀ ਨਾਲ ਸੰਬੰਧਤ ਖਰੜਿਆਂ ਦੀ ਸ਼ਨਾਖ਼ਤ ਅਤੇ ਨਿਖੇੜਨ ਵਾਲੀ ਪ੍ਰਕਿਰਿਆ ਨੂੰ ਅਕੱਟ ਪਰਮਾਣ ਜ਼ਰੂਰ ਮੁਹੱਈਆ ਕਰਵਾਇਆ ਹੈ।

(ii) ਸਾਖੀ ਨੰ. 35 ਸੈਦਪੁਰ ਦੀ ਬੰਦ, ਦੇ ਅਖ਼ੀਰ ਵਿਚ ਬਾਬਰ ਨੂੰ ਵਰਦਾਨ ਵਾਲਾ ਭਾਗ, ਜੋ *ਸਾਖੀ ਮਹਲੁ ਪਹਿਲੇ ਕੀ* ਦੇ ਪਾਠ ਵਿਚ ਪ੍ਰਾਪਤ ਸੀ, ਪਰ ਬਦਲੇ ਹਾਲਾਤ ਵਿਚ ਅਪ੍ਰਸੰਗਕ ਹੋ ਚੁੱਕਾ ਹੋਣ ਕਰਕੇ ਸੈਦੋ ਨੇ ਆਪਣੇ ਪਾਠ ਵਿੱਚੋਂ ਬਾਹਰ ਰੱਖਿਆ ਸੀ, ਗੁਰਮੁਖ ਸਿੰਘ ਵਰਗ ਦੇ ਖਰੜਿਆਂ ਵਿਚ ਪਿੱਛੋਂ ਮੁੜ ਦਾਖ਼ਲ ਕੀਤਾ ਹੋਇਆ ਮਿਲਦਾ ਹੈ।

(iii) ਸਾਖੀ ਨੰ. 40 ਕਰੋੜੀਏ ਵਾਲਾ ਪਾਠ ਕੋਲਬਰੁੱਕ ਵਰਗ ਵਾਲੇ ਖਰੜਿਆਂ ਵਿਚ ਪ੍ਰਾਪਤ ਨਹੀਂ ਹਾਲਾਂਕਿ, ਜਿਵੇਂ ਅਸੀਂ ਹੁਣ ਜਾਣਦੇ ਹਾਂ, *ਸਾਖੀ ਮਹਲੁ ਪਹਿਲੇ ਕੀ* ਵਾਲੇ ਬਿਰਤਾਂਤ ਦਾ ਅੰਤ ਹੀ ਇਸ ਪ੍ਰਸੰਗ ਨਾਲ ਹੁੰਦਾ ਸੀ, ਬਿਰਤਾਂਤ ਦੇ ਸਿਖਰਲੇ ਅਤੇ ਇਤਿਹਾਸਕ ਮਹੱਤਵ ਵਾਲੇ ਪ੍ਰਸੰਗ ਦਾ ਮੁੱਖ ਸ਼ਾਖਾ ਵਿੱਚੋਂ ਗ਼ਾਇਬ ਹੋਣਾ ਵੀ ਰਹੱਸ ਬਣਿਆ ਹੋਇਆ ਹੈ। ਗੁਰਮੁਖ ਸਿੰਘ ਵਰਗ ਦੇ ਖਰੜਿਆਂ ਵਿਚ ਇਹ ਪ੍ਰਸੰਗ ਪ੍ਰਾਪਤ ਹੈ।

(iv) *ਜਨਮ ਪਤ੍ਰੀ ਬਾਬੇ ਜੀ ਕੀ (ਆਦਿ ਸਾਖੀਆਂ)* ਵਿਚ ਇਕ ਲੰਬੀ ਸਾਖੀ ਭਗੀਰਥ ਬਾਣੀਆ ਅਤੇ ਸ਼ਿਵਨਾਭ ਨਾਲ ਸੰਬੰਧਤ ਹੈ। ਸੈਦੋ ਨੇ ਇਸ ਦੇ ਪਹਿਲੇ ਭਾਗ ਨੂੰ ਛੱਡ ਕੇ ਉਸ ਦਾ ਪਿਛਲਾ ਭਾਗ, ਸਾਖੀ ਨੰ. 47 ਦੇ ਰੂਪ ਵਿਚ ਅਨੁਕੂਲ ਲਿਆ ਅਤੇ ਸਿੰਘਲਾਦੀਪ, ਸ਼ਿਵਨਾਭ ਅਤੇ 'ਪ੍ਰਾਣ ਸੰਗਲੀ' ਨੂੰ ਇਸ ਨਾਲ ਜੋੜ ਦਿੱਤਾ; ਇਹ ਪ੍ਰਸੰਗ "ਤਬ ਸਿੰਘਲਾਦੀਪ ਕੀ ਸੁਰਤਿ ਹੋਈ" ਨਾਲ ਸ਼ੁਰੂ ਹੁੰਦਾ ਹੈ, ਅਤੇ ਕੋਲਬਰੁੱਕ ਵਾਲੀ ਮੁੱਖ ਸ਼ਾਖਾ ਵਾਲੇ ਸਾਰੇ ਖਰੜਿਆਂ ਵਿਚ, ਸੈਦੋ ਵਾਲੇ ਅਸਲੀ ਰੂਪ ਵਿਚ ਪ੍ਰਾਪਤ ਹੈ। ਗੁਰਮੁਖ ਸਿੰਘ ਵਰਗ ਦੇ ਖਰੜਿਆਂ ਵਿਚ ਇਸ ਤੋਂ ਵਧੀਕ ਸੈਦੋ ਦਾ ਤਿਆਗਿਆ ਭਾਗ ਵੀ, ਸਾਖੀ ਨੰ. 41, ਅਧੀਨ ਦਰਜ ਕੀਤਾ ਮਿਲਦਾ ਹੈ। ਇਹ ਪਾਠ-ਭੇਦ ਕਾਤਬੀ ਭੁੱਲਾਂ ਵਾਲੇ ਵਰਗ ਦੇ ਨਹੀਂ।

ਖਰੜਿਆਂ ਦੀ ਪੁਣ-ਛਾਣ ਅਤੇ ਵਰਗੀਕਰਨ ਤੋਂ ਉਭਰੀਆਂ ਅਸੰਗਤੀਆਂ ਦੇ ਕਾਰਨਾਂ ਦੀ ਪੜਤਾਲ ਬਹੁਤ ਜ਼ਰੂਰੀ ਦਿੱਸਣ ਲੱਗ ਪਈ ਹੈ, ਕਿਉਂਕਿ ਹੱਥ-ਲਿਖਤਾਂ ਦੇ ਸੰਚਾਰ ਦੀ ਪ੍ਰਕਿਰਿਆ ਵਿਚ ਇਹ ਆਪਣੀ ਕਿਸਮ ਦਾ ਗੁੰਝਲਦਾਰ ਅਤੇ ਵਿਲੱਖਣ

Scanned by CamScanner

ਵਰਤਾਰਾ ਹੈ ਜੋ ਸਮਾਧਾਨ ਮੰਗਦਾ ਹੈ। ਸਪੱਸ਼ਟ ਹੋਣ ਦੀ ਲੋੜ ਹੈ ਕਿ 'ਜੁਗਾਵਲੀ', ਜਿਸ ਨੂੰ ਬੀ.6 ਦਾ ਵਿਸ਼ੇਸ਼ ਚਿੰਨ੍ਹ ਮੰਨਿਆ ਜਾਂਦਾ ਹੈ, ਦਾ ਉੱਕਤ ਵਰਗੀਕਰਨ ਵਿਚ ਕੋਈ ਰੋਲ ਨਹੀਂ। ਬੇਸ਼ੱਕ, ਇਹ ਸਾਖੀ ਦੇ ਮੂਲ ਪਾਠ ਦਾ ਹਿੱਸਾ ਸੀ; ਇਸ ਦਾ ਭਿੰਨ ਭਿੰਨ ਖਰੜਿਆਂ ਵਿਚ ਲਿਖੇ ਜਾਂ ਛੱਡੇ ਜਾਣ ਦਾ ਵੱਡਾ ਕਾਰਨ, ਇਸ ਦਾ ਵਿਜਾਤੀ ਕਿਸਮ ਦੀ ਰਚਨਾ ਹੋਣ ਕਰਕੇ, ਉਤਾਰਕਾਂ ਦੇ ਰਵੱਈਏ ਦੀ ਭਿੰਨਤਾ ਹੈ—ਭਲਾ, ਚਾਲੀ ਜੁੱਗਾਂ ਦੀ ਮਰਯਾਦਾ ਦਾ 'ਸਾਖੀ' ਦੇ ਯਥਾਰਥਕ ਬਿਰਤਾਂਤ ਨਾਲ ਕੀ ਜੋੜ ? ਸਿ.ਰੈ.ਲਾ. 8086, ਖਾ.ਕਾ.ਅ. 2310 ਏ, ਇੱਕੋ ਵਰਗ ਦੇ, ਇਕ-ਨਾਤੂਆ ਖਰੜੇ ਹਨ, ਪਹਿਲੇ ਵਿਚ ਜੁਗਾਵਲੀ ਦਰਜ ਹੈ, ਪਿਛਲੇ ਵਿਚ ਨਹੀਂ; ਹਾਫ਼ਜ਼ਾਬਾਦੀ ਨੁਸਖ਼ੇ ਵਿਚ ਦਰਜ ਸੀ ਪਰ ਉਸ ਦੀ ਪੂਰੀ ਪੈਰਵੀ ਕਰਨ ਵਾਲੇ ਸੈ.ਸ.ਲਾ. 2913 ਵਿਚ ਇਸ ਥਾਂ "ਜੁਗਾਵਲੀ ਕਾ ਸੁਮਾਰ ਸਾਰਾ ਹੀ ਲਿਖਿਆ ਹੈ" ਵਾਲੀ ਉੱਕਤੀ ਨਾਲ ਹੀ ਸਾਰਿਆ ਗਿਆ ਹੈ।

ਖਰੜਿਆਂ ਦੀ ਤਿੱਖੀ ਨਜ਼ਰ ਨਾਲ ਕੀਤੇ ਨਿਰੀਖਣ ਨੇ ਇਹ ਤੱਥ ਸਥਾਪਤ ਕੀਤਾ ਹੈ ਕਿ ਗੁਰਮੁਖ ਸਿੰਘ ਵਰਗ ਹਾਫ਼ਜ਼ਾਬਾਦੀ ਸ਼ਾਖਾ ਨਾਲ ਸੰਬੰਧਤ ਹੈ, ਜੋ ਗੁਜਰਾਤ ਜ਼ਿਲ੍ਹੇ ਦੇ ਖਾਰਾ ਮਾਂਗਟ ਦੀ ਭਾਈ ਬੰਨੋ ਵਾਲੀ ਸਿੱਖ ਸੰਗਤ ਦੇ ਟਿਕਾਣੇ 'ਤੇ ਵਿਕਸਤ ਹੋਈ। ਸਿੱਖ ਮਿਸ਼ਨ ਮੰਡਲ ਵਿਚ ਉੱਚੀ ਪਦਵੀ ਵਾਲੇ ਮਸੰਦ ਭਾਈ ਬੰਨੋ ਦੀ 'ਆਦਿ ਬੀੜ' ਦੀ ਤਿਆਰੀ ਵਿਚ ਨਿਜੀ ਸ਼ਮੂਲੀਅਤ, ਇਸ ਦੇ ਪਹਿਲੇ ਉਤਾਰੇ ਦੀ ਉਸ ਨੂੰ ਹੋਈ ਬਖ਼ਸ਼ਿਸ਼ ਅਤੇ ਫੇਰ ਇਸ ਤੋਂ ਅੱਗੇ ਉਤਾਰਿਆਂ ਦੀ ਸ਼ੁਰੂ ਹੋਈ ਲੰਬੀ ਲੜੀ, ਗੁਰਬਾਣੀ ਦੇ ਸੰਚਾਰ ਅਤੇ ਪ੍ਰਚਾਰ ਵਿਚ ਲੀਨ ਰਹੀ, ਉਥੋਂ ਦੀ ਪੁਰਾਣੀ ਸਥਾਪਤ ਲਿਖਾਰੀ ਟਕਸਾਲ ਦੀ ਗਵਾਹੀ ਭਰਦੀ ਹੈ—ਮਹਾਰਾਜਾ ਰਣਜੀਤ ਸਿੰਘ ਵੱਲੋਂ ਬੰਨੋ-ਕਿਆਂ ਨੂੰ ਭੇਟ ਕੀਤੀਆਂ ਜਗੀਰਾਂ ਅਕਾਰਨ ਨਹੀਂ ਸਨ।

ਹੁਣ, ਇਹ ਵੀ ਪ੍ਰਮਾਣ ਹੈ ਕਿ ਗੁਰਬਾਣੀ ਦੇ ਨਾਲ ਨਾਲ ਮੁੱਢਲੀ ਸਾਖੀ ਪਰੰਪਰਾ ਦੀ ਹਰ ਰਚਨਾ, ਇਸੇ ਉਦੇਸ਼ ਨਾਲ, ਬਾਕਾਇਦਾ ਖਾਰਾ ਮਾਂਗਟ ਪੁੱਜਦੀ ਕੀਤੀ ਜਾਂਦੀ ਸੀ: *ਸਾਖੀ ਮਹਲੁ ਪਹਿਲੇ ਕੀ* ਅਤੇ *ਜਨਮ ਪਤ੍ਰੀ ਬਾਬੇ ਜੀ ਕੀ* (ਆਦਿ ਸਾਖੀਆਂ) ਦੇ ਪਾਠ ਇਥੋਂ ਦੇ ਲਿਖਾਰੀਆਂ ਪਾਸ ਮੌਜੂਦ ਸਨ, ਜਦੋਂ ਸੈਦੋ ਦੀ ਰਚੀ ਨਵੀਂ ਰਚਨਾ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਦੀ ਨਕਲ ਉਥੇ ਪੁੱਜੀ। ਇਸ ਦੇ ਪਾਠ ਵਿਚ, ਹੁਣ ਚਰਚਾ ਅਧੀਨ, ਰਹੇ ਖੱਪੇ ਉਥੋਂ ਦੇ ਨੀਝਵਾਨ ਉਤਾਰਕਾਂ ਤੋਂ ਗੁੱਝੇ ਨਾ ਰਹੇ: ਬਾਬਰ ਨੂੰ ਵਰਦਾਨ ਵਾਲਾ ਖੱਪਾ ਕਾਤਬੀ ਭੁੱਲ ਮੰਨ ਕੇ *ਸਾਖੀ ਮਹਲੁ ਪਹਿਲੇ ਕੀ* ਦੇ ਪਾਠ ਦੀ ਸਹਾਇਤਾ ਨਾਲ ਪੂਰ ਦਿੱਤਾ; ਇਸ ਨਾਲ ਸੈਦੋ ਵਾਲੀ ਸਹੀ ਤੇ ਸਮੇਂ ਅਨੁਕੂਲ ਸੋਧ ਵਿਅਰਥ ਹੋ ਗਈ; ਇਹ ਵਾਧਾ ਅਣਚਾਹੀ ਤੇ ਬੇਲੋੜੀ ਮੁਦਾਖ਼ਲਤ ਵਾਲਾ ਹੈ।

ਕਰੋੜੀਏ ਵਾਲਾ ਪ੍ਰਸੰਗ *ਸਾਖੀ ਮਹਲੁ ਪਹਿਲੇ ਕੀ* ਦੇ ਖਾਰਾ ਮਾਂਗਟ ਵਾਲੇ ਸਾਲਮ ਨੁਸਖ਼ੇ ਦੇ ਅਖ਼ੀਰ ਵਿਚ ਪ੍ਰਾਪਤ ਸੀ ਅਤੇ ਸੈਦੋ ਦੀ ਸਾਜੀ ਸਵਾਰੀ ਸਾਖੀ ਦਾ ਮਹੱਤਵਪੂਰਨ ਅੰਗ ਸੀ; ਕੋਲਬਰੁੱਕ ਵਾਲੀ ਮੁੱਖ ਸ਼ਾਖਾ ਵਿਚ ਇਸ ਅਤਿ ਮਹੱਤਵਪੂਰਨ ਪ੍ਰਸੰਗ ਦਾ ਤੁਕਹੀਣ ਅਭਾਵ, ਕਾਤਬੀ ਗ਼ਲਤੀ ਦਾ ਨਤੀਜਾ ਹੈ, ਜੋ ਕਿਸੇ ਪੜਾਅ 'ਤੇ ਉਤਾਰਿਆਂ ਵਿਚ ਪ੍ਰਵੇਸ਼ ਕਰ ਗਈ, ਜਿਸ ਨੂੰ ਤਾੜ ਕੇ ਬੰਨੋ

Scanned by CamScanner

ਟਕਸਾਲ ਦੇ ਉਤਾਰਕਾਂ ਨੇ ਆਪਣੇ ਕੋਲ ਵਾਲੇ ਪਾਠ ਦੀ ਸਹਾਇਤਾ ਨਾਲ—ਸਾਖੀ ਨੰ. 40 ਦੇ ਰੂਪ ਵਿਚ ਪੂਰ ਦਿੱਤਾ। ਇਸ ਪੁਨਰ ਸਥਾਪਤੀ ਨਾਲ ਮੂਲ ਪਾਠ ਨੂੰ ਲੋੜੀਂਦੀ ਪਕਿਆਈ ਮਿਲੀ; ਸੋਧ ਸਹੀ ਅਤੇ ਤਰਕਸੰਗਤ ਹੋਣ ਕਰਕੇ ਪ੍ਰਵਾਨਣ ਯੋਗ ਹੈ। ਇਸ ਤੋਂ ਅਗਲੀ ਸਾਖੀ ਨੰ. 41 ਵਾਲੀ ਮਦਾਖ਼ਲਤ ਉਤਾਰਕਾਂ ਦੀ ਦੁਬਿਧਾ ਦੀ ਦੇਣ ਹੈ।

ਕਰੋੜੀਏ ਵਾਲੇ ਪਾਠ ਦਾ ਕੋਲਬਰੁੱਕ ਵਰਗ ਦੇ ਪ੍ਰਾਪਤ ਖਰੜਿਆਂ ਵਿੱਚੋਂ ਗ਼ਾਇਬ ਹੋਣ ਵਾਲਾ ਮਸਲਾ ਵਿਆਖਿਆ ਮੰਗਦਾ ਹੈ। ਸੀਹਾਂ ਉੱਪਲ ਦੀ ਰਚੀ *ਸਾਖੀ ਮਹਲੁ ਪਹਿਲੇ ਕੀ* ਸੈਦੋ ਦੀ ਸਰੋਤ ਸਮੱਗਰੀ ਸੀ, ਜਿਸ ਦੇ ਪਾਠ ਨੂੰ ਆਧਾਰ ਬਣਾ ਕੇ ਉਹ ਆਪਣਾ ਬਿਰਤਾਂਤ ਸਿਰਜ ਰਿਹਾ ਸੀ; ਇਸ ਵਿੱਚੋਂ ਅੰਤਲਾ ਕਰਤਾਰਪੁਰ ਦੇ ਵਸੇਬੇ ਵਾਲਾ ਇਤਿਹਾਸਕ ਮਹੱਤਵ ਵਾਲਾ ਪ੍ਰਸੰਗ ਜਾਣਦਿਆਂ-ਬੁੱਝਦਿਆਂ ਛੱਡੇ ਜਾਣਾ, ਉਸ ਨੂੰ ਪੁੱਗ ਹੀ ਨਹੀਂ ਸੀ ਸਕਦਾ। ਨਿਰਣਾ ਇਹ ਕਿ ਕਰੋੜੀਏ ਵਾਲਾ ਪਾਠ ਸੈਦੋ ਪਾਠ ਦਾ ਜ਼ਰੂਰੀ ਹਿੱਸਾ ਸੀ, ਜਿਸ ਦੀ ਹੋਂਦ ਨੂੰ ਪ੍ਰਮਾਣਤ ਕਰਦੇ ਹਵਾਲੇ ਸਾਖੀ ਨੰ. 41 (ਭਾਗੀਰਥ, ਮਨਸੁਖ ਤੇ ਸ਼ਿਵਨਾਭ) ਵਾਲੇ ਪਾਠ ਵਿਚ ਪ੍ਰਾਪਤ ਹਨ। ਮੁੱਢਲੇ ਪੜਾਅ ਉੱਤੇ ਕਿਸੇ ਉਤਾਰਕ ਹੱਥੀਂ ਉਤਾਰਾ ਕਰਦਿਆਂ ਇਹ ਜ਼ਰੂਰੀ ਪ੍ਰਸੰਗ ਕਾਤਬੀ ਗ਼ਲਤੀ ਦਾ ਸ਼ਿਕਾਰ ਹੋ ਗਿਆ ਅਤੇ ਇਹ ਵਿਕਾਰ ਅੱਗੇ ਤੋਂ ਅੱਗੇ ਕੋਲਬਰੁੱਕ ਵਰਗ ਦੇ ਪ੍ਰਾਪਤ ਖਰੜਿਆਂ ਵਿਚ ਚਲਾ ਗਿਆ। ਇਸ ਤਰ੍ਹਾਂ ਇਹ ਇਤਫ਼ਾਕੀਆ ਤੌਰ 'ਤੇ ਵਾਪਰਿਆ ਖੱਪਾ ਹੈ, ਜਿਸ ਨਾਲ ਬੇਲੋੜੀ ਵੱਖਰੀ ਸ਼ਾਖਾ ਤੁਰ ਪਈ ਅਤੇ ਭੁਲੇਖਿਆਂ ਦਾ ਸਿਲਸਿਲਾ ਸ਼ੁਰੂ ਹੋਇਆ।

ਜਨਮ ਪਤ੍ਰੀ ਬਾਬੇ ਜੀ ਕੀ (ਆਦਿ ਸਾਖੀਆਂ) ਦੇ ਬਿਰਤਾਂਤ ਸਿਲਸਿਲੇ ਵਿਚ ਕਰੋੜੀਏ ਵਾਲੀ ਸਾਖੀ ਦੇ ਤੁਰੰਤ ਬਾਅਦ ਭਗੀਰਥ, ਬਾਣੀਆ ਅਤੇ ਸ਼ਿਵਨਾਭ ਵਾਲਾ ਪ੍ਰਸੰਗ ਆਉਂਦਾ ਹੈ, ਜਿਸ ਦਾ ਪਹਿਲਾ ਭਾਗ ਸੈਦੋ ਨੇ ਛੱਡ ਦਿੱਤਾ ਸੀ; ਇਸ ਨੂੰ ਵੀ ਕਰੋੜੀਏ ਵਾਲੀ ਸਾਖੀ ਵਾਂਗ, ਉਤਾਰਕਾਂ ਨੇ ਕਾਤਬੀ ਭੁੱਲ ਖ਼ਿਆਲ ਕਰ ਕੇ *ਜਨਮ ਪਤ੍ਰੀ ਬਾਬੇ ਜੀ ਕੀ* ਵਿੱਚੋਂ ਰੱਦੇ ਭਾਗ ਦੇ ਪਾਠ ਨੂੰ ਚੁੱਕ ਕੇ, ਉਸੇ ਰੂਪ ਵਿਚ, ਸਾਖੀ ਨੰ. 41 ਦੇ ਰੂਪ ਵਿਚ ਦਰਜ ਕਰ ਦਿੱਤਾ; ਇਸ ਹਿੱਸੇ ਦੇ ਸ਼ਬਦ-ਜੋੜ *ਜਨਮ ਪਤ੍ਰੀ ਬਾਬੇ ਜੀ ਕੀ* ਵਾਲੇ ਹੀ ਹਨ, ਜਦੋਂ ਕਿ ਸੈਦੋ ਦੇ ਅਨੁਕੂਲੇ ਪਾਠ—ਸਾਖੀ ਨੰ. 47 ਵਿਚ ਸ਼ਿਵਨਾਭ ਦਾ ਹੰਦਾਲੀ ਰੂਪ 'ਸਿਉਨਾਭ' ਵੀ, ਖ਼ਾਸ ਆਸ਼ੇ ਨਾਲ, ਬਰਾਬਰ ਤੇ ਬਹੁਤੇ ਵਾਰੀਂ ਵਰਤਿਆ ਹੈ। ਖਾਰੇ ਮਾਂਗਟ ਵਾਲੀ ਟਕਸਾਲ ਦੇ ਉਤਾਰਕਾਂ ਦਾ ਕੀਤਾ ਇਹ ਵਾਧਾ ਵੀ ਬੇਲੋੜੀ ਦਖ਼ਲ-ਅੰਦਾਜ਼ੀ ਹੈ। ਇਸ ਨਾਲ ਇਕ ਵੱਖਰੀ ਸ਼ਾਖਾ ਦਾ ਮੁੱਢ ਬੱਝਦਾ ਹੋਣ ਕਰਕੇ ਸੈਦੋ ਵਾਲੇ ਮੂਲ ਪਾਠ ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ, ਜਿਵੇਂ ਭਾਈ ਵੀਰ ਸਿੰਘ ਹੋਰਾਂ ਮੰਨ ਕੇ ਆਪਣੇ ਨਿਰਮਤ ਪਾਠ ਦਾ ਅੰਗ ਬਣਾ ਲਿਆ ਅਤੇ ਉਨ੍ਹਾਂ ਦੇ ਪਾਛੂ ਆਪਣੇ ਕਿਆਸੇ ਹਵਾਈ "ਸ਼ੁੱਧ ਪਾਠ" ਵਿਚ ਇਸ ਨੂੰ ਅਪਣਾ ਕੇ ਆਪਣੀਆਂ ਘਾੜਤਾਂ ਅਤੇ ਕਾਢਾਂ ਨੂੰ ਖ਼ਤਰੇ ਵਿਚ ਪਾ ਰਹੇ ਹਨ।

ਸਮਾਪਤੀ ਟਿੱਪਣੀ

ਸਾਖੀ ਮਹਲੁ ਪਹਿਲੇ ਕੀ ਦੇ ਪ੍ਰਸੰਗ ਵਿਚ ਪੁਰਾਣੀ ਪਰੰਪਰਾ ਦੀ ਗੁੰਮਨਾਮੀ ਦੇ ਕਾਰਨਾਂ ਦੀ ਪੜਤਾਲ ਨੇ ਇਕ ਤਲਖ਼ ਹਕੀਕਤ ਤੋਂ ਪਰਦਾ ਚੁੱਕਿਆ ਸੀ:

Scanned by CamScanner

ਹੰਦਾਲੀਆਂ ਵੱਲੋਂ ਮਾਝੇ-ਦੁਆਬੇ ਵਿੱਚੋਂ ਸਾਖੀ ਸਾਹਿਤ ਦੀ ਕਰਵਾਈ ਗਈ, ਸੋਚੀ ਸਮਝੀ, ਨਿਝੱਕ, ਨਿਰੰਤਰ ਬੇਕਿਰਕ ਤਬਾਹੀ। ਚਾਲੂ ਪੜਤਾਲ ਤੋਂ ਪ੍ਰਾਪਤ ਸਿੱਟੇ ਵੀ ਉਸ ਦੀ ਪ੍ਰੋੜ੍ਹਤਾ ਕਰਦੇ ਹਨ। *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਦੇ ਹੁਣ ਤਕ ਲੱਭੇ ਗਿਣਤੀ ਦੇ ਕਲਮੀ ਨੁਸਖ਼ੇ ਬੁਰਹਾਨਪੁਰ, ਗਲਗਲਾ, ਬੁਰਦਵਾਨ, ਖਾਰਾ ਮਾਂਗਟ ਆਦਿ ਦੂਰ-ਦੁਰਾਡੇ ਦੀਆਂ ਸਿੱਖ ਸੰਗਤਾਂ ਦੇ ਟਿਕਾਣਿਆਂ 'ਤੇ ਤਿਆਰ ਹੋਏ ਨੁਸਖ਼ੇ ਜਾਂ ਉਨ੍ਹਾਂ ਤੋਂ ਅੱਗੋ ਹੋਏ ਉਤਾਰੇ ਹਨ। ਜੇ ਇਹ ਨਾ ਹੁੰਦੇ ਤਾਂ ਸਾਖੀ ਪਰੰਪਰਾ ਦਾ ਉਹੀ ਹਸ਼ਰ ਵੇਖਣ ਨੂੰ ਮਿਲਦਾ ਜੋ ਹੰਦਾਲੀਆਂ ਦੇ ਮਨਸੂਬੇਬਾਜ਼ਾਂ ਨੇ ਚਿਤਵਿਆ ਅਤੇ ਵਿਉਂਤਿਆ ਸੀ। 'ਪੋਥੀ ਹਰਿਜੀ', ਜਿਸ ਨੂੰ ਸਿੱਖ ਗ੍ਰੰਥਕਾਰਾਂ ਨੂੰ ਵਰਗਲਾਉਣ ਲਈ ਹਥਿਆਰ ਵਜੋਂ ਵਰਤਿਆ ਗਿਆ ਸੀ, ਵੀ ਨਸ਼ਟ ਹੋਈ—ਇਸ ਦੇ ਜੋ ਨੁਸਖ਼ੇ ਹੁਣ ਮੌਜੂਦ ਹਨ, ਉਹ ਸਾਰੇ ਮਾਲਵਾ ਖੇਤਰ ਵਿੱਚੋਂ ਮਿਲੇ ਹਨ। ਇਹ ਸੰਕੇਤਕ ਹੈ ਉਸ ਘੋਰ ਤਬਾਹੀ ਦਾ, ਜਿਸ ਨੂੰ ਅਪਰਾਧ ਵਿਚ ਸਫਲਤਾ ਨਾਲ ਵਰਤੇ ਗਏ ਆਪਣੇ ਹਥਿਆਰ ਨੂੰ ਵੀ ਮੰਤਵ ਸਿੱਧੀ ਉਪਰੰਤ, ਆਮ ਅਪਰਾਧੀਆਂ ਦੇ ਤਰੀਕਾਕਾਰ ਵਾਂਗ, ਨਸ਼ਟ ਕਰਨ ਲਈ ਵੀ ਵਰਤਿਆ। ਇਸ ਦੀ ਹੋਂਦ ਜੇ ਸਮੇਂ ਦੀ ਸਿਤਮ-ਜ਼ਰੀਫ਼ੀ ਅਤੇ ਹੀਣਿਆਂ[1] ਦੇ ਮਾਰੂ ਵਾਰਾਂ ਤੋਂ ਬਚੀ ਰਹਿ ਕੇ ਅਜੇ ਤਕ ਕਾਇਮ ਹੈ, ਤਾਂ ਇਹ ਇਸ ਦੇ ਪਾਠ ਦੀ ਅੰਦਰਲੀ ਮਜ਼ਬੂਤੀ, ਅਤੇ ਦੂਰ-ਦੁਰਾਡੀਆਂ ਸਿੱਖ ਸੰਗਤਾਂ ਨਾਲ ਜੁੜੇ ਅਗਿਆਤ ਲਿਖਿਆਰਾਂ ਦੇ ਉਪਕਾਰਾਂ ਸਦਕਾ ਹੀ ਹੈ।

ਪਾਠ ਨਿਰਧਾਰਨ ਲਈ ਪ੍ਰਾਪਤ ਖਰੜਿਆਂ ਦੀ ਕਾਰਗਰ ਗਿਣਤੀ 6 ਹੈ, ਇਨ੍ਹਾਂ ਵਿੱਚੋਂ 3 ਮਿਤੀਬੱਧ ਹਨ। ਸਭ ਤੋਂ ਪੁਰਾਣਾ ਨੁਸਖ਼ਾ ਸੈ.ਸ.ਲਾ. 2913 ਹੈ। ਪਾਠ ਨਿਰਧਾਰਨ ਲਈ, ਇਨ੍ਹਾਂ ਦੀ ਅਲਪ ਗਿਣਤੀ ਦੇ ਸਨਮੁਖ, ਕਿਸੇ ਵੀ ਪ੍ਰਾਪਤ ਖਰੜੇ ਜਾਂ ਲਿੱਥੋ ਛਾਪ ਨੂੰ ਅਣਗੌਲਿਆ ਕਰਨਾ ਵਾਰਾ ਨਹੀਂ ਖਾਂਦਾ, ਪਾਠ ਦੀਆਂ ਉਲਝਣਾਂ ਸੁਲਝਾਉਣ ਲਈ ਸਭਨਾਂ ਤੋਂ ਬਣਦਾ ਲਾਭ ਲਿਆ ਹੈ।

1. ਇਖ਼ਲਾਕੀ ਕਦਰਾਂ-ਕੀਮਤਾਂ ਤੋਂ ਰਹਿਤ ਜਾਂ ਸੱਖਣੇ।

Scanned by CamScanner

ਰਚਿਆਰਤਾ

ਉਡਾਰੀਆਂ, ਬਿਨ ਖੰਭਾਂ

ਭਾਈ ਵੀਰ ਸਿੰਘ ਤੋਂ ਲੈ ਕੇ ਰਤਨ ਸਿੰਘ ਜੱਗੀ ਤਕ, ਸੰਪਾਦਕਾਂ, ਅਧਿਐਨਕਾਰਾਂ, ਵਿਸ਼ਲੇਸ਼ਕਾਂ, ਸਾਹਿਤ ਦੇ ਇਤਿਹਾਸਕਾਰਾਂ ਅਤੇ ਕਈ ਹੋਰ ਮੁਕਤ, ਖੱਬੀ ਖ਼ਾਨ ਵਿਦਵਾਨਾਂ, ਜਿਨ੍ਹਾਂ ਨੇ ਇਸ ਵਿਲੱਖਣ ਰਚਨਾ ਦੇ ਰਚਿਆਰ ਬਾਰੇ ਕੁਝ ਲਿਖਿਆ ਹੈ, ਉਹ ਆਮ ਕਰਕੇ ਕਿਆਸ ਜਾਂ ਮਨ ਮੌਜ 'ਤੇ ਆਧਾਰਿਤ ਹੋਣ ਕਰਕੇ, ਹਨੇਰਾ ਵਿਰੋਲਣ ਵਰਗਾ ਅਭਿਆਸ ਜਾਂ ਨਿਰੀ ਅਟਕਲਬਾਜ਼ੀ ਬਣ ਕੇ ਰਹਿ ਗਿਆ: ਮੈਕਾਲਿਫ਼ ਨੇ ਇਸ ਦਾ ਲੇਖਕ ਪੋਠੋਹਾਰ ਇਲਾਕੇ ਦਾ ਸੇਵਾਦਾਸ ਦੱਸਿਆ—ਇਹ ਸੂਚਨਾ ਉਨ੍ਹਾਂ ਨੂੰ ਭਦੌੜੀਏ ਸਰਦਾਰ ਅਤਰ ਸਿੰਘ ਤੋਂ ਮਿਲੀ ਸੀ; ਗੁਰਮੁਖ ਸਿੰਘ ਹੋਰਾਂ ਨੂੰ ਇਹ ਕੋਈ ਰਾਵਲਪਿੰਡੀਆ ਗੁਰਸਿੱਖ ਦਿਸਿਆ; *ਪੁਰਾਤਨ ਜਨਮਸਾਖੀ* ਦੇ ਸੰਪਾਦਨ ਤੋਂ ਦੋ ਦਹਾਕੇ ਬਾਅਦ ਭਾਈ ਵੀਰ ਸਿੰਘ ਨੂੰ 'ਕਿਸੇ ਖੋਜੀ ਤੋਂ ਸੂਹ ਲੱਗੀ' ਕਿ ਇਹ ਪਿੰਡੀਘੇਬ ਦੇ ਸੇਵਾਦਾਸ ਦੀ ਤਸਨੀਫ਼ ਹੈ[1]—ਮੈਕਾਲਿਫ਼ ਦੀ ਪ੍ਰਸਿੱਧ ਰਚਨਾ 1909 ਵਿਚ ਛਪ ਚੁੱਕੀ ਸੀ, ਜਿਸ ਵਿਚ ਉਸ ਨੇ ਇਸ ਨੂੰ ਕਿਸੇ ਸੇਵਾਦਾਸ ਦੀ ਰਚਨਾ ਦੱਸਿਆ ਸੀ। ਜੱਗੀ[2] ਨੇ ਇਸ ਨੂੰ ਆਪਣੀ ਅਵਾਣਕਾਰੀ ਦੇ ਖੇਤਰ ਨਾਲ ਹੀ ਨਹੀਂ ਜੋੜਿਆ, ਪਿੰਡੀਘੇਬ ਵਿਚ ਸੇਵਾਦਾਸ ਦੀ ਦੇਹਰੀ ਵੀ ਲੱਭ ਲਈ ਅਤੇ ਉਸ ਨੂੰ ਜਹਾਂਗੀਰ ਦੇ ਰਾਜ-ਕਾਲ ਵਿਚ ਸਮਾਧੀ ਵੀ ਦੇ ਦਿੱਤੀ—ਉਹ ਸੁਰਗ ਪਹੁੰਚਿਆ ਜਾਂ ਨਰਕ ? ਦੱਸਣੋਂ ਖੁੰਝ ਗਏ; ਗੁਰਚਰਨ ਸਿੰਘ ਨੂੰ ਇਸ ਦੀ ਬੋਲੀ ਵਿਚ ਮਲਵਈ ਤੇ ਦੁਆਬੀ ਦਾ ਅਸਰ ਦਿਸਿਆ;[3] ਜੇ ਕਿਤੇ 'ਭਦੌੜੀਏ ਬਾਬੇ' ਨੂੰ, ਮੈਕਾਲਿਫ਼ ਹੋਰਾਂ ਨੂੰ ਗੰਜੇ ਧਨੌਲੇ ਦੇ ਵੱਡੇ ਡੇਰੇ ਵਾਲੇ ਸੇਵਾਦਾਸ ਬਾਰੇ ਦੱਸਣ ਦਾ ਫੁਰਨਾ ਫੁਰਿਆ ਹੁੰਦਾ, ਤਾਂ ਸਾਡੇ ਖੋਜੀਆਂ ਨੇ ਗੰਜੇ ਧਨੌਲੇ ਵੱਲ ਵਹੀਰਾਂ ਘੱਤੀਆਂ ਹੁੰਦੀਆਂ, ਨਾਲੇ ਮਲਵਈਆਂ ਦੀ ਬੱਲੇ ਬੱਲੇ ਹੋਈ ਹੁੰਦੀ।

ਸੇਵਾਦਾਸ ਦੀ ਸਾਡੇ ਖੋਜੀਆਂ ਤੇ ਵਿਦਵਾਨਾਂ ਦੀ ਕੀਤੀ ਸੇਵਾ ਤਾਂ ਪਰਵਾਨ ਹੋਣੀ ਚਾਹੀਦੀ ਹੈ, ਪਰ ਉਸ ਨੂੰ ਤਥਾ ਕਥਿਤ *ਪੁਰਾਤਨ* (*ਸਾਖੀ ਬਾਬੇ ਨਾਨਕ ਜੀ ਕੀ*) ਦਾ ਲੇਖਕ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਇਹ ਨਿਰੀ ਅਟਕਲਬਾਜ਼ੀ ਵਾਲਾ ਅਭਿਆਸ ਹੈ। ਇਸ ਤੋਂ ਇਲਾਵਾ, ਅਤਰ ਸਿੰਘ ਹੋਰਾਂ ਨੇ ਸਾਖੀ ਲੇਖਕ ਨੂੰ

---

1. *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*, ਜਿਲਦ ਪਹਿਲੀ, ਪੰਨਾ 54.
2. *ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ*, ਪੰਨਾ 29.
3. *ਪੰਜਾਬੀ ਸਾਹਿਤ ਦਾ ਇਤਿਹਾਸ*, ਭਾਗ ਦੂਜਾ, ਸੰਪਾ. ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 276.

Scanned by CamScanner

18ਵੀਂ ਸਦੀ ਦੇ *ਪਰਚੀ ਪਾਤਸ਼ਾਹੀ ੧੦* ਦੇ ਲੇਖਕ ਸੇਵਾਦਾਸ ਉਦਾਸੀ ਨਾਲ ਰਲਗੱਡ ਵੀ ਕੀਤਾ ਹੈ; ਇਹ ਨਿਰਣਾ ਗ਼ਲਤ ਸ਼ਨਾਖ਼ਤ 'ਤੇ ਆਧਾਰਿਤ ਹੋਣ ਕਾਰਨ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ। ਰਚਿਆਰਤਾ ਵਾਲੇ ਮਸਲੇ ਦਾ ਭਾਵਨਾਮਈ ਹੱਲ ਲੱਭਣ ਵਾਲੇ ਉਤਸ਼ਾਹੀਆਂ ਦੀ ਸੂਚੀ ਤਾਂ ਕਾਫ਼ੀ ਲੰਮੀ ਹੈ, ਇਸ ਵਿਚ ਇਕ ਹਵਾਲੇ ਯੋਗ ਨਾਂ ਸਾਹਿਬ ਸਿੰਘ[1] ਹੋਰਾਂ ਦਾ ਹੈ, ਜਿਨ੍ਹਾਂ ਨੇ ਪਾਠ ਸੂਝ ਦੀ ਸਹਾਇਤਾ ਨਾਲ, ਪੁਰਾਤਨ ਜਨਮ ਸਾਖੀ ਦਾ ਲੇਖਕ ਕੋਈ ਉੱਪਲ ਖੱਤਰੀ ਹੋਣ ਬਾਰੇ ਅੱਧ-ਪਚੱਧਾ ਸਹੀ ਅਨੁਮਾਨ ਲਾਇਆ, ਪਰ ਇਸ ਅਨੁਮਾਨ ਨਾਲ ਵੀ ਓਦੋਂ ਠੱਗੀ ਵੱਜ ਗਈ ਜਦੋਂ ਉਨ੍ਹਾਂ ਇਸ ਨੂੰ ਸੱਜਣ ਠੱਗ ਵਾਲੇ ਤਲੰਬੇ ਨਗਰ ਨਾਲ ਜੋੜ ਦਿੱਤਾ। ਕੁੱਲ ਮਿਲਾ ਕੇ, ਰਚਿਆਰਤਾ ਸੰਬੰਧੀ ਹੁਣ ਤਕ ਹੋਏ ਯਤਨ ਕੋਈ ਨਿਸ਼ਾ ਕਰਵਾਉਣ ਵਾਲਾ ਸਾਰਥਕ ਸਿੱਟਾ ਨਹੀਂ ਕੱਢ ਸਕੇ, ਘੜਮੱਸ ਵਧੀ ਹੈ।

ਸਾਖੀ ਮਹਲੁ ਪਹਿਲੇ ਕੀ ਦੇ ਪ੍ਰਕਾਸ਼ ਵਿਚ ਆਉਣ ਨਾਲ ਇਹ ਮੁੱਦਾ ਸਰਲ ਨਾ ਰਹਿ ਕੇ ਬਹੁਪੱਖੀ ਉਲਝਣ ਬਣ ਗਿਆ ਹੈ; ਦੋ ਰਚਿਆਰਾਂ ਅਤੇ ਵੱਖ-ਵੱਖ ਰਚਨਾ ਕਾਲਾਂ ਨਾਲ ਸੰਬੰਧਤ ਰਚਨਾ ਸਿੱਧ ਹੋਣ ਨਾਲ, ਇਸ ਨਾਲ ਜੁੜੇ ਮੁੱਦਿਆਂ ਦੇ ਨਿਬੇੜੇ ਲਈ, ਭਾਵਨਾਮਈ ਤੋਂ ਵੱਖਰੀ ਕਿਸਮ ਦੀ ਡੂੰਘੀ, ਘੋਖਵੀਂ, ਪੜਤਾਲਵੀਂ ਅਤੇ ਪੜਚੋਲੀਆ ਬਿਰਤੀ ਵਾਲੀ ਪਹੁੰਚ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਪਹਿਲਾਂ ਤੋਂ ਬਹੁਤ ਗੁੰਝਲਦਾਰ ਹੋ ਗਈ ਸਥਿਤੀ ਨੂੰ ਸਿੱਧੜ ਕਿਸਮ ਦੇ ਅਨੁਮਾਨਾਂ ਸਹਾਰੇ ਨਹੀਂ ਨਿਪਟਾਇਆ ਜਾ ਸਕੇਗਾ।

ਮੁੱਦਾ, ਦੂਹਰੀ ਰਚਿਆਰਤਾ ਦਾ

ਇਸ ਖੰਡ ਦਾ ਅਰੰਭ ਹੁਣ ਤਕ ਹੋ ਚੁੱਕੀ ਪੜਤਾਲ ਦਾ ਸਾਰੰਸ਼ ਦੇ ਕੇ ਕਰਨਾ ਬਣਦਾ ਹੈ : ਸਭ ਤੋਂ ਪੁਰਾਣੀ ਸਾਖੀ, *ਸਾਖੀ ਮਹਲੁ ਪਹਿਲੇ ਕੀ* ਹੈ, ਜੋ ਗੁਰੂ ਅਮਰਦਾਸ ਜੀ ਦੇ ਗੁਰਿਆਈ ਕਾਲ ਦੇ ਅਖ਼ੀਰਲੇ ਵਰ੍ਹਿਆਂ (1569-74 ਈ.) ਵਿਚ ਲਿਖੀ ਗਈ;[2] ਇਸ ਦਾ ਲੇਖਕ ਸੁਲਤਾਨਪੁਰ ਨਿਵਾਸੀ ਸੀਹਾਂ ਉੱਪਲ ਹੈ, ਜਿਸ ਨੂੰ ਪਹਿਲੇ ਤਿੰਨ ਗੁਰੂ ਸਾਹਿਬਾਨ ਵੱਲੋਂ ਵਰੋਸਾਏ ਜਾਣ ਅਤੇ ਭਾਈ ਗੁਰਦਾਸ ਵਰਗੀ ਸਿੱਖ ਹਸਤੀ ਦੇ ਸੰਗੀ ਸਾਥੀ ਹੋਣ ਦਾ ਵੀ ਮਾਣ ਮਿਲਿਆ; ਕੁਦਰਤ ਵੱਲੋਂ ਉਸ ਨੂੰ ਸਾਖੀ ਮੁਕੰਮਲ ਕਰਨ ਜੋਗਾ ਸਮਾਂ ਨਾ ਮਿਲ ਸਕਿਆ, ਜਿਸ ਕਰਕੇ ਇਹ ਰਚਨਾ ਅਧੂਰੀ ਰਹਿ ਗਈ, ਇਸ ਦਾ ਅੰਤ ਕਰੋੜੀਏ ਵਾਲੀ ਸਾਖੀ ਨਾਲ ਹੁੰਦਾ ਸੀ। ਭਾਈ ਗੁਰਦਾਸ ਨੇ 'ਪਹਿਲੀ ਵਾਰ' ਰਚ ਕੇ ਅਤੇ ਡੱਲਾ ਨਿਵਾਸੀ ਭਾਈ ਬੂਲੇ ਨੇ ਸੀਹੇਂ ਦੀ ਰਚਨਾ ਨੂੰ ਆਧਾਰ ਬਣਾ ਕੇ *ਜਨਮ ਪਤ੍ਰੀ ਬਾਬੇ ਜੀ ਕੀ* (ਆਦਿ ਸਾਖੀਆਂ) ਲਿਖ ਕੇ ਉਸ ਦੇ ਅਧੂਰੇ ਰਹਿ ਗਏ ਕਾਰਜ ਨੂੰ ਮੁਕੰਮਲ ਕਰਨ ਦੇ ਉਪਰਾਲੇ ਕੀਤੇ।

ਸੀਹਾਂ ਉੱਪਲ ਨੇ ਆਪਣੇ ਪਿੱਛੇ ਆਉਣ ਵਾਲੇ ਸਾਖੀਕਾਰਾਂ ਲਈ ਬਹੁਤ ਹੀ ਖੁੱਲ੍ਹੀ ਥਾਂ ਛੱਡੀ, ਜਿਸ ਦਾ ਹਰ ਇਕ ਨੇ ਆਪਣੇ ਆਪਣੇ ਢੰਗ ਨਾਲ ਲਾਹਾ ਲਿਆ,

1. *ਆਦਿ ਬੀੜ ਬਾਰੇ*, ਅੰਮ੍ਰਿਤਸਰ, 2003, ਪੰਨੇ 185-86.
2. *ਸਾਖੀ ਮਹਲੁ ਪਹਿਲੇ ਕੀ*, ਅੰਮ੍ਰਿਤਸਰ, 2014, ਪੰਨੇ 48-56.

Scanned by CamScanner

ਸਣੇ ਸੈਦੋ ਜੱਟ ਜਾਤ ਘੇਹੋ ਦੇ। ਮੁਜੰਗਾਂ, ਲਾਹੌਰ ਨਿਵਾਸੀ ਭਾਈ ਸੈਦੋ ਨੇ 1657-58 ਈ. ਵਿਚ ਗੋਰਖ ਦਾਸ ਲਾਹੌਰੀਏ ਦੀ ਲਿਖੀ, ਗੁਰ ਨਿੰਦਿਆ ਅਤੇ ਦਵੈਖ ਨਾਲ ਭਰੀ ਮੰਤਵੀ *ਜਨਮ ਪਤ੍ਰੀ ਨਾਨਕ ਵੇਦੀ ਕੀ* (ਜਨਮ ਸਾਖੀ ਬਾਲਾ) ਦਾ ਮੋੜ ਕਰਨ ਲਈ, *ਸਾਖੀ ਮਹਲੁ ਪਹਿਲੇ ਕੀ* ਨੂੰ ਆਧਾਰ ਬਣਾ ਕੇ ਵਿਚਾਰ ਅਧੀਨ ਰਚਨਾ ਦੀ ਸਿਰਜਣਾ ਕੀਤੀ; *ਸਾਖੀ ਮਹਲੁ ਪਹਿਲੇ ਕੀ* ਵਾਲਾ ਸਮੁੱਚਾ ਪਾਠ ਸੈਦੋ ਦੀਆਂ ਸੰਪਾਦਕੀ ਛੋਹਾਂ ਨਾਲ ਇਸ ਵਿਚ ਵਿਲੀਨ ਹੋਇਆ ਮਿਲਦਾ ਹੈ। ਨਾ ਸੀਹਾਂ ਉੱਪਲ ਵਾਲਾ ਪਾਠ ਇੰਨਾ ਨਿਗੂਣਾ ਹੈ ਕਿ ਇਸ ਦੀ ਰਚਿਆਰਤਾ ਵਾਲੀ ਦਾਅਵੇਦਾਰੀ ਦੀ ਅਣਦੇਖੀ ਕੀਤੀ ਜਾ ਸਕੇ, ਨਾ ਸੈਦੋ ਵਾਲਾ ਪਾਠ ਇੰਨਾ ਸੱਬਰਕੱਤਾ ਹੈ ਕਿ ਇਸ ਦਾ ਸਮੁੱਚੀ ਬਿਰਤਾਂਤ ਉੱਤੇ ਉਸ ਦਾ ਦਾਅਵਾ ਸਵੀਕਾਰ ਹੋ ਸਕੇ: *ਸਾਖੀ ਮਹਲੁ ਪਹਿਲੇ ਕੀ* ਵਾਲਾ ਭਾਗ ਛੋਟੇ ਵੱਡੇ 28 ਖੰਡਾਂ ਵਾਲਾ ਹੈ, ਸਮੁੱਚੀ ਸਾਖੀ ਦੇ ਕੁੱਲ 57 ਪ੍ਰਸੰਗ ਹਨ; ਲਗਭਗ ਬਰਾਬਰ ਦੀ ਹਿੱਸੇਦਾਰੀ ਸ਼ਾਇਦ ਇਤਫ਼ਾਕ ਹੈ, ਪਰ ਹੈ ਅਨੂਠਾ—ਮੁੱਢਲੇ ਪੜਾਅ 'ਤੇ ਕ੍ਰਮਾਂਕਾਂ ਦੀ ਵਰਤੋਂ ਨਹੀਂ ਸੀ ਹੁੰਦੀ, ਪ੍ਰਸੰਗਾਂ ਨੂੰ ਨਿਖੇੜਨ ਲਈ ਥਾਂ ਖ਼ਾਲੀ ਛੱਡ ਕੇ ਜਾਂ 'ਬੋਲਹੁ ਭਾਈ ਵਾਹਿਗੁਰੂ' ਨਾਲ ਸਾਰ ਲਿਆ ਜਾਂਦਾ ਸੀ। ਸੈਦੋ ਨੇ, ਖ਼ਬਰੇ ਗਿੱਠਾਂ ਵਾਲੇ ਪੈਮਾਨੇ ਤੋਂ ਕੰਮ ਲਿਆ, ਗਿਣਤੀ ਵਿਚ ਤਾਂ ਨਹੀਂ ਮਿਣਤੀ ਵਿਚ ਸੀਹੇਂ ਤੋਂ ਅੱਗੇ ਨਿਕਲ ਗਿਆ। ਪਰ ਦੋਵਾਂ ਦਾ ਰਚਨਾਤਮਕ ਪ੍ਰਤਿਭਾ ਵਾਲਾ ਕੱਦ ਬਰਾਬਰ ਦਾ ਹੈ।

ਸਾਖੀ ਮਹਲੁ ਪਹਿਲੇ ਕੀ ਦੇ ਹੁਣ ਪ੍ਰਾਪਤ ਅਤੇ ਨਿਰਧਾਰਤ ਪਾਠ ਦੀ ਸਹਾਇਤਾ ਨਾਲ, ਜੇ ਲੋੜ ਹੋਵੇ, ਸੈਦੋ ਵਾਲੇ ਹਿੱਸੇ ਨੂੰ, ਸਮੇਤ ਉਸ ਵੱਲੋਂ ਕੀਤੇ ਸੰਪਾਦਕੀ ਘਾਟੇ-ਵਾਧਿਆਂ ਦੇ, ਬੜੀ ਆਸਾਨੀ ਨਾਲ ਨਿਆਰਿਆ ਜਾ ਸਕਦਾ ਹੈ। ਸਮੁੱਚੇ ਪਾਠ ਦੀ ਰਚਿਆਰਤਾ ਦੂਹਰੀ ਹੋਣ ਵਾਲੇ ਤੱਥ ਦੀ ਰੋਸ਼ਨੀ ਵਿਚ ਪਾਠ ਵਿਚਲੀਆਂ ਪਰਸਪਰ ਵਿਰੋਧਤਾਵਾਂ ਦਾ ਸਮਾਧਾਨ ਵੀ ਆਰਾਮ ਨਾਲ ਹੋ ਸਕਦਾ ਹੈ: ਜਿਵੇਂ, ਇਸ ਵਿਚ ਫ਼ਾਰਸੀ ਦੀ ਸ਼ਬਦਾਵਲੀ ਦੀ ਬਹੁਲਤਾ ਦਾ ਕਾਰਨ ਲੇਖਕ ਦਾ ਇਸਲਾਮੀ ਪ੍ਰਭਾਵ ਵਾਲੇ ਤਲੰਬੇ ਵਰਗੇ ਨਗਰ ਨਾਲ ਸਬੰਧਤ ਹੋਣਾ ਨਹੀਂ, ਸਗੋਂ ਇਸ ਦੇ ਮੋਢੀ ਲੇਖਕ ਸੀਹੇਂ ਦਾ ਸਮੇਂ ਦੀ ਦਫ਼ਤਰੀ ਭਾਸ਼ਾ ਫ਼ਾਰਸੀ ਪੜ੍ਹੇ ਹੋਣ ਕਾਰਨ ਸੁਲਤਾਨਪੁਰ ਦੀ ਨਜ਼ਾਮਤ ਦਾ ਇਕ ਅਧਿਕਾਰੀ ਹੋਣਾ ਹੈ; ਸਮੁੱਚੇ ਪਾਠ ਵਿਚ ਪੋਠੋਹਾਰੀ ਦੀ ਮਿਲਦੀ ਝਲਕ, ਇਸ ਦੇ ਸੋਧਕ ਸੰਪਾਦਕ ਸੈਦੋ ਜੱਟ ਦਾ ਪਿਸ਼ਾਵਰ ਦੇ ਇਲਾਕੇ ਵਿਚ, ਗੋਰਖ ਹੱਟੜੀ ਨੇੜੇ, ਪ੍ਰਚਾਰਕ ਦੇ ਤੌਰ 'ਤੇ ਦੇਰ ਤਕ ਵਿਚਰਨ ਕਾਰਨ ਹੈ। ਬੇਸ਼ੱਕ, ਉਸ ਦਾ ਲਾਹੌਰੀਏ ਵਾਲਾ ਪਿਛੋਕੜ ਸਾਖੀ ਦੇ ਪਾਠ ਵਿਚ ਕੇਂਦਰੀ ਬੋਲੀ ਦੇ ਵਿਆਪਕ ਤੇ ਪ੍ਰਬਲ ਪ੍ਰਭਾਵ ਲਈ ਜ਼ਿੰਮੇਵਾਰ ਹੈ।

ਸਾਖੀ ਵਿਚ 'ਬਾਬਰ ਨੂੰ ਵਰਦਾਨ' ਦਾ ਪਹਿਲਾਂ ਦਰਜ ਹੋਣਾ ਫੇਰ ਛੱਡੇ ਜਾਣਾ ਵੀ ਦੂਹਰੀ ਰਚਿਆਰਤਾ ਵਾਲੀ ਸਾਂਝੀ ਦੁਬਿਧਾ ਦਾ ਸਿੱਟਾ ਹੈ: ਬਾਬਰਕਿਆਂ ਅਤੇ ਬਾਬੇਕਿਆਂ ਦੇ 1569-74 ਸਮੇਂ ਵਾਲੇ ਅਤਿ ਸੁਖਾਵੇਂ ਸੰਬੰਧਾਂ ਨੂੰ ਬਾਬਰ ਬਾਣੀ ਵਾਲੇ ਕਰੂਰਤਾ ਵਾਲੇ ਪਿਛੋਕੜ ਵਿਚ ਅਨੁਕੂਲ ਸਕਣਾ ਸੀਹੇਂ ਲਈ ਵੰਗਾਰ ਸੀ, ਜਿਸ ਦਾ ਸੰਜਮੀ ਹੁੰਗਾਰਾ 'ਬਾਬਰ ਨੂੰ ਵਰਦਾਨ' ਸੀ; ਜਦੋਂ ਸੈਦੋ ਨੇ ਸੀਹੇਂ ਵਾਲੀ ਸਾਖੀ ਨੂੰ ਨਵੇਂ ਰੂਪ ਵਿਚ ਢਾਲਣਾ ਸ਼ੁਰੂ ਕੀਤਾ, ਹਾਲਾਤ ਬਦਲ ਚੁੱਕੇ ਸਨ: ਪੰਜਵੀਂ

Scanned by CamScanner

ਪਾਤਸ਼ਾਹੀ ਦੀ ਬੇਮਿਸਾਲ ਸ਼ਹਾਦਤ ਵਾਲਾ ਸਾਕਾ ਵੀ ਲਾਹੌਰੀ ਸਿੱਖਾਂ, ਜਿਨ੍ਹਾਂ ਵਿਚ ਸੈਦੋ ਖ਼ੁਦ ਸ਼ਾਮਲ ਸੀ, ਦੀਆਂ ਅੱਖਾਂ ਸਾਹਮਣੇ ਵਾਪਰਿਆ; ਇਸ ਤੋਂ ਬਾਅਦ ਸਿੱਖ ਲਹਿਰ ਸਥਾਪਤੀ ਨਾਲ ਹਿੰਸਕ ਟਕਰਾਉ ਅਤੇ ਸ਼ਹੀਦੀਆਂ ਦੇ ਚੁਰਾਹੇ 'ਤੇ ਪੁੱਜ ਗਈ, ਅਜਿਹੇ ਵੇਲੇ 'ਬਾਬਰ ਨੂੰ ਵਰਦਾਨ' ਤੁਕਹੀਣ ਅਤੇ ਕੁਵੇਲੇ ਦਾ ਰਾਗ ਸੀ; ਸੈਦੋ ਨੇ ਇਸ ਨੂੰ ਆਪਣੇ ਬਿਰਤਾਂਤ ਵਿੱਚੋਂ ਖ਼ਾਰਜ ਕਰ ਦਿੱਤਾ, ਜੋ ਉਸ ਦੀ ਸਮਝਦਾਰੀ ਅਤੇ ਸੂਖਮ ਸੰਵੇਦਨਸ਼ੀਲਤਾ ਦਾ ਪਰਮਾਣ ਹੈ, ਨਾਲ ਹੀ ਉਸ ਦੀ ਲੇਖਕ ਵਾਲੀ ਜ਼ਿੰਮੇਵਾਰੀ ਤੋਂ ਸੁਚੇਤ ਹੋਣ ਦਾ ਅਹਿਸਾਸ ਵੀ ਕਰਵਾਉਂਦਾ ਹੈ। ਤਾਂ ਵੀ, ਦੋਹਾਂ ਰਚਿਆਰਾਂ ਦੀ ਇਸ ਸਾਂਝੀ ਦੁਬਿਧਾ ਨੇ ਇਸ ਸਾਖੀ ਦੇ ਸੰਪਾਦਕਾਂ ਨੂੰ ਵੀ ਘੇਰੀ ਰੱਖਿਆ; ਉਨ੍ਹਾਂ ਦੇ ਹੁੰਗਾਰੇ ਸੀਹੇਂ ਸੈਦੋ ਹੁੰਗਾਰਿਆਂ ਦੀ ਤੁਲਨਾ ਵਿਚ ਅਸਲੋਂ ਬਚਗਾਨਾ ਸਿੱਧ ਹੋਏ।

'ਸੈਦੋ ਜਟੁ ਸਬਦੁ ਵੀਚਾਰੀ'

ਲਾਹੌਰੀ ਸੰਗਤ ਦੇ ਪ੍ਰਮੁੱਖ ਗੁਰਸਿੱਖਾਂ ਦੀ ਗਿਣਤੀ ਕਰਦਿਆਂ ਭਾਈ ਗੁਰਦਾਸ ਨੇ ਦੋ ਨਾਵਾਂ ਨਾਲ 'ਸਬਦੁ ਵੀਚਾਰੀ' ਦੀ ਵਰਤੋਂ ਕੀਤੀ ਹੈ[1], ਸੈਦੋ ਜੱਟ ਅਤੇ ਭਾਨੂ ਭਗਤੁ; ਮਗਰਲੇ ਨੇ ਮੁਜੰਗਾਂ ਖ਼ਾਸ ਵਿਚ ਸੰਗਤ ਨੂੰ ਗੁਰਸਿੱਖੀ ਨਾਲ ਜੋੜਿਆ ਜਦ ਕਿ ਪਹਿਲੇ ਨੇ ਦੂਰ ਪਿਸ਼ਾਵਰ ਦੇ ਖੇਤਰ ਵਿਚ ਸਬਦੁ ਅਤੇ ਵਿਚਾਰ ਦੋਵਾਂ ਨੂੰ ਅਰਪਤ ਮਿਸ਼ਨਰੀ ਵਾਂਗ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਆਪਣੇ ਸਬਦੁ ਦਾ ਅਧਿਕਾਰੀ ਹੋਣ ਦਾ ਲਿਖਤੀ ਸਬੂਤ *ਪ੍ਰਾਣ ਸੰਗਲੀ* ਅਤੇ *ਸਾਖੀ ਬਾਬੇ ਨਾਨਕ ਜੀ ਕੀ* ਦੇ ਰੂਪ ਵਿਚ ਪਿੱਛੇ ਛੱਡ ਗਿਆ। ਕਿਉਂਕਿ 'ਸ਼ਬਦ' ਲਿਖਣਹਾਰੇ ਦਾ ਕੁੱਲ ਜੋੜ ਖ਼ਿਆਲ ਕੀਤਾ ਜਾਂਦਾ ਹੈ, ਉਸ ਵਿੱਚੋਂ ਉਸ ਦੇ ਆਪੇ ਦੇ ਝਲਕਾਰੇ ਮਿਲ ਸਕਣੇ ਕੁਦਰਤੀ ਹੈ। ਸੈਦੋ ਤਾਂ, ਇਸ ਤੋਂ ਵਧੀਕ, ਵਿਚਾਰ ਦਾ ਵੀ ਅਧਿਕਾਰੀ ਸੀ, ਇਸ ਲਈ ਇਸ ਵਿੱਚੋਂ ਮਿਲਣ ਵਾਲੀ ਝੂੰਗੇ ਮਾਤਰ ਜਾਣਕਾਰੀ ਵੀ ਵਿਚਾਰਾਂ ਨੂੰ ਟੁੰਬਣ ਲਈ ਸਮਰੱਥ ਹੋ ਸਕਦੀ ਹੈ, ਪਰ ਪਹਿਲਾਂ ਇਸ ਸੰਬੰਧੀ ਸਿੱਖ ਪਰੰਪਰਾ ਦਾ ਜਾਇਜ਼ਾ ਲਿਆ ਜਾਣਾ ਜ਼ਰੂਰੀ ਹੈ।

ਭਾਈ ਗੁਰਦਾਸ ਦੀ 11ਵੀਂ ਵਾਰ ਦੇ ਟੀਕਾਕਾਰ ਭਾਈ ਸੂਰਤ ਸਿੰਘ[2] ਦਾ ਕਥਨ ਹੈ ਕਿ ਸਾਈਂ ਦਿੱਤਾ ਝੰਝੀ ਅਤੇ ਸੈਦੋ ਜੱਟ ਗੁਰੂ ਅਮਰਦਾਸ ਜੀ ਨੂੰ ਲਾਹੌਰ ਲੈ ਗਏ ਅਤੇ ਉਨ੍ਹਾਂ ਪਾਸੋਂ ਗੁਰੂ ਨਾਨਕ ਜੀ ਵੱਲੋਂ ਕਸਾਬਪੁਰੇ ਨੂੰ ਵੇਖ ਕੇ ਲਾਹੌਰ ਬਾਰੇ ਕੀਤੇ ਬਚਨ: "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ" ਨੂੰ ਬਖ਼ਸ਼ਵਾਇਆ। ਇਤਿਹਾਸਕ ਤੱਥਾਂ ਪ੍ਰਤਿ ਸਿੱਖ ਗਰੰਥਕਾਰਾਂ ਦੀ ਬੇਨਿਆਜ਼ੀ ਦੀ ਇਹ ਨਿੱਕੀ ਜਿਹੀ ਮਿਸਾਲ ਹੈ, ਭਾਵੇਂ ਵੱਡੀਆਂ ਬੇਪੀਰੀਆਂ ਦੀ ਵੀ ਕਮੀ ਕੋਈ ਨਹੀਂ। ਵਾਰ, ਸਪੱਸ਼ਟ ਰੂਪ ਵਿਚ, ਸੈਦੋ ਨੂੰ ਗੁਰੂ ਅਰਜਨ ਦੇਵ ਜੀ ਦਾ ਸਿੱਖ ਦੱਸਦੀ ਹੈ, ਪਰ ਟੀਕਾਕਾਰ ਨੇ ਗੁਰੂ ਅਮਰਦਾਸ ਜੀ ਨਾਲ ਜੋੜ ਕੇ ਇਤਿਹਾਸਕ ਕ੍ਰਮ ਹੀ ਨਸ਼ਟ ਕਰ ਦਿੱਤਾ। ਉਂਜ ਵੀ, ਉੱਕਤ ਇਕਪਦੇ ਦਾ ਸੰਬੰਧ 1524 ਈ. ਵਿਚ ਬਾਬਰ ਦੇ ਚੌਥੇ ਹਮਲੇ ਸਮੇਂ ਲਾਹੌਰ ਦੀ ਸਵਾ ਪਹਿਰ ਕੀਤੀ ਗਈ ਸਾੜ ਫੂਕ ਅਤੇ ਤਬਾਹੀ ਨਾਲ ਹੈ,

1. *ਵਾਰਾਂ ਭਾਈ ਗੁਰਦਾਸ*, ਸੰਪਾ. ਗਿ. ਹਜ਼ਾਰਾ ਸਿੰਘ, ਅੰਮ੍ਰਿਤਸਰ, 1951, ਪੰਨਾ 238.
2. *ਸਿੱਖਾਂ ਦੀ ਭਗਤਮਾਲਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013, ਪੰਨੇ 314-15.

Scanned by CamScanner

ਕਸਾਬਪੁਰੇ ਨਾਲ ਨਹੀਂ। ਭਾਈ ਕਾਨ੍ਹ ਸਿੰਘ ਨਾਭਾ[1] ਨੇ ਸੈਦੋ ਨੂੰ ਘੇਈ ਗੋਤ ਦਾ ਖੱਤਰੀ, ਵਰਨ ਦਾ ਪੁਜਾਰੀ, ਦੱਖਣ ਦੀ ਉਦਾਸੀ ਸਮੇਂ ਬਾਬੇ ਦੀ ਹਜ਼ੂਰੀ ਵਿਚ ਰਹਿਣ ਵਾਲਾ, ਨਾਲ ਹੀ ਗੁਰੂ ਅਰਜਨ ਦੇਵ ਜੀ ਦਾ ਇਕ ਪ੍ਰੇਮੀ ਸਿੱਖ ਦੱਸਿਆ ਹੈ।

ਸਿੱਖ ਪਰੰਪਰਾ ਸੈਦੋ ਨੂੰ ਪਹਿਲੀ ਤੋਂ ਪੰਜਵੀਂ ਪਾਤਸ਼ਾਹੀ ਤਕ ਸਰਗਰਮ ਰਹਿਣ ਵਾਲੇ ਸਿੱਖ ਦੇ ਤੌਰ 'ਤੇ ਚਿਤਾਰਦੀ ਹੈ। ਪੜਤਾਲ ਦੱਸਦੀ ਹੈ ਕਿ ਉਹ ਗੁਰੂ ਹਰਿ ਰਾਇ ਜੀ ਦੇ ਸਮੇਂ ਤੋਂ ਬਾਅਦ ਤਕ ਕਾਰਜਸ਼ੀਲ ਰਿਹਾ। ਇਸ ਤਰ੍ਹਾਂ ਸੈਦੋ ਸਮੇਂ ਸਥਾਨ ਦੀ ਸੀਮਾ ਤੋਂ ਮੁਕਤ ਮਿੱਥਕ ਵਿਅਕਤੀ ਹੋ ਨਿਬੜਦਾ ਹੈ। ਪਰ ਇਤਿਹਾਸਕ ਯਥਾਰਥ, ਰਵਾਇਤੀ ਸਿੱਖ ਬੋਧ ਨਾਲੋਂ ਵੱਖਰੀ ਚੀਜ਼ ਹੈ, ਨਾਲੇ ਸਾਡੇ ਕੋਲ 'ਸਾਖੀ' ਰੂਪ ਵਿਚ ਉਸ ਦਾ ਆਪਣਾ 'ਸ਼ਬਦ' ਵੀ ਸੁਰੱਖਿਅਤ ਹੈ, ਜੋ ਇਸ ਹਨੇਰੀ ਗਲੀ ਵਿੱਚੋਂ ਬਾਹਰ ਆਉਣ ਲਈ ਸਹਾਇਤਾ ਕਰਦਾ ਹੈ।

'ਸਾਖੀ' ਦੇ ਪਾਠ ਵਿਚ ਸੈਦੋ ਅਤੇ ਸੀਹਾਂ ਦਾ ਜ਼ਿਕਰ ਕਈ ਵਾਰ ਆਇਆ ਹੈ, ਜਿਸ ਤੋਂ ਇਨ੍ਹਾਂ ਦੇ ਗੁਰੂ ਨਾਨਕ ਦੇ ਸਫ਼ਰਾਂ ਦੇ ਸਾਥੀ ਅਤੇ ਬਾਣੀ ਦੇ ਲਿਖਾਰੀ ਹੋਣ ਦੀ ਵਿਆਪਕ ਮਨੌਤ ਤੁਰ ਪਈ। *ਪ੍ਰਾਣ ਸੰਗਲੀ* ਦੇ ਸੰਪੂਰਨ ਸਿੰਘ ਵੱਲੋਂ ਕੀਤੇ ਸੰਕਲਨ ਵਿਚ, ਅਨੇਕ ਵਾਰ ਇਹ ਗੱਲ ਦੁਹਰਾਈ ਗਈ ਮਿਲਦੀ ਹੈ ਕਿ ਪ੍ਰਾਣ ਸੰਗਲੀ ਨੂੰ ਸੈਦੋ ਅਤੇ ਸੀਹੋਂ ਨੇ ਕਲਮਬੰਦ ਕੀਤਾ। ਚਿਰਾਂ ਤੋਂ ਪ੍ਰਚੱਲਿਤ ਇਸ ਧਾਰਨਾ ਦੇ ਵਸਤੂ ਨਿਰੀਖਣ ਅਤੇ ਡੂੰਘੀ ਪੜਤਾਲ ਤੋਂ ਇਹ ਤੱਥ ਪ੍ਰਕਾਸ਼ ਵਿਚ ਆਇਆ ਹੈ ਕਿ ਸੈਦੋ ਜੱਟ ਜਾਤ ਘੇਹੋ ਅਸਲ ਵਿਚ ਗੁਰੂ ਅਰਜਨ ਦੀ ਲਾਹੌਰੀ ਸੰਗਤ ਦਾ ਰੁਕਨ ਸੀ ਅਤੇ ਸਾਖੀ ਪਰੰਪਰਾ ਵਿਚ *ਪੁਰਾਤਨ ਜਨਮ ਸਾਖੀ* ਦੇ ਨਾਂ ਨਾਲ ਜਾਣੀ ਜਾਂਦੀ ਪ੍ਰਸਿੱਧ ਰਚਨਾ ਅਤੇ *ਪ੍ਰਾਣ ਸੰਗਲੀ*, ਜੋ ਸ਼ੁਰੂ ਵਿਚ ਛੇ ਧਿਆਵਾਂ ਤਕ ਸੀਮਤ ਸੀ, ਇਸ ਦੀਆਂ ਹੀ ਰਚਨਾਵਾਂ ਹਨ। ਇਹ ਵੀ ਕਿ ਸੈਦੋ ਤੇ ਸੀਹਾਂ ਨਾ ਸਮਕਾਲੀ ਸਨ, ਅਤੇ ਨਾ ਇਹ ਬਾਬੇ ਦੇ ਸਫ਼ਰਾਂ ਦੇ ਸਾਥੀ, ਨਾ ਬਾਣੀ ਲਿਖਣ ਵਾਲੇ। ਇਹ ਅਡੰਬਰ ਸੈਦੋ ਦੀ ਹੰਦਾਲੀ ਲੇਖਕ ਗੋਰਖ ਦਾਸ ਨੂੰ ਚਿੱਤ ਕਰਨ ਹਿਤ ਫ਼ਰਜ਼ੀ, ਲਫ਼ਾਜ਼ੀ, ਪਰ ਦਿਲਚਸਪ ਕਾਰਵਾਈ ਸੀ।

ਸੈਦੋ ਅਤੇ ਸੀਹਾਂ ਦੀ ਭੂਮਿਕਾ ਨਾਲ ਸੰਬੰਧਤ ਪਾਠ ਵਿੱਚੋਂ ਨਮੂਨੇ ਮਾਤਰ, ਕੁਝ ਟੂਕਾਂ ਦਾ ਮੁਲਾਹਜ਼ਾ ਲਾਹੇਵੰਦ ਰਹੇਗਾ :

> ਦੂਤੀਆ ਉਦਾਸੀ ਕੀਤੀ ਦਖਣ ਕੀ...ਤਦਹੁ ਨਾਲਿ ਸੈਦੋ ਜਟੁ ਜਾਤ ਘੇਹੋ ਥਾ...
> ਤਬ ਰਾਤਿ ਕੈ ਸਮੈਂ ਸੈਦੋ ਅਤੇ ਸੀਹੋ ਜਾਤ ਘੇਹੋ ਦੋਵੈ ਦਰੀਆਇ ਜਾਵਨਿ...
> *(ਸਾਖੀ 42)*

> ...ਏਹ ਵਾਰੁ ਹੋਈ ਸਾਪੂਰਨ ਮਾਝ ਕੀ॥ ਤਦਹੁ ਸੈਦੋ ਘੇਹੋ ਲਿਖੀ...
> *(ਸਾਖੀ 43)*

> ਊਹਾ ਰਾਕਸੁ ਆਦਮੀ ਭਖਦਾ ਥਾ॥ ਪਰਮਾਤਮੀ ਸੈਸ ਕਾ॥ ਤਹਾਂ ਬਾਬਾ ਜਾਇ
> ਪ੍ਰਗਟਿਆ ਨਾਲ ਸੈਦੋ ਸੀਹੋ ਜਟ ਜਾਤ ਘੇਹੋ ਸੇ...ਤਬ ਸੀਹੋ ਪਹੁਲ ਲਿਤੀ...
> *(ਸਾਖੀ 44)*

> ਗੋਸਟਿ ਮਛਿੰਦ੍ਰ ਨਾਲਿ ਸੰਪੂਰਨ ਹੋਈ...ਸਾਖੀ ਸੈਦੋ ਜਟ ਜਾਤ ਘੇਹੋ ਲਿਖੀ
> *(ਸਾਖੀ 46)*

---

1. *ਮਹਾਨ ਕੋਸ਼*, ਪਟਿਆਲਾ, 1960, ਪੰਨਾ 172 ਅਤੇ ਪੰਨਾ 229.

Scanned by CamScanner

> ਤਬ ਸਿੰਘਲਾਦੀਪ ਕੀ ਸੁਰਤਿ ਹੋਈ...ਸੈਦੋ ਅਤੇ ਸੀਹੋ ਆਖਿਆ ਜੀ ਤੇਰੇ ਹੁਕਮ ਨਾਲਿ ਪਹਾੜ ਤਰਨਿ...ਜਨਮ ਮਰਣੁ ਰਾਜੇ ਸਿਉਨਾਭਿ ਕਾ ਕਟਿਆ ਸਿਖ ਹੋਆ। ਸੈਦੋ ਜਟੁ ਜਾਤਿ ਘੇਹੋ ਪਾਹੁਲਿ ਹੁਕਮੁ ਨਾਲਿ ਦਿਤੀ...ਤਦਹੁ ਨਾਲਿ ਸੈਦੋ ਅਤੈ ਸੀਹੋ ਥੇ ਸਿਖ ਤਬ ਪ੍ਰਾਣ ਸੰਗਲੀ ਹੋਈ...ਸੈਦੋ ਘੇਹੋ ਲਿਖਾਈ...ਸੈਦੋ ਥੈ ਸੰਪੂਰਣੁ ਥੀ॥ ਦੁਏ ਉਦਾਸੀ ਹੋਏ ਬਾਬੈ ਆਪਣੇ ਨਾਲਿ ਰਖੇ... *(ਸਾਖੀ 47)*
>
> ਤਬ ਸੈਦੋ ਅਤੇ ਸੀਹੋ ਪੈਰੀ ਪਏ...ਤਬ ਘਰਿ ਆਏ... *(ਸਾਖੀ 48)*

ਸੈਦੋ ਸੀਹੋ ਬਾਬਤ ਪਾਠ ਵਿਚਲੇ ਉਪਰੋਕਤ ਹਵਾਲਿਆਂ ਤੋਂ ਸੀਹੋ ਬਾਰੇ ਪਹਿਲਾਂ ਇਹ ਪ੍ਰਭਾਵ ਬਣਿਆ ਕਿ ਇਹ ਵੀ ਸ਼ਾਇਦ ਉਸੇ ਤਰ੍ਹਾਂ ਦਾ ਹੀ ਗ਼ੈਰ-ਇਤਿਹਾਸਕ ਪਾਤਰ ਹੈ ਜਿਵੇਂ ਸੀਹਾਂ ਛੀਂਬਾ, ਝਾੜੂ ਕਲਾਲ, ਹਸੂ ਲੁਹਾਰ ਅਤੇ ਝੰਡਾ ਬਾਢੀ ਆਦਿ, ਜਿਨ੍ਹਾਂ ਦਾ ਜ਼ਿਕਰ ਦੂਜੀ ਉਦਾਸੀ ਵਾਲੇ ਖੰਡ ਵਿਚ ਥਾਂ ਪਰ ਥਾਂ ਮਿਲਦਾ ਹੈ ਅਤੇ ਜੋ 'ਬਾਲੇ' ਦੇ ਤੋੜ ਵਜੋਂ ਸਿਰਜੇ ਅਤੇ ਬਿਰਤਾਂਤ ਵਿਚ ਦਾਖ਼ਲ ਕੀਤੇ ਫ਼ਰਜ਼ੀ ਚਸ਼ਮਦੀਦ ਗਵਾਹ ਹਨ। *ਸਾਖੀ ਮਹਲੁ ਪਹਿਲੇ ਕੀ* ਸੰਬੰਧੀ ਕੀਤੀ ਡੂੰਘੀ ਪੜਤਾਲ ਨੇ ਸੀਹੋ ਦੀ ਇਤਿਹਾਸਕਤਾ ਸਥਾਪਤ ਕਰ ਦਿੱਤੀ, ਜਿਸ ਦੀ ਰੋਸ਼ਨੀ ਵਿਚ ਉਪਰੋਕਤ ਹਵਾਲੇ, ਸੀਹੋ ਅਤੇ ਆਪਣੇ ਨਿਮਿਤ, ਸੈਦੋ ਦਾ ਆਪਣਾ ਹੋਲੋਗਰਾਫ਼ ਸਿੱਧ ਹੁੰਦੇ ਹਨ; ਸਾਖੀ ਪਰੰਪਰਾ ਵਿਚ ਇਹ ਵਿਲੱਖਣ ਵਰਤਾਰਾ ਹੈ।

ਸੀਹਾਂ ਅਤੇ ਸੈਦੋ ਸਮਕਾਲੀ ਨਹੀਂ ਸਨ, ਸੰਭਵ ਹੈ ਇਕ ਦੂਜੇ ਦੇ ਸੰਪਰਕ ਵਿਚ ਵੀ ਨਾ ਆਏ ਹੋਣ। ਸੁਲਤਾਨਪੁਰ ਨਿਵਾਸੀ ਸੀਹਾਂ ਉੱਪਲ ਬਾਬੇ ਨਾਨਕ ਦਾ ਸਮਕਾਲੀ ਤੇ ਪਹਿਲੇ ਪੂਰ ਦਾ ਸਿੱਖ ਸੀ, ਸੈਦੋ ਨੂੰ ਭਾਈ ਗੁਰਦਾਸ ਨੇ ਗੁਰੂ ਅਰਜਨ ਦੇ ਸਿੱਖਾਂ ਵਿਚ ਸ਼ੁਮਾਰ ਕੀਤਾ ਹੈ। ਜਦੋਂ ਸੈਦੋ ਨੂੰ ਹੰਦਾਲੀਆਂ ਦੀਆਂ ਵਧੀਕੀਆਂ ਦਾ ਉੱਤਰ ਦੇਣ ਲਈ, 'ਸਾਖੀ' ਲਿਖਣ ਦਾ ਸਬੱਬ ਬਣਿਆ, ਤਾਂ ਸੀਹੇਂ ਨੂੰ ਇਹ ਦੁਨੀਆਂ ਛੱਡਿਆਂ ਲਗਭਗ ਪੌਣੀ ਸਦੀ ਲੰਘ ਚੁੱਕੀ ਸੀ। ਸੀਹੇਂ ਦੀ ਅਧੂਰੀ ਰਹਿ ਗਈ *ਸਾਖੀ ਮਹਲੁ ਪਹਿਲੇ ਕੀ* ਦੇ ਪਾਠ ਨੂੰ ਅਨੁਕੂਲ ਕੇ ਡੱਲਾ ਨਿਵਾਸੀ ਭਾਈ ਬੂਲਾ ਨੇ *ਜਨਮ ਪਤ੍ਰੀ ਬਾਬੇ ਜੀ ਕੀ* (ਆਦਿ ਸਾਖੀਆਂ)[1], ਮਨੋਹਰ ਦਾਸ ਮਿਹਰਵਾਨ ਨੇ ਇਸ ਨੂੰ ਵਧਾਅ ਫੁਲਾਅ ਅਤੇ ਵਿਸਤਾਰ ਦੇ ਕੇ *ਪੋਥੀ ਸਚੁ ਖੰਡ*[2], ਵਰਗੀਆਂ ਆਦਰਯੋਗ ਰਚਨਾਵਾਂ ਸਿਰਜ ਚੁੱਕੇ ਸਨ।

ਬਾਬੇ ਬਾਰੇ ਚਸ਼ਮਦੀਦ ਗਵਾਹ ਹੋਣ ਦਾ ਮਾਣ ਕੇਵਲ ਤੇ ਕੇਵਲ ਸੀਹੇਂ ਕੋਲ ਸੀ। ਰਵਾਇਤ, ਜੋ ਜਿਉਂਦੀ ਜਾਗਦੀ ਮਨੁੱਖੀ ਯਾਦ ਜੇਡੀ ਹੀ ਪੁਰਾਣੀ ਸੀ, ਇਸ ਦੀ ਹਾਮੀ ਭਰਦੀ ਸੀ। ਸੀਹੋ ਦੀ ਪ੍ਰਮਾਣਕ ਚਸ਼ਮਦੀਦ ਗਵਾਹ ਵਾਲੀ ਹੈਸੀਅਤ ਅਤੇ ਹਕੀਕਤ, ਜਿਸ ਦੀ ਮਦਦ ਨਾਲ ਹੰਦਾਲੀਆਂ ਦੇ ਫ਼ਰਜ਼ੀ ਹਮਸਫ਼ਰ ਤੇ ਚਸ਼ਮਦੀਦ ਗਵਾਹ 'ਬਾਲੇ' ਦਾ ਦਮਦਾਰ ਤੇ ਅਸਰਦਾਰ ਖੰਡਨ ਹੁੰਦਾ ਸੀ, ਤੋਂ ਲਾਹਾ ਲੈਣ ਲਈ, ਸੈਦੋ ਨੇ ਆਪਣੇ ਵੱਖਰੇ ਅੰਦਾਜ਼ ਵਿਚ, ਸੀਹੇਂ ਦੀ ਅਧੂਰੀ ਰਹਿ ਗਈ 'ਸਾਖੀ' ਨੂੰ ਆਧਾਰ ਬਣਾ ਕੇ ਅਤੇ ਉਸ ਦੇ ਪਾਠ ਨੂੰ ਆਪਣੀ ਸਿਰਜਣਾ ਵਿਚ ਵਿਲੀਨ ਕਰ ਕੇ ਪਾਠ ਅਤੇ ਰਚਿਆਰਤਾ ਦੋਵਾਂ ਵਿਚ ਉਸ ਦੀ ਬਰਾਬਰ ਦੀ ਭਾਈਵਾਲੀ ਨੂੰ ਪ੍ਰਮਾਣਿਤ ਕਰਦੇ ਉਪਰੋਕਤ ਭਾਵਪੂਰਤ ਤੇ ਸੂਖਮ ਸੰਕੇਤ ਵੀ ਛੱਡੇ।

---

1. *ਕਿਰਤੋਕਤ*, ਸੰਪਾ. ਪਿਆਰ ਸਿੰਘ, ਲੁਧਿਆਣਾ, 1983.
2. *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਪਾ. ਕਿਰਪਾਲ ਸਿੰਘ, ਅੰਮ੍ਰਿਤਸਰ, 1962.

Scanned by CamScanner

ਸਾਖੀ ਪਰੰਪਰਾ ਦੇ ਅਰੰਭਕ ਪੜਾਅ ਉੱਤੇ, ਜਦੋਂ ਇਸ ਕਿਸਮ ਦੀ ਸਿਰਜਣਾ ਦੀ ਕੋਈ ਮਿਸਾਲ ਹੀ ਨਹੀਂ ਸੀ ਮਿਲਦੀ, ਸੀਹੋ ਦੀ *ਸਾਖੀ ਮਹਲੁ ਪਹਿਲੇ ਕੀ* ਦਾ ਨਿਰਮਾਣ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਸੀ; ਇਸ ਦੀ ਬੁਨਿਆਦ ਉੱਤੇ ਸੈਦੋ ਦੀ ਉਸਾਰੀ ਆਲੀਸ਼ਾਨ *ਸਾਖੀ ਬਾਬੇ ਨਾਨਕ ਜੀ ਕੀ*, ਉਸ ਦੀ ਰਚਨਾਤਮਕ ਪ੍ਰਤਿਭਾ ਦਾ ਬੇਮਿਸਾਲ ਕ੍ਰਿਸ਼ਮਾ ਹੈ। (ਸੈਦੋ ਦੇ ਇਸ ਦਾ ਰਚਨਕਾਰ ਹੋਣ ਦੇ ਵਧੀਕ ਸਬੂਤ ਲਈ ਵੇਖੋ: ਜ਼ਮੀਮਾ 1)

ਸੈਦੋ ਦਾ ਨਿਵਾਸ ਸਥਾਨ

ਕ੍ਰਿਸ਼ਮਈ ਰਚਨਾ ਦੇ ਰਚਣਹਾਰੇ ਸੈਦੋ ਬਾਰੇ ਸਭ ਤੋਂ ਪਹਿਲਾ ਤੇ ਭਰੋਸੇਯੋਗ ਹਵਾਲਾ ਉਸ ਦੇ ਸਮਕਾਲੀ ਭਾਈ ਗੁਰਦਾਸ ਦੀ 11ਵੀਂ ਵਾਰ ਵਿੱਚੋਂ ਮਿਲਦਾ ਹੈ, ਜਿਸ ਤੋਂ ਉਸ ਦੇ ਲਾਹੌਰ ਦੀ ਬਸਤੀ ਮੁਜੰਗ[1] ਦਾ ਨਿਵਾਸੀ ਅਤੇ ਜੱਟ ਹੋਣ ਦੀ ਅਲਪ ਪਰ ਪ੍ਰਮਾਣਕ ਜਾਣਕਾਰੀ ਮਿਲਦੀ ਹੈ। ਅਸਿੱਖ ਰਵਾਇਤ ਗੁਰੂ ਹਰਿਗੋਬਿੰਦ ਸਾਹਿਬ ਦਾ ਇਥੇ ਕਈ ਮਹੀਨੇ ਬਿਰਾਜਣ ਦਾ ਜ਼ਿਕਰ ਕਰਦੀ ਹੈ, ਪਰ ਇਹ ਹੰਦਾਲੀਆਂ ਦੀ ਘੜੀ ਅਤੇ ਪਲਾਂਟ ਕਰਵਾਈ "ਕੌਲਾਂ ਮਿੱਥ" ਦਾ ਸ਼ਾਖਾ ਵਿਸਤਾਰ ਹੈ, ਜੋ ਟਿਕਾਊ ਬਿਲਕੁਲ ਨਹੀਂ। ਸਿੱਖ ਪਰੰਪਰਾ ਵਿਚ ਉਸ ਦਾ ਘੇਹੋ ਗੋਤੀ ਹੋਣ ਦੀ ਸੂਚਨਾ ਉਸ ਨਾਲ ਸੰਬੰਧਤ ਹਰ ਲਿਖਤ ਵਿਚ ਵਾਫ਼ਰ ਰੂਪ ਵਿਚ ਮਿਲਦੀ ਹੈ। ਪਰ ਉਹ 'ਹਲ ਛੱਡ ਕੇ ਚਰ੍ਹੀ ਨੂੰ ਜਾਣ ਵਾਲਾ ਜੱਟ' ਬਿਲਕੁਲ ਨਹੀਂ ਸੀ, ਵਿਗੋਚਿਆਂ ਤੋਂ ਮੁਕਤ ਤਕੜੇ ਜ਼ਿਮੀਂਦਾਰਾਂ ਵਾਲੀ ਉਪਰਲੀ ਸ਼੍ਰੇਣੀ ਨਾਲ ਸੰਬੰਧਤ ਜ਼ਰੂਰ ਸੀ, ਜਿਸ ਨੂੰ ਵਿੱਦਿਆ, ਵਿਚਾਰ, ਗਿਆਨ ਜਗਿਆਸਾ ਅਤੇ ਰਚਨਾਤਮਕ ਰੁਚੀਆਂ ਵਰਗੀਆਂ ਉਚੇਰੀਆਂ ਦਾਤਾਂ, ਕਦਰਾਂ-ਕੀਮਤਾਂ ਅਤੇ ਗੁਣਾਂ ਦਾ ਪੂਰਾ ਪੂਰਾ ਲਾਭ ਪ੍ਰਾਪਤ ਸੀ, ਜੋ ਪ੍ਰਤਿਭਾਸ਼ੀਲ ਲੋਕਾਂ ਦਾ ਸ਼ਿੰਗਾਰ ਹੁੰਦਾ ਹੈ। ਉਸ ਦੇ ਖ਼ਾਨਦਾਨੀ ਪਿਛੋਕੜ ਅਤੇ ਜੀਵਨ ਅਵਧੀ ਬਾਰੇ ਸਥਾਨਕ ਰਵਾਇਤਾਂ ਅਤੇ ਮਾਲ ਮਹਿਕਮੇ ਸਰੋਤਾਂ ਤੋਂ ਬਹੁਤ ਕੁਝ ਜਾਣਿਆ ਜਾ ਸਕਦਾ ਸੀ, ਪਰ ਦੇਸ਼ ਵੰਡ ਉਪਰੰਤ ਇਹ ਸੰਭਾਵਨਾ ਵੀ ਜਾਂਦੀ ਰਹੀ। ਉਸ ਦੇ ਗੁਰੂ ਅਰਜਨ ਦੇਵ ਦਾ ਸਿੱਖ ਹੋਣ ਦੇ ਤੱਥ ਤੋਂ ਲੱਗਦੇ ਇਕ ਅੰਦਾਜ਼ੇ ਮੁਤਾਬਿਕ ਉਸ ਦਾ ਜਨਮ 15ਵੀਂ ਸਦੀ ਦਾ ਆਖ਼ਰੀ ਦਹਾਕਾ ਮਿਥਿਆ ਜਾ ਸਕਦਾ ਹੈ; ਅਤੇ ਜੀਵਨ ਅਵਧੀ ਦੀ ਅੰਤਮ ਸੀਮਾ ਨਿਰਧਾਰਤ ਕਰਨ ਲਈ ਉਸ ਦੀ ਆਪਣੀ ਰਚਨਾ ਵਿੱਚੋਂ ਮਿਲਦੀ ਕੁਝ ਸੰਕੇਤਕ ਜਾਣਕਾਰੀ ਵੀ ਸਹਾਇਤਾ ਕਰਦੀ ਹੈ।

ਸਾਖੀ 47 (ਸ਼ਿਵਨਾਭ ਪ੍ਰਾਣ ਸੰਗਲੀ) ਦੇ ਅੰਤ ਉੱਤੇ ਸਿੰਘਲਾਦੀਪ ਵਿਚ *ਪ੍ਰਾਣ ਸੰਗਲੀ* ਰਚ ਕੇ ਉਥੇ ਹੀ ਛੱਡੇ ਜਾਣ ਦਾ ਜ਼ਿਕਰ ਕਰਦਿਆਂ ਸੈਦੋ ਨੇ ਆਪਣੇ ਤਤਕਾਲੀ ਟਿਕਾਣੇ ਬਾਰੇ ਵੀ ਸੰਕੇਤਕ ਜ਼ਿਕਰ ਕੀਤਾ ਹੈ:

> "ਸੈਦੋ ਘੇਹੋ ਲਿਖਾਈ ਚਰਣ ਮਝਾਰ ਕੈ ਗੋਰਖ ਹਟੜੀ ਪਾਸਿ। ਗੋਰਖ ਹਟੜੀ ਕੈ ਪਾਸਿ ਇਕੁ ਚਉਕੁ ਹੈ ਦੇ ਕੋਹ ਕਾ। ਉਸ ਮੜੀ ਤੈ ਚਾਰਿ ਕੋਸ ਹੈ। ਤਿਸ ਵਿਚਿ ਅਲਿਪਤੁ ਰਹਿਣ ਲਗਾ...ਦੂਏ ਉਦਾਸੀ ਹੋਏ।"

---

1. ਲਾਹੌਰ ਰੇਲਵੇ ਸਟੇਸ਼ਨ ਤੋਂ ਦੱਖਣ-ਪੱਛਮ ਦਿਸ਼ਾ ਵਿਚ ਡੇਢ ਕੁ ਮੀਲ 'ਤੇ ਵੱਸੀ ਇਸ ਬਸਤੀ ਨੂੰ ਮੌਜੰਗ ਗੋਤੀ ਪਠਾਣ ਅਜ਼ੀਜ਼ ਨੇ ਵਸਾਇਆ ਸੀ। ਵੇਖੋ, *ਮਹਾਨ ਕੋਸ਼*, ਪੰਨਾ 727.

ਗੋਰਖ ਹੱਟੜੀ—ਪਹਿਲਾਂ ਨਾਂ ਗੋਰ ਖੱਤਰੀ—ਪਿਸ਼ਾਵਰ ਦੇ ਨੇੜੇ ਸਥਿਤ ਹੈ। ਬਸਤੀ ਦਾ ਨਾਂ ਕੇਵਲ ਚਉਕੁ 'ਚੱਕ' ਲਿਖਿਆ ਹੈ। ਪਿਸ਼ਾਵਰ ਦਾ ਪਹਿਲਾ ਨਾਂ ਪਾਰਾਸ਼ਾਵਰ ਸੀ, ਅਕਬਰ ਦੇ ਸਮੇਂ ਇਹ ਪੇਸ਼ਾਵਰ ਹੋ ਗਿਆ। ਸੈਦੋ ਦੀ ਕੀਤੀ ਲਿਖਤ ਸਮੇਂ (1658 ਈ.) ਤਕ ਸ਼ਾਇਦ, ਇਹ ਨਾਂ ਬਹੁਤਾ ਪ੍ਰਚੱਲਿਤ ਨਹੀਂ ਸੀ ਹੋਇਆ, ਇਸ ਲਈ ਇਸ ਨੂੰ ਕੇਵਲ ਚੱਕ ਲਿਖਿਆ ਹੈ।[1] ਪਰ ਗੋਰਖ ਹੱਟੜੀ/ਗੋਰ ਖੱਤਰੀ, ਜਿਸ ਦਾ ਜ਼ਿਕਰ *ਬਾਬਰ-ਨਾਮਾ* ਵਿਚ ਮਿਲਦਾ ਹੈ, ਅਬੁਲ ਫ਼ਜ਼ਲ *ਅਕਬਰ-ਨਾਮਾ* ਵਿਚ ਵੀ ਕਰਦਾ ਹੈ, ਦੇ ਜ਼ਿਕਰ ਨੇ ਬਸਤੀ ਦੀ ਪਹਿਚਾਣ ਬਾਰੇ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿਣ ਦਿੱਤਾ। ਇਹ ਬਸਤੀ ਜੋ ਪਿਸ਼ਾਵਰ ਹੀ ਹੋ ਸਕਦੀ ਹੈ, ਗੋਰ ਖੱਤਰੀ ਯਾਨੀ ਮੜ੍ਹੀ ਤੋਂ ਚਾਰ ਕੋਹ ਹੈ। ਇਸ ਦੇ ਪਾਸ 'ਚਰਣ ਮਝਾਰ ਕੈ' ਵਿਚ ਰਹਿੰਦਾ ਸੀ, ਉਦਾਸੀ ਹੋਇਆ 'ਸੈਦੋ ਜੱਟ ਜਾਤ ਘੇਹੋ'। ਉਸ ਦਾ ਆਪਣੇ ਬਾਰੇ ਆਪਣਾ ਕਥਨ ਅੱਖਰ ਅੱਖਰ ਦਰੁਸਤ ਹੈ, ਪਰ ਘਰ ਬਾਰ ਛੱਡ ਕੇ ਦੂਰ ਜਾ ਰਹਿਣ ਦਾ ਕੀ ਕਾਰਨ ?

ਲਾਹੌਰ ਤੋਂ ਪਸ਼ੌਰ ਦਾ ਸਫ਼ਰ

ਮੁਜੰਗਾਂ ਵਾਲੇ ਜੱਦੀ ਨਿਵਾਸ ਤੋਂ ਹਿਜਰਤ ਕਰ ਕੇ ਦੂਰ-ਦੁਰਾਡੇ ਪਿਸ਼ਾਵਰ ਜਾ ਟਿਕਣ ਦੇ ਕਾਰਨ ਉਨ੍ਹਾਂ ਚੁਣੌਤੀਆਂ ਵਿੱਚੋਂ ਢੂੰਡੇ ਜਾ ਸਕਦੇ ਹਨ, ਜਿਹੜੇ ਸਿੱਖ ਲਹਿਰ ਨੂੰ ਉਸ ਸਮੇਂ ਦਰਪੇਸ਼ ਸਨ; ਇਨ੍ਹਾਂ ਵਿੱਚੋਂ ਮੁੱਖ, ਸਥਾਪਤੀ ਨਾਲ ਕਦੇ ਨੇੜ ਕਦੇ ਭੇੜ ਵਾਲੀ ਤੇਜ਼ੀ ਨਾਲ ਬਦਲਦੀ ਸਮੀਕਰਨ ਕਾਰਨ ਮਾਝੇ ਤੋਂ ਸਿੱਖੀ ਦਾ ਕੇਂਦਰ ਖਿੰਡੂ ਹਿੱਲ ਕੇ ਕੀਰਤਪੁਰ ਜਾ ਟਿਕਿਆ, ਜਿਸ ਦੀ 1624 ਈ. ਵਿਚ ਮੋਹੜੀ ਬਾਬਾ ਸ੍ਰੀ ਚੰਦ ਨੇ, ਬਾਬਾ ਬੁੱਢਾ, ਬਾਬਾ ਗੁਰਦਿੱਤਾ ਅਤੇ ਕਮਲੀਏ ਅਲਮਸਤ (1553-1643 ਈ.) ਦੀ ਹਾਜ਼ਰੀ ਵਿਚ ਗੱਡੀ।[2] ਸਿੱਖੀ ਪ੍ਰਚਾਰ ਦੇ ਕਾਰਜ ਨੂੰ ਅੱਗੇ ਤੋਰਨ ਲਈ ਬਾਬਾ ਸ੍ਰੀ ਚੰਦ (ਦੇਹਾਂਤ 1624 ਈ.) ਨੇ ਗੁਰੂ ਹਰਿਗੋਬਿੰਦ ਸਾਹਿਬ ਪਾਸੋਂ ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਨੂੰ ਮੰਗ ਲਿਆ ਸੀ ਅਤੇ ਉਨ੍ਹਾਂ ਨੂੰ ਆਪਣਾ ਉੱਤਰਾਧਿਕਾਰੀ ਥਾਪ ਕੇ ਉਦਾਸੀ ਸੰਪਰਦਾ ਨੂੰ ਸਿੱਖੀ ਦੀ ਮੁੱਖ ਧਾਰਾ ਨਾਲ ਜੋੜ ਕੇ ਕੀਰਤਪੁਰ ਨਗਰ ਤੋਂ ਗੁਰਮਤਿ ਪ੍ਰਚਾਰ ਦਾ ਪਰਵਾਹ ਚਲਾਇਆ, ਉਦਾਸੀਆਂ ਦੀਆਂ ਬਖ਼ਸ਼ਿਸ਼ਾਂ ਅਤੇ ਧੂਣੇ ਇਸ ਤੋਂ ਬਾਅਦ ਸਥਾਪਤ ਹੋਏ। ਬਾਬਾ ਗੁਰਦਿੱਤਾ (ਦੇਹਾਂਤ 1638 ਈ.) ਦੀ ਚਲਾਈ ਹੋਈ ਪ੍ਰਚਾਰ ਲਹਿਰ ਦਾ ਕਾਰਜ-ਖੇਤਰ ਸੂਬਾ ਸਰਹੱਦ ਅਤੇ ਪੱਛਮੀ ਪੰਜਾਬ ਮੁੱਖ ਸੀ। ਸੰਭਾਵਨਾ ਹੈ ਕਿ ਲਾਹੌਰ ਦੇ ਰਹਿਣ ਵਾਲਾ ਸੈਦੋ, ਜੋ ਸ਼ਬਦ ਵਿਚਾਰ ਦਾ ਅਧਿਕਾਰੀ ਸੀ, ਬਾਬਾ ਗੁਰਦਿੱਤਾ ਵੱਲੋਂ ਸਥਾਪਤ ਹੋਏ ਨਵੇਂ ਉਦਾਸੀ ਮਿਸ਼ਨ ਦੀ ਨਵੀਂ ਕਾਂਗ ਦੀ ਮਾਂਗ 'ਤੇ ਸਵਾਰ ਹੋ ਕੇ 1624-38 ਈ. ਦੀ ਅਵਧੀ ਵਿਚ, ਕਿਸੇ ਸਮੇਂ ਪਿਸ਼ਾਵਰ ਕੋਲ ਚਰਣ ਮਝਾਰ ਕੇ ਜਾ ਟਿਕਿਆ।

---

1. ਵੇਖੋ, *ਸਿੱਖਾਂ ਦੀ ਭਗਤਮਾਲਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013, ਪੰਨੇ 187-88.
2. *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ*, ਸੰਪਾ. ਗੁਰਮੁਖ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2010, ਪੰਨੇ 86-87.

Scanned by CamScanner

ਪਿਸ਼ਾਵਰ ਵਿਚ 'ਵੱਡੀ ਸੰਗਤ' ਸੀ, ਜਿਸ ਨੂੰ ਸੰਗਠਤ ਕਰਨ ਅਤੇ ਗੁਰਮਤਿ ਦੇ ਪ੍ਰਚਾਰ ਲਈ ਸ਼ਬਦ ਦੇ ਅਧਿਕਾਰੀ ਅਤੇ ਪ੍ਰਭਾਵਸ਼ਾਲੀ ਵਕਤੇ ਦੀ ਲੋੜ ਸੀ। ਲਾਹੌਰ ਦੀ ਸਿੱਖ ਸੰਗਤ ਨਾਲ ਚਿਰਕਾਲੇ ਤੇ ਨੇੜਲੇ ਸੰਬੰਧਾਂ ਕਾਰਨ ਇਸ ਖੇਤਰ ਵਿਚ ਸੈਦੋ ਦੀ ਕੀਰਤੀ ਤੋਂ ਭਾਈ ਗੁਰਦਾਸ ਵਰਗਾ ਸਿੱਖ ਚਿੰਤਕ ਵੀ ਜਾਣੂ ਸੀ ਅਤੇ ਗੁਰੂ ਕੇ ਵੀ; ਸਰਹੱਦੀ ਸੂਬੇ ਵਿਚ ਮਿਸ਼ਨ ਦੀ ਜ਼ਿੰਮੇਵਾਰੀ ਨਿਭਾਉਣ ਲਈ ਅਧੇੜ ਉਮਰ ਦੇ ਸੈਦੋ ਦੀ ਚੋਣ ਹੋ ਗਈ; ਇਸ ਨਾਲ ਹੋਈ ਥਾਂ ਬਦਲੀ ਦੇ ਸਿੱਟੇ ਵਜੋਂ ਉਹ ਪਰਿਵਾਰਕ ਝਮੇਲਿਆਂ ਤੋਂ ਨਿਰਲੇਪ ਹੋ ਕੇ ਪਿਸ਼ਾਵਰ ਦੇ ਨਵੇਂ ਖੇਤਰ ਵਿਚ ਕਾਰਜਸ਼ੀਲ ਹੋ ਗਿਆ। ਇਸ ਰਚਨਾਕਾਰ ਦਾ ਹੋਰ ਜੀਵਨ ਵਿਵਰਨ ਅਤੀਤ ਦੇ ਧੁੰਦਲਕੇ ਵਿਚ ਗੁਆਚਿਆ ਹੋਇਆ ਹੈ।

ਸੈਦੋ ਨੇ 1657-58 ਈ. ਵਿਚ ਜਦੋਂ ਆਪਣੀ ਅਨਮੋਲ ਸਾਖੀ ਦੀ ਰਚਨਾ ਕੀਤੀ, ਉਸ ਸਮੇਂ ਉਹ ਸੱਤਰਾਂ ਨੂੰ ਢੁੱਕਿਆ ਹੋਇਆ ਸੀ। ਇਸ ਤੋਂ ਬਾਅਦ ਜੇ ਦਸ ਵਰ੍ਹੇ ਹੋਰ ਜੀਵਿਆ ਹੋਵੇ ਤਾਂ 80 ਕੁ ਸਾਲ ਦੀ ਉਮਰ ਭੋਗੀ ਹੋਣ ਦਾ ਕਿਆਫ਼ਾ ਤਾਂ ਲੱਗ ਹੀ ਸਕਦਾ ਹੈ; ਉਸ ਦੀ ਜੀਵਨ ਰੇਖਾ ਕਦੋਂ ਸ਼ੁਰੂ ਹੋਈ ਅਤੇ ਇਸ ਦੀ ਅੰਤਮ ਸੀਮਾ ਉਸ ਨੇ ਕਦੋਂ ਪਾਰ ਕੀਤੀ ? ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਵਾਲੇ ਅਵਾਕ ਤੱਥਾਂ ਨੂੰ ਪ੍ਰਮਾਣਿਤ ਕਰਨ ਵਾਲਾ ਕੋਈ ਦਸਤਾਵੇਜ਼ੀ ਸਬੂਤ, ਹਾਲ ਦੀ ਘੜੀ ਪ੍ਰਾਪਤ ਨਹੀਂ।

ਕੀ ਉਹ ਉਦਾਸੀ ਸੀ ? ਜਿਵੇਂ ਉਸ ਦੀ ਸਵੈ-ਲਿਖਤ ਸਾਖੀ ਵਿਚ ਕਈ ਥਾਂ ਲਿਖਿਆ ਮਿਲਦਾ ਹੈ। ਉਹ ਉਦਾਸੀ ਸੰਪਰਦਾ ਨਾਲ ਜੁੜਿਆ ਹੋਣ ਕਾਰਨ ਉਦਾਸੀ ਜ਼ਰੂਰ ਸੀ, ਪਰ ਦੁਨੀਆਂ ਵੱਲੋਂ ਨਿਰਾਸ, ਉਪਰਾਮ ਜਾਂ ਵਿਰਕਤ ਨਹੀਂ ਜਿਵੇਂ ਉਦਾਸੀਆਂ ਨੂੰ ਸਮਝਿਆ ਜਾਂਦਾ ਹੈ। ਸੀਹੋਂ ਸਮੇਤ ਆਪ ਨੂੰ ਬਾਬੇ ਨਾਲ ਰਹਿਣ ਵਾਲੇ ਉਦਾਸੀ ਦੱਸਣ ਦਾ ਉਦੇਸ਼ ਹੰਦਾਲੀ ਲੇਖਕ ਦੇ ਘੜੇ ਬਾਲਾ ਚਸ਼ਮਦੀਦ ਗਵਾਹ ਨੂੰ ਬੇਅਸਰ ਕਰਨ ਹਿਤ ਵਿਪਰੀਤ ਜਵਾਬੀ ਕਾਰਵਾਈ ਸੀ। ਉਸ ਦੀ ਥਾਂ-ਬਦਲੀ ਪੱਕੀ ਜਾਂ ਸਦੀਵੀ ਨਹੀਂ ਸੀ, ਉਹ ਲਾਹੌਰ ਦੀਆਂ ਉਸ ਵੇਲੇ ਦੀਆਂ ਧਾਰਮਕ ਅਤੇ ਸਮਾਜਕ ਜ਼ਮੀਨੀ ਹਕੀਕਤਾਂ ਨਾਲ ਜੁੜਿਆ ਰਿਹਾ ਸੀ।

ਸੈਦੋ ਦੀ ਸ਼ਖ਼ਸੀਅਤ

ਸਥਿਤੀ ਦਾ ਵਿਅੰਗ ਹੀ ਸਮਝੋ ਕਿ ਸੈਦੋ ਵਰਗੀ 17ਵੀਂ ਸਦੀ ਦੀ ਅਜ਼ੀਮ ਸ਼ਖ਼ਸੀਅਤ ਦੇ ਸੰਬੰਧ ਵਿਚ ਉਸ ਦੀ ਆਪਣੀ ਰਚਨਾ ਤੋਂ ਇਲਾਵਾ ਕੋਈ ਹੋਰ ਭਰੋਸੇਯੋਗ ਲਿਖਤੀ ਸਮੱਗਰੀ ਪ੍ਰਾਪਤ ਨਹੀਂ। ਲਾਹੌਰ ਦੇ ਰੜੇ ਮੁਹੱਲੇ ਵਿਚ ਚੱਲ ਰਹੀ ਹੰਦਾਲੀ ਟਕਸਾਲ ਦਾ ਲੇਖਕ ਗੋਰਖ ਦਾਸ, ਮੁਹੰਮਦੀਪੁਰ ਵਿਚ ਕਾਰਜਸ਼ੀਲ 'ਛੋਟੇ ਮੇਲ' ਦਾ ਲਿਖਾਰੀ ਕੇਸੋ ਦਾਸ ਅਤੇ ਮਜੰਗਾਂ ਵਾਲਾ ਸੈਦੋ ਜੱਟ ਪਰਸਪਰ ਸੰਬੰਧਾਂ ਵਾਲੇ ਸਮਕਾਲੀ ਸਨ। ਇਨ੍ਹਾਂ ਵਿੱਚੋਂ ਗੋਰਖ ਦਾਸ ਦੀ ਸਥਿਤੀ ਉਤਪ੍ਰੇਰਕ (catalystic) ਵਾਲੀ ਹੈ, ਜੋ ਆਪ ਬਦਲੇ ਬਿਨਾਂ ਹੋਰਨਾਂ ਨੂੰ ਬਦਲ ਸਕਦਾ ਸੀ। ਇਨ੍ਹਾਂ ਦੇ ਵਿਹਾਰ ਅਤੇ ਪਰਸਪਰ ਪ੍ਰਭਾਵ ਤੋਂ ਉਪਜੇ ਪੈਟਰਨ ਵਿੱਚੋਂ ਸੈਦੋ ਦੀ ਸ਼ਖ਼ਸੀਅਤ 'ਤੇ ਵੀ ਪ੍ਰਕਾਸ਼ ਪੈਂਦਾ ਹੈ।

ਗੋਰਖ ਦਾਸ, ਗੁਰਮਤਿ ਦੀਆਂ ਉਦਾਰਵਾਦੀ ਕਦਰਾਂ ਦੇ ਵਿਰੋਧ ਵਿਚ ਖੜੇ

Scanned by CamScanner

ਰੂੜ੍ਹੀਵਾਦੀ ਪੁਜਾਰੀ ਵਰਗ ਦਾ ਨੁਮਾਇੰਦਾ, ਅਤੇ ਵਿਕਾਊ ਜ਼ਮੀਰ ਵਾਲਾ ਬੰਦਾ ਸੀ; ਇਸ ਦੇ ਉਲਟ ਸੈਦੋ ਜਾਗਦੀ ਜ਼ਮੀਰ ਵਾਲਾ ਅਤੇ ਸਿੱਖ ਆਸ਼ੇ ਤੇ ਕਦਰਾਂ-ਕੀਮਤਾਂ ਨੂੰ ਸਮਰਪਤ ਪਹਿਰੇਦਾਰ ਸੀ। ਗੋਰਖ ਦਾਸ ਨੇ ਆਪਣੀ ਪੇਸ਼ਾਵਰੀ ਯੋਗਤਾ ਨੂੰ ਹੰਦਾਲੀ ਸਰਪ੍ਰਸਤਾਂ ਲਈ, ਪਹਿਲਾਂ *ਪਰਚੀ ਹੰਦਾਲ* ਅਤੇ ਫੇਰ ਬਾਲੇ ਦੇ ਨਾਂ ਹੇਠ ਪ੍ਰਚੱਲਿਤ ਜਨਮ ਸਾਖੀ ਲਿਖਣ ਲਈ ਵਰਤਦਿਆਂ ਬਾਬੇ ਅਤੇ ਬਾਬੇ ਦੇ ਸੰਬੰਧੀਆਂ ਨੂੰ ਅਪਮਾਨਤ ਕਰਨ ਵਾਲੀਆਂ ਉਪੱਦਰਵੀ ਘਾੜਤਾਂ ਘੜੀਆਂ, ਜਿਸ ਤੋਂ ਗੁਰਸਿੱਖ ਸੈਦੋ ਦਾ ਅਤਿ ਸੰਵੇਦਨਸ਼ੀਲ ਹਿਰਦਾ ਝੰਜੋੜਿਆ ਗਿਆ, ਇਹ ਉਸ ਦੀ ਸ਼ਖ਼ਸੀਅਤ ਦਾ ਨਵੇਕਲਾ ਮਹੱਤਵਪੂਰਨ ਪਹਿਲੂ ਹੈ; ਇਨ੍ਹਾਂ ਵਧੀਕੀਆਂ ਦਾ ਵਿਰੋਧ ਅਤੇ ਮੋੜ ਕਰਨ ਲਈ ਉਸ ਨੇ ਵਿਚਾਰ ਅਧੀਨ ਸਾਖੀ ਦੀ ਸਿਰਜਣਾ ਕੀਤੀ। ਉਸ ਨੂੰ ਆਪਣੀ ਮਿਲਣਸਾਰ ਤਬੀਅਤ ਵਾਲੇ ਗੁਣ ਸਦਕਾ ਲਾਹੌਰ ਅਤੇ ਪਸ਼ੌਰ ਵਰਗੇ ਵਿਭਿੰਨ ਸਮਾਜਕ ਮਾਹੌਲਾਂ ਨਾਲ ਇਕਸੁਰ ਹੋਣ ਵਿਚ ਕੋਈ ਦਿੱਕਤ ਨਾ ਆਈ ਅਤੇ ਨਾ ਹੀ ਗੋਰਖ ਦਾਸ ਵਰਗਿਆਂ ਨਾਲ ਵਰਤਦਿਆਂ ਕੋਈ ਅੜਿੱਕਾ। ਇਸ ਗੁਣ ਦੀ ਬਦੌਲਤ ਲਾਹੌਰ ਦੇ ਹੰਦਾਲੀ ਅੱਡੇ 'ਤੇ ਚੱਲ ਰਹੀ ਹਰ ਗਤੀ ਵਿਧੀ, ਬਲਕਿ ਉਨ੍ਹਾਂ ਦੀਆਂ ਮੁੱਢਲੀਆਂ ਲਿਖਤਾਂ ਤਕ ਰਸਾਈ ਸੰਭਵ ਹੋ ਸਕੀ, ਜਿਸ ਨੇ ਉਸ ਨੂੰ ਤੁਰੰਤ ਇਨ੍ਹਾਂ ਦਾ ਬਣਦਾ ਮੋੜ ਕਰਨ ਅਤੇ ਵਿਚਾਰ ਅਧੀਨ ਸਾਖੀ ਦੀ ਸਿਰਜਣਾ ਦਾ ਮੌਕਾ ਦਿੱਤਾ। ਇਹੋ ਨਹੀਂ ਇਸ ਉਦਾਰਵਾਦੀ ਮਾਨਸਕ ਝੁਕਾਅ ਅਧੀਨ ਉਸ ਨੇ ਗੋਰਖ ਦਾਸ ਦੀ ਰਚਨਾ ਵਿੱਚੋਂ ਬਹੁਤ ਸਾਰੇ ਤੱਤ ਅਨੁਕੂਲ ਕੇ ਆਪਣੀ ਸਿਰਜਣਾ ਵਿਚ ਵੀ ਵਰਤੇ।

ਬਾਹਰਮੁੱਖਤਾ ਸੈਦੋ ਦੇ ਸੁਭਾਅ ਦਾ ਅਤਿ ਉੱਘੜਵਾਂ ਅੰਸ਼ ਹੈ, ਜੋ ਉਸ ਦੀ ਲਿਖਤ ਵਿਚ ਹਰ ਥਾਂ ਵੇਖਣ ਨੂੰ ਮਿਲਦਾ ਹੈ। ਪਾਠ ਵਿਚ ਸੀਹੋ ਦੇ ਨਾਲ ਨਾਲ ਆਪਣੇ ਬਾਰੇ ਤੀਜੀ ਧਿਰ ਵਜੋਂ ਕੀਤੀਆਂ ਟਿੱਪਣੀਆਂ ਵਿਚਿੱਤਰ ਬਾਹਰਮੁੱਖਤਾ ਦਾ ਕਲਾਮਈ ਪ੍ਰਗਟਾਵਾ ਕਰਦੀਆਂ ਹਨ। ਇਸ ਰੁਚੀ ਨੇ ਉਸ ਨੂੰ ਕਿਧਰੇ ਵੀ ਉਲਾਰ ਨਹੀਂ ਹੋਣ ਦਿੱਤਾ। ਬੇਸ਼ੱਕ, ਚਰਣ ਮਝਾਰ ਦੀ ਰਿਹਾਇਸ਼ ਸਮੇਂ ਉਸ ਨੇ ਅਲਿਪਤ ਯਾਨੀ ਆਲੇ-ਦੁਆਲੇ ਤੋਂ ਨਿਰਲੇਪ ਰਹਿਣ ਦਾ ਸੰਕੇਤ ਕੀਤਾ ਹੈ ਪਰ ਸ਼ਬਦ ਵੀਚਾਰ ਦੇ ਅਧਿਕਾਰੀ ਅਤੇ ਪ੍ਰਚਾਰਕ ਨੂੰ ਜਿਵੇਂ ਉਹ ਸੀ, ਅੰਤਰਮੁਖੀ ਹੋ ਕੇ, ਆਲੇ-ਦੁਆਲੇ ਨਾਲੋਂ ਟੁੱਟ ਕੇ, ਅਤੀਤਾਂ ਵਾਂਗ ਵਿਚਰਨਾ ਵਾਰਾ ਹੀ ਨਹੀਂ ਸੀ ਖਾ ਸਕਦਾ। ਪਿਸ਼ਾਵਰ ਦੀਆਂ ਸੰਗਤਾਂ ਨਾਲ ਸਿੱਧੇ ਸੰਪਰਕ ਤੋਂ ਇਲਾਵਾ, ਉਹ ਪਿੱਛੇ ਲਾਹੌਰ ਦੇ ਆਪਣੇ ਮਿੱਤਰ ਮੰਡਲ ਨਾਲ ਵੀ ਸਕਿਰਿਅਕ ਢੰਗ ਨਾਲ ਜੁੜਿਆ ਹੋਇਆ ਸੀ; ਉਨ੍ਹਾਂ ਦੀ ਹਰ ਵਧੀਕੀ ਜਾਂ ਚਾਲ ਦੀ ਜਵਾਬੀ ਕਾਰਵਾਈ ਵਜੋਂ ਸ਼ਬਦੀ ਜੰਗ ਵਿਚ ਦੇਰ ਤਕ, ਉਨ੍ਹਾਂ ਨਾਲ ਉਲਝੇ ਰਹਿਣ ਦੇ ਸੰਕੇਤ ਵੀ ਮਿਲਦੇ ਹਨ।

ਅਜੋਕੇ ਮਨੋਵਿਗਿਆਨਕ ਮੇਚੇ ਉੱਤੇ ਪੂਰੇ ਉਤਰਨ ਵਾਲੇ ਸ਼ਖ਼ਸੀ ਗੁਣਾਂ ਤੋਂ ਇਲਾਵਾ, ਸੈਦੋ ਦੀ ਸ਼ਖ਼ਸੀਅਤ ਵਿਚ ਵਧੀਕ ਅੰਸ਼, ਵਿਵੇਕ ਅਤੇ ਕਾਵਿ-ਕਲਾ ਦੀ ਕੁਦਰਤ ਵੱਲੋਂ ਮਿਲੀਆਂ ਦਾਤਾਂ ਦੇ ਵੀ ਹਨ; ਗਿਆਨ ਦਾ ਵਿਸ਼ਾਲ ਘੇਰਾ ਉਸ ਦੀ ਆਪਣੀ ਕਮਾਈ ਸੀ, ਜਿਸ ਕਰਕੇ ਸਿੱਖ ਸਮਾਜ ਅਤੇ ਸਮਕਾਲੀ ਉੱਘੀਆਂ ਸਿੱਖ ਹਸਤੀਆਂ ਵੱਲੋਂ ਪਿਆਰਿਆ ਅਤੇ ਦੁਲਾਰਿਆ ਗਿਆ। ਪਾਠ ਵਿਚ ਦਰਜ ਹੋਈ ਮਿਲਦੀ ਅਪ੍ਰਮਾਣਕ ਬਾਣੀ ਤੋਂ ਉਸ ਦੇ ਅਨੁਭਵ ਦੀ ਗਹਿਰਾਈ, ਰਸਿਕ ਮਨੋ-

Scanned by CamScanner

ਬਿਰਤੀ, ਕਾਵਿਕ ਸੁਹਜ ਅਤੇ ਡੂੰਘੀ ਧਾਰਮਕਤਾ ਦਾ ਪਤਾ ਲੱਗਦਾ ਹੈ। *ਪ੍ਰਾਣ ਸੰਗਲੀ* ਵੀ ਉਸੇ ਦੀ ਰਚੀ ਹੋਈ ਸਿੱਧ ਹੁੰਦੀ ਹੈ। ਉਸ ਦੀ ਗੱਦ ਰਚਨਾ ਵਿਚ ਬਾਬੇ ਦੇ ਦ੍ਰਿੜ੍ਹਾਏ ਵਿਵੇਕ ਤੋਂ ਉਤਪੰਨ ਹੋਈ ਵਿਵੇਕ ਲਹਿਰ ਦੀ, ਸਦਗੁਣ ਪ੍ਰਦਾਨ ਕਰਨ ਵਾਲੀ ਗੂੰਜ ਹਰ ਥਾਂ ਸੁਣਾਈ ਦਿੰਦੀ ਹੈ, ਜਿਸ ਵਿੱਚੋਂ ਪ੍ਰੋ. ਪੂਰਨ ਸਿੰਘ ਨੂੰ "ਸਹਜ ਸੁਭਾ ਅਫਲਾਤੂ ਦੀ ਪੁਸਤਕ ਦੇ ਟੁਕੜੇ"[1] ਵਰਗਾ ਆਭਾਸ ਹੋਇਆ। ਸੈਦੋ ਦੇ ਕਿਰਤੀ ਅਤੇ ਮਿਹਨਤਕਸ਼ ਖ਼ਾਨਦਾਨੀ ਪਿਛੋਕੜ ਦੇ ਬਾਵਜੂਦ, ਵਾਦ-ਵਿਵਾਦ ਦੇ ਸਾਰੇ ਦਾਉ ਪੇਚਾਂ ਦੀ ਉਸ ਦੀ ਮੁਹਾਰਤ, ਸਾਫ਼ਗੋਈ, ਗੁੱਝੀ ਟਿੱਚਰ ਤੇ ਵਿਅੰਗ ਕਰ ਸਕਣ ਦੀ ਯੋਗਤਾ, ਜਿਥੇ ਆਮ ਆਦਮੀ ਨੂੰ ਹੈਰਾਨ ਕਰਨ ਵਾਲੀ ਹੈ, ਉਥੇ ਗੋਰਖ ਦਾਸ ਲਈ ਵੱਡੀ ਖਿੱਝ ਦਾ ਕਾਰਨ ਬਣੀ, ਜਿਸ ਤੋਂ ਉਤਪਤ ਉਤੇਜਨਾ ਨੇ ਉਸ ਦੀ ਸੋਚ ਨੂੰ ਨੈਤਿਕ ਨਿਵਾਣਾਂ ਵੱਲ ਧੱਕਿਆ; ਇਸ ਨੂੰ ਸੈਦੋ ਦੇ ਸਿਆਣਪ ਭਰੇ ਅਤੇ ਉਪਭਾਵਕਤਾ ਤੋਂ ਮੁਕਤ ਹੁੰਗਾਰਿਆਂ ਦੀ ਅਨੂਠੀ ਨੈਤਿਕ ਜਿੱਤ ਕਿਹਾ ਜਾ ਸਕਦਾ ਹੈ।

ਅਭਿੰਨ ਵਿਭਿੰਨਤਾ

ਸੈਦੋ ਦੀ ਸੋਧੀ ਅਤੇ ਸੰਪੰਨ ਕੀਤੀ ਆਲੀਸ਼ਾਨ *ਸਾਖੀ ਬਾਬੇ ਨਾਨਕ ਜੀ ਕੀ* ਦਾ ਰਚਿਆਰ ਨਿਰਸੰਦੇਹ ਉਹ ਆਪ ਹੀ ਹੈ, ਪਰ ਸੀਹਾਂ ਉੱਪਲ ਦੀ ਬਰਾਬਰ ਦੀ ਭਾਈਵਾਲੀ ਵਾਲਾ ਤੱਥ ਰਚਿਆਰਤਾ ਸੰਬੰਧੀ ਪਾਏਦਾਰ ਨਿਰਣੇ ਲਈ ਵੱਖਰੀ ਪਹੁੰਚ ਅਪਣਾਏ ਜਾਣਾ ਮੰਗਦਾ ਹੈ। ਸੀਹੇਂ[2] ਦੀ ਗੌਰਵਮਈ *ਸਾਖੀ ਮਹਲੁ ਪਹਿਲੇ ਕੀ* ਦੇ ਪਾਠ ਦੇ ਨਿਰਧਾਰਤ ਹੋਣ ਉਪਰੰਤ ਸੈਦੋ ਵਾਲੇ ਪਾਠ ਵਿੱਚੋਂ ਉਸ ਦੇ ਹਿੱਸੇ ਨੂੰ ਨਿਆਰਨਾ ਬਹੁਤ ਆਸਾਨ ਹੋ ਗਿਆ ਹੈ, ਸੈਦੋ ਵੱਲੋਂ ਸੀਹਾਂ-ਪਾਠ ਵਿਚ ਲਾਈਆਂ ਕਲਮੀ ਛੋਹਾਂ ਜਿਸ ਨੂੰ ਚਿੱਤਰਕਾਰੀ ਵਾਲੇ ਰੀਟੱਚਿੰਗ ਸੱਦਦੇ ਹਨ, ਵੀ ਨਿਖੇੜੀਆਂ ਜਾ ਸਕਦੀਆਂ ਹਨ। ਪਰ ਸੀਹਾਂ-ਸੈਦੋ-ਪਾਠ ਦਾ ਅਤਿ ਅਸਾਧਾਰਨ ਲੱਛਣ ਇਸ ਦੀ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਹਰ ਤਰ੍ਹਾਂ ਦੀ ਸਮਾਨਤਾ ਹੈ, ਜੋ ਇਸ ਦੇ ਇਕ ਰਚਿਆਰ ਦੀ ਹੀ ਰਚਨਾ ਹੋਣ ਦਾ ਪ੍ਰਭਾਵ ਦਿੰਦੀ ਹੈ। ਸੁਹਜ ਸ਼ਾਸਤਰ ਦੇ ਨੇਮ ਅਨੁਸਾਰ "ਹਰ ਖ਼ੂਬਸੂਰਤ ਵਸਤ, ਪ੍ਰੇਰਤ ਖ਼ੂਬਸੂਰਤ, ਸੁਹਜਾਤਮਕ ਤੇ ਸਮਾਨ ਹੁੰਗਾਰੇ ਪੈਦਾ ਕਰਨ ਦੇ ਸਮਰੱਥ ਹੁੰਦੀ ਹੈ", ਸ਼ਾਇਦ, ਇਸ ਨੇਮ ਅਧੀਨ ਸੀਹਾਂ ਪਾਠ ਦੇ ਸੁਹਜਮਈ ਬਿਰਤਾਂਤ ਨੇ ਸੈਦੋ ਅੰਦਰਲੇ ਰਸੀਏ ਨੂੰ ਟੁੰਬ ਕੇ ਬਰਾਬਰ ਦੇ ਉਦਾਤਮਈ ਹੁੰਗਾਰੇ ਉਪਜਾਏ, ਜਿਨ੍ਹਾਂ ਦਾ ਕਲਾਤਮਕ ਅਭਿਵਿਅੰਜਨਕ ਰੂਪ *ਸਾਖੀ ਬਾਬੇ ਨਾਨਕ ਜੀ ਕੀ* ਹੋ ਨਿਬੜਿਆ। ਇਸ ਨਾਲ ਸੈਦੋ ਦੀ ਰਚਨਾਤਮਕ ਪ੍ਰਤਿਭਾ, ਚੰਗਾ ਗੱਦਕਾਰ ਤੇ ਸ਼ੈਲੀਕਾਰ ਹੋਣ 'ਤੇ ਵੀ ਪ੍ਰਕਾਸ਼ ਪੈਂਦਾ ਹੈ। ਜਦੋਂ ਸੈਦੋ ਲਈ ਨਵੀਂ ਸਾਖੀ ਵਿਉਂਤਣ ਦਾ ਸਬੱਬ ਬਣਿਆ, ਉਸ ਦੇ ਸਾਹਮਣੇ ਸੀਹਾਂ ਉੱਪਲ ਦੀ ਅਧੂਰੀ ਰਹਿ ਗਈ ਰਚਨਾ ਵਾਲਾ ਮਾਡਲ ਸੀ, ਜਿਸ ਨੂੰ ਉਸ ਨੇ ਆਧਾਰ ਨਹੀਂ ਬਣਾਇਆ ਸਗੋਂ ਇਸ ਦੀ ਸ਼ੈਲੀ, ਵਾਕ ਰਚਨਾ, ਵਾਰਤਾਲਾਪੀ ਵਿਧੀ, ਗੁਰਬਾਣੀ ਦਾ ਸਮਰਥਨ ਅਤੇ ਇਸ ਦੀ ਸਰਲ ਵਿਆਖਿਆ ਵਾਲੇ ਪੂਰਨਿਆਂ ਦਾ ਲਾਭ ਲੈਂਦਿਆਂ ਨਵੇਂ ਪ੍ਰਸੰਗ ਸੀਹਾਂ

1. *ਖੁੱਲ੍ਹੇ ਲੇਖ*, ਅਤਰ ਚੰਦ ਐਂਡ ਸੰਨਜ਼, 1952, ਪੰਨਾ 183.
2. ਪਾਠ ਲਈ ਵੇਖੋ, *ਸਾਖੀ ਮਹਲੁ ਪਹਿਲੇ ਕੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014.

Scanned by CamScanner

ਵਾਲੇ ਪੁਰਾਣੇ ਨਮੂਨੇ 'ਤੇ ਰਚੇ, ਅਤੇ ਬਿਰਤਾਂਤ ਨੂੰ ਪੋਠੋਹਾਰੀ ਦੇ ਹਲਕੇ ਜਿਹੇ ਰੰਗ ਵਿਚ ਰੰਗਿਆ; ਇਸ ਵਿਚ ਲੁਕਿਆ ਹੈ ਪਾਠ ਵਿਚਲੀ ਅਭਿੰਨਤਾ ਅਤੇ ਪ੍ਰਭਾਵ ਵਾਲੀ ਏਕਤਾ ਦਾ ਰਾਜ਼।

ਭਾਈ ਗੁਰਦਾਸ ਦਾ ਸੈਦੋ ਦੀ ਲਿਖਾਰੀ ਵਾਲੀ ਹੈਸੀਅਤ ਤੋਂ ਬੇਖ਼ਬਰ ਹੋਣ ਦਾ ਭਾਵ ਹੈ ਕਿ ਉਸ ਦੀਆਂ ਇਹ ਲੁਕੀਆਂ ਕਲਾਤਮਕ ਰੁਚੀਆਂ ਦੇਰ ਨਾਲ ਰੂਪਮਾਨ ਹੋਈਆਂ ਅਤੇ ਇਸ ਲਈ ਉਤੇਜਨਾ ਹੰਦਾਲੀ ਲੇਖਕ ਗੋਰਖ ਦਾਸ ਦੀਆਂ ਉਪੱਦਰਵੀ ਲਿਖਤਾਂ ਤੋਂ ਮਿਲੀ; ਇਹ ਸੰਜੋਗੀ ਸਬੰਧ, ਇਸ ਦਾ ਰਚਨਾ-ਕਾਲ ਮਿੱਥਣ ਵਿਚ ਵੀ ਸਹਾਇਕ ਬਣਦਾ ਹੈ। ਨੁਕਤਾ ਇਹ ਹੈ ਕਿ ਰਚਿਆਰਤਾ ਵਾਲੀ ਵਿਭਿੰਨਤਾ ਦੇ ਬਾਵਜੂਦ ਇਸ ਦਾ ਇਕ ਸਮੁੱਚਾ ਉੱਘੜਵਾਂ ਪ੍ਰਭਾਵ ਪੈਂਦਾ ਹੈ, ਜਿਸ ਨੂੰ ਭਲੀ ਭਾਂਤ ਰੂਪਮਾਨ ਕਰਦੀ ਹੈ ਪ੍ਰੋ. ਪੂਰਨ ਸਿੰਘ ਦੀ ਅਨੋਖੀ ਕਲਪਨਾ ਉਡਾਰੀ :

> "ਕੋਈ ਵੱਡਾ ਬਜ਼ੁਰਗ ਪਿੱਪਲ ਹੇਠ ਬੈਠਾ ਨੂਰੀ ਲੰਬੀ ਦਾਹੜੀ, ਕੇਸ ਮੋਢਿਆਂ 'ਤੇ ਸੁੱਟੀ, ਮਿੱਠੀਆਂ ਮਿੱਠੀਆਂ ਗੱਲਾਂ ਕਰ ਰਿਹਾ ਹੋਵੇ ਤੇ ਉਸ ਦੀ ਰੂਹ ਦਾ ਰੰਗ ਵਖਰੇ ਵਖਰੇ ਫਿਕਰੇ ਬਣ ਕੇ ਆਪ-ਮੁਹਾਰੇ ਗੁੰਦੇ ਜਾ ਰਹੇ ਹੋਣ, ਅਰਸ਼ਾਂ ਤੋਂ ਕੋਈ ਮਾਖਿਓਂ ਦਾ ਮੀਂਹ ਪੈ ਰਿਹਾ ਹੋਵੇ।"[1]

ਅਦੁੱਤੀ ਸਿਰਜਣਾ ਦੇ ਪ੍ਰਭਾਵਸ਼ੀਲ ਬਿਆਨ, ਮਨਮੋਹਣੇ ਗੱਲੀਂ-ਬਾਤੀਂ ਅੰਦਾਜ਼ ਅਤੇ ਕਥਨ ਦੀ ਅਦਾਇਗੀ ਬਾਰੇ ਇਕ ਜ਼ਬਾਨਦਾਨ ਦਾ ਫ਼ਬਵਾਂ ਅਸਲ ਹੁੰਗਾਰਾ!

ਪੁਣ-ਛਾਣ ਤੋਂ ਪ੍ਰਾਪਤ ਵਿਸ਼ੇਸ਼ ਨੁਕਤੇ

(1) ਰਵਾਇਤੀ ਸੋਚ ਇਸ ਲਾਜਵਾਬ ਰਚਨਾ ਦੀ ਰਚਿਆਰਤਾ ਨੂੰ ਕਿਸੇ ਸੇਵਾ ਦਾਸ ਨਾਲ ਜੋੜਦੀ ਹੈ ਜੋ ਅਵਾਣਪੁਰੀ ਦੇ ਖੇਤਰ, ਪਿੰਡੀ ਘੇਬ ਦਾ ਰਹਿਣ ਵਾਲਾ ਸੀ।

(2) ਇਹ ਰਚਨਾ ਦੋ ਵਿਅਕਤੀਆਂ ਦੀ ਰਚਨਾਤਮਕ ਪ੍ਰਤਿਭਾ ਦਾ ਚਮਤਕਾਰ ਹੈ : ਸੁਲਤਾਨਪੁਰ ਨਿਵਾਸੀ ਸੀਹਾਂ ਉੱਪਲ ਜਿਸ ਦੀ ਰਚੀ *ਸਾਖੀ ਮਹਲੁ ਪਹਿਲੇ ਕੀ* ਦਾ ਪਾਠ ਇਸ ਵਿਚ ਵਿਲੀਨ ਹੋਇਆ ਹੈ ਅਤੇ ਸੈਦੋ ਜੱਟ ਜਾਤ ਘੇਹੋ, ਜਿਸ ਨੇ ਇਸ ਨੂੰ ਨਵਾਂ ਰੂਪ ਦਿੱਤਾ।

(3) ਸੈਦੋ ਗੁਰੂ ਅਰਜਨ ਦਾ ਸਿੱਖ ਮੁਜੰਗਾਂ, ਲਾਹੌਰ ਦਾ ਨਿਵਾਸੀ ਸੀ ਪਰ ਬਾਬਾ ਗੁਰਦਿੱਤਾ ਦੀ ਸਥਾਪਨਾ ਨਾਲ ਉਦਾਸੀ ਪ੍ਰਚਾਰਕ ਦੇ ਰੂਪ ਵਿਚ ਪਿਸ਼ਾਵਰ ਦੇ ਖੇਤਰ ਵਿਚ ਕਾਰਜਸ਼ੀਲ ਰਿਹਾ, 'ਚਰਣ ਮਝਾਰ ਕੇ' ਉਸ ਦਾ ਨਵਾਂ ਟਿਕਾਣਾ ਸੀ।

(4) ਸਿੱਖ ਰਵਾਇਤ ਸੈਦੋ ਨੂੰ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਤਕ ਸਰਗਰਮ ਰਹਿਣ ਵਾਲਾ ਅਤੇ ਬਾਬੇ ਦੇ ਸਫ਼ਰਾਂ ਦਾ ਸਾਥੀ ਮੰਨਦੀ ਹੈ, ਜੋ ਸਹੀ ਤੇ ਯਥਾਰਥ ਨਹੀਂ।

(5) ਸੈਦੋ ਅਤੇ ਸੀਹਾਂ ਸਮਕਾਲੀ ਨਹੀਂ ਸਨ, ਅਤੇ ਨਾ ਬਾਬੇ ਦੇ ਸਫ਼ਰਾਂ ਦੇ ਸਾਥੀ। ਸੀਹਾਂ ਉੱਪਲ ਬਾਬੇ ਦੇ ਸੁਲਤਾਨਪੁਰ ਦੇ ਨਿਵਾਸ ਵੇਲੇ ਦਾ ਪਹਿਲੇ ਪੂਰ ਦਾ ਸਿੱਖ ਅਤੇ ਬਾਬੇ ਦੇ ਚੋਜਾਂ ਦਾ ਸਾਖੀ ਜ਼ਰੂਰ ਸੀ।

---

1. *ਕਿਰਤੋਕਰ*, ਪੰਨਾ 182.

Scanned by CamScanner

3

ਰਚਨਾ ਕਾਲ

ਪਰਛਾਵਿਆਂ ਦੇ ਆਰ-ਪਾਰ

ਇਸ ਰਚਨਾ ਦੇ ਰਚਨਾ ਕਾਲ ਦਾ ਮੁੱਦਾ ਵੀ ਹੁਣ ਤਕ ਅਨਿਸਚਤ ਚਲਿਆ ਆ ਰਿਹਾ ਹੈ। ਇਸ ਵਿਸ਼ੇ 'ਤੇ ਪ੍ਰਕਾਸ਼ ਪਾਉਣ ਵਾਲੀ ਪ੍ਰਾਪਤ ਸਮੱਗਰੀ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨਹਾਰੀ ਵਿਦਵਤਾ ਦੀ ਘਾਟ ਕਾਰਨ, ਇਹ ਮਸਲਾ ਵੀ ਸੱਟੇਬਾਜ਼ਾਂ ਵਾਲੀ ਬੇਸਿੱਟਾ ਅਟਕਲਬਾਜ਼ੀ ਦਾ ਵਿਸ਼ਾ ਬਣਿਆ ਹੋਇਆ ਹੈ। 1883 ਈ. ਵਿਚ ਇਸ ਦੇ ਪਹਿਲੀ ਵਾਰ ਛਪਣ ਅਤੇ 1926 ਈ. ਹੋਏ ਸੰਪਾਦਨ ਤੋਂ ਲੈ ਕੇ ਹੁਣ ਤਕ ਦੇ ਲੰਬੇ ਅੰਤਰਾਲ ਦੌਰਾਨ ਇਸ ਸੰਬੰਧ ਵਿਚ ਕੋਈ ਗੁਣਾਤਮਕ ਪ੍ਰਾਪਤੀ ਨਹੀਂ ਹੋ ਸਕੀ। ਰਚਨਾ ਕਾਲ ਦੇ ਮੁੱਦੇ ਨੂੰ ਉਲਝਾਉਣ ਵਿਚ ਬਹੁਤ ਵੱਡਾ ਰੋਲ ਇਸ ਦੀ 'ਪੁਰਾਤਨ' ਵਜੋਂ ਸਥਾਪਤ ਹੋਈ ਤੁਕਹੀਣ ਪਰ ਸਰਵ ਪ੍ਰਵਾਨਤ ਪਛਾਣ ਦਾ ਵੀ ਹੈ, ਜਿਸ ਨੇ ਇਸ ਦੀ ਜਟਲਤਾ ਵਿਚ ਵਾਧਾ ਕੀਤਾ ਹੈ।

ਇਸ ਦੌਰ ਦੇ ਭਿੰਨ ਭਿੰਨ ਵਿਦਵਾਨਾਂ ਦੇ ਇਸ ਮੁੱਦੇ ਬਾਰੇ ਵਿਚਾਰਾਂ ਨੂੰ ਚਿਤਾਰਨ ਤੇ ਫੇਰ ਨਕਾਰਨ ਵਾਲਾ ਬੇਲੋੜਾ ਅਭਿਆਸ ਸਮੇਂ ਅਤੇ ਥਾਂ ਦੀ ਬਰਬਾਦੀ ਹੈ। ਤਾਂ ਵੀ, ਇਸ ਪ੍ਰਕਿਰਿਆ ਵਿੱਚੋਂ ਲੰਘੇ ਇਕ ਮੰਨੇ ਦੰਨੇ ਵਿਸ਼ਲੇਸ਼ਕ ਅਤੇ ਸੰਪਾਦਕ[1] ਦਾ ਲਾਇਆ ਤੋੜਾ ਹਵਾਲੇਯੋਗ ਹੈ:

> "ਪੁਰਾਤਨ ਜਨਮਸਾਖੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ 16 ਵਰ੍ਹੇ ਪਹਿਲਾਂ ਅਤੇ ਗੁਰੂ ਅਰਜਨ ਦੇ ਗੁਰ-ਗੱਦੀ ਉਪਰ ਬੈਠਣ ਤੋਂ 7 ਵਰ੍ਹੇ ਬਾਅਦ ਸੰਨ 1588 ਈ. (1645 ਬਿ.) ਵਿਚ ਹੋਈ ਸੀ।"

ਇਸ ਨਿਰਣੇ ਦਾ ਨੋਟਿਸ ਲਿਆ ਜਾਣਾ ਬਣਦਾ ਹੈ।

ਦਿਸ਼ਾਹੀਣ ਅਟਕਲਾਂ

ਉਕਤ ਨਿਰਣਾ ਚਲੰਤ ਭੰਬਲਭੂਸੇ ਵਾਲੇ ਪ੍ਰਤੱਖ ਦੀ ਪੁਨਰ ਉਕਤੀ ਹੀ ਹੈ ਜਾਂ ਫਿਰ ਆਪਣੀ 1640 ਈ. ਵਾਲੀ ਕੌਤਕੀ ਆਧਾਰ ਪੋਥੀ ਦੀ ਉੱਚਤਤਾ ਸਥਾਪਤ ਕਰਨ ਦਾ ਲੰਡਾ ਢੰਗ ਅਤੇ ਪ੍ਰੇਰਤ ਹੈ ਮੈਕਾਲਿਫ਼[2] ਦੇ ਇਸ ਦਾਅਵੇ ਤੋਂ ਕਿ ਉਸ ਪਾਸ ਇਸ ਮਿਤੀ ਵਾਲਾ ਇਕ ਨੁਸਖ਼ਾ ਸੀ। ਨੁਸਖ਼ਾ ਪੜਤਾਲ ਲਈ ਪ੍ਰਾਪਤ ਨਹੀਂ

---

1. ਰਤਨ ਸਿੰਘ ਜੱਗੀ, *ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ*, ਪੰਨਾ 50.
2. *The Sikh Religion*, Vol. I, p. Lxxxvi.

Scanned by CamScanner

ਤੇ ਇਸ ਕਥਨ ਨੂੰ ਸਵੀਕਾਰਨ ਲਈ ਸਾਡੇ ਕੋਲ ਹੋਰ ਕੋਈ ਕਾਰਨ ਵੀ ਨਹੀਂ। ਜੇ ਸੱਚਮੁੱਚ ਨੁਸਖ਼ਾ ਉਸ ਕੋਲ ਸੀ ਤਾਂ ਉਹ ਪੁਰਾਤਨ, ਜਿਵੇਂ ਅਸੀਂ ਇਸ ਨੂੰ ਜਾਣਦੇ ਹਾਂ, ਦਾ ਨਾ ਹੋ ਕੇ *ਸਾਖੀ ਮਹਲੁ ਪਹਿਲੇ ਕੀ* ਦਾ ਹੋਵੇਗਾ।

ਇਸ ਰਚਨਾ ਦੀ ਰਚਿਆਰਤਾ ਦੇ ਦੂਹਰੀ ਹੋਣ ਵਾਲੀ ਸਥਿਤੀ, ਇਸ ਦੇ ਰਚਨਾ ਕਾਲ ਨਿਰਨੀਤ ਕਰਨ ਵਿਚ ਵੀ ਅੜਿੱਕਾ ਬਣ ਰਹੀ ਹੈ। ਸੀਹਾਂ ਉੱਪਲ ਵਾਲੇ ਹਿੱਸੇ ਦਾ ਰਚਨਾ ਕਾਲ ਨਿਰਣਾਇਕ ਰੂਪ ਵਿਚ 1569-74 ਈ. ਅਤੇ ਰਚਨਾ ਸਥਾਨ ਸੁਲਤਾਨਪੁਰ ਸਥਾਪਤ ਹੋ ਸਕਿਆ ਹੈ। ਹੁਣ, ਵੇਖਣਾ ਬਾਕੀ ਹੈ ਕਿ ਸੈਦੋ ਦੀ ਸਿਰਜੀ *ਸਾਖੀ ਬਾਬੇ ਨਾਨਕ ਜੀ ਕੀ* ਕਿਸ ਸਮੇਂ ਸੰਪੰਨ ਹੋਈ ? ਇਸ ਸੰਬੰਧ ਵਿਚ ਹੋਈ ਹੁਣ ਤਕ ਦੀ ਅਟਕਲਪੱਚੂ ਜੰਕ ਖੋਜ ਕੋਈ ਸਹਾਇਤਾ ਨਹੀਂ ਕਰਦੀ। ਨੀਝਵਾਨ ਅਤੇ ਚੰਗੇਰੀ ਸੂਝ ਵਾਲੇ ਵਿਦੇਸ਼ੀ ਵਿਦਵਾਨ ਡਬਲਯੂ.ਐੱਚ. ਮੈਕਲੋਡ[1] ਨੇ ਇਸ ਨੂੰ ਠੀਕ, ਮਿਸ਼ਰਤ ਰਚਨਾ ਮੰਨਦਿਆਂ, 17ਵੀਂ ਸਦੀ ਦੇ ਗੱਭਲੇ ਦਹਾਕੇ ਦੀ ਕਿਸੇ ਸੰਭਾਵੀ ਮਿਤੀ ਦੀ ਰਚਨਾ ਮੰਨਿਆ ਹੈ; ਲੇਖਕ ਦਾ ਖ਼ਿਆਲ ਹੈ ਕਿ ਇਸ ਤੋਂ ਅੱਗੇ ਨਹੀਂ ਜਾਇਆ ਜਾ ਸਕਦਾ—ਇਕ ਸਿਆਣੇ ਦਾ ਲਗਭਗ ਸਹੀ ਕਿਆਫ਼ਾ! ਹੁਣ, ਇਸ ਨਿਰਣੇ ਦੀ ਸਚਾਈ ਸਿੱਧ ਕਰ ਸਕਣਾ ਵੀ ਸੰਭਵ ਲੱਗਦਾ ਹੈ।

ਆਧਾਰ ਸਮੱਗਰੀ ਨਵੀਂ ਹੋਣ ਦਾ ਦਾਅਵਾ ਨਹੀਂ, ਪਰ ਨਵੀਂ ਘੋਖਵੀਂ ਪੜਤਾਲ ਨੇ ਇਹ ਸਾਬਤ ਕੀਤਾ ਹੈ ਕਿ *ਪੁਰਾਤਨ* ਅਤੇ *ਜਨਮ ਸਾਖੀ ਬਾਲਾ* ਸਮਕਾਲੀਨ ਅਤੇ ਸੁਭਾਅ ਵਜੋਂ ਪ੍ਰਤੀਕਿਰਿਅਕ ਰਚਨਾਵਾਂ ਹਨ।[2] *ਪੁਰਾਤਨ* ਦੀ ਉਤਪ੍ਰੇਰਕ *ਜਨਮ ਸਾਖੀ ਬਾਲਾ* ਦਾ ਸੁਨਿਸਚਤ ਪਾਠ ਅਤੇ ਪੱਕੇ ਰਚਨਾ ਕਾਲ ਦੀ ਟੇਕ ਨਾਲ *ਪੁਰਾਤਨ ਜਨਮ ਸਾਖੀ* ਦੇ ਸੈਦੋ ਵਾਲੇ ਪਾਠ ਦੇ ਰਚਨਾ ਕਾਲ ਬਾਰੇ ਸੁਨਿਸਚਤ ਹੋਇਆ ਜਾ ਸਕਦਾ ਹੈ।

ਦੋਹਰੇ ਰਚਨਾ ਕਾਲ ਅਤੇ ਸਥਾਨ

ਗੋਰਖ ਦਾਸ ਦੀ ਘੜੀ ਅਤੇ ਸਿੱਖ ਗ੍ਰੰਥਕਾਰਾਂ ਦੀ ਪਰਪੱਕ ਕੀਤੀ ਮਿੱਥ ਅਨੁਸਾਰ ਤਾਂ *ਜਨਮ ਸਾਖੀ ਬਾਲਾ* ਸੰਮਤ 1582 ਵਿਚ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਬਾਲੇ ਲਿਖਵਾਈ ਅਤੇ ਪੈੜੇ ਮੋਖੇ ਨੇ ਲਿਖੀ ਹੈ; ਅੱਗੋਂ ਇਸ ਦਾ ਸ਼ਾਖਾ ਪਸਾਰ, ਜੋ ਇਕ ਸਿੱਖ ਗ੍ਰੰਥਕਾਰ ਦੀ ਕਲਪਣਾ ਦੀ ਖ਼ਾਸ ਦੇਣ ਹੈ, ਇਸ ਨੂੰ ਹੰਦਾਲੀਆਂ ਵੱਲੋਂ ਵਿਗਾੜੇ ਜਾਣਾ ਅਤੇ ਅਸਲ ਪੋਥੀ ਨੂੰ ਬਿਆਸ ਵਿਚ ਰੋੜ੍ਹੇ ਜਾਣਾ ਮੰਨਦਾ ਹੈ। ਡੂੰਘੀ ਪੜਤਾਲ ਨੇ ਇਸ ਆਧਾਰਹੀਣ ਮਨੌਤ ਨੂੰ ਨਕਾਰ ਕੇ ਇਹ ਸਥਾਪਤ ਕੀਤਾ ਹੈ ਕਿ ਇਹ ਜਨਮਸਾਖੀ ਰੜੇ, ਲਾਹੌਰ ਵਿਚ, ਲਾਲਾ ਪੰਨੂ ਦੇ ਪ੍ਰਬੰਧ ਹੇਠ, ਹੰਦਾਲ ਦੇ ਵਿਲਾਸੀ ਉੱਤਰਾਧਿਕਾਰੀ ਬਿਧੀ ਚੰਦ ਦੀ ਮਾਇਆ ਤੇ ਆਦੇਸ਼ ਨਾਲ, ਬਾਲ ਚੰਦ ਘਣਗਸ ਉਰਫ਼ 'ਬਾਲਾ' ਦੀਆਂ ਹੀਣੀਆਂ ਹੁੱਜਤਾਂ ਸਦਕਾ, ਗੋਰਖ ਦਾਸ ਲਾਹੌਰੀਏ ਨੇ 1656-59 ਈ. ਦੀ ਅਵਧੀ ਵਿਚ ਲਿਖੀ ਅਤੇ ਸੰਪੰਨ ਕੀਤੀ।[3] ਜੋ

1. *Early Sikh Tradition*, p. 28.
2. ਵੇਖੋ, *ਸਿੱਖਾਂ ਦੀ ਭਗਤਮਾਲਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1913, ਪੰਨੇ 196-200.
3. ਵੇਖੋ, *ਸਾਖੀ ਮਹਲੁ ਪਹਿਲੇ ਕੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1914, ਪੰਨੇ 135-37.

Scanned by CamScanner

ਲੋੜ ਹੋਵੇ ਤਾਂ ਦੁਹਰਾਇਆ ਜਾ ਸਕਦਾ ਹੈ ਕਿ *ਪੁਰਾਤਨ* ਦੀ ਸਿਰਜਣਾ, ਗੋਰਖ ਦਾਸ ਰਚਿਤ *ਪਰਚੀ ਹੰਦਾਲ* (1645 ਈ.) ਅਤੇ ਬਾਲੇ ਦੇ ਨਾਂ ਨਾਲ ਪ੍ਰਚੱਲਿਤ 'ਜਨਮਸਾਖੀ' ਦੀ ਉਕਸਾਹਟ ਤੋਂ ਪ੍ਰੇਰਤ ਹੈ। ਇਹ ਤੱਥ ਵੀ ਹੁਣ ਤਸੱਲੀਬਖ਼ਸ਼ ਰੂਪ ਵਿਚ ਸਥਾਪਤ ਹੋ ਚੁੱਕਾ ਹੈ ਕਿ ਦੋਵਾਂ ਸਾਖੀਕਾਰਾਂ ਦੀ ਪਰਸਪਰ ਕਿਰਿਆ-ਪ੍ਰਤੀਕਿਰਿਆ ਇਕ ਦੂਜੇ ਦੀ ਰਚਨਾ ਦੇ ਪਾਠ ਵਿਚ ਦੂਰ-ਗਸੀ ਤਬਦੀਲੀਆਂ ਕਰਨ ਕਰਾਉਣ ਦਾ ਕਾਰਨ ਬਣੀ। ਸਾਡੀ ਰਵਾਇਤੀ ਸੋਚ *ਪੁਰਾਤਨ* ਨੂੰ ਸਾਖੀ ਪਰੰਪਰਾ ਦੀ ਅਰੰਭਕ ਰਚਨਾ ਮੰਨਦੀ ਆਈ ਹੈ, ਜਿਸ ਦੇ ਸਿੱਟੇ ਵਜੋਂ ਇਹ ਧਾਰਨਾ ਬਣੀ ਕਿ *ਜਨਮ ਸਾਖੀ ਬਾਲਾ* ਦੇ ਸਾਖੀਕਾਰ ਨੇ *ਪੁਰਾਤਨ* ਦੇ ਬਿਰਤਾਂਤ ਤੋਂ ਲਾਭ ਲਿਆ। ਅਸਲੀਅਤ ਇਹ ਹੈ ਕਿ *ਜਨਮ ਸਾਖੀ ਬਾਲਾ* ਦੇ ਪਾਠ ਵਿਚ ਜੋ *ਪੁਰਾਤਨ* ਦੇ ਅੰਸ਼ ਵਿਦਵਾਨਾਂ ਨੂੰ ਨਜ਼ਰ ਆਏ ਹਨ, ਦਰਅਸਲ, ਉਹ ਸਿੱਧੇ *ਸਾਖੀ ਮਹਲੁ ਪਹਿਲੇ ਕੀ* ਦੇ ਸਰੋਤ ਤੋਂ ਜਾਂ *ਆਦਿ ਸਾਖੀਆਂ* ਅਤੇ ਮਿਹਰਵਾਨ ਟਕਸਾਲ ਦੀਆਂ ਰਚਨਾਵਾਂ ਰਾਹੀਂ ਆਏ ਹਨ, ਤਥਾ-ਕਥਿਤ *ਪੁਰਾਤਨ* ਤੋਂ ਨਹੀਂ। ਇਹ ਵਿਆਪਕ ਪਰ ਨਿਰਾਧਾਰ ਧਾਰਨਾ ਰਚਨਾ ਕਾਲ ਸੰਬੰਧੀ ਬੇਮਿਸਾਲ ਭੰਬਲਭੂਸੇ ਦਾ ਕਾਰਨ ਬਣੀ। ਮਾਮਲਾ ਸਿੱਧਾ ਕਰਨ ਲਈ ਜ਼ਰੂਰੀ ਹੈ ਕਿ ਇਸ ਸੰਬੰਧ ਵਿਚ ਨਿਤਾਰਾ ਕਰਨਹਾਰੇ ਤੱਥਾਂ ਦਾ ਜਾਇਜ਼ਾ ਲਿਆ ਜਾਏ।

ਬਾਲਾ ਮਾਰਕਰ

ਇਸ ਤੱਥ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਹਰ ਪੂਰਵਰਤੀ ਰਚਨਾ ਵਾਂਗ *ਪੁਰਾਤਨ* ਨੇ ਵੀ ਆਪਣੀ ਤੋਂ ਪਹਿਲਾਂ ਲਿਖੀ *ਜਨਮ ਸਾਖੀ ਬਾਲਾ* ਤੋਂ ਭਿੰਨ ਭਿੰਨ ਕਿਸਮ ਦੇ ਪ੍ਰਭਾਵ ਲਏ ਹਨ; ਇਸ ਤੱਥ ਨੂੰ ਪ੍ਰਮਾਣਿਤ ਕਰਨ ਲਈ ਬਿਰਤਾਂਤ ਦੀ ਸਾਂਝ ਦੀਆਂ ਕੁਝ ਤੱਤ ਉਦਾਹਰਣਾਂ ਦਾ ਮੁਲਾਹਜ਼ਾ ਲਾਹੇਵੰਦ ਰਹੇਗਾ :

(i) *ਪੁਰਾਤਨ*[1] ਦੇ ਬਿਰਤਾਂਤ ਦੀ ਸਾਖੀ 14 (ਗੋਸ਼ਟ ਸ਼ੇਖ਼ ਸ਼ਰਫ) ਵਿਚ ਬਾਬੇ ਅਤੇ ਸ਼ੇਖ਼ ਦੇ ਫ਼ਕੀਰੀ ਵੇਸ, ਖ਼ਫ਼ਨੀ, ਕੁਪੀਨ, ਪਾਓਪੋਸ਼ ਅਤੇ ਦਰਵੇਸ਼ੀ ਵਿਹਾਰ ਨਾਲ ਸੰਬੰਧਤ ਪੁੱਛ-ਗਿੱਛ, ਸਿੱਧੀ *ਬਾਲਾ*[2] ਦੀ ਸਾਖੀ 54 ਦੀ ਸ਼ੈਲੀ, ਬੋਲੀ ਅਤੇ ਵਸਤੂ ਦੇ ਪ੍ਰਭਾਵ ਹੇਠ, ਪਰ ਵਧੇਰੇ ਚੌਕਸੀ ਨਾਲ ਅਨੁਕੂਲੀ ਹੋਈ ਸਮੱਗਰੀ ਹੈ।

(ii) ਝੰਡਾ ਬਾਢੀ, ਮੰਜੀ, ਵਿਸੀਅਰ ਦੇਸ ਛੁਟਘਾਟ, *ਪੁਰਾਤਨ* ਸਾਖੀ 29, ਦਾ ਸਰੋਤ *ਬਾਲਾ* ਸਾਖੀ 26 ਹੈ; ਪੂਰਬਵਰਤੀ ਸਾਖੀ ਪਰੰਪਰਾ ਵਿਚ ਇਸ ਦਾ ਨਾਮੋ-ਨਿਸ਼ਾਨ ਨਹੀਂ ਮਿਲਦਾ।

(iii) ਸ਼ੇਖ਼ ਬਜੀਦ *ਪੁਰਾਤਨ* ਸਾਖੀ 16, *ਬਾਲਾ* ਦੀ ਸਾਖੀ 66, ਅਦਹਮਾਨ ਦਾ ਹੀ ਬਦਲਿਆ ਰੂਪ ਹੈ।

(iv) *ਪੁਰਾਤਨ* ਸਾਖੀ 44 ਆਦਮਖ਼ੋਰ ਰਾਖਸ਼ ਨਾਲ ਸੰਬੰਧਤ ਹੈ, ਇਸ ਨੂੰ 'ਕੌਡਾ'

1. '*ਪੁਰਾਤਨ*' ਸੰਕੇਤ ਹੈ ਭਾਈ ਵੀਰ ਸਿੰਘ ਦੀ ਸੰਪਾਦਿਤ, ਇਸੇ ਨਾਂ ਦੀ ਜਨਮਸਾਖੀ ਦਾ।
2. '*ਬਾਲਾ*' ਤੋਂ ਭਾਵ ਗੁਰਬਚਨ ਕੌਰ ਦੀ ਸੰਪਾਦਿਤ *ਜਨਮ ਸਾਖੀ ਭਾਈ ਬਾਲਾ* ਹੈ।

Scanned by CamScanner

ਨਾਂ ਦੇਣ ਅਤੇ ਗੁਰੂ ਅਰਜਨ ਦੇ ਸ਼ਬਦ 'ਫੂਟੋ ਆਂਡਾ ਭਰਮ ਕਾ', ਇਸ ਵਿਚ ਜੋੜਨ ਦੀ ਪਹਿਲ *ਬਾਲਾ* ਸਾਖੀ 22 ਵਿਚ ਹੋਈ। *ਪੁਰਾਤਨ* ਵਾਲਾ 'ਕਉੜਾ' ਭਾਈ ਵੀਰ ਸਿੰਘ ਦਾ *ਬਾਲਾ* ਪ੍ਰੇਰਤ ਆਧੁਨਿਕ ਦਖ਼ਲ ਹੈ; ਸਾਖੀ ਪਰੰਪਰਾ ਜਾਂ *ਪੁਰਾਤਨ* ਦੇ ਕਿਸੇ ਨੁਸਖ਼ੇ ਵਿਚ ਰਾਖਸ਼ ਦਾ ਨਾਂ ਨਹੀਂ ਮਿਲਦਾ, ਸਿਵਾਏ ਰਤਨ ਸਿੰਘ ਜੱਗੀ ਦੀ 'ਆਧਾਰ ਪੋਥੀ' ਦੇ—ਇਸ ਵਿਚ *ਪੁਰਾਤਨ* ਵਾਲਾ ਹਰ ਅੰਸ਼ ਮਿਲਣ ਦੀ ਸੰਭਾਵਨਾ ਮੌਜੂਦ ਹੈ।

(v) *ਪੁਰਾਤਨ* ਦਾ ਮਖਦੂਮ ਬਹਾਵਦੀ ਵਾਲਾ ਪ੍ਰਸੰਗ 55, *ਬਾਲਾ* ਸਾਖੀ 68, 70 'ਉਚ ਦੇ ਸਯਦ ਜਲਾਲ' ਦਾ ਸਿਆਣਪ ਨਾਲ ਢਾਲਿਆ-ਮੇਲਿਆ ਰੂਪ ਹੈ, ਪਰ ਇਸ ਨੂੰ *ਬਾਲਾ* ਦੇ ਉਲਟ ਗੁਰੂ ਬਾਬੇ ਦੀ ਅਰਥ ਭਰਪੂਰ ਮਹਿਮਾ ਦੇ ਪਸਾਰ ਲਈ ਵਰਤਿਆ ਹੈ।

(vi) ਸ਼ਿਵਨਾਭ ਨੂੰ ਸਿੰਘਲਾਦੀਪ ਨਾਲ ਜੋੜਨ ਦੀ ਪਹਿਲ *ਬਾਲਾ* ਸਾਖੀ 21 ਵਿਚ ਹੋਈ, ਜਿਸ ਤੋਂ ਪ੍ਰੇਰਤ ਹੋ ਕੇ *ਪੁਰਾਤਨ* ਦੇ ਲੇਖਕ ਨੇ ਆਪਣੀ ਰਚਨਾ *ਪ੍ਰਾਣ-ਸੰਗਲੀ* ਤੇ ਸ਼ਿਵਨਾਭ ਸਾਖੀ 47 ਨੂੰ ਵੀ ਸਿੰਘਲਾਦੀਪ ਨਾਲ ਸੰਬੰਧਤ ਕਰ ਦਿੱਤਾ; ਅਤੇ ਬਾਅਦ ਵਿਚ, ਸ਼ਰਾਰਤ ਵਜੋਂ, *ਬਾਲੇ* ਵਾਲੇ ਫ਼ਰਜ਼ੀ ਲਿਖਾਰੀ ਪੈੜੇ ਮੋਖੇ ਨੂੰ ਵੀ ਲੰਕਾ ਤੋਂ ਇਸ ਨੂੰ ਮੰਗਵਾਉਣ ਲਈ ਪਾਂਡੀ ਵਜੋਂ ਨਾਲ ਜੋੜ ਦਿੱਤਾ।

(vii) *ਬਾਲਾ* ਸਾਖੀ 60 ਬਾਬਰ ਦੀ ਬੰਦ ਵਾਲੇ ਪ੍ਰਸੰਗ ਵਿਚਲੇ ਮਹੱਤਵਪੂਰਨ ਤੱਤਾਂ ਦਾ ਵੱਡਾ ਭਾਗ, ਸਮੇਤ ਬਾਬੇ ਦੀ ਚੱਕੀ ਆਪੇ ਫਿਰਨ ਵਾਲੇ ਮਾਰਕਰ ਦੇ, *ਪੁਰਾਤਨ* ਸਾਖੀ 35 ਵਿਚ ਸਮੋਏ ਹੋਏ ਹਨ। ਪਰ *ਬਾਲਾ* ਸਾਖੀ 57 ਮੰਵਿਤ ਰੰਘੜੀ ਵਾਲੇ ਲਾਲੋ ਨੂੰ ਇਸ ਪ੍ਰਸੰਗ ਵਿੱਚੋਂ ਬਾਹਰ ਰੱਖਿਆ ਹੈ।

ਪੁਰਾਤਨ ਦੇ ਪਾਠ ਵਿਚ ਪ੍ਰਾਪਤ ਉਪਰੋਕਤ ਬਾਲਾ-ਮਾਰਕਰ ਇਸ ਤੱਥ ਦੇ ਪ੍ਰਮਾਣ ਹਨ ਕਿ ਗੋਰਖ ਦਾਸ ਦੀ ਰਚਨਾ ਦਾ ਪਹਿਲਾ ਬਾਲਾ-1 ਰੂਪਾਂਤਰ 1656-57 ਈ. ਵਿਚ ਤਿਆਰ ਹੋਇਆ ਅਤੇ ਇਸ ਦੀ ਇਕ ਕਾਪੀ ਸੈਦੋ ਕੋਲ ਪੁੱਜੀ, ਜਿਸ ਨੂੰ ਉਸ ਨੇ ਘੋਖਿਆ ਅਤੇ *ਪੁਰਾਤਨ* ਵਾਲੇ ਆਪਣੇ ਬਿਰਤਾਂਤ ਦੀ ਉਸਾਰੀ ਵਿਚ ਵਰਤਿਆ, ਉਸ ਦੀਆਂ ਵਧੀਕੀਆਂ ਦਾ ਢੁਕਵਾਂ ਬਣਦਾ ਮੋੜ ਵੀ ਕੀਤਾ। ਇਸ ਸਮੇਂ ਉਹ ਪਿਸ਼ਾਵਰ ਨੇੜੇ 'ਚਰਣ ਮਝਾਰ ਕੇ' ਵਿਚ ਰਹਿੰਦਾ ਸੀ। ਇਹੋ ਇਸ ਦਾ ਰਚਨਾ-ਸਥਾਨ ਹੈ। ਇਸ ਲੇਖੇ, *ਪੁਰਾਤਨ* ਦੀ ਸਿਰਜਣਾ ਦਾ ਮੁੱਢ 1657-58 ਈ. ਵਿਚ ਹੀ ਬੱਝਿਆ ਨਿਸਚਤ ਹੁੰਦਾ ਹੈ। ਦੋਵਾਂ ਰਚਨਾਵਾਂ ਵਿਚਲੀ ਸਾਖੀ ਸਮੱਗਰੀ ਦੀ ਪ੍ਰਤੱਖ ਸਾਂਝ ਤੋਂ ਹੀ ਸਾਹਿਬ ਸਿੰਘ[1] ਵਰਗੇ ਸਿਆਣੇ ਨੂੰ ਇਨ੍ਹਾਂ ਦੇ ਇੱਕੋ ਰਚਿਆਰ ਦੀ ਰਚਨਾ ਹੋਣ ਦਾ ਭਰਮ ਪਿਆ ਸੀ। ਸ਼ੁਕਰ ਹੈ, ਇਨ੍ਹਾਂ ਵਿੱਚੋਂ ਕਿਸੇ ਇਕ ਦੀ ਵੀ ਰਚਿਆਰਤਾ ਨਿਸਚਤ ਨਹੀਂ ਸੀ, ਵਰਨਾ ਰਚਿਆਰਾਂ ਵਾਲੀ ਵਿਪਰੀਤ ਦਾਅਵੇਦਾਰੀ ਦੀ ਡਾਂਗ ਵੀ ਖੜਕੀ ਹੁੰਦੀ।

ਗੋਰਖ ਸੈਦੋ ਸੰਬੰਧ

ਲਹੌਰੀਏ ਗੋਰਖ ਦਾਸ ਅਤੇ ਪਸ਼ੌਰੀਏ ਸੈਦੋ ਜੱਟ ਦਾ ਸੰਸਾਰ, ਲੰਬੀਆਂ ਵਿੱਥਾਂ

1. *ਆਦਿ ਬੀੜ ਬਾਰੇ*, ਅੰਮ੍ਰਿਤਸਰ, 2003, ਪੰਨਾ 204.

Scanned by CamScanner

ਦੇ ਬਾਵਜੂਦ ਆਪਸ ਵਿਚ ਜੁੜਿਆ ਹੋਇਆ ਸੀ; ਸੈਦੋ ਪ੍ਰਚਾਰਕ ਨੂੰ ਲਿਖਾਰੀ ਗੋਰਖ ਦੀ ਕਲਮੀ ਸੇਵਾ ਦੀ ਲੋੜ ਸੀ। ਗੋਰਖ ਦਾਸ ਦੀ ਉਪਜੀਵਕਾ ਦਾ ਸਾਧਨ ਗੁਰਬਾਣੀ ਜਾਂ ਗੁਰਮੁਖੀ ਲਿਖਤਾਂ ਦੇ ਉਤਾਰੇ ਸਨ। ਸਮਕਾਲੀ, ਨਗਰ ਨਿਵਾਸੀ ਅਤੇ ਮਿੱਤਰ ਸਨ ਅਤੇ ਵੱਡੀ ਸਾਂਝ ਰਚਨਾਤਮਕ ਰੁਚੀਆਂ ਦੀ ਸੀ, ਜਿਸ ਕਰਕੇ ਨਿਰੰਤਰ ਸੰਪਰਕ ਬਣਿਆ ਰਿਹਾ। ਹੰਦਾਲ-ਕਿਆਂ ਦੀ ਮਾਇਆ ਨਾਲ ਮਾਲੋ-ਮਾਲ ਅਤੇ ਨਿਹਾਲ ਹੋਇਆ ਗੋਰਖ ਦਾਸ ਉਨ੍ਹਾਂ ਦੀ ਕਲਮੀ ਸੇਵਾ ਵਿਚ ਤਤਪਰ ਰਿਹਾ, ਪਰ ਉਨ੍ਹਾਂ ਦੀਆਂ ਗਤੀ-ਵਿਧੀਆਂ ਤੋਂ ਸੈਦੋ ਨੂੰ ਵੀ ਜਾਣੂ ਕਰਵਾਉਂਦਾ ਰਿਹਾ, ਜੋ ਉਸ ਦੀ ਸ਼ਖ਼ਸੀਅਤ ਦਾ ਆਦਰਯੋਗ ਮਾਨਵੀ ਪਹਿਲੂ ਹੈ। *ਪਰਚੀ ਹੰਦਾਲ* ਦਾ ਉਤਾਰਾ ਸੈਦੋ ਕੋਲ ਹੋਣ ਅਤੇ *ਜਨਮ ਸਾਖੀ ਬਾਲਾ* ਦਾ ਪਹਿਲਾ ਮਸੌਦਾ *ਜਨਮ ਪਤ੍ਰੀ ਨਾਨਕ ਵੇਦੀ ਕੀ* ਦਾ ਉਤਾਰਾ ਤੁਰੰਤ ਉਸ ਕੋਲ ਪੁੱਜਣ ਤੋਂ ਇਨ੍ਹਾਂ ਦੇ ਨੇੜਲੇ ਸੰਬੰਧਾਂ 'ਤੇ ਰੋਸ਼ਨੀ ਪੈਂਦੀ ਹੈ।

ਉਸ ਦੀ ਆਪਣੀ ਰਚਨਾ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਵੀ ਕਿਤਾਬਤ ਅਤੇ ਸ਼ਾਇਦ, ਅੱਗੋਂ ਉਤਾਰਿਆਂ ਹਿਤ ਗੋਰਖ ਦਾਸ ਕੋਲ ਪੁੱਜੀ, ਠੀਕ ਉਸ ਸਮੇਂ ਜਦੋਂ ਹੰਦਾਲੀ ਕਾਰਜ-ਨੀਤੀ ਦੇ ਘੜਨਹਾਰ ਅਤੇ ਮਨਸੂਬੇਬਾਜ਼ ਲਾਲਾ ਪੰਨੂ ਨੇ ਆਪਣੇ ਸਾਰੇ ਸਾਧਨ ਅਤੇ ਵਸੀਲੇ ਵਰਤ ਕੇ *ਜਨਮ ਸਾਖੀ ਬਾਲਾ* ਦੇ ਸਚਿੱਤਰ ਰੂਪਾਂਤਰ ਬਾਲਾ-2 ਦੀ ਤਿਆਰੀ ਅਰੰਭੀ ਹੋਈ ਸੀ ਅਤੇ ਇਸ ਕਾਰਜ ਦੀ ਵਾਗਡੋਰ, 1658 ਈ. ਵਿਚ ਬਿਧੀ ਚੰਦ ਦੀ ਮੌਤ ਉਪਰੰਤ, ਉਸ ਦੇ ਵੱਡੇ ਭਾਈ ਬਾਲ ਚੰਦ ਘਣਗਸ ਉਰਫ਼ 'ਬਾਲਾ ਸੰਧੂ' ਦੇ ਹੱਥਾਂ ਵਿਚ ਸੀ। ਸੈਦੋ ਦੀ ਰਚਨਾ ਤੋਂ ਪ੍ਰੇਰਤ ਪ੍ਰਤਿਕ੍ਰਮ, ਬਾਲਾ-2 ਦੇ ਚਿਤਰਣ ਤਥਾ ਲਿਖਾਈ ਦੇ ਨਾਲੋ-ਨਾਲ, ਇਸ ਵਿਚ ਦਰਜ ਕੀਤੇ ਗਏ;[1] ਮੁੱਢਲੀਆਂ ਦੋ ਅਤੇ ਅਖ਼ੀਰਲੀ ਸਾਖੀ, ਅੰਦਰ ਬਿਰਤਾਂਤ ਵਿਚ ਚਾਰ ਥਾਵਾਂ 'ਤੇ ਕੀਤੇ ਵਾਧੇ ਬਾਲਾ-2 ਰੂਪਾਂਤਰ ਦੀਆਂ ਮੁੱਖ ਨਿਸ਼ਾਨੀਆਂ ਹਨ।

ਜੇ ਗੋਰਖ ਦਾਸ ਹੰਦਾਲੀਆਂ ਦਾ ਸਵਾਲ ਹੈ, ਤਾਂ ਸੈਦੋ ਹੈ ਮੁੱਖ ਧਾਰਾ ਦਾ ਜਵਾਬ, ਜਿਸ ਦੇ ਇਥੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਕਿਉਂਕਿ ਉਦੇਸ਼ ਕੇਵਲ *ਜਨਮ ਸਾਖੀ ਬਾਲਾ* ਦੀ ਮਿਤੀ ਵਾਲੇ ਪੱਕੇ ਠੱਡੇ ਦੀ ਸਹਾਇਤਾ ਨਾਲ ਤਥਾ-ਕਥਿਤ *ਪੁਰਾਤਨ* ਦੇ ਨਿਰਮਾਣ ਦਾ ਸਮਾਂ ਨਿਸਚਤ ਕਰਨ ਦਾ ਹੈ, ਜੋ ਉਕਤ ਵਿਚਾਰ ਚਰਚਾ ਤੋਂ ਪ੍ਰਾਪਤ ਨਤੀਜੇ ਅਨੁਸਾਰ 1657-58 ਈ. ਦਾ ਹੀ ਬਣਦਾ ਹੈ। ਇਸ ਨਾਲ ਰਚਨਾ ਕਾਲ ਸੰਬੰਧੀ ਹੁਣ ਤਕ ਦੇ ਲਾਏ ਗਏ ਅਟਕਲਪੱਚੂ ਕਿਆਫ਼ੇ ਬਿਨਾਂ ਚਿਤਾਰੇ ਆਪਣੇ ਆਪ ਨਕਾਰੇ ਜਾਂਦੇ ਹਨ।

ਬਾਲਾ-ਭਰਮ-ਭੂਤ ਨਿਵਾਰਨ

ਬਾਲਾ ਮਾਰਕਰਾਂ ਦੀ ਨਿਸ਼ਾਨਦੇਹੀ ਵਾਲੇ ਪਿਛਲੇ ਪੰਨ ਵਿਚ ਦੋਵਾਂ ਰਚਨਾਵਾਂ ਵਿਚਲੀ ਸਾਖੀ ਸਮੱਗਰੀ ਦੀ ਪਰਸਪਰ ਲੈਣ-ਦੇਣ ਵਾਲੀ ਪ੍ਰਤੱਖ ਸਾਂਝ ਤੋਂ ਇਲਾਵਾ

1. ਇਸ ਦਾ ਸੰਮਤ 1715 ਮਾਘ ਸੁਦੀ 6 (ਜਨਵਰੀ 1659) ਨੂੰ ਮੁਕੰਮਲ ਹੋਇਆ ਨੁਸਖ਼ਾ ਮੂਲ ਰੂਪ ਵਿਚ, ਪਿਆਰੇ ਲਾਲ ਕਪੂਰ ਦੀ ਸੰਤਾਨ ਪਾਸ, ਹੌਜ਼ ਕਾਜ਼ੀ, ਦਿੱਲੀ, ਸਾਂਭਿਆ ਹੋਇਆ ਦੱਸੀਂਦਾ ਹੈ। ਵੇਖੋ, *ਜਨਮਸਾਖੀ ਭਾਈ ਬਾਲਾ*, ਸੰਪਾਦਕ ਡਾ. ਗੁਰਬਚਨ ਕੌਰ, ਪੰਨਾ 149.

Scanned by CamScanner

ਸਮਕਾਲੀਨ ਅਤੇ ਪ੍ਰਤਿਕਿਰਿਅਕ ਰਚਨਾਵਾਂ ਹੋਣ ਵਾਲੇ ਸਥਾਪਤ ਹੋਏ ਤੱਥਾਂ ਦੇ ਸਨਮੁਖ, ਸਵਾਲ ਖੜਾ ਹੁੰਦਾ ਹੈ ਕਿ ਇਨ੍ਹਾਂ ਵਿਚ ਬਾਲੇ ਅਤੇ ਲਾਲੋ ਵਾਲੀ ਸਾਂਝ ਕਿਉਂ ਨਹੀਂ ? *ਜਨਮ ਸਾਖੀ ਬਾਲਾ* ਦੀ ਨਵੇਕਲੀ ਪਹਿਚਾਣ ਦੇ ਮੁੱਖ ਚਿੰਨ੍ਹ (hallmark) ਤਥਾ-ਕਥਿਤ ਤਲਵੰਡੀ ਨਿਵਾਸੀ ਬਾਲਾ ਸੰਧੂ ਵਲਦ ਚੰਦਰ ਭਾਨ ਬਾਬੇ ਦੇ ਤਥਾ-ਕਥਿਤ ਹਮਸਫ਼ਰ ਅਤੇ ਚੋਜਾਂ ਦੇ ਚਸ਼ਮਦੀਦ ਗਵਾਹ ਨੂੰ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਵਿਚ ਜਗ੍ਹਾ ਕਿਉਂ ਨਾ ਮਿਲ ਸਕੀ ? ਸਿੱਖ ਅਵਚੇਤਨ ਵਿਚ ਭੂਤ ਪਰਛਾਵੇਂ ਵਾਂਗ ਛਾਏ ਬਾਲੇ ਅਤੇ ਸੈਦਪੁਰ ਨਿਵਾਸੀ ਲਾਲੋ ਤਰਖਾਣ ਨੂੰ ਵਿਗੜਿਆ ਸੈਦੋ ਜੱਟ ਸਿਆਣਦਾ ਕਿਉਂ ਨਹੀਂ ? ਉਨ੍ਹਾਂ ਨੇ ਸੈਦੋ ਦੇ ਕਿਹੜੇ ਮਾਂਹ ਮਾਰੇ ਸਨ ?

ਬਾਲੇ ਦੀ ਹੋਂਦ ਦੇ ਸਬੂਤ ਵਜੋਂ ਭੁਗਤਾਈ ਜਾਂਦੀ, ਖਡੂਰ ਵਿਚ ਉੱਸਰੀ ਅਤੇ ਬਾਲਾ ਭਗਤਾਂ ਵੱਲੋਂ ਯਾਤਰਾਯੋਗ ਸਮਝੀ ਜਾਂਦੀ 'ਸਮਾਧ' ਦੀ ਅਸਲੀਅਤ ਵੀ ਪੜਤਾਲ ਗੋਚਰਾ ਮਸਲਾ ਹੈ ਕਿਉਂਕਿ ਇਹ ਢਕੌਂਸਲਾ, ਨਾ ਕੇਵਲ ਸਿੱਖ ਅਵਚੇਤਨ ਵਿਚ ਬਲਕਿ ਜਾਣਕਾਰੀ ਦੇ ਸਰੋਤ ਗ੍ਰੰਥ ਖ਼ਿਆਲ ਕੀਤੇ ਜਾਂਦੇ ਕੋਸ਼ਾਂ ਵਿਚ ਵੀ ਪ੍ਰਵੇਸ਼ ਕਰ ਚੁੱਕਾ ਹੈ, ਜਿਸ ਨਾਲ ਬਾਲੇ ਦੀ ਹੋਂਦ ਦਾ ਸਮਰਥਨ ਹੁੰਦਾ ਹੈ ਅਤੇ ਅੱਗੋਂ ਲਈ ਗੁਮਰਾਹੀ ਦਾ ਸਬੱਬ ਵੀ ਬਣ ਸਕਦਾ ਹੈ।

ਮੜ੍ਹੀਆਂ ਵਿੱਚੋਂ ਬ੍ਰਹਮ-ਭੂਤ ਨਿਕਲਦੇ ਆਮ ਸੁਣੀਦੇ ਸਨ, ਇਥੇ ਇਸ ਦੇ ਉਲਟ, ਬਾਲਾ-ਭਰਮ-ਭੂਤ ਵਿੱਚੋਂ ਮੜ੍ਹੀ ਤਥਾ ਸਮਾਧ ਨਿਕਲੀ ਹੈ। ਭਾਈ ਕਾਨ੍ਹ ਸਿੰਘ ਨਾਭਾ[1] ਅਤੇ ਰਤਨ ਸਿੰਘ ਜੱਗੀ[2] ਨੇ ਸਮਾਧ ਦੇ ਜ਼ਿਕਰ ਦੇ ਨਾਲ ਨਾਲ ਬਾਲੇ ਦੇ ਜਨਮ ਅਤੇ ਮਰਨ ਦੇ ਸੰਮਤ 1523-1601 (1466-1544 ਈ.) ਜੀਵਨੀ ਦੇ ਵੇਰਵੇ ਵੀ ਦਰਜ ਕੀਤੇ ਹਨ, ਇਹ ਵੀ ਦੱਸਿਆ ਹੈ ਕਿ ਉਹ ਗੁਰੂ ਨਾਨਕ ਨਾਲੋਂ ਤਿੰਨ ਵਰ੍ਹੇ ਵੱਡਾ ਸੀ। *ਜਨਮ ਸਾਖੀ ਬਾਲਾ* ਦੇ ਮੂਲ ਲੇਖਕ ਗੋਰਖ ਦਾਸ ਨੇ ਤਾਂ ਉਸ ਨੂੰ ਬਾਬੇ ਤੋਂ ਤਿੰਨ ਵਰ੍ਹੇ ਛੋਟਾ ਲਿਖਿਆ ਹੈ—*ਗੁਰਮਤ ਸੁਧਾਕਰ* ਵਿਚ, ਖ਼ੁਦ ਕਾਨ੍ਹ ਸਿੰਘ[3] ਹੋਰਾਂ ਵੀ ਇਹੋ ਮੰਨਿਆ ਹੈ। ਸਾਡੇ ਕੋਸ਼ਕਾਰਾਂ ਦੀ ਬਾਲਾ-ਭਰਮ-ਭੂਤ ਨੂੰ ਬਲ ਬਖ਼ਸ਼ਣ ਵਾਲੀ ਅਤੇ ਪਰਸਪਰ ਵਿਰੋਧੀ ਇਸ ਨਵੀਂ ਨਿਵੇਕਲੀ ਕਾਢ ਦੇ ਕੌਣ ਸਦਕੇ ਨਾ ਜਾਏ! ਹੋ ਸਕਦਾ ਹੈ, ਗੋਰਖ ਦਾਸ 'ਬਾਲੇ' ਅਤੇ 'ਲਾਲੋ' ਦੋਵਾਂ ਦੇ ਟੇਵੇ ਵੀ ਬਣਾ ਕੇ ਧਰ ਗਿਆ ਹੋਵੇ, ਜੋ ਸਾਡੇ ਕੋਸ਼ਕਾਰਾਂ ਕੋਲ ਪਹੁੰਚ ਗਏ। ਲਾਲੋ ਦਾ 'ਘਟਾਉੜੇ' ਗੋਤ ਵੀ ਖ਼ਾਸ ਲੱਭਤ ਹੈ, ਨਾਲਾਇਕ ਜੋਤਸ਼ੀ ਦਿਨ ਵਾਰ ਨਛੱਤਰ ਦੇ ਵੇਰਵੇ ਦੇਣੇ ਭੁੱਲ ਗਿਆ ਲੱਗਦੈ। ਤਾਂ ਵੀ, ਲਾਲੋ-ਕੇ ਉਸ ਦਾ ਜਨਮ ਦਿਨ ਜ਼ਰੂਰ ਮਨਾਉਂਦੇ ਹਨ। ਇਨ੍ਹਾਂ ਉਪੱਦਰਾਂ ਦੀ ਅਸਲੀਅਤ ਦੀ ਪੜਤਾਲ ਵੀ ਜ਼ਰੂਰੀ ਹੈ।

ਸਾਡੇ ਵਿਦਵਾਨਾਂ ਕੋਲੋਂ, ਭਾਵੇਂ ਕਿਰਪਾਲ ਸਿੰਘ ਹੋਰੀਂ ਹੋਣ ਜਾਂ ਜੱਗੀ ਸਾਹਿਬ, ਉਨ੍ਹਾਂ ਦੀਆਂ ਆਪਣੀਆਂ ਸਥਾਪਨਾਵਾਂ ਬਾਰੇ ਪੁੱਛੇ ਅਸੁਖਾਵੇਂ ਸੁਆਲ, ਉਨ੍ਹਾਂ ਨੂੰ ਪਰੇਸ਼ਾਨ ਕਰਦੇ ਹਨ। ਇਹ ਪਰੇਸ਼ਾਨੀ 'ਕਿਉਂ' ਅਤੇ 'ਕਿਵੇਂ' ਵਾਲੇ ਨਾ ਹੱਲ ਹੋ ਸਕਣ

1. *ਮਹਾਨ ਕੋਸ਼*, ਪਟਿਆਲਾ, 1960, ਪੰਨੇ 274, 643.
2. *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਦੂਜਾ, ਪਟਿਆਲਾ, 2002, ਪੰਨੇ 287-88.
3. *ਸਥਾਨੋਕਤ*, ਪੰਨਾ 335.

Scanned by CamScanner

ਵਾਲੇ ਪੁੱਛੇ ਸਵਾਲਾਂ ਕਾਰਨ ਹੁੰਦੀ ਹੈ। 'ਬਾਲੇ' ਬਾਰੇ ਜੱਗੀ[1] ਸਾਹਿਬ ਦਾ ਐਲਾਨਿਆ ਮੱਤ ਉਸ ਦੀ ਹੋਂਦ ਨੂੰ ਨਾ ਮੰਨਣ ਦਾ ਹੈ। ਇਕ ਅਣਹੋਇਆ ਦੇ ਜੀਵਨ ਵੇਰਵੇ ਕਿਥੋਂ ਆਏ, ਕਿਵੇਂ ? ਭਾਈ ਕਾਨ੍ਹ ਸਿੰਘ ਨਾਭਾ ਦੀ ਗ਼ੈਰ-ਹਾਜ਼ਰੀ ਵਿਚ ਜੱਗੀ ਸਾਹਿਬ ਨੂੰ ਦੱਸਣਾ ਬਣਦਾ ਹੈ ਕਿ ਬਾਲੇ ਅਤੇ ਲਾਲੋ ਦੀ ਹੋਂਦ ਨੂੰ ਸਥਾਪਤ ਕਰਨਹਾਰੇ ਉਨ੍ਹਾਂ ਵੇਰਵਿਆਂ ਦਾ ਸਰੋਤ ਕਿਹੜਾ ਹੈ ? *ਪੰਜਾਬੀ ਸਾਹਿਤ ਸੰਦਰਭ ਕੋਸ਼*[2] ਅਤੇ *ਗੁਰੂ ਗ੍ਰੰਥ ਵਿਸ਼ਵਕੋਸ਼* ਵਿਚ ਵਖਾਣੇ ਬਾਲੇ ਅਤੇ ਲਾਲੋ ਦਾ ਹਵਾਲਾ ਕੋਸ਼ਾਂ ਵਿਚ ਦੇਣਾ ਕਿਉਂ ਜ਼ਰੂਰੀ ਸੀ ? ਜੇ ਉਨ੍ਹਾਂ ਦੀ ਹੋਂਦ ਬਾਰੇ ਉਨ੍ਹਾਂ ਕੋਲ ਕੋਈ ਭਰੋਸੇਯੋਗ ਸਬੂਤ ਹੀ ਪ੍ਰਾਪਤ ਨਹੀਂ, ਤਾਂ ਕੋਸ਼ਾਂ ਦੇ ਪੰਨਿਆਂ 'ਤੇ ਕਾਲੇ ਲੇਖ ਕਿਉਂ ਲਿਖੇ ? ਆਪਣੀ ਸੋਚ, ਜੇ ਕੋਈ ਸੀ, 'ਤੇ ਪਹਿਰਾ ਕਿਉਂ ਨਹੀਂ ਦਿੱਤਾ ? ਬਾਲਾ ਬਾਰੇ ਇੰਦਰਾਜ ਦਾ ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਦੇ ਇੰਦਰਾਜ ਨਾਲ ਸਾਂਗੋਪਾਂਗ ਸਮਾਨਤਾ ਦਾ ਕੀ ਕਾਰਨ ਹੈ ? ਉਨ੍ਹਾਂ ਦੇ ਆਪਣੇ ਕੋਸ਼ ਵਿਚ ਦਰਜ ਖਡੂਰ ਵਾਲੀ ਸਮਾਧ ਦੀ ਅਸਲੀਅਤ ਕੀ ਹੈ ? ਜੇ ਹਰ ਪ੍ਰਕਾਰ ਦੀ ਜਾਣਕਾਰੀ ਕੋਸ਼ਾਂ ਵਿਚ ਮੁਹੱਈਆ ਕਰਾਉਣਾ ਜ਼ਰੂਰੀ ਹੈ ਤਾਂ 'ਲਾਲੋ' ਨਾਲ ਸੰਬੰਧਤ 'ਮੰਵੋਤ ਰੰਘੜੀ' ਪ੍ਰਸੰਗ ਕਿਉਂ ਨਹੀਂ ਦਰਜ ਕੀਤਾ ?

ਨਿਸਚਤ ਹੈ ਕਿ ਸਿਰ ਖੁਰਕਣ ਤੋਂ ਵਿਹਲ ਨਾ ਮਿਲਣ ਕਾਰਨ, ਉਨ੍ਹਾਂ ਕੋਲੋਂ ਲੋੜੀਂਦੇ ਜਵਾਬ ਨਹੀਂ ਮਿਲਣੇ। ਜਵਾਬਾਂ ਦੇ ਅਭਾਵ ਕਾਰਨ ਸੁਆਲਾਂ ਨੇ ਖੜੇ ਰਹਿਣਾ ਹੈ। ਵੱਡੇ ਕੰਮਾਂ ਵਿਚ ਗ਼ਲਤੀਆਂ ਰਹਿ ਜਾਣਾ ਤਾਂ ਕੁਦਰਤੀ ਗੱਲ ਹੈ, ਪਰ ਹਵਾਲਾ-ਯੋਗ ਮੰਨੇ ਜਾਂਦੇ ਗ੍ਰੰਥਾਂ ਵਿਚ ਇਸ ਕਿਸਮ ਦੇ ਦੋਗਲੇ ਅਤੇ ਸਵੈ-ਵਿਰੋਧੀ ਪ੍ਰਕਰਨ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨੇ ਜਾ ਸਕਦੇ।

'ਬਾਲੇ ਵਾਲੀ ਸਭ ਤੋਂ ਪੁਰਾਣੀ' ਵਾਲੀ ਧਾਰਨਾ ਦੀ ਬੁਨਿਆਦ ਤਾਂ ਭਾਵੇਂ ਗੋਰਖ ਦਾਸ ਦੇ ਬਾਲਾ-ਬਲੱਫ਼ ਨਾਲ ਬੱਝੀ ਸਿੱਧ ਹੈ, ਪਰ ਇਸ ਨੂੰ ਪੱਕੇ ਪੈਰੀਂ ਕਰਨ ਵਿਚ ਸਿੱਖ ਗ੍ਰੰਥਕਾਰਾਂ ਤੋਂ ਇਲਾਵਾ ਅਜੋਕੇ ਕੋਸ਼ਕਾਰਾਂ ਅਤੇ ਵਿਦਵਾਨਾਂ ਦਾ ਯੋਗਦਾਨ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਕਾਦਮਕ ਖੇਤਰ ਵਿਚ ਇਨ੍ਹਾਂ ਦੀ ਸੱਦ-ਪੁੱਛ ਹੋਣ ਕਾਰਨ, ਨੋਟਿਸ ਲਿਆ ਜਾਣਾ ਜ਼ਰੂਰੀ ਹੈ। ਭਾਈ ਕਾਨ੍ਹ ਸਿੰਘ[3] ਹੋਰਾਂ ਪਿੰਡ ਬਾਲਾਕੋਟ, ਜ਼ਿਲ੍ਹਾ ਹਜ਼ਾਰਾ ਦੇ ਲਾਲਾ ਠਾਕਰ ਦਾਸ ਸੈਨੀ ਦੇ ਘਰ ਸੰਮਤ 1600 (1543 ਈ.) ਜੇਠ 3 ਦੀ ਲਿਖੀ ਹੋਈ ਸਾਖੀ ਵੇਖੇ ਹੋਣ ਦਾ ਦਾਅਵਾ ਕੀਤਾ ਹੈ, ਜਿਸ ਵਿਚ ਬਾਬੇ ਦੀ ਪ੍ਰਕਾਸ਼ ਮਿਤੀ, 1526 ਵਿਸਾਖ ਸੁਦੀ 5 ਦਰਜ ਹੈ। ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ[4] ਵੱਲੋਂ ਸੰਮਤ 1601 (1544 ਈ.) ਵਿਚ ਜਨਮਸਾਖੀ ਲਿਖਵਾਏ ਜਾਣਾ ਵੀ ਮੰਨਿਆ ਹੈ। ਇਨ੍ਹਾਂ ਆਪਾ-ਵਿਰੋਧੀ ਇੰਦਰਾਜਾਂ ਵਿੱਚੋਂ ਕਿਸ ਨੂੰ ਸਹੀ ਮੰਨਿਆ ਜਾਏ ?

ਕਿਸੇ ਨੂੰ ਵੀ ਨਹੀਂ, ਕਿਉਂਕਿ ਅਸੀਂ ਹੁਣ ਜਾਣਦੇ ਹਾਂ ਕਿ 1543-44 ਈ.

---

1. *ਜਨਮ ਸਾਖੀ ਭਾਈ ਬਾਲਾ*, ਖੋਜ-ਪੱਤਰ, ਅੰਮ੍ਰਿਤਸਰ, 1974.
2. *ਕਿਰਤੋਕਤ*, ਪੰਨਾ 603.
3. *ਮਹਾਨ ਕੋਸ਼*, ਪਟਿਆਲਾ, 1960, ਪੰਨਾ 519, ਫੁ.ਨੋ.
4. *ਉਹੀ*, ਪੰਨਾ 84.

Scanned by CamScanner

ਤਕ ਸਾਖੀ ਪਰੰਪਰਾ ਦੀ ਕੋਈ ਰਚਨਾ ਵੀ ਹੋਂਦ ਵਿਚ ਨਹੀਂ ਸੀ ਆਈ। 'ਬਾਲਾ' ਅਤੇ 'ਜਨਮਸਾਖੀ ਬਾਲਾ' ਇਸ ਤੋਂ 115-17 ਵਰ੍ਹੇ ਬਾਅਦ ਵਿਚ ਪ੍ਰਗਟ ਹੋਏ। ਫਿਰ ਇਹ ਭੰਬਲਭੂਸਾ ਕਿਉਂ ? ਪ੍ਰਤੱਖ ਰੂਪ ਵਿਚ ਇਹ ਕੋਸ਼ਕਾਰ ਦੀ ਆਪਣੀ ਦੁਬਿਧਾ ਵਾਲੀ ਸੋਚ ਦਾ ਪ੍ਰਗਟਾਵਾ ਹੈ। ਉਹ ਵੀ ਦੋ ਬੇੜੀਆਂ ਦੀ ਸਵਾਰੀ ਕਰਨੀ ਚਾਹੁੰਦਾ ਹੈ; ਵਿਸਾਖ ਵਾਲੀ ਮਿਤੀ ਦਾ ਮੁੱਦਈ ਹੈ ਪਰ ਗੋਰਖ ਵਾਲੇ 'ਬਾਲਾ-ਬਲੱਫ਼' ਦੇ ਜਾਦੂਈ ਅਸਰ ਤੋਂ ਵੀ ਮੁਕਤ ਨਹੀਂ, ਜਿਸ ਦਾ ਸਦਕਾ ਨਿਰਾਧਾਰ ਸੰਮਤਾਂ (1600-1601) ਵਾਲੇ ਚੱਕਰ ਵਿਚ ਆਪ ਫਸਿਆ ਅਤੇ 'ਔਲਖ' ਵਰਗੇ ਕਈ ਹੋਰ ਪਾਂਧੂਆਂ ਨੂੰ ਵੀ ਫਸਾਇਆ, ਜੋ ਇਸ ਨੂੰ 'ਬਾਲਾ ਜਨਮਸਾਖੀ' ਨਾਲ ਸੰਬੰਧਤ ਕਰ ਕੇ ਅਤੇ ਉਸ ਦੀ ਪੁਰਾਤਨਤਾ ਦਾ ਪ੍ਰਮਾਣਿਕ ਸਬੂਤ ਮੰਨ ਤੁਰੇ। ਕੋਸ਼ ਸਹਾਇਕ ਸਮੱਗਰੀ ਹਨ, ਸਰੋਤ ਸਮੱਗਰੀ ਨਹੀਂ। ਕੋਸ਼ਕਾਰ ਵੀ ਮਨ ਦੀਆਂ ਖੇਪਾਂ ਲੱਦਣ ਦੇ ਅਭਿਆਸੀ ਹੋ ਸਕਦੇ ਹਨ।

ਬਾਲਾ ਕੋਟ[1] ਬਾਰੇ ਕੋਸ਼ਕਾਰ ਵੱਲੋਂ ਦਿੱਤੇ ਸਥਾਨਕ ਵੇਰਵੇ; ਉਥੇ, ਬਾਬੇ, ਬਾਲੇ ਅਤੇ ਮਰਦਾਨੇ ਦੇ ਨਾਵਾਂ ਨਾਲ ਜੁੜੇ ਕੋੜ੍ਹ ਦੂਰ ਕਰਨ ਵਾਲੇ ਕੁਦਰਤੀ ਚਸ਼ਮੇ *ਜਨਮਸਾਖੀ ਬਾਲਾ* ਦੇ ਵਿਆਪਕ ਪ੍ਰਭਾਵ ਦੇ ਹੋਏ ਸਥਾਨੀਕਰਨ ਦੇ ਸੂਚਕ ਹਨ, ਜੋ ਕੇਵਲ ਇਸ ਦੇ ਹੋਂਦ ਵਿਚ ਆਉਣ ਤੋਂ ਚੋਖੇ ਪਿਛਲੇਰੇ ਕਾਲ ਨਾਲ ਹੀ ਸੰਬੰਧਤ ਹੋ ਸਕਦੇ ਹਨ। ਨੁਸਖ਼ਾ ਹੁਣ ਪ੍ਰਾਪਤ ਨਹੀਂ, ਜੇ ਇਵੇਂ ਸੀ ਤਾਂ ਅਜੋਕੀ ਪੜਤਾਲ ਇਸ ਦੇ ਵਿਵਰਣ ਨੂੰ ਕਤਈ ਤੌਰ 'ਤੇ ਨਕਾਰਦੀ ਹੈ। ਬੇਸ਼ੱਕ, ਚਸ਼ਮਿਆਂ ਦਾ ਸਲਫ਼ਰ ਯੁਕਤ ਪਾਣੀ ਤਾਂ ਰੋਗੀਆਂ ਦੇ ਰੋਗ, ਕੋੜ੍ਹ ਵੀ ਦੂਰ ਕਰਦਾ ਹੈ, ਪਰ ਸਾਡੇ ਕੋਸ਼ਕਾਰ ਨੇ ਆਪਣੀ ਦੋ-ਦਿਲੀ ਅਤੇ ਬੇ-ਬੁਨਿਆਦ ਦਾਅਵਿਆਂ ਨਾਲ ਸਾਖੀ ਪਰੰਪਰਾ ਨੂੰ 'ਬਾਲਾ ਕੋੜ੍ਹ' ਪੱਕੀ ਤਰ੍ਹਾਂ ਚੰਬੇੜਨ ਵਾਲਾ ਘਿਨਾਉਣਾ ਢਕੌਂਸਲਾ ਸਿਰਜ ਲਿਆ। ਇਕ ਆਦਰਯੋਗ 'ਕਲਮ ਦੀ ਕਲਮਕਾਰ' ਹੋਣ ਕਾਰਨ, ਇਸ ਦੀ ਨਾਂਹਦਰੂ ਪ੍ਰੇਰਕ ਸ਼ਕਤੀ ਦਾ ਪ੍ਰਭਾਵ ਗੁੰਮਰਾਹ ਕਰਨ ਵਾਲਾ ਜ਼ਰੂਰ ਹੈ।

ਪੂਰਨ ਭਰੋਸੇ, ਇਕਾਗਰਤਾ ਅਤੇ ਇਕ-ਸੁਰਤਾ ਦੇ ਅਭਾਵ ਵਾਲੀਆਂ ਲਿਖਤਾਂ ਨਾ ਕੋਈ ਮਸਲੇ ਹੱਲ ਕਰ ਸਕਦੀਆਂ ਹਨ, ਨਾ ਇਨ੍ਹਾਂ ਤੋਂ ਹੋਰਨਾਂ ਲਈ ਲਾਹੇਵੰਦ ਸੇਧ ਦੀ ਆਸ ਹੀ ਰੱਖੀ ਜਾ ਸਕਦੀ ਹੈ। ਤਾਂ ਵੀ, ਗੁਰਚਰਨ ਸਿੰਘ ਔਲਖ[2] ਵਰਗੇ ਸਿਆਣੇ ਨੇ ਉਕਤ ਦਾਅਵਿਆਂ ਤੋਂ ਪ੍ਰੇਰਤ ਲੱਖਣਾਂ ਦੇ ਸਹਾਰੇ 'ਜਨਮਸਾਖੀ ਬਾਲਾ' ਨੂੰ ਸਭ ਤੋਂ ਪੁਰਾਣੀ ਅਤੇ 'ਬਾਲਾ' ਦੀ ਹੋਂਦ ਨੂੰ ਪ੍ਰਮਾਣਿਕ ਮੰਨ ਕੇ ਇਸ ਦੇ ਸਹਾਰੇ ਸਿਰਜੇ ਆਪਣੇ ਨਵੇਂ 'ਬਲੱਫ਼' ਨਾਲ, ਜਨਮਸਾਖੀ ਬਾਲਾ, ਸਮਾਧ ਸਮੇਤ, ਬਾਲੇ ਦੀ ਹੋਂਦ ਦਾ ਪ੍ਰਮਾਣ ਵੀ ਉਪਜਾ ਲਿਆ। ਹੁਣ, ਬਾਲੇ ਦੀ ਹੋਂਦ ਨੂੰ ਨਾ ਮੰਨਣ ਨੂੰ ਉਹ ਕੁਫ਼ਰ ਦੀ ਹੱਦ ਛੋਹਣਾ ਤਸੱਵਰ ਕਰਦੇ ਹਨ।[3]

ਨਿਰਣਾ : 'ਬਾਲਾ' ਦੀ ਹੋਂਦ ਅਤੇ *ਜਨਮ ਸਾਖੀ ਬਾਲਾ* ਦੀ ਪੁਰਾਤਨਤਾ ਦਾ

---

1. *ਕਿਰਤੋਕਤ*, ਪੰਨਾ 643.
2. *ਖੋਜੀ ਉਪਜੈ ਬਾਦੀ ਬਿਨਸੈ*, ਲੁਧਿਆਣਾ, 2005, ਪੰਨਾ 14.
3. *ਓਹੀ*, ਪੰਨਾ 14.

Scanned by CamScanner

ਸਬੂਤ ਖੜਾ ਕਰਨ ਵਾਲਾ ਬਾਲਾ-ਬਲੱਫ਼ ਵਰਗਾ ਹੀ ਇਹ ਔਲਖ-ਬਲੱਫ਼ ਹੈ। ਇਕ ਬਲੱਫ਼ ਦੂਜੇ ਬਲੱਫ਼ ਦੀ ਉੱਚਤਤਾ ਦਾ ਸਬੂਤ ਨਹੀਂ ਮੰਨਿਆ ਜਾ ਸਕਦਾ। ਵੱਧ ਤੋਂ ਵੱਧ, ਇਹ ਖੋਜਕਾਰ ਦਾ ਆਪਣੇ ਮਨ ਦੀਆਂ ਖੇਪਾਂ ਲੱਦਣ ਵਾਲਾ ਅਭਿਆਸ ਹੈ। ਬਾਲੇ ਸੰਬੰਧੀ ਮਨ ਦੀਆਂ ਖੇਪਾਂ ਲੱਦਣ ਵਾਲੀ ਆਦਤ ਦਾ ਸ਼ਿਕਾਰ ਵਿਦਵਾਨਾਂ ਦੀ ਲੰਬੀ ਸੂਚੀ ਹੈ, ਜੋ ਗੁਰਚਰਨ ਸਿੰਘ ਔਲਖ ਨਾਲ ਸੰਪੂਰਨ ਹੁੰਦੀ ਹੈ।

ਨਜ਼ਰੀਏ ਦੀ ਵਿਭਿੰਨਤਾ ਅਤੇ ਵਿਚਾਰਧਾਰਕ ਵਖਰੇਵੇਂ ਕਾਰਨ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ), *ਜਨਮ ਸਾਖੀ ਬਾਲਾ* ਦੀ ਆਲੋਚਨਾਤਮਕ ਪ੍ਰਤਿਕਿਰਿਅਕ ਅਤੇ ਤਤਕਾਲੀਨ ਰਚਨਾ ਹੋਣ ਦੀ ਪੁਸ਼ਟੀ ਹੁੰਦੀ ਹੈ, ਉਥੇ ਇਸ ਤੋਂ ਵਧੀਕ ਲਾਹਾ 'ਬਾਲਾ ਮਿੱਥ' ਸਮੇਤ ਮਂਞੇਤ ਰੰਘੜੀ ਪ੍ਰਸੰਗ ਦੀ ਕੁੱਖੋਂ ਜੰਮੇ ਭਾਈ ਲਾਲੋ ਦੇ, ਜੋ *ਜਨਮ ਸਾਖੀ ਭਾਈ ਬਾਲਾ* ਦੇ ਭਰਮਾਏ ਸਿੱਖ ਗ੍ਰੰਥਕਾਰਾਂ ਦੀਆਂ ਮਿਹਰਾਂ ਸਦਕਾ ਸਿੱਖ ਇਤਿਹਾਸ ਵਿਚ ਪੱਕੀ ਥਾਂ ਬਣਾਈ ਬੈਠਾ ਹੈ, ਨੂੰ ਨਕਾਰਨ ਸੰਬੰਧੀ ਅਕੱਟ ਸਬੂਤ ਵਜੋਂ ਵੀ ਲਿਆ ਜਾ ਸਕਦਾ ਹੈ।

ਗੋਰਖ ਦੀ ਸਿਰਜੀ 'ਲਾਲੋ ਬਾਲਾ ਮਿੱਥ ਲੜੀ' ਦਾ, ਉਸ ਦੇ ਇਕ ਸਮਕਾਲੀ ਦੂਰ-ਦ੍ਰਿਸ਼ਟੀ ਵਾਲੇ ਚਿੰਤਕ ਅਤੇ ਸਿਦਕਵਾਨ ਸਿੱਖ ਸੈਦੋ ਵੱਲੋਂ ਤਤਕਾਲ ਅਣਡਿੱਠ ਕੀਤੇ ਜਾਣਾ, ਕੇਵਲ ਇਤਫ਼ਾਕ ਨਹੀਂ ਅਤੇ ਨਾ ਕੇਵਲ ਚਿੰਨ੍ਹਾਤਮਕ ਮਹੱਤਵ ਹੀ ਹੈ, ਸਗੋਂ ਇਹ ਉਸ ਵੱਲੋਂ ਇਸ ਬਣਾਉਟੀ ਮਿੱਥਾਂ ਨੂੰ ਤੁਰੰਤ, ਕਤਈ ਤੌਰ 'ਤੇ, ਨਕਾਰਨ, ਰੱਦਣ ਅਤੇ ਤਿਆਗਣ ਦਾ ਨਿੱਗਰ ਪ੍ਰਮਾਣ ਵੀ ਭੁਗਤਾ ਰਹੀ ਹੈ। ਮੌਕੇ ਦਾ ਗਵਾਹ ਸੈਦੋ ਹਕੀਕਤ ਤਾੜ ਸਕਣ ਵਾਲੀ ਸੂਝ ਦਾ ਮਾਲਕ ਸੀ, ਜੋ ਬਦਕਿਸਮਤੀ ਨਾਲ, ਅਜੋਕੇ ਵਿਦਵਾਨਾਂ ਦੇ ਹਿੱਸੇ ਨਹੀਂ ਆ ਸਕੀ।

ਇਨ੍ਹਾਂ ਆਧਾਰਹੀਣ ਘਾੜਤਾਂ ਨੂੰ ਰੱਦ ਅਤੇ ਅਸਵੀਕਾਰ ਕਰਨ ਲਈ ਸੈਦੋ ਕੋਲ ਜ਼ੋਰਦਾਰ ਕਾਰਨ ਸਨ : ਸੈਦੋ ਖ਼ੁਦ, ਹਕੀਕੀ ਬਾਲੇ (ਬਾਲ ਚੰਦ ਘਣਗਸ ਵਲਦ ਹੰਦਾਲ ਨਿਵਾਸੀ ਜੰਡਿਆਲਾ) ਜਿਸ ਨੂੰ ਰੋਲ ਮਾਡਲ ਬਣਾ ਕੇ 'ਬਾਲਾ ਮਿੱਥ' ਘੜੀ ਜਾ ਰਹੀ ਸੀ; ਬਿਧੀ ਚੰਦ ਦੀ 'ਗਨਿਕਾ ਲੀਲ੍ਹਾ' *ਜਨਮ ਸਾਖੀ ਬਾਲਾ* ਦੇ ਹਕੀਕੀ ਲਿਖਾਵੇ ਗੋਰਖ ਦਾਸ; ਨਿਰਦੇਸ਼ਕ ਲਾਲਾ ਪੰਨੂ, ਜਿਸ ਦੇ ਨਿਰਦੇਸ਼ਨ ਅਤੇ ਹਜ਼ੂਰੀ ਵਿਚ 'ਸਾਖੀ' ਲਿਖੇ-ਲਿਖਾਏ ਜਾਣ ਵਾਲੀ ਨੌਟੰਕੀ ਹੋ ਰਹੀ ਸੀ, ਨਾਲ ਹਕੀਕੀ ਵਾਹ ਵਾਸਤਾ ਰੱਖਣ ਵਾਲਾ ਸਮਕਾਲੀ ਅਤੇ ਸਾਰੇ ਵਰਤਾਰੇ ਦਾ ਦਰਸ਼ਕ ਬਜ਼ਾਤੇ ਖ਼ੁਦ ਸੀ।[1] ਉਨ੍ਹਾਂ ਬਿਗੜੈਲਾਂ ਦੀ ਲਿਖੀ-ਲਿਖਵਾਈ ਸਾਖੀ ਤੋਂ ਲਾਹਾ ਲੈਂਦਿਆਂ ਹੋਇਆਂ ਵੀ ਉਹ ਉਨ੍ਹਾਂ ਦੇ ਘੜੇ 'ਰੰਘੜੀ ਪ੍ਰਸੰਗ', 'ਲਾਲੋ' ਤੇ 'ਬਾਲਾ' ਦੀ ਹੋਂਦ ਨੂੰ ਰੱਦਦਾ ਹੈ ਅਤੇ ਬਾਬੇ ਦੇ ਇਸ ਨਕਲੀ ਸੇਵਕ, ਅਤੇ ਨਕਲੀ ਹਮਸਫ਼ਰ ਦੋਵਾਂ ਨੂੰ ਨਕਾਰਦਾ ਹੈ; ਸਿੱਟੇ ਵਜੋਂ ਉਸ ਦੀ ਸਿਰਜੀ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਵਿੱਚੋਂ ਰੰਘੜੀ, ਬਾਲਾ ਅਤੇ ਲਾਲੋ ਗ਼ਾਇਬ ਹਨ; ਇਕ ਚੌਕਸ ਤੇ ਸਿਦਕਵਾਨ ਸਿੱਖ ਵੱਲੋਂ ਮਹੱਤਵਪੂਰਨ ਮੌਕੇ 'ਤੇ ਦਿੱਤਾ ਤਾਰਕਿਕ ਤੇ ਸਹੀ ਹੁੰਗਾਰਾ, ਜਿਸ ਉੱਤੇ ਬਾਬੇ ਦੇ ਸੱਚੇ ਅਨੁਯਾਈ ਮਾਣ ਕਰ ਸਕਣ।

1. *ਸਾਖੀ ਮਹਲੁ ਪਹਿਲੇ ਕੀ*, ਅੰਮ੍ਰਿਤਸਰ, 2014, ਪੰਨੇ 70-80.

Scanned by CamScanner

ਰਵਾਇਤ-ਪੱਖੀ ਸੋਚ *ਪੁਰਾਤਨ* ਦੇ ਬਾਲਾ ਮੁਕਤ ਹੋਣ ਨੂੰ, ਇਸ ਦੀ ਸਾਖੀ ਪਰੰਪਰਾ ਵਿਚ ਤਥਾ-ਕਥਿਤ ਅਰੰਭਕ ਰਚਨਾ ਹੋਣ ਨਾਲ ਜੋੜ ਕੇ ਵੇਖਦੀ ਹੈ, ਜੋ ਯਥਾਰਥਕ ਨਹੀਂ। ਵਰਤਮਾਨ ਸਥਿਤੀ ਅਤੇ ਪ੍ਰਾਪਤ ਤੱਥਾਂ ਅਤੇ ਜਾਣਕਾਰੀ ਤੋਂ ਤਾਂ ਅਨੁਮਾਨ ਲੱਗਦਾ ਹੈ ਕਿ ਸੈਦੋ ਦਾ ਸਾਖੀ ਸਿਰਜਣਾ ਵੱਲ ਪ੍ਰੇਰਤ ਹੋਣ ਦਾ ਇਕ-ਮਾਤਰ ਕਾਰਨ ਅਤੇ ਉਦੇਸ਼ ਹੀ ਲਾਲੋ ਤੇ ਬਾਲਾ-ਭਰਮ-ਭੂਤ ਨੂੰ ਨਕਾਰਨਾ ਹੀ ਸੀ ਅਤੇ ਹੰਦਾਲ-ਕੇ ਇਸ ਤੋਂ ਉਪਜਣ ਵਾਲੇ ਵਿਨਾਸ਼ੀ ਪ੍ਰਭਾਵ ਤੋਂ ਅਵੇਸਲੇ ਨਹੀਂ ਸਨ।

ਮਾਝੇ ਵਿੱਚੋਂ 'ਸਾਖੀ ਪਰੰਪਰਾ' ਵਿਸ਼ੇਸ਼ ਕਰਕੇ *ਪੁਰਾਤਨ* ਦੀ ਗਿਣੀ-ਮਿਥੀ ਅਤੇ ਵਿਉਂਤਬਧ ਤਬਾਹੀ ਕਰਵਾਏ ਜਾਣ ਦੀ ਉਤੇਜਨਾ ਪਿੱਛੇ ਪ੍ਰੇਰਕ ਕਾਰਨ ਇਸ ਦੇ ਵਿਨਾਸ਼ੀ ਪਰ ਸਾਰਥਕ ਪ੍ਰਭਾਵ ਨੂੰ ਬੇਅਸਰ ਕਰਨਾ ਸੀ, ਉਹ ਸਫਲ ਵੀ ਹੋਏ।

ਬਾਲੇ ਦੇ ਸ਼ੈਦਾਈ, ਖਡੂਰ ਵਿਚ ਉਸਰੀ ਬਾਲੇ ਦੀ ਸਮਾਧ ਨੂੰ ਉਸ ਦੀ ਹੋਂਦ ਦਾ ਪ੍ਰਮਾਣਿਕ ਸਬੂਤ ਮੰਨ ਤੁਰਦੇ ਹਨ, ਜਿਸ ਨੂੰ ਤੀਰਥ ਅਸਥਾਨ ਸਮਝ ਕੇ ਇਸ ਦੀ ਪਰਿਕਰਮਾ ਕਰਨੀ ਵੀ ਜ਼ਰੂਰੀ ਸਮਝਦੇ ਹਨ। ਬਿਲਾ ਸ਼ੱਕ, ਇਹ ਵਿਸ਼ਵਾਸ, ਬਲੱਫ-ਮਾਸਟਰ ਗੋਰਖ ਦਾਸ ਦੇ ਸਾਜੇ ਢਕੌਂਸਲੇ ਕਿ ਇਥੇ ਬਾਲੇ ਦੀ ਦੇਹ ਨੂੰ ਗੁਰੂ ਅੰਗਦ ਸਾਹਿਬ ਨੇ ਆਪਣੇ ਹੱਥੀਂ ਲਾਂਬੂ ਲਾਇਆ 'ਤੇ ਆਧਾਰਿਤ ਹੈ।

ਬਾਲੇ ਦੇ ਰੋਲ ਮਾਡਲ ਬਾਲ ਚੰਦ ਘਣਗਸ ਦੀ ਸੁਆਹ ਤਾਂ ਜੰਡਿਆਲੇ ਦੇ ਮਸਾਣਾਂ ਵਿਚ ਰੁਲੀ। ਬਾਲਾ ਪ੍ਰਸਤਾਂ ਨੂੰ ਉਥੇ ਵਹੀਰਾਂ ਘੱਤਣੀਆਂ ਚਾਹੀਦੀਆਂ ਸਨ। ਪਰ ਉਹ ਖਡੂਰ ਵਿਚ ਉਸਰੀ ਨਕਲੀ ਸਮਾਧ ਦੀ ਪਰਿਕਰਮਾ ਕਰਨ ਤੇ ਇਸ ਨੂੰ ਹੀ ਬਾਲੇ ਦੀ ਹੋਂਦ ਦੇ ਅਸਲੀ ਪ੍ਰਮਾਣ ਵਜੋਂ ਭੁਗਤਾ ਕੇ ਸੰਤੁਸ਼ਟ ਹੋ ਜਾਂਦੇ ਹਨ। ਕਦੇ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ 'ਬਾਲੇ ਲਿਖਵਾਈ ਪੈੜੇ ਮੋਖੇ ਲਿਖੀ ਜਨਮਸਾਖੀ' ਵਾਲਾ ਗੋਰਖ-ਬਲੱਫ ਇਨ੍ਹਾਂ ਦੇ ਸਿਰਾਂ ਨੂੰ ਚੜ੍ਹ ਜਾਂਦਾ ਹੈ। ਬਾਲਾ ਭਾਈ ਸੰਤੋਖ ਸਿੰਘ ਦੀ ਸਾਜੀ ਅਤੇ ਉਸ ਦੇ ਪਾਛੂਆਂ ਦੀ ਦ੍ਰਿੜ੍ਹਾਈ 'ਪੂਰਬ ਪੋਥੀ', ਜਿਸ ਨੂੰ ਹੰਦਾਲੀਆਂ ਹੱਥੋਂ ਵਿਗਾੜੇ ਜਾਣ ਵਾਲੀ ਗ਼ੈਬਦਾਨੀ ਵਾਲੀ ਪੋਚਾਗਰੀ ਵੀ ਇਨ੍ਹਾਂ ਨੂੰ ਪਰੇਸ਼ਾਨ ਕਰੀ ਰੱਖਦੀ ਹੈ। ਹੀਣੀ-ਹੰਦਾਲੀਅਤ ਦੇ ਢਹੇ ਚੜ੍ਹੇ ਇਤਿਹਾਸਕਾਰ ਗੁਰਚਰਨ ਸਿੰਘ ਔਲਖ[1] ਹੋਰਾਂ ਲਈ ਤਾਂ 'ਬਾਲਾ' ਬਾਬੇ ਦਾ ਪੱਕਾ ਹਮਸਫ਼ਰ ਹੈ, ਜਿਸ ਦੀ ਹੋਂਦ ਤੋਂ ਇਨਕਾਰ ਕਰਨ ਨੂੰ ਉਹ 'ਕੁਫ਼ਰ ਦੀ ਹੱਦ ਛੋਹਣਾ' ਸਮਝਦੇ ਹਨ। ਹਮਾਂ-ਤੁਮਾ ਮੁਨਕਰਾਂ ਕੋਲ, "ਬੁਲ੍ਹਿਆ ਤੈਨੂੰ ਕਾਫ਼ਰ ਕਾਫ਼ਰ ਆਖਦੇ ਤੂੰ ਆਹੋ ਆਹੋ ਆਖ" ਨੂੰ ਚਿਤਾਰਨ ਦੇ ਸਿਵਾ ਹੋਰ ਕੋਈ ਬਦਲ ਹੀ ਨਹੀਂ।

ਹੁਣ, 'ਬਾਲਾ' ਤੇ 'ਲਾਲੋ' ਹੈ ਪੁਰਾਣੇ ਮਰਿਆਂ ਖਪਿਆਂ ਬਿਗੜੈਲਾਂ ਦਾ ਜਿਉਂਦਾ ਭਰਮ, ਅਤੇ ਇਨ੍ਹਾਂ ਦੀ ਹੋਂਦ ਵਿਚ ਵਿਸ਼ਵਾਸ ਰੱਖਣਾ ਹੈ ਨਵ ਬਿਗੜੈਲਾਂ ਦਾ ਮੁਰਦਾ ਭਰਮ।

ਤਾਂ ਵੀ, ਅਠਰਾਹੇ ਮਾਰੀ ਸੋਚ ਵਾਲੇ ਇਤਿਹਾਸਕਾਰ, ਗੁਰ-ਇਤਿਹਾਸ ਨੂੰ ਕਲੰਕਤ ਕਰਨ ਵਾਲੇ, ਇਨ੍ਹਾਂ ਮੰਤਵੀ ਹੰਦਾਲੀ ਘਾੜਤਾਂ ਵਾਲੇ ਗ੍ਰੰਥਾਂ ਨੂੰ 'ਸ਼ੁੱਧ

Scanned by CamScanner

ਇਤਿਹਾਸਕ' ਸਰੋਤ ਸਮਝਦੇ ਹਨ। ਗੁਰਚਰਨ ਸਿੰਘ ਔਲਖ[1] ਦਾ ਤਾਂ ਅਟਲ ਵਿਸ਼ਵਾਸ ਹੈ ਕਿ ਜਨਮਸਾਖੀ ਬਾਲਾ 'ਸ਼ੁੱਧ ਇਤਿਹਾਸਕ ਵੇਰਵਿਆਂ 'ਤੇ ਖੜ੍ਹੀ ਹੈ'।

ਗੋਰਖ ਦਾਸ ਦੇ ਸਿਰਜੇ ਲਾਲੋ-ਬਾਲਾ-ਬਲੱਫ਼ ਦੇ ਵਿਆਪਕ ਪ੍ਰਭਾਵ ਹੇਠ ਵਿਚਰ ਰਹੇ ਭਰੋਸੇਵਾਨਾਂ ਅਤੇ ਬਾਲਾ ਜਨਮਸਾਖੀ ਦੇ ਭਰਮਾਏ ਆਮ ਲੋਕਾਂ ਦਾ ਤਾਂ ਕਹਿਣਾ ਹੀ ਕੀ, ਨਾਮੀ-ਗਰਾਮੀ ਇਤਿਹਾਸਕਾਰ ਹਰਜਿੰਦਰ ਸਿੰਘ ਦਿਲਗੀਰ[2] ਵੀ ਹੀਣੀ ਹੰਦਾਲੀਅਤ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ: ਉਹ 'ਗੋਰਖ-ਬਲੱਫ਼' ਦੇ ਅਸਰ ਹੇਠ ਗੁਰੂ ਅੰਗਦ ਸਾਹਿਬ ਵੱਲੋਂ ਅਸਲੀ ਜਨਮ ਸਾਖੀ ਲਿਖਵਾਏ ਜਾਣ ਦਾ ਮੁੱਦਈ ਹੈ। ਹੰਦਾਲੀਆਂ ਵਾਲੀ ਪ੍ਰਕਾਸ਼ ਦਿਵਸ, ਕੱਤਕ ਦੀ ਪੂਰਨਮਾਸ਼ੀ ਵਾਲੀ ਮਿਤੀ ਨੂੰ ਸਹੀ ਅਤੇ ਵਿਸਾਖ ਵਾਲੀ ਨੂੰ ਗ਼ਲਤ ਮੰਨਦਾ ਹੈ। ਉਸ ਅਨੁਸਾਰ ਇਹ ਗ਼ਲਤ ਮਿਤੀ, ਸਭ ਤੋਂ ਪਹਿਲਾਂ ਪ੍ਰਿਥੀ ਚੰਦ ਮੀਣਾ ਦੇ ਪੁੱਤਰ ਮਿਹਰਬਾਨ ਨੇ ਲਿਖੀ ਹੈ। ਇਸ ਨੂੰ ਹੀਣਿਆਂ ਦੀ ਬਜਾਏ ਮੀਣਿਆਂ, ਉਹ ਵੀ ਅਣਜੰਮਿਆਂ ਦੇ ਖਾਤੇ ਪਾਉਣਾ ਸਰਾਸਰ ਗ਼ਲਤ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਵਿਸਾਖ ਵਾਲੀ ਸਹੀ ਮਿਤੀ ਸੀਹਾਂ ਉੱਪਲ ਦੀ ਰਚੀ *ਸਾਖੀ ਮਹਲੁ ਪਹਿਲੇ ਕੀ* (ਰਚਨਾ ਕਾਲ 1570-74) ਨਾਲ ਪਹਿਲੀ ਵਾਰ ਪ੍ਰਕਾਸ਼ ਵਿਚ ਆਈ, ਮਿਹਰਬਾਨ ਓਦੋਂ ਜੰਮਿਆ ਵੀ ਨਹੀਂ ਸੀ, ਉਸ ਦਾ ਬਾਪ ਪ੍ਰਿਥੀ ਚੰਦ ਕਿਸ਼ੋਰ ਅਵਸਥਾ ਵਾਲਾ ਬੱਚਾ ਸੀ। ਇਸ ਲਈ, 'ਉਹ ਸਿੱਖ ਹਿਸਟਰੀ ਵਿਗਾੜਨ ਵਾਲਾ ਪਹਿਲਾ ਸਿੱਖ ਦੋਖੀ' ਸਿੱਧ ਨਹੀਂ ਹੁੰਦਾ ਜਿਵੇਂ ਦਿਲਗੀਰ ਕਰਨਾ ਚਾਹੁੰਦਾ ਹੈ। ਸਲੀਕੇ ਵਾਲੀ ਖੋਜ, ਪੜਤਾਲੇ ਜਾ ਸਕਣ ਵਾਲੇ ਤੱਥਾਂ 'ਤੇ ਆਧਾਰਤ ਹੋਣੀ ਚਾਹੀਦੀ ਹੈ, ਨਿਰੀ ਸਨਕ ਜਾਂ ਕਲਪਣਾ ਉਡਾਰੀਆਂ 'ਤੇ ਨਹੀਂ। ਸੀਹਾਂ ਉੱਪਲ ਬਾਬੇ ਦੇ ਪਹਿਲੇ ਪੂਰ ਦੇ ਨਿਕਟਵਰਤੀ ਸਿੱਖਾਂ ਵਿੱਚੋਂ ਸੀ; ਉੱਪਲ ਹੋਣ ਕਰਕੇ ਭਾਈਆ ਜੈ ਰਾਮ ਦਾ ਸੰਬੰਧੀ ਹੋਣ ਦੀ ਸੰਭਾਵਨਾ ਦੇ ਮੱਦੇ-ਨਜ਼ਰ, ਉਸ ਦੀ ਦੱਸੀ ਵਿਸਾਖ ਸੁਦੀ 3 ਵਾਲੀ ਮਿਤੀ ਹੀ ਭਰੋਸੇਯੋਗ ਅਤੇ ਪ੍ਰਮਾਣਿਕ ਹੈ।

ਅਤੇ ਨਾ ਹੀ, ਵਿਸਾਖ ਵਾਲੀ ਸਹੀ ਮਿਤੀ ਨੂੰ, 'ਹਿੰਦੂਆਂ ਵਿਚ ਇਹ ਭਰਮ ਹੈ ਕਿ ਕੱਤਕ ਵਿਚ ਜੰਮਿਆ ਬੱਚਾ ਨਹਿਸ਼ ਹੁੰਦਾ ਹੈ'[3] ਵਰਗੀ ਬੇਹੂਦਾ, ਗ਼ੈਰ-ਵਿਗਿਆਨਕ ਅਤੇ ਗੁਰਮਤਿ ਵਿਰੋਧੀ ਮਨੌਤ ਅਧੀਨ ਹੋਈ ਤਬਦੀਲੀ ਮੰਨੀ ਜਾ ਸਕਦੀ ਹੈ। ਗੁਰੂ ਕੁਲ ਵਿਚ ਦੋ ਹਸਤੀਆਂ—ਬਾਬਾ ਸਿਰੀ ਚੰਦ ਅਤੇ ਬਾਬਾ ਗੁਰਦਿੱਤਾ ਦਾ ਜਨਮ 'ਕੱਤਕ ਦੀ ਪੂਰਨਮਾਸ਼ੀ' ਦਾ ਹੀ ਹੈ। ਹੁਣ ਵੀ ਕੱਤਕ ਵਿਚ ਬੱਚੇ ਜੰਮਦੇ ਹਨ; ਸਹੀ ਮਿਤੀ ਨੂੰ ਨਕਾਰਨ ਹਿਤ ਇਸ ਲੰਗੜੀ ਦਲੀਲਬਾਜ਼ੀ ਨੂੰ ਪ੍ਰਮਾਣ ਨਹੀਂ ਮੰਨਿਆ ਜਾ ਸਕਦਾ।

ਸਿੱਖ ਇਤਿਹਾਸ ਨੂੰ ਹਨੇਰੇ ਵਿੱਚੋਂ ਕੱਢਣ ਵਿਚ ਜੁਟੇ ਮੁਜਾਹਦ ਸੂਰਮਿਆਂ ਨੂੰ ਆਪ ਵੀ ਹਨੇਰੇ ਵਿੱਚੋਂ ਬਾਹਰ ਆਉਣ ਦੀ ਲੋੜ ਹੈ। ਸਹਿਜ ਵਿਚ ਵਿਚਰਨ ਲਈ ਹਿੰਦੂ-ਮੀਣਾ-ਖ਼ਬਤ ਤੋਂ ਛੁਟਕਾਰਾ ਪਾਉਣਾ ਵੀ ਜ਼ਰੂਰੀ ਹੈ।

---

1. *ਕਿਰਤੋਕਤ*, ਪੰਨਾ 28.
2. *ਸਿੱਖ ਤਵਾਰੀਖ਼*, ਅੰਮ੍ਰਿਤਸਰ, 2015, ਪੰਨਾ 144.
3. *ਉਹੀ*, ਪੰਨਾ 43

Scanned by CamScanner

ਗੁਰ ਵਾਕ ਹੈ: ਮਹਲਾ ੩
ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 113)

ਦਿਲਗੀਰ ਸਾਹਿਬ ਦਾ ਗੁਰੂ ਸਾਹਿਬ ਦੀ ਕੱਤਕ ਵਾਲੀ ਜਨਮ ਮਿਤੀ ਦੀ ਪ੍ਰੋੜ੍ਹਤਾ ਵਿਚ ਭੁਗਤਾਇਆ *ਗੁਰੂ ਕੀਆਂ ਸਾਖੀਆਂ*, ਸਾਖੀ 24 ਦਾ ਹਵਾਲਾ ਵੀ ਮੁੱਢੋਂ ਗ਼ਲਤ ਹੈ: ਮਿਹਰਬਾਨ ਅਤੇ ਕਰਮ ਸਿੰਘ ਬਾਰੇ ਕੀਤੀਆਂ ਟਿੱਪਣੀਆਂ, ਤੋਂ ਤਾਂ ਇਉਂ ਲੱਗਦੈ ਜਿਵੇਂ ਇਨ੍ਹਾਂ ਬਾਰੇ ਜਾਂ ਇਨ੍ਹਾਂ ਦਾ ਲਿਖਿਆ ਕੁਝ ਪੜ੍ਹਿਆ ਹੀ ਨਹੀਂ। ਲੋੜੀਂਦੀ ਸਾਵਧਾਨੀ ਵੀ ਨਹੀਂ ਵਰਤੀ; ਹੋਸ਼ ਤੋਂ ਬਿਨਾਂ ਜੋਸ਼ ਵਿਅਰਥ ਹੈ, ਸਿਆਣੇ ਕਹਿੰਦੇ ਹਨ। ਇਸ ਕਿਸਮ ਦੀਆਂ ਬੇਪੀਰੀਆਂ ਬੰਦੇ ਅਤੇ ਉਸ ਦੇ ਕੰਮ ਦੀ ਕਦਰ ਘਟਾ ਸਕਦੀਆਂ ਹਨ। ਅਜੋਕੀ ਪਰਖ ਪੜਤਾਲ ਕਰਮ ਸਿੰਘ ਨੂੰ ਉੱਚ ਦੁਮਾਲੀਏ 'ਡਾਕਟਰ' ਹਰਜਿੰਦਰ ਸਿੰਘ ਦਿਲਗੀਰ ਨਾਲੋਂ ਕਿਤੇ ਸਿਆਣਾ ਸਾਬਤ ਕਰ ਰਹੀ ਹੈ।

ਦਿਲਗੀਰ ਹੋਰਾਂ ਦੀਆਂ ਉਪਰੋਕਤ ਨਾਜ਼ਕ ਮਸਲਿਆਂ ਨਾਲ ਕੀਤੀਆਂ ਦਿਲ-ਲਗੀਆਂ ਨਾਲ ਬਾਲੇ-ਕਿਆਂ ਦੀ ਤਾਂ ਭਾਵੇਂ ਬੱਲੇ ਬੱਲੇ ਹੋ ਗਈ ਅਤੇ 'ਸਿੱਖ ਚਿੰਤਕ' ਦੀ ਹੋ ਗਈ ਧੰਨ, ਧੰਨ! ਪਰ ਇਸ ਪ੍ਰਸੰਗ ਨਾਲ ਸੰਬੰਧਤ ਮੁੱਦਿਆਂ ਸੰਬੰਧੀ ਹੋ ਰਹੇ ਨਵੇਂ ਪ੍ਰਗਟਾਵਿਆਂ ਨਾਲ ਉਨ੍ਹਾਂ ਦੀਆਂ 'ਦਿਲਗੀਰੀਆਂ' ਵਿਚ ਨਵੇਂ ਵਾਧੇ ਹੋ ਜਾਣ ਦਾ ਖ਼ਦਸ਼ਾ ਹੈ।[1]

'ਲਾਲੋ' ਤੇ 'ਬਾਲਾ' ਮਿੱਥ ਨਿਵਾਰਕ ਸੈਦੋ ਦੀ ਸਾਜੀ *ਸਾਖੀ ਬਾਬੇ ਨਾਨਕ ਕੀ* (ਪੁਰਾਤਨ) ਪੁਰਾਣੇ ਅਤੇ ਨਵ ਬਿਗੜੈਲਾਂ ਦੇ ਸਿਰਜੇ ਹਰ ਕਿਸਮ ਦੇ ਭਰਮ ਭੂਤਾਂ ਤੋਂ ਮੁਕਤ ਹੈ; ਇਹੋ ਸੈਦੋ ਜੱਟ ਜਾਤ ਘੇਹੋ ਦੀ ਹਾਂਦਰੂ ਅਤੇ ਸਰਵੋਤਮ ਸਿਰਜਣਾ ਦੀ ਮਾਣਮੱਤੀ ਪ੍ਰਾਪਤੀ ਹੈ। ਲਾਲੋ ਅਤੇ ਬਾਲਾ ਬਲੱਫ਼ ਨੂੰ ਥੰਮ੍ਹੀ ਲਾਉਣ ਵਾਲੀ ਤੇ ਹਰ ਪੱਖੋਂ ਨਿਸ਼ਾ ਕਰਵਾਉਣ ਵਾਲੀ ਕਿਸੇ ਹੋਰ ਨਵੀਂ ਗਵਾਹੀ ਦੇ ਪ੍ਰਗਟ ਹੋਣ ਦੀ ਸੰਭਾਵਨਾ ਹੀ ਨਾ ਹੋਣ ਦੇ ਮੱਦੇ ਨਜ਼ਰ, ਆਸ ਹੈ ਕਿ ਇਸ ਅਲੋਚਨਾਤਮਕ ਪੜਤਾਲ ਤੋਂ ਪ੍ਰਾਪਤ ਹੋਏ ਸਿੱਟਿਆਂ ਨਾਲ ਹੀ ਹੋ ਜਾਵੇਗੀ ਲਾਲੋ - ਬਾਲਾ ਭਰਮ ਭੂਤ ਦੀ ਆਖ਼ਰਤ—ਆਖ਼ਰੀ ਸਲਾਮੀ, ਬਸ਼ਰਤੇ ਕਿ ਸਿੱਖ ਸੰਸਥਾ ਵੱਲੋਂ ਹੰਦਾਲੀ ਲਿਖਤਾਂ ਉੱਤੇ ਆਧਾਰਤ ਅਤੇ ਇਤਿਹਾਸਕਾਰਾਂ ਵੱਲੋਂ 'ਸ਼ੁੱਧ ਇਤਿਹਾਸਕ' ਸਰੋਤ ਕਿਆਸੇ ਜਾਂਦੇ ਗ੍ਰੰਥਾਂ ਦਾ ਪੁਨਰ-ਸੰਪਾਦਨ ਅਤੇ ਪ੍ਰਕਾਸ਼ਨ, ਸਾਖੀ ਪਰੰਪਰਾ, ਸਿੱਖ ਇਤਿਹਾਸ ਅਤੇ ਚਿੰਤਨ ਨੂੰ ਬਾਲਾ ਘੁੰਮਣਘੇਰ ਵਿਚ ਹੀ ਫਸਾਈ ਰੱਖਣ ਦਾ ਕਾਰਨ ਨਾ ਬਣੇ, ਜਿਸ ਦੀ ਤਕੜੀ ਸੰਭਾਵਨਾ ਹੈ। ਇਸ ਦੇ ਮੱਦੇ ਨਜ਼ਰ, ਸੂਝਵਾਨਾਂ ਵਾਲੀ ਚੌਕਸੀ ਵਰਤੇ ਜਾਣ ਦੀ ਬੇਹੱਦ ਜ਼ਰੂਰਤ ਮਹਿਸੂਸ ਹੋ ਰਹੀ ਹੈ।

ਨਿਬੇੜਾ

ਬੇਸ਼ੱਕ, ਜਨਮ ਸਾਖੀ ਪਰੰਪਰਾ ਨਾਲ ਸੰਬੰਧਤ ਮੁੱਢਲੇ ਮਹੱਤਵਪੂਰਨ ਖਰੜਿਆਂ

1. *ਕਿਰਤੋਕਤ*, ਪੰਨਾ 43.

ਦੀ ਨਿਸ਼ਾਨਦੇਹੀ, ਉਨ੍ਹਾਂ ਦੀਆਂ ਫੋਟੋ-ਕਾਪੀਆਂ ਅਤੇ ਪ੍ਰਕਾਸ਼ਤ ਸਮੱਗਰੀ ਨੂੰ ਅਕਾਦਮਿਕ ਖੇਤਰ ਵਿਚ ਸੁਲੱਭ ਹੋਇਆਂ ਕਈ ਦਹਾਕੇ ਹੋ ਗਏ ਹਨ; ਅਤੇ ਇਸ ਵਿਚ ਇਸ ਦੀ ਹਰ ਰਚਨਾ ਨਾਲ ਸੰਬੰਧਤ ਹਰ ਤਰ੍ਹਾਂ ਦੀ ਜਾਣਕਾਰੀ ਦਰਜ ਹੋਈ ਮਿਲਦੀ ਹੈ। ਪਰ ਸਾਡੇ ਖੋਜੀਆਂ, ਇਤਿਹਾਸਕਾਰਾਂ ਅਤੇ ਵਿਦਵਾਨਾਂ ਦੀ ਸਮੱਸਿਆ ਹੈ: ਵਿਖਾਵੇ ਪਾਏ ਨੁਸਖ਼ਿਆਂ ਕੋਲ ਦੀ ਵੀ ਲੰਘ ਜਾਣ, ਤਾਂ ਉਨ੍ਹਾਂ ਬਾਰੇ ਹਰ ਤਰ੍ਹਾਂ ਦਾ ਸਿਧਾਂਤ ਸਿਰਜ ਲੈਂਦੇ ਹਨ, ਜਿਸ ਨੂੰ ਅੰਤਮ ਸੱਚ ਦੱਸ ਕੇ ਪਰੋਸਿਆ ਜਾਂਦਾ ਹੈ; ਨਹੀਂ ਤਾਂ, ਦਹਾਕਿਆਂ ਦੇ ਲੰਬੇ ਸਮੇਂ ਤੋਂ ਕੋਲ ਪਈ ਸਰੋਤ ਸਮੱਗਰੀ ਦੇ ਗੇੜਿਆਂ ਵਿਚ ਮਸਰੂਫ਼ ਤਾਂ ਰਹਿਣਗੇ, ਪਰ ਉਨ੍ਹਾਂ ਦੇ ਅੰਦਰ ਝਾਕਣ ਦਾ ਹੀਆ ਨਹੀਂ ਕਰਦੇ। ਇਨ੍ਹਾਂ ਬੇਪੀਰੀਆਂ ਦਾ ਹੀ ਸਿੱਟਾ ਹੈ ਕਿ ਹੁਣ ਤਕ ਸੁਲੱਭ ਮਹੱਤਵਪੂਰਨ ਸਰੋਤਾਂ ਤੋਂ ਬਣਦਾ ਲਾਭ ਨਹੀਂ ਲਿਆ ਜਾ ਸਕਿਆ ਅਤੇ ਇਸ ਦੇ ਨਾਲ ਹੀ ਹਨੇਰੇ ਵਿਚ ਡੁੱਬਿਆ ਰਿਹਾ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਦਾ ਰਚਨਾ ਕਾਲ।

ਇਸ ਸੰਬੰਧੀ ਨਿੱਠ ਕੇ ਕੀਤੀ ਡੂੰਘੀ ਪੜਤਾਲ ਤੋਂ ਜੋ ਤੱਥ ਉਜਾਗਰ ਹੋਏ ਹਨ ਉਨ੍ਹਾਂ ਦੀ ਵਿਚਾਰ-ਚਰਚਾ ਰਾਹੀਂ, *ਜਨਮ ਸਾਖੀ ਬਾਲਾ* ਅਤੇ ਇਸ ਦੀ ਪ੍ਰਤੀਕਿਰਿਅਕ ਰਚਨਾ *ਸਾਖੀ ਬਾਬੇ ਨਾਨਕ ਜੀ ਕੀ* ਦੇ ਰਚਨਾ ਕਾਲ ਸੁਨਿਸਚਿਤ ਕਰਨ ਵਿਚ ਸਫਲਤਾ ਮਿਲ ਸਕੀ ਹੈ। ਇਨ੍ਹਾਂ ਮੁੱਦਿਆਂ ਦੁਆਲੇ ਇਕੱਠਾ ਹੋਇਆ ਧੁੰਦ ਗ਼ੁਬਾਰ ਵੀ ਛਟਿਆ ਹੈ। ਇਹ ਵੇਖਣਾ ਅਜੇ ਬਾਕੀ ਹੈ ਕਿ ਸਾਡੇ ਹਾਵੀ-ਪ੍ਰਭਾਵੀ ਬੁੱਧੀਮਾਨਾਂ ਦੀ ਪਿੱਛਲ ਖੁਰੀ ਸੋਚ, *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਦੇ ਸੰਬੰਧ ਵਿਚ ਹੋਏ ਨਵੀਨ ਪ੍ਰਗਟਾਵਿਆਂ ਨੂੰ ਕਿਵੇਂ ਲੈਂਦੀ ਹੈ।

ਪੜਤਾਲ ਤੋਂ ਪ੍ਰਾਪਤ ਹੋਏ ਤੱਥਾਂ ਅਨੁਸਾਰ ਛੋਕੜਲਾ ਨਿਰਣਾ ਹੈ: ਇਸ ਦੇ ਸੈਦੋ ਵੱਲੋਂ ਕੀਤੇ ਸੰਸਕਰਨ ਦੇ ਸੰਪੰਨ ਹੋਣ ਦਾ ਸਮਾਂ ਤਥਾ ਰਚਨਾ ਕਾਲ 1657-58 ਈ. ਅਤੇ ਰਚਨਾ ਸਥਾਨ, 'ਚਰਣ ਮਝਾਰ ਕੇ' ਨੇੜੇ ਪਿਸ਼ਾਵਰ ਹੈ। ਆਸ ਕੀਤੀ ਜਾ ਸਕਦੀ ਹੈ ਕਿ ਇਸ ਦੇ ਰਚਨਾ ਕਾਲ ਬਾਰੇ ਹੋਏ ਨਵੇਂ ਪ੍ਰਗਟਾਵਿਆਂ ਨਾਲ ਜਨਮ ਸਾਖੀ ਚਿੰਤਨ ਨੂੰ ਇਕ ਨਵਾਂ ਨਰੋਆ ਪ੍ਰਸੰਗ ਵੀ ਮਿਲ ਸਕੇਗਾ।

ਸਮੀਖਿਆ ਤੋਂ ਮਿਲਿਆ ਲਾਭੰਸ਼

(1) ਰਚਨਾ-ਕਾਲ ਦਾ ਮੁੱਦਾ, ਹੁਣ ਤਕ, ਅਟਕਲਬਾਜ਼ੀਆਂ ਦਾ ਵਿਸ਼ਾ ਬਣੇ ਰਹਿਣ ਕਾਰਨ ਅਨਿਸਚਿਤ ਹੀ ਰਿਹਾ ਹੈ।

(2) ਇਸ ਦੀ ਤਥਾ-ਕਥਿਤ 'ਪੁਰਾਤਨ' ਹੋਣ ਵਾਲੀ ਗ਼ਲਤ ਧਾਰਨਾ ਕਈ ਉਲਝਣਾਂ ਦਾ ਕਾਰਨ ਬਣੀ।

(3) *ਜਨਮਸਾਖੀ ਬਾਲਾ* ਅਤੇ *ਪੁਰਾਤਨ* ਸਮਕਾਲੀਨ ਅਤੇ ਪ੍ਰਤੀਕਿਰਿਅਕ ਰਚਨਾਵਾਂ ਹਨ। ਸਾਖੀ ਸਮੱਗਰੀ ਦਾ ਪਰਸਪਰ ਅਦਾਨ-ਪ੍ਰਦਾਨ ਵੀ ਸੁਨਿਸਚਿਤ ਹੈ।

(4) *ਜਨਮਸਾਖੀ ਬਾਲਾ* ਦੇ ਸੰਪੰਨ ਹੋਣ ਦਾ ਸਮਾਂ 1658 ਈ. ਹੈ।

Scanned by CamScanner

(5) *ਪੁਰਾਤਨ* ਦਾ ਸੈਦੋ ਹੱਥੀਂ ਹੋਇਆ ਨਿਰਮਾਣ 1657-58 ਈ. ਦੀ ਅਵਧੀ ਵਿਚ ਹੋਇਆ ਸਿੱਧ ਹੁੰਦਾ ਹੈ।

(6) *ਪੁਰਾਤਨ* ਵਿਚ ਅਨੁਕੂਲੇ ਸੀਹਾਂ ਉੱਪਲ ਵਾਲੇ ਭਾਗ ਦਾ ਰਚਨਾ ਕਾਲ 1569-74 ਈ. ਹੈ।

(7) ਸੈਦੋ ਦੀ ਸਾਜੀ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਲਾਲੋ ਅਤੇ ਬਾਲਾ ਭਰਮ ਭੂਤ ਦੇ ਨਿਖੇਧ ਦਾ ਤਤਕਾਲੀਨ ਤੇ ਮਹੱਤਵਪੂਰਨ ਦਸਤਾਵੇਜ਼ ਹੈ।

(8) *ਜਨਮਸਾਖੀ ਬਾਲਾ* ਵਾਲੀ 'ਕੱਤਕ ਪੂਰਨਮਾਸ਼ੀ' ਵਾਲੀ ਮਿਤੀ ਨੂੰ ਮੀਣਿਆਂ ਦੇ ਖਾਤੇ ਪਾਉਣਾ ਨਿਰਾਧਾਰ ਪਰਿਕਲਪਣਾ ਤੋਂ ਪ੍ਰੇਰਤ ਹੈ।

Scanned by CamScanner

4

ਸਾਖੀ ਸੰਪਾਦਨ ਸਮੀਖਿਆ

ਵਸਤੂ ਪਰਖ, ਦਲੇਰ ਤਜਰਬਿਆਂ ਦੀ

ਭਾਈ ਵੀਰ ਸਿੰਘ ਹੱਥੀਂ ਸੰਪਾਦ ਹੋ ਕੇ ਛਪੇ ਗ੍ਰੰਥਾਂ ਦਾ ਅਕਾਦਮਕ ਖੇਤਰ ਵਿਚ ਨਿਰੀਖਣ ਸ਼ੁਰੂ ਹੋਣ ਨਾਲ ਉਨ੍ਹਾਂ ਦੀ 'ਸੰਪਾਦਨ ਕਲਾ' ਅਲੋਚਨਾਤਮਕ ਸਕੈਨਰ ਹੇਠ ਆਈ ਹੈ। ਅਲੱਗ ਅਲੱਗ ਵਿਦਵਾਨਾਂ ਵੱਲੋਂ, ਉਨ੍ਹਾਂ ਦੇ ਅਪਣਾਏ ਸੰਪਾਦਕੀ ਢੰਗ ਤਰੀਕਿਆਂ ਸੰਬੰਧੀ ਹੋਏ ਪ੍ਰਗਟਾਵਿਆਂ ਸਦਕਾ, ਉਨ੍ਹਾਂ ਦਾ ਸਮੁੱਚਾ ਸੰਪਾਦਨ ਕਾਰਜ ਸ਼ੱਕ ਦੇ ਘੇਰੇ ਵਿਚ ਆ ਗਿਆ ਹੈ: ਨਿਜੀ ਪਸੰਦ ਨਾ-ਪਸੰਦ ਤੋਂ ਪ੍ਰੇਰਤ ਪਾਠ ਦੀ ਬੇਲਗ਼ਾਮ ਛਾਂਗ-ਛੰਗਾਈ, ਅਸੁਖਾਵੇਂ ਤੱਤਾਂ ਦੀ ਤੱਪੜ-ਪੋਸ਼ੀ ਅਤੇ ਮੂਲ ਪਾਠ ਵਿਚ ਆਪ-ਹੁਦਰੇ ਵਾਧੇ ਘਾਟੇ ਕਰਨ ਵਾਲੀ ਰੁਚੀ, *ਪੁਰਾਤਨ* ਦੇ ਸੰਪਾਦਨ ਵਿਚ ਵੀ ਹਾਵੀ ਹੋਈ ਨਜ਼ਰ ਆਉਂਦੀ ਹੈ। ਇਸ ਨਾਲ ਅਨੇਕਾਂ ਮਹੱਤਵਪੂਰਨ ਅਤੇ ਇਤਿਹਾਸਕ ਮਹੱਤਾ ਵਾਲੀਆਂ ਜਾਨਦਾਰ ਗਵਾਹੀਆਂ ਅਤੇ ਤੱਥ ਗ਼ਾਇਬ ਹੋ ਗਏ ਹੋਣ ਦੀ ਸੰਭਾਵਨਾ ਹੈ। ਇਹ ਸਥਿਤੀ, ਉਨ੍ਹਾਂ ਹੱਥੀਂ ਹੋਏ *ਪੁਰਾਤਨ* ਦੇ ਸੰਪਾਦਨ ਦੀ ਵਸਤੂ ਪਰਖ ਕੀਤੇ ਜਾਣ ਦੀ ਮੰਗ ਕਰਦੀ ਹੈ। ਇਸ ਅਵਸਰ 'ਤੇ ਇਸ ਤੋਂ ਪ੍ਰੇਰਤ ਪਾਛੂ ਸੰਪਾਦਨਾਂ 'ਤੇ ਝਾਤ ਪਾਉਣ ਦਾ ਲਾਭ ਵੀ ਲਿਆ ਜਾ ਸਕੇਗਾ।

ਸੰਪਾਦਕੀ ਪ੍ਰਤੀਮਾਨ ਨਜ਼ਰ-ਅੰਦਾਜ਼

ਭਾਈ ਵੀਰ ਸਿੰਘ ਵਾਲੇ *ਪੁਰਾਤਨ* ਦੇ ਸੰਪਾਦਨ ਦੇ ਜਾਇਜ਼ੇ ਦੀ ਸ਼ੁਰੂਆਤ, ਨਮੂਨੇ ਦੇ ਇਕ ਦ੍ਰਿਸ਼ਟਾਂਤ ਨਾਲ ਕਰਨੀ ਬਣਦੀ ਹੈ। *ਪੁਰਾਤਨ* ਦੇ ਮੁੱਢ ਵਿਚ ਬਾਬੇ ਦਾ ਕੀਰਤੀਨਾਮਾ ਦਰਜ ਹੋਇਆ ਮਿਲਦਾ ਹੈ। ਇਸ ਦਾ ਭਾਈ ਵੀਰ ਸਿੰਘ ਵਾਲਾ ਨਿਰਧਾਰਤ ਪਾਠ ਹੈ:

> ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ, ਚਉਸਠ ਜੋਗਣੀ, ਬਵੰਜਾਹ ਬੀਰ, ਛਿਆਂ ਜਤੀਆਂ, **ਚਉਰਾਸੀ ਸਿਧਾਂ**, ਨਵਾਂ ਨਾਥਾਂ ਨਮਸਕਾਰ ਕੀਆ, ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ: "ਇਸ ਕਉ ਨਮਸਕਾਰ ਕੀਜੀਐ ਜੀ"।

ਇਸ ਵਿਚ ਉਘਾੜੇ ਗਏ ਪਾਠ ਦੀ ਤਰਤੀਬ ਧਿਆਨ ਮੰਗਦੀ ਹੈ। ਮੂਲ ਪਾਠ ਵਿਚ ਇਸ ਦੀ ਤਰਤੀਬ ਇਸ ਤਰ੍ਹਾਂ ਹੈ:

> ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ। **ਚਉਰਾਸੀ ਸਿਧਾਂ ਨਵਾਂ ਨਾਥਾਂ** ਚਉਸਠ ਜੋਗਣੀ ਬਵੰਜਾਹ ਬੀਰ ਛਿਆਂ ਜਤੀਆਂ ਨਮਸਕਾਰ ਕੀਆ ਜੋ ਵਡਾ

Scanned by CamScanner

> ਭਗਤ ਜਗਤ ਨਿਸਤਾਰਣ ਕਉ ਆਇਆ ਇਸ ਕਉ ਨਮਸਕਾਰ ਕੀਜੀਐ ਜੀ।

ਭਾਈ ਵੀਰ ਸਿੰਘ ਵਾਲਾ ਨਿਰਧਾਰਤ ਪਾਠ *ਸਾਖੀ ਮਹਲੁ ਪਹਿਲੇ ਕੀ* ਜਾਂ *ਪੁਰਾਤਨ* ਦੇ ਚੜ੍ਹਦੇ-ਲਹਿੰਦੇ ਕਿਸੇ ਨੁਸਖ਼ੇ ਵਿਚ ਨਹੀਂ ਮਿਲਦਾ, ਇਹ ਪਾਠ-ਸੋਧ ਕਿਸ ਆਧਾਰ 'ਤੇ ? ਇਸ ਦਾ ਸਰੋਤ ? ਇਨ੍ਹਾਂ ਸਵਾਲਾਂ ਦੇ ਜਵਾਬ ਭਾਈ ਵੀਰ ਸਿੰਘ ਕੋਲ ਵੀ ਨਹੀਂ ਸਨ ਕਿਉਂਕਿ ਇਹ ਮਨ ਦੀ ਮੌਜ ਹੈ—ਚੱਕ ਤੇ ਰੱਖ (cut & paste) ਵਾਲੀ ਇਹ ਦੇਸੀ ਕਾਢ ਕੰਪਿਊਟਰ ਵਾਲਿਆਂ ਨੇ, ਸ਼ਾਇਦ ਇਥੋਂ ਹੀ ਚੁਰਾਈ ਹੈ। ਪਾਠ ਦੀ ਹਰ ਸੋਧ ਸਪੱਸ਼ਟੀਕਰਨ ਮੰਗਦੀ ਹੈ, ਜਿਸ ਲਈ ਵਿਵੇਕ ਅਵੱਸ਼ਕ ਹੈ, ਇਸ ਮਾਮਲੇ ਵਿਚ ਇਹ ਦੋਵੇਂ ਗ਼ਾਇਬ ਹਨ। ਸਹੀ ਪਾਠ ਨੂੰ ਬਿਨਾਂ-ਵਜ੍ਹਾ ਸੰਪਾਦਕੀ ਦਖ਼ਲ ਨਾਲ ਵਿਗਾੜਨਾ, ਪਾਠ ਨਾਲ ਸਰਾਸਰ ਧੱਕਾ ਤਾਂ ਹੈ ਹੀ, ਇਸ ਨਾਲ ਸੰਪਾਦਨ ਦੇ ਨੇਮਾਂ ਦਾ ਖਿਲਵਾੜ ਵੀ ਹੁੰਦਾ ਹੈ। ਇਹ ਦਖ਼ਲ ਪਾਠ ਦੇ ਪਹਿਲੇ ਪੰਨੇ ਅਤੇ ਪੰਜਵੀਂ ਸਤਰ ਵਿਚ ਹੋਇਆ ਮਿਲਦਾ ਹੈ। ਸਮੁੱਚੇ ਪਾਠ ਵਿਚ ਅਜਿਹੀਆਂ ਆਪ-ਹੁਦਰੀਆਂ ਸੋਧਾਂ ਦੀ ਭਰਮਾਰ ਹੈ, ਜਿਨ੍ਹਾਂ ਨੂੰ ਕਾਤਬੀ ਭੁੱਲਾਂ ਵਾਲੇ ਖਾਤੇ ਵੀ ਨਹੀਂ ਪਾਇਆ ਜਾ ਸਕਦਾ, ਕਿਉਂਕਿ ਸੰਪਾਦਕ ਦਾ ਮੁੱਖ ਕਰਤੱਵ ਸ਼ੁੱਧ ਪਾਠ ਨਿਰਧਾਰਤ ਕਰਨਾ ਹੁੰਦਾ ਹੈ, ਕਿਤਾਬਤ ਨਹੀਂ। ਸ਼ੁੱਧ ਪਾਠ ਨਿਰਧਾਰਤ ਕਰਦਿਆਂ ਸੰਪਾਦਕ ਨੂੰ ਮੂਲ ਲੇਖਕ ਦੇ ਮਨ ਦਾ ਹਿੱਸਾ ਬਣਨਾ ਹੁੰਦਾ ਹੈ। ਆਪਣੀ ਸੋਚ ਉਸ ਉੱਤੇ ਲੱਦਣ ਨਾਲ, ਸੰਪਾਦਕੀ ਆਦੇਸ਼ ਦੀ ਉਲੰਘਣਾ ਹੀ ਨਹੀਂ ਹੁੰਦੀ, ਸਗੋਂ ਪਾਠ ਦੀ ਅਖੰਡਤਾ ਅਤੇ ਪਾਵਨਤਾ ਵੀ ਭੰਗ ਹੁੰਦੀ ਹੈ। ਮੰਦਭਾਗੀ ਗੱਲ ਹੈ, ਭਾਈ ਵੀਰ ਸਿੰਘ ਵਾਲੀ 'ਪੁਰਾਤਨ' ਨਾਲ ਇਹੋ ਕੁਝ ਹੋਇਆ ਹੈ।

ਇਸ ਪਾਠ ਵਿਗਾੜ ਨੂੰ ਵੀ.ਸਿ.-ਮਾਰਕਰ-1 ਮਿਥ ਕੇ, ਇਸ ਜੈਨਿਤਿਕ ਤਕਨੀਕ ਨੂੰ ਅਗਲੇਰੀ ਪਾਠ ਪੜਤਾਲ ਲਈ ਵੀ ਵਰਤਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਤੋਂ ਬਾਅਦ, *ਪੁਰਾਤਨ* ਦੇ ਸੰਪਾਦਨ ਖੇਤਰ ਨੂੰ ਵਿਸ਼ੇਸ਼ ਦੇਣ ਰਤਨ ਸਿੰਘ ਜੱਗੀ ਹੋਰਾਂ ਦੀ ਹੈ, ਉਨ੍ਹਾਂ ਦਾ ਨਿਰਧਾਰਤ ਪਾਠ ਹੈ :

> ਤੇਤੀਸ ਕਰੋੜੀ ਦੇਵਤਿਆਂ ਨਮਸਕਾਰੁ ਕੀਆ। ਚਉਸਠਿ ਜੋਗਣੀ ਬਵੰਜਾਹ ਬੀਰਾ ਛਿਆਂ ਜਤੀਆਂ, **ਚਉਰਾਸੀਆ ਸਿਧਾ, ਨਵਾਂ ਨਾਥਾਂ**, ਨਮਸਕਾਰ ਕੀਆ। ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ, ਇਸ ਕਉ ਨਮਸਕਾਰੁ ਕੀਜੀਐ ਜੀ।[1]

ਇਸ ਵਿਚ ਵੀ.ਸਿ.-ਮਾਰਕਰ-1 ਦਾ ਸਥਾਨ, ਜੋ ਭਾਈ ਵੀਰ ਸਿੰਘ ਵਾਲਾ ਹੀ ਹੈ, ਵਿਸ਼ੇਸ਼ ਧਿਆਨ ਮੰਗਦਾ ਹੈ। ਇਹ ਸੰਕੇਤਕ ਹੈ ਕਿ ਉਨ੍ਹਾਂ ਦੀ 'ਅਧਾਰ ਪੋਥੀ' ਵਿਚ ਇਸ ਸਥਾਨ 'ਤੇ ਪਾਠ ਨਹੀਂ ਹੈ, ਨਾ ਹੀ ਤੁਲਨਾ ਲਈ ਵਰਤੀਆਂ ਪਟਿਆਲਾ ਸਥਿਤ ਦੋ ਪੋਥੀਆਂ ਵਿਚ ਹੈ। ਤਾਂ ਫਿਰ, ਪਾਠ ਕਿਥੋਂ ਆਇਆ ? ਉਕਤ ਮਾਰਕਰ ਇਸ ਨੂੰ ਸਿੱਧਾ ਭਾਈ ਵੀਰ ਸਿੰਘ ਦੇ ਨਿਰਧਾਰਤ ਪਾਠ ਤੋਂ ਚੁੱਕੇ ਹੋਣ ਦੀ ਕਰਾਮਾਤ ਸਿੱਧ ਕਰਦਾ ਹੈ। ਵਿਸ਼ਰਾਮਾਂ ਦੀ ਮੀਨ ਮੇਖ, ਚਉਰਾਸੀ ਦੀ ਥਾਂ ਚਉਰਾਸੀਆ (ਸੈ.ਸ.ਲਾ

1. *ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ*, ਪਟਿਆਲਾ 1977, ਪੰਨਾ 143.

2913 ਦਾ ਪਾਠਾਂਤਰ) ਜੱਗੀ ਸੰਪਾਦਨ ਕਲਾ ਦੀ ਦੇਣ ਜ਼ਰੂਰ ਹੈ, ਇਸ ਤੱਥ ਤੋਂ ਇਨਕਾਰ ਨਹੀਂ ਹੋ ਸਕਦਾ। ਭਾਈ ਵੀਰ ਸਿੰਘ ਦੀ ਸੰਪਾਦਨ ਕਲਾ ਦਾ ਮੁਹਾਂਦਰਾ ਨਿਖਾਰਨ ਵਾਲਾ ਇਕ ਨਮੂਨਾ ਹੋਰ, ਮੁਲਾਹਜ਼ੇ ਲਈ:

> ਜਿ ਖੱਤ੍ਰੀਆਂ ਦਿਆਂ ਪੁਤ੍ਰਾਂ ਪਾਸਿ ਪੰਜੀਹੇ ਹੋਂਦੇ ਹੈਨ ਤਾਂ **ਰੁਜਗਾਰੁ ਕਰਦੇ ਹੈਨਿ**[1]

ਸਾਖੀ ਮਹਲੁ ਪਹਿਲੇ ਕੀ ਤੋਂ ਲੈ ਕੇ *ਪੁਰਾਤਨ* ਤਕ ਅਤੇ ਇਨ੍ਹਾਂ ਤੋਂ ਵਿਕਸਤ ਹੋਈਆਂ ਸ਼ਾਖਾਵਾਂ ਵਿਚ ਇਸ ਵੀ.ਸਿ.-ਮਾਰਕਰ-2 ਦਾ ਸਹੀ ਰੂਪ ਹੈ:

> ਜੋ ਖੱਤ੍ਰੀਆਂ ਦਿਆਂ ਪੁਤ੍ਰਾਂ ਪਾਸਿ ਪੰਜੀਹੇ ਹੋਂਦੇ ਹੈਨ ਤਾਂ **ਰੁਜਗਾਰੁ ਕਰਦੇ ਨਾਹੀ**।

ਇਸ ਦਖ਼ਲ-ਅੰਦਾਜ਼ੀ ਦਾ ਵੀ ਕੋਈ ਸਰੋਤ, ਸਪੱਸ਼ਟੀਕਰਨ ਜਾਂ ਵਿਵੇਕ ਪ੍ਰਾਪਤ ਨਹੀਂ। ਕੇਵਲ ਸੰਪਾਦਕ ਦੀ ਮਨ ਮੰਨੀ ਹੀ ਪ੍ਰਮਾਣ ਹੈ। ਸੀਹਾਂ ਉੱਪਲ ਵਾਲਾ ਪਾਠ ਜਾਗੀਰਦਾਰੀ ਜੁੱਗ ਦੇ ਵਿਹਲੇ ਬਹਿ ਕੇ ਖਾਣ ਵਾਲੇ ਸਰਦੇ-ਪੁੱਜਦਿਆਂ ਦੀ ਅਯਾਸ਼ੀ ਦੀ ਪ੍ਰਤਿਨਿੱਧਤਾ ਕਰਦਾ ਦਿਸਦਾ ਹੋਣ ਕਰਕੇ, ਪੂੰਜੀਵਾਦੀ ਜੁੱਗ ਦੀ ਚੇਤਨਾ ਵਾਲੇ ਸੰਪਾਦਕ ਨੂੰ ਰਾਸ ਨਾ ਆਇਆ ਤੇ ਉਸ ਨੇ ਆਪਣੀ ਪਸੰਦ ਅਨੁਸਾਰ 'ਰੁਜਗਾਰੁ ਕਰਦੇ ਨਾਹੀ' ਨੂੰ 'ਰੁਜਗਾਰੁ ਕਰਦੇ ਹੈਨਿ', ਵਿਚ ਬਦਲ ਦਿੱਤਾ; ਇਹ ਨਿਗੂਣੀ ਜਾਪਦੀ ਤਬਦੀਲੀ ਵੀ ਜੁੱਗ ਪਲਟਾਉਂਦੀ ਹੈ।

ਇਸ ਵੀ.ਸਿ.-ਮਾਰਕਰ-2 ਦਾ ਪਰਛਾਵਾਂ ਰਤਨ ਸਿੰਘ ਜੱਗੀ[2] ਦੇ ਨਿਰਧਾਰਤ ਪਾਠ 'ਤੇ ਵੀ ਪਿਆ ਨਜ਼ਰ ਆਉਂਦਾ ਹੈ, ਜਿਸ ਦਾ ਪਾਠ ਹੈ:

> ਜੋ ਖੱਤ੍ਰੀਆਂ ਦਿਆਂ ਪੁੱਤ੍ਰਾਂ ਪਾਸਿ ਪੰਜੀਹੇ ਹੋਂਦੇ ਹੈਨਿ ਤਾਂ **ਰੁਜਗਾਰੁ ਕਰਦੇ ਹੈਨਿ**।

ਭਾਈ ਵੀਰ ਸਿੰਘ ਦੀ ਇਹ ਕਰਾਂਤੀਕਾਰੀ ਸੋਧ, ਜੱਗੀ ਸਾਹਿਬ ਦੀ ਸੰਪਾਦਕੀ ਕਾਰਗੁਜ਼ਾਰੀ ਵਾਲੇ ਯਥਾਰਥ ਤੋਂ ਪਰਦਾ ਚੁੱਕਣ ਦਾ ਪਰਨਾਮੀਂ ਰੋਲ ਵੀ ਅਦਾ ਕਰਦੀ ਹੈ।

ਵੈਸੇ ਤਾਂ ਕਿਸੇ ਨਿਰਣੇ 'ਤੇ ਪੁੱਜਣ ਲਈ ਉਪਰੋਕਤ ਗਵਾਹੀਆਂ ਹੀ ਕਾਫ਼ੀ ਵਜ਼ਨਦਾਰ ਤੇ ਫ਼ੈਸਲਾਕੁਨ ਹਨ, ਪਰ ਨਿਰਣੇ ਨੂੰ ਵਧੇਰੇ ਵਿਆਪਕ ਤੇ ਧਾਰਦਾਰ ਬਣਾਉਣ ਲਈ, ਪੁਸ਼ਟੀ ਕਰਨਹਾਰੀਆਂ ਇਕ-ਦੋ ਹੋਰ ਮਹੱਤਵਪੂਰਨ ਉਦਾਹਰਣਾਂ ਦਾ ਜਾਇਜ਼ਾ ਲਿਆ ਜਾਣਾ ਵੀ ਲਾਹੇਵੰਦ ਰਹੇਗਾ।

ਫ਼ਾਰਸੀਆਂ ਘਰ ਗਾਲੇ

ਸਾਖੀ ਪਰੰਪਰਾ ਦੇ ਮੁੱਢਲੇ ਪੜਾਅ ਦੇ ਲੇਖਕ, ਉਸ ਸਮੇਂ ਦੀ ਦਫ਼ਤਰੀ ਜ਼ਬਾਨ ਫ਼ਾਰਸੀ ਦੇ ਚੰਗੇ ਗਿਆਤਾ ਸਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਹੋਈ ਇਸ ਦੀ ਆਮ ਵਰਤੋਂ ਦੀ ਸਾਰਥਕਤਾ ਅਜੋਕੇ ਪਾਠਕਾਂ ਅਤੇ ਸੰਪਾਦਕਾਂ ਲਈ ਤਾਂ ਗੁਆਚੀ ਹੋਈ ਹੀ ਹੈ, ਜੋ ਉਨ੍ਹਾਂ ਲਈ ਬਹੁਤੀ ਵਾਰ ਸੰਕਟ ਖੜ੍ਹਾ ਕਰ ਦਿੰਦੀ ਹੈ। ਕਾਜ਼ੀ ਰੁਕਨ ਵਾਲੀ ਸਾਖੀ ਵਿਚ, ਆਮ-ਫ਼ਹਿਮ ਸ਼ਬਦ 'ਤਕਸੀਰ' ਤਿੰਨ ਵਾਰ ਵਰਤਿਆ ਹੈ; ਇਸ ਦਾ ਦੋ ਥਾਵਾਂ 'ਤੇ ਭਾਈ ਵੀਰ ਸਿੰਘ ਵਾਲਾ ਰੂਪ ਹੈ:

---

1. *ਪੁਰਾਤਨ ਜਨਮਸਾਖੀ*, ਅੰਮ੍ਰਿਤਸਰ, 1952, ਪੰਨਾ 8.
2. *ਕਿਰਤੋਕਤ*, ਪੰਨਾ 149.

> ਤਬ ਖਾਨਿ ਕਹਿਆ, 'ਕਾਜੀ' ਇਸ ਕਉ ਪੁਛਣ ਕੀ **ਤਕਸੀਰ ਰਹੀ ਨਾਹੀ**[1] ਖਾਨੁ ਬੋਲਿਆ, ਕਾਜੀ ! ਨਾਨਕੁ ਹਕੁ ਨੂ ਪਹੁਤਾ ਹੈ, ਅਵਰ ਪੁਛਣ ਕੀ **ਤਕਸੀਰ ਰਹੀ**-ਵ੍ਰ.ਨੋ.ਪਾਠਾਂਤਰ-**ਰਹੀ ਨਾਹੀ**[2]

ਮੂਲ ਲਿਖਤ ਵਿਚ ਦੋਵੇਂ ਥਾਂ ਪਾਠ ਹੈ, 'ਤਕਸੀਰ ਹੈ' ਜਿਸ ਦਾ ਭਾਵ ਹੈ ਕਿ ਹੋਰ ਪੁੱਛਣਾ ਕੁਤਾਹੀ ਹੈ। ਇਸ ਸ਼ਬਦ ਦਾ ਦੂਜਾ ਅਰਥ 'ਕਮੀ' ਹੈ, ਭਾਈ ਵੀਰ ਸਿੰਘ ਨੂੰ ਸ਼ਾਇਦ, ਕੇਵਲ 'ਕਮੀ' ਦਾ ਹੀ ਪਤਾ ਸੀ ਅਤੇ ਇਸੇ ਅਨੁਸਾਰ ਪਾਠ ਨੂੰ ਸੋਧ ਕੇ ਨਵਾਂ ਰੂਪ ਦੇ ਦਿੱਤਾ (ਵੀ.ਸਿ.-ਮਾਰਕਰ-3)। ਇਸ ਕਿਸਮ ਦੀ ਦਖ਼ਲ-ਅੰਦਾਜ਼ੀ ਦੇ ਕਾਰਨ ਭਾਵੇਂ ਕੁਝ ਵੀ ਹੋਣ, ਅੰਤ ਨੂੰ ਇਹ ਆਪ-ਹੁਦਰੀ ਤਰਮੀਮ ਦੇ ਖਾਤੇ ਜਾ ਪੈਂਦੀ ਹੈ ਜੋ ਪਾਠ ਅਤੇ ਸੰਪਾਦਨ, ਦੋਵਾਂ ਲਈ ਬਾਧਕ ਹੈ।

ਉਕਤ ਵੀ.ਸਿ.-ਮਾਰਕਰ-3 ਦੀ ਝਲਕ ਰਤਨ ਸਿੰਘ ਜੱਗੀ[3] ਹੋਰਾਂ ਦੇ ਨਿਰਧਾਰਤ ਪਾਠ ਵਿਚ ਵੀ ਦਿਖਾਈ ਦਿੰਦੀ ਹੈ, ਉਥੇ ਪਾਠ ਹੈ :

> ਤਬ ਖਾਨਿ ਕਹਿਆ—ਕਾਜੀ ਇਸ ਕਉ ਪੁਛਣ ਕੀ **ਤਕਸੀਰ ਰਹੀ ਨਾਹੀ**/ਖਾਨੁ ਬੋਲਿਆ ਕਾਜੀ ਨਾਨਕੁ ਹਕੁ ਨੂ ਪਹੁਤਾ ਹੈ ਅਵਰ ਪੁਛਣ ਕੀ **ਤਕਸੀਰ ਰਹੀ ਨਾਹੀ**

ਤਿੰਨ ਵੀ.ਸਿ.-ਮਾਰਕਰਾਂ ਦਾ ਜੱਗੀ-ਪਾਠ ਵਿਚ ਸਗਵੇਂ ਰੂਪ ਵਿਚ ਪ੍ਰਾਪਤ ਹੋਣਾ, ਇਸ ਤੱਥ ਦਾ ਪ੍ਰਮਾਣ ਹੈ ਕਿ ਜੱਗੀ ਸਾਹਿਬ ਨੇ ਆਪਣਾ ਤਥਾ-ਕਥਿਤ ਨਿਰਧਾਰਤ ਪਾਠ, ਤਥਾ-ਕਥਿਤ 'ਆਧਾਰ ਪੋਥੀ ਤੋਂ ਅੱਖਰ ਅੱਖਰ ਹੱਥੀਂ ਉਤਾਰੇ' ਵਾਲੇ ਸਾਂਗ ਦੇ ਬਾਵਜੂਦ, ਭਾਈ ਵੀਰ ਸਿੰਘ ਵਾਲੀ ਤਥਾ-ਕਥਿਤ *ਪੁਰਾਤਨ* ਤੋਂ, ਚਲੰਤ ਮੁਹਾਵਰੇ ਅਨੁਸਾਰ 'ਲਗ ਮਾਤਰ ਸਮੇਤ' ਚੁੱਕਿਆ ਹੈ।

ਜੱਗੀ ਸਾਹਿਬ ਨੂੰ ਝੋਰਾ ਹੈ ਕਿ ਭਾਈ ਵੀਰ ਸਿੰਘ ਵਾਲਾ ਪਾਠ "ਵਿਗਿਆਨਿਕ ਸੰਪਾਦਨ ਨਹੀਂ"[4] ਕਿਉਂਕਿ ਉਨ੍ਹਾਂ ਸਾਰੇ ਮੌਜੂਦ ਖਰੜੇ ਨਹੀਂ ਵਰਤੇ, ਆਪਣੇ ਪਾਠ ਨੂੰ ਕੇਵਲ ਲਿੱਖੇ ਸੰਸਕਰਨਾਂ 'ਤੇ ਆਧਾਰਤ ਕੀਤਾ ਹੈ। ਸਥਿਤੀ ਦਾ ਵਿਅੰਗ ਇਹ ਕਿ ਜੱਗੀ ਸਾਹਿਬ ਵਾਲਾ 'ਵਿ-ਗਿਆਨਿਕ ਪਾਠ' ਭਾਈ ਵੀਰ ਸਿੰਘ ਵਾਲੇ ਪਾਠ ਤੋਂ ਇਕ ਇੰਚ ਵੀ ਏਧਰ-ਓਧਰ ਨਹੀਂ ਹੋਇਆ ਅਤੇ ਜਿਸ ਪਰਿਕਿਰਿਆ ਨੂੰ ਉਹ ਤੁਲਨਾ ਦਾ ਨਾਂ ਦਿੰਦੇ ਹਨ, ਉਹ ਪਟਿਆਲੇ ਵਿਚ ਸਥਾਨਕ ਤੌਰ 'ਤੇ ਪ੍ਰਾਪਤ ਦੋ ਖਰੜਿਆਂ ਤਕ ਸੀਮਤ ਹੈ; ਬਹਿਰੋਂ ਬਾਹਰ ਪ੍ਰਾਪਤ ਚਾਰ ਹੋਰ ਖਰੜਿਆਂ ਵੱਲ ਮੂੰਹ ਵੀ ਨਹੀਂ ਕੀਤਾ। ਵਿਦਵਾਨ ਸੰਪਾਦਕ ਨੂੰ ਇਹ ਤੱਥ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਕਿਸੇ ਵੀ ਸੁਨਿਸਚਿਤ ਪਾਠ ਦੇ ਪੁਨਰ-ਨਿਰਧਾਰਨ ਲਈ ਪਾਠ-ਮੇਲ ਤੋਂ ਪ੍ਰਾਪਤ ਪਾਠ-ਭੇਦਾਂ ਦੀ ਸਹਾਇਤਾ ਨਾਲ ਤਰਕ ਆਧਾਰਤ ਪਾਠ ਸੋਧ ਅਮਲ ਵਿਚ ਲਿਆਉਣੀ ਹੁੰਦੀ ਹੈ, ਤਥਾ-ਕਥਿਤ ਤੁਲਨਾ ਜਿਸ ਦੇ ਉਹ ਅਭਿਆਸੀ ਹਨ, ਕੋਈ ਅਰਥ ਨਹੀਂ ਰੱਖਦੀ।

---

1. ਪੁਰਾਤਨ, ਪੰਨਾ 18
2. ਉਹੀ, ਪੰਨਾ 19.
3. ਨਿਰਧਾਰਤ, ਪੰਨਾ 161
4. ਨਿਰਧਾਰਤ, ਪੰਨਾ 156

ਪਾਠਾਂਤਰ, ਇਹ ਵੀ

ਭਾਈ ਵੀਰ ਸਿੰਘ ਨੇ, ਆਪਣੇ ਨਿਰਧਾਰਤ ਪਾਠ ਨੂੰ ਆਸਾਨੀ ਨਾਲ ਪ੍ਰਾਪਤ ਦੋ ਲਿੱਥੋ ਛਾਪਾਂ ਦੇ ਪਾਠਾਂ ਦੀ ਮਸਨੂਈ ਮਿੱਸ ਤਕ ਸੀਮਤ ਰੱਖ ਕੇ, ਨਿਰੋਲ ਟੇਬਲ-ਮਾਰਕਾ ਪਾਠ ਤਿਆਰ ਕੀਤਾ—ਹੋਰ ਕਿਸੇ ਹੱਥ-ਲਿਖਤ ਨਾਲ ਪਾਠ-ਮੇਲ ਦੀ ਜ਼ਰੂਰਤ ਹੀ ਨਹੀਂ ਸਮਝੀ, ਜਿਸ ਤੋਂ ਅਨੇਕਾਂ ਮਹੱਤਵਪੂਰਨ ਪਾਠ-ਭੇਦ ਜਾਂ ਵਧੇਰੇ ਸੁਝਾਊ ਸੰਕੇਤ ਮਿਲਣ ਦੀ ਸੰਭਾਵਨਾ ਸੀ। ਪਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਚਾਲ੍ਹੀ ਕੁ ਵਾਰ ਫ਼ੁੱਟ ਨੋਟਾਂ ਵਿਚ "ਪਾਠਾਂਤਰ ਇਹ ਵੀ ਹੈ" ਵਾਕੰਸ਼ ਦੀ ਖੁੱਲ੍ਹੀ ਵਰਤੋਂ ਹੋਈ ਮਿਲਦੀ ਹੈ; ਕੋਈ ਸਰੋਤ ਨਹੀਂ ਦੱਸਿਆ, ਕੋਈ ਹਵਾਲਾ ਦਰਜ ਨਹੀਂ—ਇਨ੍ਹਾਂ ਵਿੱਚੋਂ ਕੁਝ ਕੁ ਹਾਫ਼ਜ਼ਾਬਾਦੀ ਸ਼ਾਖਾ ਤੋਂ ਪ੍ਰੇਰਤ ਹਨ, ਬਾਕੀ ਸਭ ਮਨੋ-ਉਕਤੀਆਂ।

ਸਫਲ ਸੰਪਾਦਨ ਦੇ ਜ਼ਰੂਰੀ ਤੱਤ ਜਿਵੇਂ ਤਰਤੀਬ, ਸਪੱਸ਼ਟਤਾ ਅਤੇ ਤਰਕ ਵੀ ਇਸ ਵਿੱਚੋਂ ਗ਼ਾਇਬ ਹਨ। ਨਿਰਧਾਰਤ ਪਾਠ ਸੰਪਾਦਕੀ ਮਾਪਾਂ (norms) ਦੀ ਦੁਰਬਲਤਾ ਦਾ ਸ਼ਿਕਾਰ ਤਾਂ ਹੈ ਹੀ, ਸੰਪਾਦਕ ਵੱਲੋਂ ਕੀਤੀ ਸੁਚੇਤ 'ਸੋਧ-ਸੁਧਾਈ' ਯਾਨੀ ਮਨ-ਭਾਉਂਦੇ ਦਖ਼ਲਾਂ ਨਾਲ ਮੂਲ ਪਾਠ ਦੀ ਪਾਵਨਤਾ ਵੀ ਭੰਗ ਹੋਈ ਹੈ। ਤਾਂ ਵੀ, ਵਿਲੱਖਣ ਵਾਰਤਕ ਰਚਨਾ ਦਾ, ਮੁੱਢਲੇ ਪੜਾਅ ਦਾ ਸੰਪਾਦਨ ਹੋਣ ਕਾਰਨ, ਇਸ ਦਾ ਸਭ ਕੁਝ ਆਸਾਨੀ ਨਾਲ ਪਰਵਾਨ ਚੜ੍ਹ ਗਿਆ। ਪਾਠ ਦੀ ਪ੍ਰਮਾਣਿਕਤਾ ਤੋਂ ਇਲਾਵਾ, ਇਸ ਦੇ ਰਚਨਾ ਕਾਲ ਅਤੇ ਰਚਿਆਰਤਾ ਨਾਲ ਸੰਬੰਧਤ ਮੁੱਦੇ ਵੀ ਅੰਤਮ ਰੂਪ ਵਿਚ ਨਹੀਂ ਨਿਬੇੜੇ ਜਾ ਸਕੇ, ਜੋ ਹੁਣ ਤਕ ਬਰਕਰਾਰ ਹਨ। ਪਿਛਲੀ ਸਦੀ ਦਾ ਅਕਾਦਮਕ ਜਗਤ ਵੀ ਇਨ੍ਹਾਂ ਦਾ ਮੰਨਣਯੋਗ ਤੇ ਤਸੱਲੀਬਖ਼ਸ਼ ਹੱਲ ਨਹੀਂ ਲੱਭ ਸਕਿਆ।

ਭਾਈ ਵੀਰ ਸਿੰਘ ਤਾਂ ਭਿੱਜ ਕੇ, ਵਲਵਲੇ ਦੇ ਦੇਸ਼ ਦੀਆਂ ਤਾਰੀਆਂ ਲਾਉਣ ਵਾਲੇ ਕਵੀ ਸਨ; ਪਰ ਸੰਪਾਦਕ ਨੂੰ ਲੋੜੀਂਦੀ ਹੈ ਬੁੱਧੀ ਮੰਡਲ ਦੀ ਕੈਦ ਅਤੇ ਸੰਪਾਦਕੀ ਨੇਮਾਂ ਦੀ ਬੰਨ੍ਹੋਗਿਰੀ। ਚੰਗਾ ਹੁੰਦਾ ਜੇ ਬੰਨ੍ਹਣਾਂ ਵਾਲੀ ਸੰਪਾਦਕੀ 'ਵਰਜਿਤ ਵਾੜੀ' ਵੱਲ ਪੈਰ ਪਸਾਰਨ ਦੀ ਥਾਂ ਆਪਣੇ ਸਮੇਂ ਦੇ ਹਾਣ ਪ੍ਰਮਾਣ ਵਾਲੀਆਂ ਚਾਰ ਕਵਿਤਾਵਾਂ ਹੋਰ ਲਿਖੀਆਂ ਹੁੰਦੀਆਂ! ਆਪਣੇ 'ਸਾਈਆਂ ਜੀਓ' ਨੂੰ ਨਹੋਰਾ ਹੀ ਦਿੱਤਾ ਹੁੰਦਾ, ਜਿਵੇਂ ਗੁਰੂ ਬਾਬੇ ਨਾਨਕ ਜੀ ਨੇ ਬਾਬਰ ਦੇ ਪ੍ਰਸੰਗ ਵਿਚ ਆਪਣੇ ਸੰਵੇਦਨਸ਼ੀਲ ਹੁੰਗਾਰਿਆਂ ਵਿਚ ਦਿੱਤਾ ਹੈ, ਜੋ ਅਨੰਤ ਕਾਲ ਤਕ ਗੁੰਜਾਰ ਪਾਉਂਦੇ ਰਹਿਣ ਦੇ ਸਮਰੱਥ ਹੈ:

> ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥
>
> *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 360)*

ਬਾਬੇ ਦੇ ਪਹਿਲੇ ਸਾਖੀਕਾਰ ਸੀਹਾਂ ਉੱਪਲ ਨੇ ਕਲਾਤਮਕ ਨਿਪੁੰਨਤਾ ਨਾਲ ਬਾਬੇ ਦੇ ਇਸ ਉਲਾਂਭੇ ਨੂੰ ਬਾਬਰ ਨੂੰ 'ਵਰਦਾਨ' ਦੇ ਰੂਪ ਵਿਚ ਢਾਲਿਆ; ਫੇਰ ਵਿਚਾਰ ਅਧੀਨ ਸਾਖੀ ਦੇ ਸਿਰਜਕ ਸੈਦੋ ਨੇ ਆਪਣੀ ਖਰੀ ਸਿਆਣਪ ਨਾਲ 'ਵਰਦਾਨ' ਨੂੰ ਪਾਠ ਵਿੱਚੋਂ ਖਾਰਜ ਕਰ ਕੇ ਸਾਖੀ ਦੀ, ਵਕਤ ਦੀ ਨਜ਼ਾਕਤ ਅਨੁਸਾਰ, ਸਾਰਥਕਤਾ ਵਿਚ ਵਾਧਾ ਕਰ ਦਿੱਤਾ। ਭਾਈ ਵੀਰ ਸਿੰਘ ਦੀ ਸੰਪਾਦਕੀ ਕਾਰ-ਗੁਜ਼ਾਰੀ ਵਿਚ, ਸੰਜਮ ਦੀ ਘਾਟ ਕਾਰਨ, ਨਾ ਸੀਹੋਂ ਵਾਲੀ ਨਿਪੁੰਨਤਾ ਦਿਖਾਈ ਦਿੰਦੀ ਹੈ, ਨਾ ਸੈਦੋ

ਵਾਲੀ ਖਰੀ ਸਿਆਣਪ, ਉਨ੍ਹਾਂ ਨੇ ਬਾਬਰ ਨੂੰ ਵਰਦਾਨ ਵਾਲੀ ਵਾਰਤਾ ਨੂੰ ਬਿਰਤਾਂਤ ਵਿਚ ਮੁੜ ਜੋੜ ਕੇ, ਪਾਠ ਦਾ ਅੰਗ ਬਣਾ ਦਿੱਤਾ। ਇਹ ਹਾ.-ਵੀ.ਸਿ.-ਮਾਰਕਰ-4, ਹਾਫ਼ਜ਼ਾਬਾਦੀ ਸ਼ਾਖਾ ਵਿਚ ਵਿਵੇਕ ਵਿਹੂਣੇ ਦਖ਼ਲ ਤੋਂ ਵਿਕਸਤ ਹੋਏ ਪਾਠ ਵਿੱਚੋਂ ਲੈ ਕੇ ਸੈਦੋ ਵਾਲੇ ਮੂਲ ਪਾਠ ਵਿਚ ਮੇਲ ਲੈਣ ਨਾਲ, ਨਾ ਕੇਵਲ ਨਿਆਂਇਕ ਸੰਪਾਦਨ ਦੀਆਂ ਸੀਮਾਵਾਂ ਦੀ ਉਲੰਘਣਾ ਹੋਈ ਹੈ, ਬਲਕਿ ਜਿਸ ਦੇ ਨਤੀਜੇ ਪਾਠ ਦੀ ਪ੍ਰਮਾਣਿਕਤਾ ਲਈ ਹਾਨੀਕਾਰਕ ਵੀ ਸਿੱਧ ਹੀ ਹਨ। ਹੈਰਾਨੀ ਵਾਲੀ ਗੱਲ ਹੈ, ਇਹ ਹਾ.-ਵੀ.ਸਿ.-ਮਾਰਕਰ-4 ਵੀ ਆਪਣੇ ਪੂਰੀ ਸ਼ਾਨ ਨਾਲ ਜੱਗੀ ਪਾਠ[1] ਵਿਚ ਸੁਭਾਇਮਾਨ ਹੈ—'ਆਧਾਰ ਪੋਥੀ' ਦਾ ਇਹ ਵੀ ਇਕ ਨਵਾਂ ਨਵੇਕਲਾ ਕੌਤਕ ਹੈ।

ਇਕ ਯਾਦਗਾਰੀ ਮਾਰਕਰ

ਹਾਫ਼ਜ਼ਾਬਾਦੀ ਸ਼ਾਖਾ ਦੀ ਸਾਖੀ ਪਰੰਪਰਾ ਨੂੰ ਇਕ ਹੋਰ ਯਾਦਗਾਰੀ ਦੇਣ ਦਾ ਉਲੇਖ ਵੀ ਜ਼ਰੂਰੀ ਹੈ: ਬਹੁਤ ਸਾਰੇ ਪ੍ਰਸੰਗਾਂ ਵਿਚ ਅਪੂਰਨ ਵਿਅਕਤੀਆਂ ਦੇ ਬਾਬੇ ਦੇ ਸੰਪਰਕ ਵਿਚ ਆਉਣ ਉਪਰੰਤ ਹੋਏ ਪਰਿਵਰਤਨ ਨੂੰ ਦਰਸਾਉਣ ਲਈ ਸੈਦੋ ਨੇ 'ਨਾਉ ਧਰੀਕ ਹੋਇਆ' (ਨਾਮ ਧਾਰਨ ਕਰਨ ਵਾਲਾ ਜਾਂ ਨਾਮ ਲੇਵਾ) ਮੁਹਾਵਰੇ ਦੀ ਵਰਤੋਂ ਕੀਤੀ ਹੈ। ਹਾਫ਼ਜ਼ਾਬਾਦੀ ਸ਼ਾਖਾ ਵਿਚ, ਉਤਾਰਕੀ ਦਖ਼ਲ ਕਾਰਨ, ਇਸ ਦਾ ਰੂਪ ਹੋ ਗਿਆ: 'ਨਾਉ ਧਰੀਕ ਸਿਖ/ਸਿਖਣੀ ਹੋਇਆ'। ਇਸ ਪਾਠ-ਬਦਲੀ ਦੀ, ਭਾਈ ਵੀਰ ਸਿੰਘ ਨੇ ਆਪਣੀ *ਪੁਰਾਤਨ* ਦੇ ਪਾਠ ਵਿਚ, ਬੜੀ ਖੁੱਲ੍ਹ-ਦਿਲੀ ਨਾਲ ਵਰਤੋਂ ਕੀਤੀ। ਇਸ ਹਾ.-ਵੀ.ਸਿ.-ਮਾਰਕਰ-5 ਦੀ ਸਾਂਗੋਪਾਂਗ ਵਰਤੋਂ, ਬਿਨਾਂ ਛੋਟ, ਜੱਗੀ ਸਾਹਿਬ ਵਾਲੇ 'ਵਿ-ਗਿਆਨਿਕ' ਪਾਠ[2] ਵਿਚ ਵੀ ਦੇਖੀ ਜਾ ਸਕਦੀ ਹੈ। ਇਸ ਦਾ ਮਤਲਬ ਹੈ ਕਿ ਇਹ ਅਲੋਕਾਰ ਮਾਰਕਰ ਵੀ, ਉਨ੍ਹਾਂ ਅਨੁਸਾਰ 1640 ਈ. ਦੀ ਨਕਲਾਈ, 'ਅਧਾਰ ਪੋਥੀ' ਵਿਚ ਵੀ ਪ੍ਰਗਟ ਹੋਇਆ ਸੀ, ਕਿਵੇਂ? ਸ਼ਾਇਦ, ਵਿਦਵਾਨ ਸੰਪਾਦਕ ਆਪ ਇਸ ਦੇ ਹਨੇਰੇ ਪੱਖ 'ਤੇ ਕੁਝ ਚਾਨਣਾ ਪਾ ਸਕੇ।

ਮਾਰਕਰ 1-3 ਵਾਲੇ ਪਾਠ, *ਪੁਰਾਤਨ* ਦੇ ਸੰਪਾਦਕ ਦੀ ਤਰਕਹੀਣ ਦਖ਼ਲ-ਅੰਦਾਜ਼ੀ ਦਾ ਨਤੀਜਾ ਹੋਣ ਕਰਕੇ ਪਾਠ-ਭੇਦ ਨਹੀਂ ਮੰਨੇ ਜਾ ਸਕਦੇ, ਇਹ ਸੰਪਾਦਕ ਦੇ ਆਪਣੇ ਦਖ਼ਲ ਹਨ। ਮਾਰਕਰ 4, 5 ਦੋ ਵੱਖਰੀਆਂ ਸ਼ਾਖਾਵਾਂ ਦੇ ਪਾਠਾਂ ਨੂੰ ਗੱਡ-ਮੱਡ ਕਰਨ ਦੇ ਉੱਤਰਫਲ ਹਨ; ਇਹ ਅਲੋਕਾਰੀ ਦੇਣ ਵੀ ਭਾਈ ਵੀਰ ਸਿੰਘ ਦੀ ਖ਼ਾਸ ਹੈ। ਇਨ੍ਹਾਂ ਮਾਰਕਰਾਂ ਦੀ ਜੱਗੀ-ਪਾਠ ਵਿਚ ਸਾਂਗੋ-ਪਾਂਗ ਅਤੇ ਵਿਆਪਕ ਪ੍ਰਾਪਤੀ, ਉਨ੍ਹਾਂ ਵੱਲੋਂ ਆਪਣੀ 'ਆਧਾਰ ਪੋਥੀ' ਦੇ ਸੰਬੰਧ ਵਿਚ ਕੀਤੇ ਦਾਅਵੇ ਕਿ ਇਹ "ਪੁਰਾਤਨ ਜਨਮਸਾਖੀ ਦੇ ਮੂਲ ਰੂਪ ਦੀ ਸਿੱਧੀ ਨਕਲ ਹੈ"[3] ਦੀ ਪੋਲ ਵੀ ਖੋਲ੍ਹਦੀ ਹੈ ਅਤੇ ਇਸ 'ਆਧਾਰ ਪੋਥੀ' ਦਾ ਉਤਾਰਾ ਕਾਲ, ਤਥਾ-ਕਥਿਤ ਸੰਮਤ 1697 (1640 ਈ.) ਦੀ ਬਜਾਏ 1926 ਈ.—*ਪੁਰਾਤਨ* ਦੇ ਸੰਪਾਦਨ-ਪ੍ਰਕਾਸ਼ਨ ਵਾਲਾ ਵਰ੍ਹਾ-ਹੋਣ ਦਾ ਅਕੱਟ ਪ੍ਰਮਾਣ ਵੀ ਭੁਗਤਾ ਰਹੀ ਹੈ।

---

1. *ਕਿਰਤੋਕਤ*, ਪੰਨੇ 216-18.
2. *ਕਿਰਤੋਕਤ*, ਪੰਨਾ 183.
3. *ਉਹੀ*, ਪੰਨਾ 137.

Scanned by CamScanner

ਇਕ ਲੇਖੇ, ਸ਼ਾਇਦ, ਪਿਆਰ ਸਿੰਘ ਹੋਰਾਂ ਦੀ ਧਾਰਨਾ ਕਿ *ਪੁਰਾਤਨ ਜਨਮਸਾਖੀ* ਭਾਈ ਵੀਰ ਸਿੰਘ ਦੁਆਰਾ, "ਸੋਧਿਆ ਸੰਵਾਰਿਆ ਤੇ ਸੰਪੂਰਨ ਕੀਤਾ ਰੂਪ ਹੈ"[1] ਨੇ ਹੀ ਇਹ ਮੁਆੜਾ ਪਾਇਆ ਹੋਵੇ। ਸਿਆਣੇ-ਬਿਆਣੇ ਬੰਦੇ ਵੱਲੋਂ ਲੱਗੀ ਅਰੇਤ ਟਪਾਰ ਨੇ, ਇਸ ਤੋਂ ਪ੍ਰੇਰਤ ਪਾਛੂ ਸੰਪਾਦਕ ਨੂੰ 'ਸੰਪੂਰਨ' ਵਿਚ ਕੋਈ ਸੁਧਾਰ ਦੀ ਗੁੰਜਾਇਸ਼ ਹੀ ਨਜ਼ਰ ਨਹੀਂ ਆਉਣ ਦਿੱਤੀ (ਉਨ੍ਹਾਂ ਨੂੰ ਕਿਹੜਾ ਪਤਾ ਸੀ ਕਿ ਇਹ ਸੋਧ ਕੇ ਵਿਗਾੜਿਆ ਪਾਠ ਹੈ)। ਭਾਈ ਵੀਰ ਸਿੰਘ ਸਾਖੀ ਪਰੰਪਰਾ ਦੇ ਮੋਢੀ ਸੰਪਾਦਕਾਂ ਵਿੱਚੋਂ ਇਕ ਤਾਂ ਜ਼ਰੂਰ ਹੈ, ਪਰ ਸੰਪੂਰਨਤਾ ਨੂੰ ਛੋਹਣ ਵਾਲੀ ਨਿਪੁੰਨਤਾ ਅਤੇ ਗੰਭੀਰਤਾ ਵਾਲਾ ਜਾਂ ਵਿਦਵਤਾ-ਪੂਰਨ ਵਿਸਤਾਰ (scholarly dimension) ਵਾਲਾ ਸੰਪਾਦਕ ਬਿਲਕੁਲ ਨਹੀਂ।

ਭਾਈ ਵੀਰ ਸਿੰਘ ਵੱਲੋਂ ਆਪਣੀ ਸੁਧਾਰਵਾਦੀ ਸੋਚ, ਸੈਦੋ ਵਾਲੇ ਮੂਲ ਪਾਠ ਉੱਤੇ ਲਾਗੂ ਕਰਨ ਦੇ ਬੇਢੱਬੇ ਯਤਨਾਂ ਵਿੱਚੋਂ ਪੈਦਾ ਹੋਇਆ ਇਕ ਵਿਲੱਖਣ ਪਾਠ-ਵਿਗਾੜ ਵੀ.ਸਿ.-ਮਾਰਕਰ-6 ਵੀ ਧਿਆਨ ਮੰਗਦਾ ਹੈ। ਮੱਕੇ ਵਾਲੀ ਸਾਖੀ 51 ਵਿਚ ਇਕ ਸਲੋਕ ਦਰਜ ਹੈ ਜਿਸ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ:

ਹਜਰਤਿ ਜੋ ਫੁਰਮਾਇਆ ਫਤਬਾ ਮੰਝਿ ਕਤਾਬੁ॥
ਬੇਨਿਮਾਜਾ ਤੇ ਸਗ ਭਲੇ ਜੋ ਰਾਤੀ ਰਹਿਣ ਸੁਜਾਗ॥

(ਮੁਕੰਮਲ ਮੂਲ ਪਾਠ ਲਈ ਵੇਖੋ ਪੰਨਾ 203)

ਇਸ ਦਾ ਵਿਸ਼ਾ, ਪਾਕ ਕੁਰਾਨ ਅਨੁਸਾਰ ਚੰਗੇਰੀ ਮੁਸਲਿਮ ਜੀਵਨ-ਜਾਚ ਦ੍ਰਿੜ੍ਹਾਉਣ ਨਾਲ ਸੰਬੰਧਤ ਹੈ। ਸੈਦੋ ਦੀ, ਮੱਕੇ ਦੇ ਧਾਰਮਿਕ ਅਤੇ ਸਮਾਜਿਕ ਪ੍ਰਸੰਗ ਅਨੁਕੂਲ ਇਸ ਬੇਨਜ਼ੀਰ ਰਚਨਾ ਵਿਚ ਆਏ ਬਾਬੇ ਦੇ ਰਚੇ ਇਕ ਵਾਕ "ਤਲਬਾਂ ਪਉਸਨਿ ਆਕੀਆਂ ਬਾਕੀ ਜਿਨਾਂ ਰਹੀ" ਨੂੰ ਆਧਾਰ ਬਣਾ ਕੇ ਸੰਪਾਦਕ[2] ਨੇ ਸੈਦੋ ਵਾਲੇ ਸਲੋਕ ਦੀ ਥਾਂ ਬਾਬੇ ਦੀ ਨਿਮਨੋਕਤ ਰਚਨਾ 'ਦਰੁਸਤ ਪਾਠ' ਵਜੋਂ ਛਾਪ ਦਿੱਤੀ, ਜੋ ਮੂਲ ਲੇਖਕ ਦੇ ਪਾਠ ਦੀ ਪਾਵਨਤਾ ਦੀ ਘੋਰ ਬੇਹੁਰਮਤੀ; ਅਣਚਾਹਿਆ ਤੇ ਬੇਲੋੜਾ ਦਖ਼ਲ ਹੈ:

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 953)

ਇਹ ਬੇਲੋੜੀ ਰੱਦੋਬਦਲ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਠਹਿਰਾਈ ਜਾ ਸਕਦੀ, ਕਿਉਂਕਿ ਇਹ ਕਾਤਬੀ ਪਾਠ-ਭੇਦ ਨਹੀਂ, ਜਿਸ ਦੀ ਦਰੁਸਤੀ ਦੀ ਲੋੜ ਸੰਪਾਦਕ ਨੂੰ ਮਹਿਸੂਸ ਹੋਈ ਹੋਵੇ। ਮੂਲ ਸਲੋਕ ਦੇ ਪਾਠ ਦੇ ਅਧਿਐਨ ਤੋਂ, ਇਸ 'ਸੋਧ-ਸੁਧਾਈ' ਪਿੱਛੇ ਤੁਅੱਸਬੀ ਤੰਗ ਨਜ਼ਰੀਆ ਕਾਰਜਸ਼ੀਲ ਹੋਣ ਦਾ ਪ੍ਰਭਾਵ ਮਿਲਦਾ ਹੈ, ਜਿਸ

1. *ਆਦਿ ਸਾਖੀਆਂ*, ਲੁਧਿਆਣਾ, 1983, ਪੰਨੇ 71-72.
2. *ਪੁਰਾਤਨ ਜਨਮਸਾਖੀ*, ਅੰਮ੍ਰਿਤਸਰ, 1952, ਪੰਨਾ 104.

Scanned by CamScanner

ਨੂੰ ਕਿਸੇ ਤਰ੍ਹਾਂ ਵੀ ਨੈਤਿਕ ਅਤੇ ਸਹੀ ਸਿੱਧ ਨਹੀਂ ਕੀਤਾ ਜਾ ਸਕਦਾ। ਸਾਢੇ ਤਿੰਨ ਸੌ ਸਾਲ ਪਹਿਲਾਂ ਦਾ ਗੁੰਮਨਾਮ ਲੇਖਕ ਸੈਦੋ ਜੱਟ, ਸਾਡੇ ਹਾਵੀ ਪ੍ਰਭਾਵੀ ਲੇਖਕ ਅਤੇ ਕਹਿੰਦੇ ਕਹਾਉਂਦੇ ਸੰਪਾਦਕ ਨਾਲੋਂ ਕਿਤੇ ਵੱਧ ਉਦਾਰ ਅਤੇ ਸਿਆਣਾ ਸਿੱਧ ਹੋ ਰਿਹਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ 'ਜੱਗੀ' ਹੋਰਾਂ ਵਾਲਾ ਪਾਠ ਵੀ.ਸਿ.-ਮਾਰਕਰ-6 ਦੇ ਦੂਰ-ਪ੍ਰਭਾਵ ਤੋਂ ਬਿਲਕੁਲ ਮੁਕਤ ਹੈ। ਇਹ ਵੀ ਕੋਈ ਨਿਗੂਣੀ ਪ੍ਰਾਪਤੀ ਨਹੀਂ।

ਪੋਚਾਗਰੀ ਦਾ ਵਿਸਤਾਰ

ਪੁਰਾਤਨ (1926 ਈ.) ਦੇ ਪਾਠ ਵਿਚ, ਭਾਈ ਵੀਰ ਸਿੰਘ ਵੱਲੋਂ ਕੀਤੇ ਉਪਰੋਕਤ ਸੰਪਾਦਕੀ ਦਖ਼ਲਾਂ ਤੋਂ ਵਧੀਕ, ਸੰਤੋਖ ਸਿੰਘ ਦੀ ਈਜਾਦ ਕੀਤੀ 'ਭਰਮ-ਭੁਲਾਵਾ ਆਧਾਰਿਤ ਪੋਚਾਗਰੀ', ਜਿਸ ਦੀ ਬਦੌਲਤ ਵੱਡੇ ਇਤਿਹਾਸਕ ਵਿਗਾੜ ਪੈਦਾ ਕਰਨ ਵਾਲੇ 'ਪੂਰਬ ਪੋਥੀ' ਦੇ ਸੰਕਲਪ ਨੇ ਜਨਮ ਲਿਆ, ਵਿਸਤਾਰ ਫੜਦੀ ਨਜ਼ਰ ਆਉਂਦੀ ਹੈ। ਇਸ ਨੂੰ ਸੰਪੰਨ ਕਰਨ ਵਿਚ ਉਨ੍ਹਾਂ ਦੀ ਦੇਣ ਦਾ ਪਾਰਾਵਾਰ ਨਹੀਂ। ਇਸ ਦੀ ਵਰਤੋਂ ਉਨ੍ਹਾਂ ਹੱਥੀਂ ਹੋਏ ਆਗਾਮੀ ਸੰਪਾਦਨਾਂ ਵਿਚ, ਭਰਪੂਰ ਰੂਪ ਵਿਚ ਹੋਈ: ਪਹਿਲੇ ਸੰਪਾਦਨ *ਸਿੱਖਾਂ ਦੀ ਭਗਤਮਾਲਾ* ਦੇ ਪਾਠ ਵਿਚ ਆਪਣੇ ਵਿਚਾਰਾਂ ਨਾਲ ਮੇਲ ਨਾ ਖਾਣ ਵਾਲੇ ਅਸੁਖਾਵੇਂ ਤੱਤਾਂ ਨੂੰ 'ਅਖਯੇਪਕਾਂ' ਮੰਨ ਕੇ, ਉਨ੍ਹਾਂ ਦੀ ਬੇਲੋੜੀ, ਅਮਿੱਤ ਅਤੇ ਨਿਰਾਧਾਰ ਕਾਂਟ-ਛਾਂਟ ਕੀਤੀ—ਯਾਨੀ ਉਨ੍ਹਾਂ ਉੱਤੇ ਪੋਚਾ ਫੇਰ ਦਿੱਤਾ। ਸੰਪਾਦਕ ਦੀ ਇਸ ਕਾਂਟ-ਛਾਂਟ ਵਾਲੀ ਕਾਰਵਾਈ ਨਾਲ ਮੂਲ ਪਾਠ ਦੇ ਲਗਭਗ ਦਸਵੇਂ ਹਿੱਸੇ ਦਾ ਅਪਹਰਨ ਹੋ ਗਿਆ।[1] ਇਹ ਇਕ ਮੰਦਭਾਗਾ ਅਮਲ ਸੀ। ਇਹੋ ਨਹੀਂ, ਆਪਣੇ ਵੱਲੋਂ ਕੀਤੀ ਅਨੇਕਾਂ ਕਿਸਮ ਦੀ ਮੁਦਾਖ਼ਲਤ ਅਤੇ ਪਾਠ ਨਾਲ ਕੀਤੀ ਛੇੜ-ਛਾੜ ਦੀ ਉੱਚਤਤਾ ਦੱਸਣ ਦੀ ਜ਼ਰੂਰਤ ਹੀ ਨਹੀਂ ਸਮਝੀ।

ਸਿੱਖਾਂ ਦੀ ਭਗਤਮਾਲਾ ਦਾ ਪਾਠ, 31 ਬੰਦਾਂ ਵਾਲੀ ਵਾਰ ਦੀ ਟੀਕਾ ਨਾਲ ਸੰਬੰਧਤ ਹੋਣ ਕਰਕੇ, ਬਿਰਤਾਂਤ ਦੀ ਅਖੰਡ ਇਕਾਈ ਵਿਚ ਨਹੀਂ ਸੀ ਬੱਝਾ ਹੋਇਆ; ਵਾਧੂ, ਮਰਜ਼ੀ ਅਤੇ ਆਸਾਨੀ ਨਾਲ, ਕਿਤੇ ਵੀ ਧਰਿਆ ਜਾ ਸਕਦਾ ਸੀ। *ਸ੍ਰੀ ਗੁਰ ਪੰਥ ਪ੍ਰਕਾਸ਼* (1914) ਵਿਚ ਵੀ ਆਪ-ਹੁਦਰੀਆਂ 'ਸੋਧਾਂ' ਵਾਲੀ ਰੁਚੀ ਅਤੇ ਪਹੁੰਚ ਪ੍ਰਧਾਨ ਰਹੀ। ਪਰ *ਸੂਰਜ ਪ੍ਰਕਾਸ਼* (1934) ਦੇ ਸੰਪਾਦਨ ਸਮੇਂ ਸੰਪਾਦਕ ਨੂੰ ਆਪਣੀ ਮਨੋਗਤ ਬਦਲਣ ਲਈ ਮਜਬੂਰ ਹੋਣਾ ਪਿਆ। ਇਸ ਵਿਚ ਮਿਲਦੀਆਂ ਕਈ ਸਿਧਾਂਤਕ ਊਣਤਾਈਆਂ ਜਿਵੇਂ ਅਵਤਾਰਵਾਦ, ਦੇਵੀ ਪੂਜਾ, ਕਰਾਮਾਤਾਂ, ਭੰਗ ਅਫ਼ੀਮ ਆਦਿ ਨਸ਼ਿਆਂ ਦੀ ਮਾੜੀ ਨਿਜੀ ਆਦਤ ਨੂੰ ਗੁਰੂ ਸਾਹਿਬ ਨਾਲ ਮਨਸੂਬ ਕਰਨਾ, ਹੰਦਾਲੀਆਂ ਦੀਆਂ ਗੁਰਮਤ ਅਤੇ ਗੁਰ-ਇਤਿਹਾਸ ਵਿਰੋਧੀ ਘਾੜਤਾਂ ਅਤੇ ਲਿਖਤਾਂ ਉੱਤੇ ਕਵੀ ਦੀ ਪੂਰੀ-ਸੂਰੀ ਨਿਰਭਰਤਾ, ਨਾਨਕ ਛਾਪ ਹੇਠ ਆਪ ਰਚੀ ਕੱਚੀ ਬਾਣੀ ਅਤੇ ਹੋਰ ਇਤਰਾਜ਼ਯੋਗ ਸਮੱਗਰੀ ਦੀ, ਜਾਣਦਿਆਂ-ਬੁੱਝਦਿਆਂ

---

1. *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 2013, ਪੰਨੇ 20-22.

Scanned by CamScanner

ਕਾਂਟ-ਛਾਂਟ ਨਹੀਂ ਕੀਤੀ, ਸਗੋਂ ਇਨ੍ਹਾਂ ਨੂੰ ਦੂਜਿਆਂ ਹੱਥੋਂ ਹੋਈਆਂ ਮਿਲਾਵਟਾਂ ਦੱਸ ਕੇ ਬੇਮਿਸਾਲ ਪੋਚਾਗਰੀ ਸਹਾਰੇ ਮਹਾਂਕਵੀ ਨੂੰ ਮਹਾਂਦੋਸ਼ਾਂ ਤੋਂ ਮੁਕਤ ਕਰ ਦਿੱਤਾ। ਉਨ੍ਹਾਂ ਦੀ ਸੰਪਾਦਨ ਕਲਾ, *ਸੂਰਜ ਪ੍ਰਕਾਸ਼* ਦੇ ਸੰਬੰਧ ਵਿਚ ਸਿਥਲਤਾ ਦਾ ਸ਼ਿਕਾਰ ਹੋਈ ਦਿਸਦੀ ਹੈ। ਇਕ ਵਿਸ਼ਲੇਸ਼ਕ ਦਾ ਤਰਕ ਹੈ : "ਨਿਰਸੰਦੇਹ ਮੂਲ ਪਾਠ ਨੂੰ ਛੇੜਨਾ ਅਯੋਗ ਹੈ ਪਰ ਜਦ ਮਿਲਾਵਟਾਂ ਸਿੱਧ ਹੋ ਗਈਆਂ ਤਾਂ ਭਾਈ ਵੀਰ ਸਿੰਘ ਨੇ ਮਿਲਾਵਟਾਂ ਨੂੰ ਹਟਾਇਆ ਕਿਉਂ ਨਾ ?" ਰਾਜਿੰਦਰ ਸਿੰਘ[1] ਹੋਰਾਂ ਦਾ ਇਤਰਾਜ਼ ਵਾਜਬ ਹੀ ਨਹੀਂ, ਸਗੋਂ ਇਸ ਦਾ ਜਵਾਬ ਹੀ ਕੋਈ ਨਹੀਂ ਕਿਉਂਕਿ ਬਾਹਰਲੇ ਦਬਾਉ ਅਤੇ ਮਿਲਾਵਟਾਂ ਨਾ ਸਿੱਧ ਸਨ, ਨਾ ਸਿੱਧ ਹੋ ਸਕਦੀਆਂ ਹਨ; ਇਹ ਸੰਪਾਦਕ ਦਾ ਰਚਿਆ ਵਾਕ ਛਲ ਹੈ। ਉਨ੍ਹਾਂ ਤਾਂ ਇਹ ਵੀ ਲਿਖਿਆ ਹੈ : "ਭਾਈ ਸੰਤੋਖ ਸਿੰਘ ਦੇ ਪੁੱਤਰ ਅਜੈ ਸਿੰਘ ਵੱਲੋਂ ਤਲਵਾਰ ਦੇ ਡਰ ਨਾਲ ਮਜਬੂਰ ਕੀਤੇ ਜਾਣ 'ਤੇ ਕਵੀ ਜੀ ਨੇ 'ਦੇਵੀ ਦਾ ਪ੍ਰਸੰਗ' ਲਿਖਿਆ।"[2] ਬਾਹੋਸ਼ ਸੰਪਾਦਕ ਦੀ ਇਹ ਮਦਹੋਸ਼ੀ ਅਤੇ ਗ਼ੈਬਦਾਨੀ ਵਾਲੀ ਟਿੱਪਣੀ, ਮਹਾਂਕਵੀ ਦੀ ਗ਼ੈਬਦਾਨੀ ਨੂੰ ਵੀ ਸ਼ਰਮਸਾਰ ਗਈ।

ਮਿਲਾਵਟਾਂ ਨਾ ਹਟਾ ਸਕਣਾ ਸੰਪਾਦਕ ਦੀ ਚੋਣ ਨਹੀਂ, ਮਜਬੂਰੀ ਸੀ। *ਸੂਰਜ ਪ੍ਰਕਾਸ਼* ਇਕ ਵੱਡਾ ਕਥਾ-ਕਾਵਿ ਹੈ, ਜਿਸ ਨੂੰ ਸ਼ੁੱਧ 'ਕਾਵਿ ਇਤਿਹਾਸ' ਤਸੱਵਰ ਕੀਤਾ ਜਾ ਰਿਹਾ ਹੈ। ਇਸ ਦੀ ਬੋਲੀ ਅਤੇ ਸ਼ੈਲੀ ਓਪਰੀ ਹੋਣ ਕਰਕੇ, ਉਸ ਉੱਤੇ ਸੰਪਾਦਕ ਨੂੰ ਕੋਈ ਅਬੂਰ ਹਾਸਲ ਨਹੀਂ ਸੀ। ਇਸ ਕਾਰਨ ਭਾਈ ਵੀਰ ਸਿੰਘ ਪੇਟੈਂਟ ਕਾਂਟ-ਛਾਂਟ ਵਾਲੀ ਕਾਰਵਾਈ, ਜਿਸ ਨਾਲ ਪਾਠ ਦੀ ਤਰਤੀਬ ਵਿਚ ਬੇਤਰਤੀਬੀ ਵਾਪਰਦੀ ਹੈ, ਤੋਂ ਬਚ ਗਿਆ। ਇਸ ਤੋਂ ਇਲਾਵਾ, ਇਸ ਦਾ ਬਿਰਤਾਂਤ ਇਕ ਵੱਡੇ ਪ੍ਰਬੰਧ ਵਾਲੀ ਅਖੰਡਤਾ ਅਤੇ ਛੰਦ ਗਿਣਤੀ ਵਿਚ ਬੱਝਾ ਹੋਣ ਕਰਕੇ ਵੀ ਸੰਪਾਦਕੀ ਵੱਢਾਂਗੇ ਅਤੇ ਦਖ਼ਲਾਂ ਦੇ ਰਾਹ ਵਿਚ ਵੱਡਾ ਅੜਿੱਕਾ ਸੀ; ਇਸ ਦਾ ਹੱਲ ਵਿਓਂਤਿਆ ਗਿਆ : ਫ਼ੁੱਟਨੋਟਾਂ ਵਿਚ ਥਾਂ ਪਰ ਥਾਂ ਮੂਲ ਪਾਠ ਵਿਚ ਦੂਜਿਆਂ ਹੱਥੀਂ ਹੋਈਆਂ ਮਿਲਾਵਟਾਂ ਦੇ ਸੰਕੇਤ। ਸਫ਼ਾਈ ਵਾਲੀ ਇਸ 'ਪੋਚਾਗਰੀ' ਨਾਲ ਸੰਪਾਦਕ ਅਤੇ ਮਹਾਂ ਕਵੀ, ਦੋਵਾਂ ਦੇ ਪੜਦੇ ਤਾਂ ਢੱਕੇ ਗਏ; ਪਰ ਬਿਲਾ ਸ਼ੱਕ, ਇਸ ਨੇ ਪਾਠੂਆਂ ਦੀ ਅਕਲ 'ਤੇ ਪੜਦੇ ਜ਼ਰੂਰ ਪਾਏ ਹਨ।

ਲਿਖਿਆਰਾਂ ਹੱਥੀਂ, ਜਾਂ ਬਾਹਰਲੇ ਦਬਾਉ ਕਾਰਨ, ਮਿਲਾਵਟਾਂ ਜਾਂ ਰਲਿਆਂ ਦਾ ਪਾਏ ਜਾਣ ਵਾਲਾ ਵਰਤਾਰਾ ਤਾੜ ਸਕਣਾ ਸਿਆਣੇ ਸੰਪਾਦਕ ਦੀ ਪਹੁੰਚ ਵਿਚ ਹੁੰਦਾ ਹੈ ਅਤੇ ਇਸ ਨੂੰ ਖਾਰਜ ਕਰਨਾ ਉਸ ਦਾ ਅਧਿਕਾਰ। ਭਾਈ ਵੀਰ ਸਿੰਘ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਨਹੀਂ ਕੀਤੀ, ਕਿਉਂ ? ਇਸ ਦਾ ਵੱਡਾ ਕਾਰਨ ਹੈ, ਮਿਲਾਵਟਾਂ ਵਾਲੇ ਮਸਨੂਈ ਸੰਕਲਪ ਦਾ ਬੇ-ਬੁਨਿਆਦ ਹੋਣ ਕਰਕੇ ਆਪਣੇ ਆਪ ਵਿਚ ਦੋਸ਼ਪੂਰਨ ਹੋਣਾ। ਹਰੀ ਸਿੰਘ ਜਾਚਕ[3], ਜਿਨ੍ਹਾਂ ਨੇ ਸਿਆਣਿਆਂ ਦਾ ਧਿਆਨ ਪਾਠ ਇਸ ਵਿਚਲੀਆਂ ਵਿਭਿੰਨ ਸਿਧਾਂਤਕ, ਊਣਤਾਈਆਂ ਵੱਲ ਦਿਵਾਇਆ ਹੈ,

1. *ਮਹਾਂਕਵੀ ਭਾਈ ਸੰਤੋਖ ਸਿੰਘ*, ਚੰਡੀਗੜ੍ਹ, 2014, ਪੰਨੇ 237-38.
2. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪਟਿਆਲਾ, 1989, ਜਿਲਦ ਪਹਿਲੀ, ਪੰਨਾ 49.
3. *ਮਹਾਂਕਵੀ ਭਾਈ ਸੰਤੋਖ ਸਿੰਘ*, ਚੰਡੀਗੜ੍ਹ, ਪੰਨੇ 190-210.

Scanned by CamScanner

ਵਿੱਚੋਂ ਕੋਈ ਅਜੇਹੀ ਗਵਾਹੀ ਨਹੀਂ ਲੱਭ ਸਕੇ, ਜੋ ਕਵੀ ਉੱਤੇ ਪਏ ਤਥਾ-ਕਥਿਤ ਬਾਹਰਲੇ ਦਬਾਵਾਂ ਨੂੰ ਪ੍ਰਮਾਣਿਤ ਕਰ ਸਕੇ। ਇਹ ਅਡੰਬਰ, ਭਾਈ ਵੀਰ ਸਿੰਘ ਤੋਂ ਅੱਗੇ ਬਰਾਸਤਾ ਕਾਨ੍ਹ ਸਿੰਘ ਨਾਭਾ, ਉਨ੍ਹਾਂ ਦੇ ਸਮਰਥਕ ਨਵ-ਪੰਚਾਗਰਾਂ ਤਕ ਪਸਰ ਚੁੱਕਿਆ ਹੈ, ਜੋ ਆਪਣੇ ਪਿਆਰੇ ਮਹਾਂ ਕਵੀ ਨੂੰ ਹਰ ਤਰ੍ਹਾਂ ਦੇ ਦੋਸ਼ ਤੋਂ ਮੁਕਤ ਵੇਖਣ ਲਈ ਕਾਹਲੇ ਹਨ, ਪਰ ਅੰਤ ਨੂੰ ਹੈ ਇਹ ਉੱਕਤ ਨਿਰਾਧਾਰ ਢਕੌਂਸਲੇ ਦਾ ਵਿਸਤਾਰ ਮਾਤਰ ਹੀ।

ਸੰਤੋਖ ਸਿੰਘ ਆਪਣੇ ਸਮੇਂ ਦੇ ਵਿਆਪਕ ਧਾਰਮਕ-ਸਭਿਆਚਾਰ ਮਾਹੌਲ, ਵਿਦਿਅਕ ਅਤੇ ਕਦਰ-ਪ੍ਰਣਾਲੀ, ਜਿਸ ਵਿਚ ਜੀਵਿਆ ਅਤੇ ਪਰਵਾਨ ਚੜ੍ਹਿਆ, ਦੇ ਪ੍ਰਭਾਵਾਂ ਨੂੰ ਨਿਰੰਤਰ ਕਬੂਲਦਾ ਅਤੇ ਇਨ੍ਹਾਂ ਨੂੰ ਆਪਣੀ ਕਾਵਿ ਅਭਿਵਿਅਕਤੀ ਵਿਚ ਗੰਢਦਾ ਅਤੇ ਗੁੰਦਦਾ ਚਲਿਆ ਗਿਆ। ਇਸ ਨਾਲ ਵੱਡੀ ਮਾਤਰਾ ਵਿਚ ਇਤਰਾਜ਼ਯੋਗ ਸਮੱਗਰੀ ਅਪਣਾਈ ਤੇ ਸਮੋਈ ਗਈ। ਪਰ ਇਹ ਸਭ ਕੁਝ ਉਸ ਦੀ ਸਿਖਲਾਈ, ਬੋਧ-ਪ੍ਰਬੰਧ, ਪ੍ਰਾਪਤ 'ਪ੍ਰਦੂਸ਼ਤ ਸਰੋਤ ਸਮੱਗਰੀ' ਦੀ ਬਿਨਾਂ ਪੜਤਾਲ ਕੀਤੀ ਵਰਤੋਂ, ਨਿਜੀ ਸਮਝ ਜਾਂ ਬੇਸਮਝੀ ਦੀ ਦੇਣ ਹੈ, ਜਿਸ ਨੇ ਸਾਡੇ ਸੰਪਾਦਕਾਂ, ਪ੍ਰਸੰਸਕਾਂ ਅਤੇ ਪਾਛੂਆਂ ਲਈ ਧਰਮ ਸੰਕਟ ਖੜਾ ਕਰੀ ਹੀ ਰੱਖਣਾ ਹੈ।

ਭਲਾ, ਜੇ ਇਸ ਸਭ ਕੁਝ ਬਾਰੇ ਮਹਾਂ ਕਵੀ ਅੰਦਰਲੇ ਨਿਜੀ ਸੰਦੇਹ ਨੇ ਕਦੇ ਤੰਗ ਨਹੀਂ ਕੀਤਾ ਤਾਂ ਸੰਪਾਦਕ ਇਸ ਬਾਰੇ ਪਰੇਸ਼ਾਨੀ ਵਿਚ ਕਿਉਂ ਪਵੇ? ਉਂਜ ਵੀ, ਪੰਜਾਬੀ, ਬਾਗੜੀ ਅਤੇ ਬ੍ਰਜ ਦੇ ਮਿਸ਼ਰਣ ਨਾਲ ਮਹਾਂ ਕਵੀ ਨੇ ਇਕ ਮਸਨੂਈ ਪਰ ਅਦਭੁੱਤ, ਹਰ ਆਮੋ-ਖ਼ਾਸ ਦੇ ਸਿਰਾਂ ਉੱਤੋਂ ਦੀ ਲੰਘ ਜਾਣ ਵਾਲੀ, ਦਖ਼ਲਪਰੂਫ਼ ਭਾਸ਼ਾ ਸ਼ੈਲੀ ਵੀ ਸਿਰਜ ਲਈ, ਜਿਸ ਨੇ ਮਹਾਂ ਸੰਪਾਦਕ ਨੂੰ ਹੱਥਲ ਕਰ ਦਿੱਤਾ। ਅਲੰਕਾਰ ਸ਼ਾਸਤਰ ਬਾਰੇ ਕਵੀ ਦੀ ਬੇਜੋੜ ਮੁਹਾਰਤ ਅਤੇ ਛੰਦਾਂ ਦੀ ਭਰਪੂਰ ਜਾਣਕਾਰੀ ਤੋਂ ਇਲਾਵਾ, ਇਨ੍ਹਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਦੀ ਯੋਗਤਾ ਨੇ ਵੀ ਬਾਹਰਲੇ ਦਖ਼ਲਾਂ ਵਿਰੁੱਧ, ਇਸ ਦੇ ਪਾਠ ਦੀ ਰੱਖਿਆ-ਯੋਗਤਾ ਵਿਚ ਵਾਧਾ ਕੀਤਾ ਹੈ। ਜੇ ਕਿਤੇ ਮਹਾਂ ਸੰਪਾਦਕ ਨੇ, ਸਾਡੀ ਸਭ ਦੀ ਪ੍ਰਸੰਨਤਾ ਲਈ, ਸਾਰੀ ਇਤਰਾਜ਼ ਯੋਗ ਸਮੱਗਰੀ ਦੀ ਛਾਂਟੀ ਕੀਤੀ ਹੁੰਦੀ ਤਾਂ ਪਿੱਛੇ ਸਿਰਫ਼ ਅਲੰਕਾਰਾਂ ਦੀ ਚਮਕਾਰ (ਟਿਸ਼ਕ) ਅਤੇ ਛੰਦਾਂ ਦੀ ਛਣਕਾਰ ਹੀ ਰਹਿ ਜਾਣੀ ਸੀ - ਚੰਗਾ ਬਚਾਅ ਹੋ ਗਿਆ।

ਹਾਲ ਹੀ ਵਿਚ ਸਿੱਖ ਸੰਸਥਾ ਵੱਲੋਂ ਕਰਵਾਏ ਗਏ ਇਸ 'ਸ਼ੁੱਧ ਇਤਿਹਾਸਕ ਸਰੋਤ' ਦੇ ਆਧੁਨਿਕ ਸੰਪਾਦਨ ਪ੍ਰਕਾਸ਼ਨ ਵਿਚ ਇਸ ਵਿਚਲੇ ਤਥਾ-ਕਥਿਤ ਦਖ਼ਲ, ਬਾਲਾ-ਭਰਮ-ਭੂਤ ਅਤੇ ਸਿੱਖ ਗੁਰੂ ਸਾਹਿਬਾਨ ਦੇ ਚਰਿਤਰ-ਘਾਤ ਕਰਨ ਵਾਲੀ ਹੀਣੀ ਹੰਦਾਲੀਅਤ ਦੇ ਪਰਛਾਵੇਂ ਇਹ ਭਰੋਸੇਵਾਨਾਂ ਨੂੰ ਸਿੱਖੀ-ਨਾਸ਼ਕ ਬਾਲਾ-ਭਰਮ-ਭੂਤ ਤੋਂ ਮੁਕਤ ਨਹੀਂ ਕਰਦੀ, ਜਿਉਂ ਦੀ ਤਿਉਂ ਰੱਦ ਕਰ ਕੇ ਸੁਖੈਨ ਪੜ੍ਹਤ ਰਾਹੀਂ ਅਬੋਲ ਨਵੇਂ ਤੇ ਪੁਰਾਣੇ ਪਾਠਕਾਂ ਨੂੰ ਇਸ ਨਾਲ ਚਿੰਬੜੇ ਰਹਿਣ ਲਈ ਪ੍ਰੇਰਦੀ ਹੀ ਹੈ।

ਨਿਤਾਰਾ

ਪੁਰਾਤਨ ਦੇ ਸੰਪਾਦਨ ਦੇ ਯਥਾਰਥਕ ਨਿਰੀਖਣ ਨੇ ਭਾਈ ਵੀਰ ਸਿੰਘ ਅਤੇ

Scanned by CamScanner

ਉਨ੍ਹਾਂ ਦੇ ਪਾਛੂਆਂ ਹੱਥੀਂ ਤਿਆਰ ਹੋਏ ਸੰਪਾਦਨਾਂ ਦੀ ਅਪੂਰਨਤਾ ਅਤੇ ਮਾੜੀ ਗੁਣਵੱਤਾ 'ਤੇ ਹੀ ਪ੍ਰਕਾਸ਼ ਨਹੀਂ ਪਾਇਆ, ਇਹ ਤੱਥ ਵੀ ਸਾਹਮਣੇ ਲਿਆਂਦਾ ਹੈ ਕਿ ਪਾਠ ਨਿਰਧਾਰਨ ਲਈ ਹੁਣ ਤਕ ਮਿਲਦੀ ਹੱਥ-ਲਿਖਤ ਸਮੱਗਰੀ ਦਾ ਇਕ ਨਿਗੂਣਾ ਭਾਗ ਹੀ ਵਰਤਿਆ ਗਿਆ ਹੈ। ਉਂਜ ਵੀ, ਵੇਲਾ ਵਿਹਾ ਚੁੱਕੇ ਹੋਣ ਕਰਕੇ ਇਨ੍ਹਾਂ ਸੰਪਾਦਨਾਂ ਦੀ ਉੱਚਤਤਾ ਖੀਣ ਹੋ ਚੁੱਕੀ ਹੈ। ਇਸ ਲਾਸਾਨੀ ਸਿਰਜਣਾ ਦੀ ਗਰਿਮਾ ਦੀ ਪੁਨਰ-ਸਥਾਪਨਾ ਲਈ ਸ਼ੁੱਧ ਅਤੇ ਪ੍ਰਮਾਣਿਕ ਪਾਠ ਦਾ ਸੁਲੱਭ ਹੋਣਾ ਜ਼ਰੂਰੀ ਹੋ ਗਿਆ ਹੈ। ਇਸ ਉਦੇਸ਼ ਦੀ ਪੂਰਤੀ ਕੁੱਲ ਪ੍ਰਾਪਤ ਹੱਥ-ਲਿਖਤ ਸਮੱਗਰੀ 'ਤੇ ਆਧਾਰਤ ਅਤੇ ਆਧੁਨਿਕ ਸੰਪਾਦਨ ਤਕਨੀਕ ਨਾਲ ਪਾਠ ਨਵੇਂ ਸਿਰਿਓਂ ਨਿਰਧਾਰਤ ਕਰ ਕੇ ਹੀ ਕੀਤੀ ਜਾ ਸਕਦੀ ਹੈ।

ਨਵੀਂ ਸਥਿਤੀ ਅਨੁਕੂਲ, ਪ੍ਰਾਪਤ ਹੱਥ-ਲਿਖਤ ਸਮੱਗਰੀ ਅਤੇ ਹੁਣ ਤਕ ਹੋਏ ਖੋਜ ਕਾਰਜਾਂ ਦੀ ਮਦਦ ਨਾਲ, ਇਸ ਦੇ ਅਸਲੀ ਲੇਖਕ 'ਸੈਦੋ ਜੱਟ ਜਾਤ ਘੇਹੋ' ਦੇ ਸਿਰਜੇ ਪਾਠ ਦਾ ਸ਼ੁੱਧ ਸੰਸਕਰਨ ਤਿਆਰ ਕਰਨਾ ਅਤਿ ਜ਼ਰੂਰੀ ਮਹਿਸੂਸ ਹੁੰਦਾ ਹੈ ਤਾਂ ਜੋ ਇਸ ਅਵਸਰ ਨੂੰ ਹੁਣ ਤਕ ਹੋਏ ਯਤਨਾਂ ਤੋਂ, ਪਿੱਛਲ-ਝਾਤ ਦਾ ਲਾਭ ਲੈ ਕੇ, ਹੱਥਲੇ ਸੰਪਾਦਨ ਦੇ ਪਾਠ ਨੂੰ ਵਧੇਰੇ ਸ਼ੁੱਧ ਅਤੇ ਪ੍ਰਮਾਣਿਕ ਬਣਾਉਣ ਲਈ ਵਰਤਿਆ ਜਾ ਸਕੇ ਅਤੇ ਵੇਖਿਆ ਜਾ ਸਕੇ, ਹੁਣ ਕਿਵੇਂ ਚੱਲਦਾ ਹੈ ਸੈਦੋ ਜੱਟ ਵਾਲਾ ਪਾਠ।

ਇਸ ਤੋਂ ਇਲਾਵਾ, ਸੈਦੋ ਕੋਲੋਂ ਹੋਈ ਅਣਗਹਿਲੀ ਕਾਰਨ ਸਾਖੀ ਪਰੰਪਰਾ ਵਿਚ ਦਾਖ਼ਲ ਹੋਏ ਅਣਚਾਹੇ ਅੰਸ਼ਾਂ ਦਾ ਨੋਟਿਸ ਵੀ ਲਿਆ ਜਾਣਾ ਜ਼ਰੂਰੀ ਹੈ, ਜਿਨ੍ਹਾਂ ਦੀ ਬਦੌਲਤ ਸਾਖੀ ਸਾਹਿਤ ਅਤੇ ਸਿੱਖ ਇਤਿਹਾਸ ਵਿਚ ਕਈ ਵਿਗਾੜ ਪੈਦਾ ਹੋਏ; ਤਾਂ ਜੋ ਅੱਗੇ ਲਈ ਮਿਸਲ ਸਹੀ ਹੋ ਸਕੇ।

ਵਿਸ਼ੇਸ਼ ਪ੍ਰਕਾਸ਼ਮਾਨ ਨੁਕਤੇ

(1) ਭਾਈ ਵੀਰ ਸਿੰਘ ਵਾਲੇ ਨਿਰਧਾਰਤ ਪਾਠ ਵਿਚ ਸੰਪਾਦਕੀ ਦਖ਼ਲਾਂ ਦੀ ਭਰਮਾਰ ਹੈ ਪਰ ਇਨ੍ਹਾਂ ਦੀ ਉੱਚਤਤਾ ਨਹੀਂ ਦਰਸਾਈ ਗਈ।

(2) ਰਚਨਾ-ਕਾਲ ਅਤੇ ਰਚਿਆਰਤਾ ਵਾਲੇ ਮੁੱਦੇ ਅੰਤਮ ਰੂਪ ਵਿਚ ਨਹੀਂ ਨਿਪਟਾਏ ਗਏ, ਨਾ ਹੀ ਸੰਪਾਦਕਾਂ ਵਾਲੀ ਚੌਕਸੀ ਵਰਤੀ ਹੈ।

(3) ਦੋ ਸ਼ਾਖ਼ਾਵਾਂ ਦੇ ਪਾਠਾਂ ਦੇ ਅਰਥਹੀਣ ਏਕੀਕਰਨ ਨਾਲ ਨਿਰਧਾਰਤ ਪਾਠ ਸੰਕਰੀ ਪ੍ਰਕਿਰਤੀ ਵਾਲਾ ਹੋ ਨਿਬੜਿਆ।

(4) ਆਪ-ਹੁਦਰੀ ਰੱਦੋਬਦਲ ਕਾਰਨ ਮੂਲ ਪਾਠ ਦੀ ਪਾਵਨਤਾ ਭੰਗ ਹੋਈ ਹੈ ਜੋ ਇਸ ਦੇ ਚੌਕਸੀ ਵਿਹੂਣੇ ਪਾਛੂ ਸੰਪਾਦਨ ਵਿਚ ਵੀ ਚਲੀ ਗਈ।

(5) ਪਾਠਾਂਤਰਾਂ ਬਾਰੇ ਸੰਕੇਤ ਅਣਗਿਣਤ ਮਿਲਦੇ ਹਨ ਪਰ ਇਨ੍ਹਾਂ ਤੋਂ ਉਪਯੋਗਤਾ ਵਾਲਾ ਲਾਭ ਕੋਈ ਨਹੀਂ ਲਿਆ ਗਿਆ।

(6) ਬਾਬਰ ਨੂੰ ਵਰਦਾਨ ਵਾਲੇ ਪ੍ਰਸੰਗ ਨੂੰ ਪਾਠ ਵਿਚ ਦਾਖ਼ਲ ਕਰਨ ਨਾਲ ਸੈਦੋ ਵਾਲੇ ਪਾਠ ਦਾ ਇਤਿਹਾਸਕ ਮਹੱਤਵ ਨੁਕਸਾਨਿਆ ਗਿਆ।

(7) ਕੁੱਲ ਮਿਲਾ ਕੇ, ਭਾਈ ਵੀਰ ਸਿੰਘ ਦੀ ਸੰਪਾਦਕੀ ਕਾਰਗੁਜ਼ਾਰੀ, ਪਾਠ ਨਾਲ ਹਰ ਤਰ੍ਹਾਂ ਦੀ ਮਨ-ਮੰਨੀ ਕਰਨ ਤਕ ਮਹਿਦੂਦ ਹੈ।

Scanned by CamScanner

5

ਬਿਰਤਾਂਤ ਵਿਕਾਸ

ਸੈਦੋ ਦਾ ਯੋਗਦਾਨ

ਘੋਖਵੀਂ ਪੜਤਾਲ ਨੇ ਵਿਚਾਰ ਅਧੀਨ 'ਜਨਮਸਾਖੀ' ਦੇ ਪਾਠ ਵਿਚ, ਮੁਜੰਗਾਂ ਨਿਵਾਸੀ 'ਸੈਦੋ ਜੱਟ ਜਾਤ ਘੇਹੋ'-ਮਾਣ ਮੱਤੀ ਸਵੈ-ਉਕਤੀ, ਦੀ ਅੱਧੋ-ਅੱਧ ਭਾਗੀਦਾਰੀ ਵਾਲਾ ਤੱਥ ਸਥਾਪਤ ਕੀਤਾ ਹੈ। ਸੀਹਾਂ ਉੱਪਲ ਦੀ ਅਧੂਰੀ ਰਹਿ ਗਈ ਰਚਨਾ *ਸਾਖੀ ਮਹਲੁ ਪਹਿਲੇ ਕੀ* ਦੇ ਬਿਰਤਾਂਤ ਵਿਚ ਵੱਡੀਆਂ ਵਿੱਥਾਂ ਨੂੰ ਭਰਨ ਲਈ ਪਹਿਲਾਂ ਭਾਈ ਗੁਰਦਾਸ ਭੱਲੇ ਨੇ ਕਾਵਿਕ, ਸੀਮਤ ਪਰ ਪੂਰਕ ਯੋਗਦਾਨ ਪਾਇਆ; ਫੇਰ ਡੱਲਾ ਨਿਵਾਸੀ ਭਾਈ ਬੂਲੇ ਪਾਧੇ ਨੇ ਇਸ ਨੂੰ *ਜਨਮ ਪਤ੍ਰੀ ਬਾਬੇ ਜੀ ਕੀ* (ਆਦਿ ਸਾਖੀਆਂ) ਵਾਲਾ ਮੁਕੰਮਲ ਸਰੂਪ ਦਿੱਤਾ; ਮਨੋਹਰ ਦਾਸ ਮਿਹਰਵਾਨ ਨੇ *ਪੋਥੀ ਸੱਚਖੰਡ* ਰਚ ਕੇ ਇਸ ਪਰੰਪਰਾ ਨੂੰ ਪ੍ਰਫੁੱਲਤਾ ਦਿੱਤੀ; ਮੁੱਢਲੀ ਸਾਖੀ ਪਰੰਪਰਾ ਦੇ ਇਨ੍ਹਾਂ ਮਹਾਂਰਥੀਆਂ ਦੀਆਂ ਰਚਨਾਤਮਕ ਸਰਗਰਮੀਆਂ ਵਿਚ ਸੈਦੋ ਨੂੰ ਸ਼ਾਮਲ ਹੋਣ ਦੀ ਕੀ ਸੁੱਝੀ? ਇਸ ਲਈ ਉਹ ਕਿਉਂ ਅਤੇ ਕਿਵੇਂ ਪ੍ਰੇਰਤ ਹੋਇਆ? ਪਾਠ ਵਿਕਾਸ ਵਿਚ ਉਸ ਦੇ ਯੋਗਦਾਨ ਨਿਆਰਨ ਤੋਂ ਪਹਿਲਾਂ ਇਨ੍ਹਾਂ ਸਵਾਲਾਂ ਨੂੰ ਮੁਖ਼ਾਤਬ ਹੋਣਾ ਵੀ ਬਹੁਤ ਜ਼ਰੂਰੀ ਹੈ।

ਵੱਡੀਆਂ ਚੁਣੌਤੀਆਂ

'ਸੈਦੋ ਜੱਟ' ਬਾਰੇ ਭਾਈ ਗੁਰਦਾਸ ਦੀ ਮੁਹੱਈਆ ਕਰਵਾਈ ਅਲਪ ਅਤੇ ਸੰਕੇਤਕ ਜਾਣਕਾਰੀ ਉਸ ਨੂੰ ਵਿਚਾਰਵਾਨ ਅਤੇ ਸਿਦਕੀ ਸਿੱਖ ਦੱਸਦੀ ਹੈ; ਉਸ ਦੀ ਰਚਨਾ ਵਿਚ ਅਚੇਤ ਦਰਜ ਹੋਈ ਤੀਜੀ ਧਿਰ ਵਾਲੇ ਹੋਲੋਗਰਾਫ਼ ਤੋਂ ਉਸ ਦੇ ਪਿਸ਼ਾਵਰ ਦੇ ਖੇਤਰ ਵਿਚ ਪ੍ਰਚਾਰਕ ਦੇ ਤੌਰ 'ਤੇ ਸਰਗਰਮ ਹੋਣ ਦਾ ਪਤਾ ਲੱਗਦਾ ਹੈ।[1] ਸਾਖੀ ਲੇਖਕ ਵਾਲਾ ਨਵਾਂ ਰੋਲ ਉਸ ਦੀ ਆਪਣੀ ਚੋਣ ਨਹੀਂ, ਵਕਤ ਦੀਆਂ ਜਟਿਲਤਾਵਾਂ ਦੀ ਦੇਣ ਸੀ। ਹੰਦਾਲੀਆਂ ਵੱਲੋਂ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਵੰਗਾਰਦੀਆਂ ਅਤੇ ਗੁਰੂ ਸਾਹਿਬਾਨ ਦੇ ਚਰਿਤਰਘਾਤ ਕਰਨਹਾਰੀਆਂ ਲਿਖਤਾਂ - *ਪਰਚੀ ਹੰਦਾਲ* ਅਤੇ *ਜਨਮ ਸਾਖੀ ਬਾਲਾ* ਤੋਂ ਪੈਦਾ ਹੋਈ ਸਥਿਤੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਉਸ ਨੇ ਬੀੜਾ ਚੁੱਕਿਆ। ਸਾਖੀ ਪਰੰਪਰਾ ਦੇ ਉਪਰੋਕਤ ਸਿਰਜਕਾਂ ਦੀ ਸਰੀਰਕ

---

1. ਵੇਖੋ, *ਸਿੱਖਾਂ ਦੀ ਭਗਤਮਾਲਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013, ਪੰਨੇ 184-90.

Scanned by CamScanner

ਤੌਰ 'ਤੇ ਉਸ ਸਮੇਂ ਗ਼ੈਰ-ਹਾਜ਼ਰੀ ਤੋਂ ਪੈਦਾ ਹੋਏ ਖ਼ਲਾਅ ਨੂੰ ਭਰਨ ਅਤੇ ਦਰਪੇਸ਼-ਚੁਣੌਤੀਆਂ ਦੀ ਤਾਕੀਦੀ ਪੇਸ਼ਬੰਦੀ ਲਈ ਨੈਤਿਕ ਜ਼ਿੰਮੇਵਾਰੀ ਓਟ ਕੇ, ਸੈਦੋ ਜੱਟ ਨੇ ਸਮੇਂ ਦੇ ਜ਼ਰੂਰੀ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਲਈ, *ਸਾਖੀ ਬਾਬੇ ਨਾਨਕ ਜੀ ਕੀ* ਦੀ ਸਿਰਜਣਾ ਦਾ ਵਿੱਢ ਵਿੱਢਿਆ। ਨਵੀਆਂ ਚੁਣੌਤੀਆਂ ਨੇ ਉਸ ਅੰਦਰਲੀਆਂ ਸਿਥਲ ਪਈਆਂ ਰਚਨਾਤਮਕ ਰੁਚੀਆਂ ਨੂੰ ਟੁੰਬ ਕੇ ਟਹਿਕਣ ਲਾ ਦਿੱਤਾ।

ਪ੍ਰਚਾਰਕ ਵਾਲੇ ਕਰਤੱਵਾਂ ਦਾ ਪਾਲਣ ਕਰਦਿਆਂ, ਨਵੀਆਂ ਵੰਗਾਰਾਂ ਨਾਲ ਸਿੱਝਣ ਲਈ, 'ਸਾਖੀ' ਰਚਨਾ ਵਾਲਾ ਅਸਲੋਂ ਓਪਰਾ ਅਤੇ ਨਵਾਂ ਨਿਰਾਲਾ ਕਾਰਜ ਅਤਿਅੰਤ ਸਫਲਤਾ ਨਾਲ ਉਹ ਕਿਵੇਂ ਨਿਭਾ ਸਕਿਆ ? ਇਹ ਜਗਿਆਸਾ ਵਾਲਿਆਂ ਲਈ ਅਟਕਲਾਂ ਦਾ ਵਿਸ਼ਾ ਹੈ। ਪਰ ਇਸ ਵਿਚ ਸ਼ੱਕ ਨਹੀਂ ਕਿ ਸੀਹਾਂ ਉੱਪਲ ਦੀ ਅਧੂਰੀ ਰਹਿ ਗਈ ਰਚਨਾ *ਸਾਖੀ ਮਹਲੁ ਪਹਿਲੇ ਕੀ* ਦੇ ਅਧੂਰੇ ਕਾਰਜ ਨੂੰ ਸੰਪੰਨ ਕਰਨ ਵਿਚ ਸੈਦੋ ਦੀ ਭਾਗੀਦਾਰੀ ਨੇ, ਇਸ ਸਾਂਝੀ ਕ੍ਰਿਤ ਨੂੰ ਦੋਹਰੀ ਸੱਤਿਆ, ਓਜ ਅਤੇ ਆਭਾ ਨਾਲ ਮਾਲਾ-ਮਾਲ ਕਰ ਦਿੱਤਾ।

ਇਤਫ਼ਾਕੀਆ ਗਵਾਹੀਆਂ, ਉਸ ਨੂੰ ਇਸ ਪਾਸੇ ਯਤਨਸ਼ੀਲ ਕਰਨ ਵਿਚ ਰੜੇ, ਲਾਹੌਰ ਵਾਲੇ ਹੰਦਾਲੀ ਅੱਡੇ ਨਾਲ ਜੁੜੇ, ਉਸ ਦੇ ਮਿੱਤਰ ਲਿਖਾਰੀ ਗੋਰਖ ਦਾਸ ਦਾ ਹੱਥ ਹੋਣ ਦਾ ਸੰਕੇਤ ਦਿੰਦੀਆਂ ਹਨ, ਜਿਸ ਨਾਲ ਉਸ ਦੇ ਨੇੜਲੇ ਸੰਬੰਧ ਸਨ। ਗੁਰਮਤਿ ਦਾ ਪ੍ਰਚਾਰਕ ਹੋਣ ਦੇ ਨਾਤੇ ਸੈਦੋ ਨੂੰ ਗੁਰਬਾਣੀ ਦੀਆਂ ਪੋਥੀਆਂ ਦੀ ਮੰਗ ਦੀ ਪੂਰਤੀ ਲਈ ਗੋਰਖ ਦਾਸ ਵਰਗੇ ਕਸਬੀ ਲਿਖਾਰੀ ਦੀਆਂ ਕਲਮੀ ਸੇਵਾਵਾਂ ਦੀ ਲੋੜ ਸੀ; ਗੋਰਖ ਦਾਸ ਲਈ ਸੀ ਇਹ ਆਮਦਨ ਅਤੇ ਰੋਜ਼ੀ ਰੋਟੀ ਦਾ ਵਸੀਲਾ। ਇਸ ਲੇਖੇ, ਉਨ੍ਹਾਂ ਦੇ ਪਰਸਪਰ ਅਤੇ ਅਰੁਕ ਨਿਰਭਰਤਾ ਵਾਲੇ ਸੰਬੰਧ ਸਨ।

ਪ੍ਰਸੰਗ ਪਛਾਣ

17ਵੀਂ ਸਦੀ ਦੇ ਸ਼ੁਰੂ ਵਿਚ ਹੋਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਫਲਸਰੂਪ ਪੰਜਾਬ ਦੇ ਧਾਰਮਕ, ਸਮਾਜਕ ਅਤੇ ਰਾਜਨੀਤਕ ਖੇਤਰ ਵਿਚ ਦੂਰ-ਰਸੀ ਪ੍ਰਭਾਵ ਵਾਲੇ ਉਲਟ ਫੇਰ ਹੋਏ, ਜਿਨ੍ਹਾਂ ਤੋਂ ਉਤਪ੍ਰੇਰਕ ਨਵੀਆਂ ਸਥਿਤੀਆਂ ਦੇ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਲਈ ਸੈਦੋ ਨੂੰ ਇਸ ਖੇਤਰ ਵਿਚ ਪੈਰ ਪਾਉਣਾ ਪਿਆ। ਇਸ ਵਰਤਾਰੇ ਦੀ ਪੂਰਨ ਸਾਰਥਕਤਾ ਨਿਖਾਰਨ ਲਈ, ਇਸ ਦੇ ਪਿਛੋਕੜ ਦਾ ਜਾਇਜ਼ਾ ਲਿਆ ਜਾਣਾ ਜ਼ਰੂਰੀ ਹੈ, ਕਿਉਂ ਜੋ ਇਸ ਨਾਲ ਕਈ ਹੋਰ ਹਨੇਰੇ ਪਹਿਲੂਆਂ 'ਤੇ ਵੀ ਪ੍ਰਕਾਸ਼ ਪੈ ਸਕਦਾ ਹੈ।

ਵਿਚਾਰ ਅਧੀਨ ਦੌਰ ਵਿਚ ਸਿੱਖੀ ਦੇ ਥੰਮ੍ਹ ਭਾਈ ਗੁਰਦਾਸ (ਦੇਹਾਂਤ 1637 ਈ.), ਬਾਬਾ ਬੁੱਢਾ (ਦੇਹਾਂਤ 1631 ਈ.) ਦੇ ਤੁਰ ਜਾਣ, ਅਤੇ ਮੁੱਖ ਧਾਰਾ ਦਾ ਕੇਂਦਰ ਮਾਝੇ 'ਚੋਂ ਹਿੱਲ ਕੇ ਕੀਰਤਪੁਰ ਸਥਿਤ ਹੋ ਜਾਣ ਉਪਰੰਤ ਸਮਾਜਕ ਤੇ ਰਾਜਨੀਤਕ ਮਾਹੌਲ ਵਿਚ ਆਈਆਂ ਤਬਦੀਲੀਆਂ ਦੇ ਫਲਸਰੂਪ, ਸਿੱਖ ਸੰਗਠਨ ਵਿਚ ਵਿਕੇਂਦਰੀ ਰੁਚੀਆਂ ਭਾਰੂ ਹੋ ਗਈਆਂ, ਜਿਨ੍ਹਾਂ ਦੇ ਮਾਰੂ ਅਸਰ ਨੇ ਗੁਰ-ਗੱਦੀ ਅਤੇ ਗੁਰਮਤਿ ਦੇ ਪ੍ਰਚਾਰਕ ਮਸੰਦਾਂ ਦੇ ਸੰਬੰਧਾਂ ਦੀ ਤਾਸੀਰ ਹੀ ਪਲਟ ਦਿੱਤੀ।

Scanned by CamScanner

ਮੁੱਢਲੇ ਸਿੱਖ ਪ੍ਰਚਾਰਕ ਮੰਜੀਦਾਰ[1] ਕਰ ਕੇ ਜਾਣੇ ਜਾਂਦੇ ਸਨ, ਪਰ ਜਦੋਂ ਇਨ੍ਹਾਂ ਮੰਜੀਆਂ 'ਤੇ, ਆਰਾਮ ਨਾਲ ਬੈਠਣ ਲਈ ਮਸਨਦ (ਗਾਉ ਤਕੀਆ ਜਾਂ ਗੱਦੀ) ਸੱਜ ਗਈ ਤਾਂ ਉਹ 'ਮਸੰਦ', ਯਾਨੀ ਮਸਨਦ-ਧਾਰਕ ਕਹੇ ਜਾਣ ਲੱਗੇ; ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਨ੍ਹਾਂ ਨੂੰ ਖੇਤਰੀ ਸੰਗਤਾਂ ਤੋਂ ਦਸਵੰਧ ਇਕੱਤਰ ਕਰ ਕੇ ਗੁਰੂ ਕੀ ਗੋਲਕ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ। ਦੂਜੀ ਤੀਜੀ ਪੀੜ੍ਹੀ ਤਕ ਮਸੰਦਗੀ ਦਾ ਰੂਪ ਪੁਸ਼ਤੈਨੀ ਹੋ ਗਿਆ; ਚੜ੍ਹਾਵੇ ਅਤੇ ਦਸਵੰਧ ਦੀ ਮਾਇਆ, ਤਤਕਾਲੀ ਨਿਗਰਾਨੀ ਅਤੇ ਜਵਾਬਦੇਹੀ ਦੀ ਵਿਵਸਥਾ ਮਜ਼ਬੂਤ ਨਾ ਹੋਣ ਕਾਰਨ, ਗੁਰੂ ਕੀ ਗੋਲਕ ਤਕ ਪਹੁੰਚਣ ਦੀ ਥਾਂ ਮਸਨਦਾਂ ਹੇਠ ਇਕੱਤਰ ਹੋਣ ਲੱਗੀ, ਜਿਸ ਵਿੱਚੋਂ ਸ਼ਕਤੀ ਦੇ ਨਵੇਂ ਸਥਾਨਕ ਕੇਂਦਰ ਉਭਰੇ - ਸ਼ਕਤੀ ਦੀ ਕਿਸਮ ਕੋਈ ਵੀ ਹੋਵੇ, ਹਰ ਇਕ ਦੀ ਆਪਣੀ ਗਤੀਆਤਮਕਤਾ ਹੁੰਦੀ ਹੈ। ਮਾਇਆ ਦੀ ਸ਼ਕਤੀ ਨਾਲ ਮਸੰਦਾਂ ਵਿਚ ਪਥ-ਭ੍ਰਸ਼ਟਤਾ ਆਈ, ਵੈਲਦਾਰੀਆਂ ਵੀ ਆਈਆਂ। ਇਸ ਦੌਰ ਦੀ ਮਸੰਦ ਪ੍ਰਣਾਲੀ ਵਿਚ ਵਿਆਪਕ ਅਧੋਗਤੀ ਦੀ ਵੱਡੀ ਤਸਵੀਰ ਦਾ ਇਕ ਛੋਟਾ ਰੂਪ ਜੰਡਿਆਲੀਏ ਮੰਜੀਦਾਰਾਂ ਦਾ ਹੈ, ਜਿਸ ਨੂੰ ਫੋਕਸ ਵਿਚ ਲਿਆਉਣ ਨਾਲ ਸਥਿਤੀ ਦੀ ਸਮੁੱਚਤਾ ਪ੍ਰਕਾਸ਼ਮਾਨ ਹੋ ਸਕਦੀ ਹੈ।

ਜੰਡਿਆਲੇ ਨਾਲ ਸੰਬੰਧਤ, ਸੁਲਤਾਨੀ ਪਿਛੋਕੜ ਵਾਲਾ ਹੰਦਾਲ ਵਲਦ ਗ਼ਾਜ਼ੀ ਮਿਰਜ਼ਾ, ਗ਼ਰੀਬੀ ਦਾ ਸਤਾਇਆ ਗੁਰੂ ਜੀ ਦੀ ਸ਼ਰਨ ਆਇਆ। ਲੰਗਰ ਦੀ ਲਗਨ ਨਾਲ ਕੀਤੀ ਸੇਵਾ ਦੀ ਬਦੌਲਤ 'ਮੰਜੀ' ਮਿਲੀ। ਉਸ ਦਾ ਗੁਰੂ-ਘਰ ਨਾਲ ਜੁੜਨਾ ਇਤਿਹਾਸਕ ਵਰਤਾਰੇ ਦਾ ਹਿੱਸਾ ਹੈ: ਗੁਰੂ ਅਰਜਨ ਦੇਵ ਜੀ ਵੱਲੋਂ ਗੋਇੰਦਵਾਲ 1598 ਈ. ਵਿਚ ਅਕਬਰ ਨਾਲ ਹੋਈ ਭੇਟ ਦੌਰਾਨ, ਲੰਬੇ ਕਾਲ ਦੇ ਝੰਬੇ ਗ਼ਰੀਬ ਕਿਸਾਨਾਂ ਲਈ ਮਾਲੀਏ ਦੀ ਪ੍ਰਾਪਤ ਕੀਤੀ ਛੋਟ ਕਾਰਨ, ਉਨ੍ਹਾਂ ਦੀ ਕੀਰਤੀ ਵਿਚ ਅਥਾਹ ਵਾਧਾ ਹੋਇਆ ਅਤੇ ਮਾਝੇ ਦਾ ਗ਼ਰੀਬ ਕਿਸਾਨ ਵਰਗ ਵੱਡੀ ਗਿਣਤੀ ਵਿਚ ਗੁਰੂ-ਘਰ ਨਾਲ ਜੁੜਿਆ, ਵਿੱਚੇ ਹੰਦਾਲ। ਗੁਰੂ ਦੀਆਂ ਬਖ਼ਸ਼ਿਸ਼ਾਂ ਨਾਲ ਉਸ ਦਾ ਘਰ ਵੀ ਨਿਆਮਤਾਂ ਅਤੇ ਬਰਕਤਾਂ ਨਾਲ ਭਰਪੂਰ ਹੋ ਗਿਆ।

ਗੁਰੂ ਸਾਹਿਬ ਦੀ 1606 ਈ. ਵਿਚ ਹੋਈ ਸ਼ਹਾਦਤ ਉਪਰੰਤ, ਨਵੇਂ ਹਾਲਾਤ ਦੇ ਤਕਾਜ਼ੇ ਅਤੇ ਵਿਕੇਂਦਰੀ ਰੁਚੀਆਂ ਦੇ ਅਸਰ ਹੇਠ ਹੰਦਾਲ ਦੇ ਵਿਹਾਰ ਵਿਚ ਵੀ ਗੁਰ-ਗੱਦੀ ਤੋਂ ਬੇਮੁੱਖਤਾ ਵਾਲੇ ਅੰਸ਼ ਉਜਾਗਰ ਹੋ ਗਏ[2]; ਕਾਰ ਭੇਟਾਵਾਂ ਦੇ ਇਕੱਤਰ ਹੋ ਰਹੇ ਵੱਡੇ ਭੰਡਾਰਾਂ ਨੇ ਛੇਤੀ ਹੀ ਉਸ ਅੰਦਰ ਹਮਾਕਤ, ਖ਼ੁਦ-ਪ੍ਰਸਤੀ, ਖ਼ੁਦ-ਮੁਖ਼ਤਿਆਰੀ, ਅਤੇ ਸਿੱਖੀ ਦੀ ਮੁੱਖ ਧਾਰਾ ਦੇ ਸਮਾਨੰਤਰ ਸੰਗਠਨ ਸਥਾਪਤ ਕਰਨ ਵਾਲੀ ਲਾਲਸਾ ਵੀ ਪੈਦਾ ਕੀਤੀ; ਉਸ ਦਾ ਵਿਚਲਨ ਹੋ ਗਿਆ। ਸਮਕਾਲੀ ਅਤੇ ਰਗ-ਰਗ ਤੋਂ ਵਾਕਫ਼ ਭਾਈ ਗੁਰਦਾਸ ਦੀ, ਹੰਦਾਲ ਬਾਰੇ ਮੁਕੰਮਲ ਬੇਨਿਆਜ਼ੀ, ਇਸ ਤੱਥ ਦਾ ਅਕੱਟ ਪ੍ਰਮਾਣ ਹੈ।

ਹੰਦਾਲ ਦੇ ਉਤਰਾਧਿਕਾਰੀ ਬਿਧੀ ਚੰਦ ਵੱਲੋਂ ਗੋਰਖ ਦਾਸ ਨੂੰ 1654 ਈ. ਵਿਚ 'ਬਰਾਤ'—ਸਰਕਾਰੀ ਖ਼ਜ਼ਾਨੇ ਵਿੱਚੋਂ ਰਕਮ ਕਢਵਾਉਣ ਵਾਲੀ ਪਰਚੀ, ਰਾਹੀਂ

1. ਕਾਨ੍ਹ ਸਿੰਘ, *ਮਹਾਨ ਕੋਸ਼*, ਪਟਿਆਲਾ, 1960, ਪੰਨਾ 698.
2. *ਸਾਖੀ ਮਹਲੁ ਪਹਿਲੇ ਕੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013, ਪੰਨਾ 239.

Scanned by CamScanner

ਹੋਈ ਅਦਾਇਗੀ ਤੋਂ ਸੰਕੇਤ ਮਿਲਦਾ ਹੈ ਕਿ ਹੰਦਾਲ-ਕਿਆਂ ਨੇ, ਉਸ ਦੇ ਦੇਹਾਂਤ (1648 ਈ.) ਤੋਂ ਤੁਰੰਤ ਬਾਅਦ, ਕਾਰ-ਭੇਟਾਵਾਂ ਤੋਂ ਇਕੱਤਰ ਹੋਈ ਦੌਲਤ ਦੇ ਅੰਬਾਰਾਂ ਨੂੰ ਨਜ਼ਰਾਨਿਆਂ ਦੇ ਰੂਪ ਵਿਚ ਵਰਤ ਕੇ, ਦੋ ਲੱਖ ਰੁਪਏ ਦੀ ਆਮਦਨੀ ਵਾਲੇ ਜੰਡਿਆਲਾ, ਦੇਵੀਦਾਸਪੁਰ ਅਤੇ ਕੋਟਲੀ, ਤਿੰਨ ਪਰਗਣਿਆਂ ਦੀ ਚੌਧਰ ਲੈ ਲਈ। 'ਚੌਧਰੀ' ਬਣ ਕੇ ਉਹ ਸਿੱਖੀ ਨਾਲੋਂ ਟੁੱਟ ਗਏ, ਪ੍ਰਬੰਧਕੀ ਢਾਂਚੇ ਅਤੇ ਹਕੂਮਤ ਨਾਲ ਜੁੜ ਗਏ। ਉਨ੍ਹਾਂ ਨੇ ਵੇਲੇ ਦੇ ਪ੍ਰਬੰਧ ਅਨੁਸਾਰ, ਫ਼ੌਜਦਾਰੀ ਵਾਲੀ ਪਦਵੀ ਅਨੁਕੂਲ, ਬੰਧਨ ਮੁਕਤ ਫ਼ੌਜ - ਪੰਜ ਸੌ ਘੋੜ ਸਵਾਰ ਵੀ ਰੱਖ ਲਿਆ।[1] ਤਤਕਾਲੀਨ ਹਾਕਮਾਂ ਦੇ ਹੁਕਮਾਂ ਅਨੁਸਾਰ, ਇਸ ਸੈਨਾ ਦੀ ਵਰਤੋਂ ਜਾਂ ਦੁਰਵਰਤੋਂ ਉਭਰ ਰਹੀ ਸਿੱਖ ਸ਼ਕਤੀ ਨੂੰ ਕੁਚਲਣ ਲਈ ਵੀ ਕਰਦੇ ਰਹੇ।

ਵੱਡੇ ਘੱਲੂਘਾਰੇ, ਜਿਸ ਵਿਚ 20-30 ਹਜ਼ਾਰ ਸਿੰਘ ਸ਼ਹੀਦ ਹੋਏ, ਨੂੰ ਸਰੰਜਾਮ ਦੇਣ, ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਉਣ ਅਤੇ ਸਰੋਵਰ ਨੂੰ ਮਿੱਟੀ ਮਲਬੇ ਨਾਲ ਪੂਰਨ ਵੇਲੇ ਇਹ ਅਬਦਾਲੀ ਦੇ ਸਹਾਇਕ ਬਣੇ - ਸਿੱਖ ਕੇਂਦਰ ਦੇ ਇਸ ਉਜਾੜੇ ਦਾ ਪਰੋਖ ਲਾਭ ਹੰਦਾਲੀ ਉਭਾਰ ਲਈ ਬਹੁਤ ਸਹਾਈ ਹੋ ਸਕਦਾ ਸੀ। ਹੰਦਾਲੀਆਂ ਦੇ ਇਸ ਸਿਆਸੀ-ਸਮਾਜੀ ਕਾਇਆ ਕਲਪ ਨੂੰ ਸੰਪੰਨ ਕਰਨ ਵਿਚ ਉਨ੍ਹਾਂ ਦਾ ਸੁਲਤਾਨੀ ਪਿਛੋਕੜ ਬਹੁਤ ਸਹਾਈ ਹੋਇਆ। ਹੁਣ, ਮੁੰਜ ਦੀ ਮੰਜੀ ਬਣ ਗਈ 'ਤਖ਼ਤ', ਜਿਸ ਨੂੰ ਹੰਦਾਲ ਸਮੇਤ ਦਸ ਨਹੀਂ, ਗਿਆਰਾਂ 'ਪਾਤਸ਼ਾਹੀਆਂ' ਨੇ ਭਾਗ ਲਾਏ।[2] ਘਰ ਦੀ ਛਪੜੀ ਗੰਗਸਰ ਸਮਾਨ ਮੰਨੀ ਗਈ।[3] ਆਪਣੀ ਆਜ਼ਾਦ ਹਸਤੀ ਸਥਾਪਤ ਕਰਨ ਦੀ ਹੰਦਾਲ ਵੇਲੇ ਤੋਂ ਸ਼ੁਰੂ ਹੋਈ ਪ੍ਰਕਿਰਿਆ ਹੁਣ ਸੰਪੰਨ ਹੋਈ, ਜਿਸ ਨੂੰ ਦਸਤਾਵੇਜ਼ੀ ਅਤੇ ਪ੍ਰਮਾਣਿਕ ਰੂਪ ਦੇਣ ਲਈ ਬਿਧੀ ਚੰਦ ਨੇ ਗੋਰਖ ਦਾਸ ਲਾਹੌਰੀਏ ਪਾਸੋਂ, ਗੁਰੂ ਨਾਨਕ ਦੀ ਘੋਰ ਨਿੰਦਿਆ ਅਤੇ ਹੰਦਾਲ ਦੀ ਸਿਰੇ ਦੀ ਉਸਤਤ ਨਾਲ ਭਰਪੂਰ *ਪਰਚੀ ਹੰਦਾਲ* ਲਿਖਵਾਈ। *ਪਰਚੀ ਹੰਦਾਲ* ਦੀ ਰਚਨਾ ਸੰ. 1712 (1655 ਈ.) ਵਿਚ ਮੁਕੰਮਲ ਹੋਈ।

ਬਿਧੀ ਚੰਦ, ਜਿਸ ਨੂੰ ਇਸ ਦੇ ਵੱਡੇ ਭਾਈ ਬਾਲ ਚੰਦ ਉਰਫ਼ 'ਬਾਲਾ' ਨਾਲੋਂ ਸੁਲੱਗ ਸਮਝ ਕੇ ਹੰਦਾਲ ਨੇ ਆਪਣਾ ਜਾਨਸ਼ੀਲ ਥਾਪਿਆ ਸੀ, ਛੇਤੀ ਹੀ ਲਾਹੌਰ ਦੀ ਹੁਸਨ ਮੰਡੀ ਦੇ ਗੇੜਿਆਂ ਵਿਚ ਉਲਝ ਕੇ ਭਟਕ ਗਿਆ ਅਤੇ ਉਥੋਂ ਇਕ ਡੂਮਣੀ ਨਾਚੀ ਪੱਟ ਲਿਆਇਆ। ਇਸ ਅਨੈਤਿਕ ਸਮਝੇ ਜਾਂਦੇ ਵਿਹਾਰ ਕਾਰਨ ਪਿਛਲੱਗਾਂ ਨੇ ਵਰਤਣ ਬੰਦ ਕਰ ਦਿੱਤੀ, ਜਿਸ ਨਾਲ ਉਨ੍ਹਾਂ ਦੀ ਸਮਾਜਕ ਮਾਨਤਾ ਵਿਚ ਤੇਜ਼ੀ ਨਾਲ ਨਿਘਾਰ ਆਉਣਾ ਸ਼ੁਰੂ ਹੋ ਗਿਆ, ਜਿਸ 'ਤੇ ਕਾਬੂ ਪਾਉਣ ਅਤੇ ਆਪਣੇ ਕੁਕਰਮਾਂ ਨੂੰ ਪ੍ਰਣਾਲੀਬੱਧ ਕਰਨ ਦੀ ਮਨਸ਼ਾ ਨਾਲ, *ਪਰਚੀ* ਵਾਲੇ ਲੇਖਕ ਗੋਰਖ ਦਾਸ ਤੋਂ ਇਕ ਮੰਤਵੀ *ਜਨਮ ਪੜ੍ਹੀ ਨਾਨਕ ਵੇਦੀ ਕੀ*, ਜੋ ਬਾਅਦ ਵਿਚ 'ਜਨਮ ਸਾਖੀ ਭਾਈ ਬਾਲਾ' ਦੇ ਨਾਂ ਨਾਲ ਪ੍ਰਚੱਲਤ ਅਤੇ ਪ੍ਰਸਿੱਧ ਹੋਈ, ਤਿਆਰ ਕਰਵਾਈ।[4] ਇਸ

1. ਗਿਆਨ ਸਿੰਘ, ਗਿ., *ਤਵਾਰੀਖ਼ ਗੁਰੂ ਖ਼ਾਲਸਾ*, ਪਟਿਆਲਾ 1970, ਪੰਨਾ 204.
2. ਸਾਈਂ ਦਾਸ, *ਹੰਦਾਲ ਪ੍ਰਕਾਸ਼*, ਪੰਨਾ 161.
3. ਗਿਆਨੀ ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ 1291.
4. *ਸਾਖੀ ਮਹਲੁ ਪਹਿਲੇ ਕੀ*, ਪੰਨਾ 137.

Scanned by CamScanner

ਵਿਚ ਪਰਚੀ ਵਾਲੇ ਕੂੜ-ਕਬਾੜ ਦੇ ਵਿਆਪਕ ਦੁਹਰਾਉ ਤੋਂ ਇਲਾਵਾ ਬੁੱਢੇ ਵਾਰੇ, ਬਾਬੇ ਨਾਲ ਮੌਤ, ਮੁਸਲਿਮ ਰੰਘੜੀ[1] ਵਿਆਹੇ ਜਾਣ ਵਾਲੀ ਘਾੜਤ ਅਤੇ ਹੋਰ ਅਤਿ ਘਿਨਾਉਣੇ ਪ੍ਰਸੰਗ ਵੀ ਦਰਜ ਕੀਤੇ ਗਏ।

ਹੰਦਾਲੀਆਂ ਵੱਲੋਂ ਜਦੋਂ ਆਪਣੀ ਛਲਕਦੀ ਮਾਇਆ ਅਤੇ ਲਾਲਾ ਪੰਨੂ ਦੀ ਕਾਰਜਨੀਤੀ ਦੇ ਅਸਰ ਹੇਠ, ਜੁੱਗ-ਪੁਰਸ਼ ਗੁਰੂ ਨਾਨਕ ਦੇ ਚਰਿਤਰਘਾਤ ਕਰਨ ਹਿਤ ਇਹ ਘਿਨਾਉਣੇ ਯਤਨ ਅਰੰਭੇ, ਉਸ ਸਮੇਂ ਸਾਖੀ ਪਰੰਪਰਾ ਦੇ ਮੋਢੀਆਂ ਵਿੱਚੋਂ ਕੋਈ ਵੀ ਇਸ ਦੁਨੀਆਂ ਵਿਚ ਹਾਜ਼ਰ ਨਹੀਂ ਸੀ, ਜੋ ਇਸ ਦਾ ਮੋੜ ਕਰ ਸਕਦਾ। ਕਰਤਾਰੀ ਸੰਭਾਵਨਾਵਾਂ ਮੁਕਾ ਚੁੱਕੀ, ਮਾੜੀ ਮੋਟੀ ਸਹਿਕਦੀ ਮੀਣਾ ਟਕਸਾਲ, ਜੋ ਹੁਣ ਗੁਰਬਾਣੀ ਦੇ ਪਰਮਾਰਥਾਂ ਤਕ ਸੀਮਤ ਹੋ ਗਈ ਸੀ, ਨੂੰ ਵੀ ਘੁਸਪੈਠ ਰਾਹੀਂ ਸੰਨ੍ਹ ਲੱਗ ਚੁੱਕੀ ਸੀ।[2] ਇਸ ਬੇਤਰਸ ਬੇਵਸੀ ਵਾਲੇ ਮਾਹੌਲ ਵਿਚ 'ਸੈਦੋ ਜੱਟ ਜਾਤ ਘੇਹੋ' ਇਨ੍ਹਾਂ ਦੀਆਂ ਚੁਣੌਤੀਆਂ ਨੂੰ ਮੁਖ਼ਾਤਬ ਹੋਇਆ। ਉਸ ਦੀ ਗੋਰਖ ਦਾਸ ਨਾਲ ਨੇੜਤਾ ਇਸ ਕਾਰਜ ਵਿਚ ਪ੍ਰੇਰਕ ਸਾਧਨ ਬਣੀ, ਜਿਸ ਪਾਸੋਂ ਉਸ ਨੂੰ ਹੰਦਾਲੀ ਲਿਖਤਾਂ ਦੀਆਂ ਨਕਲਾਂ, ਉਨ੍ਹਾਂ ਦੇ ਅੱਡੇ ਦੀਆਂ ਗਤੀਵਿਧੀਆਂ, ਕਾਰਜਨੀਤੀ ਅਤੇ ਏਜੰਡੇ ਬਾਰੇ ਸੂਚਨਾ ਤੁਰਤ ਫੁਰਤ ਮਿਲਦੀ ਸੀ। ਇਸੇ ਦਾ ਸਦਕਾ ਹੀ ਸਾਖੀ ਪਰੰਪਰਾ ਨੂੰ ਮਿਲ ਸਕੀ ਗੌਰਵਮਈ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ)। ਗੱਲ ਮੁੱਕੀ, ਹੁਣ ਵੇਖਣਾ ਇਹ ਹੈ ਕਿ ਉਸ ਨੇ ਇਸ ਰਚਨਾ ਰਾਹੀਂ ਇਸ ਸਾਖੀ ਦੇ ਬਿਰਤਾਂਤ ਦੀ ਉਸਾਰੀ ਵਿਚ ਕੀ ਹਿੱਸਾ ਪਾਇਆ।

ਬਿਰਤਾਂਤ ਵਿਸਤਾਰ

ਸੈਦੋ ਸਾਹਮਣੇ ਉਦੇਸ਼ ਗੁਰੂ ਬਾਬੇ ਦੇ ਵਾਸਤਵਿਕ ਸਤਿ ਸਰੂਪ ਨੂੰ ਦ੍ਰਿੜ੍ਹਾਉਣ ਵਾਲੇ ਬਿਰਤਾਂਤ ਦੀ ਸਿਰਜਣਾ ਸੀ, ਜੋ ਮੰਤਵੀ ਹੰਦਾਲੀ ਘਾੜਤਾਂ ਦੇ ਕੂੜ ਪ੍ਰਚਾਰ ਦੇ ਪਿਛੋਕੜ ਵਿਚ ਹਾਂਦਰੂ ਰੋਲ ਅਦਾ ਕਰ ਸਕੇ। ਸੀਹਾਂ ਉੱਪਲ ਦੀ ਅਧੂਰੀ ਰਹਿ ਗਈ *ਸਾਖੀ ਮਹਲੁ ਪਹਿਲੇ ਕੀ* ਵੀ ਪੂਰੀ ਹੋਣ ਲਈ ਸੈਨਤਾਂ ਦੇ ਰਹੀ ਸੀ।

ਸਾਖੀ ਮਹਲੁ ਪਹਿਲੇ ਕੀ ਦੇ ਨਿਰਧਾਰਤ ਪਾਠ ਦੀ ਸਹਾਇਤਾ ਨਾਲ ਸੀਹਾਂ ਉੱਪਲ ਵਾਲੇ ਪਾਠ ਨੂੰ ਨਿਆਰਨ ਉਪਰੰਤ ਬਿਰਤਾਂਤ ਵਿਚਲੀ ਸੈਦੋ ਦੀ ਹਿੱਸੇਦਾਰੀ ਵਾਲੇ ਪ੍ਰਸੰਗਾਂ ਦਾ ਸਰੂਪ ਅਤੇ ਆਕਾਰ, ਪ੍ਰੇਰਨਾ ਅਤੇ ਸਹਾਇਕ ਸਰੋਤਾਂ ਸਮੇਤ, ਹੇਠ ਲਿਖੇ ਅਨੁਸਾਰ ਨਿਸ਼ਚਿਤ ਹੁੰਦਾ ਹੈ:

ਸੱਜਣ ਠੱਗ (13) ←ਆ.(12)[3], ਗੋਸਟ ਸੇਖ ਸਰਫ (14) ←ਬਾ.(54), ਕਿਸੀ ਹਾਥੀ ਜਿਵਾਇਆ (15), ਸੇਖ ਵਜੀਦ (16) ←ਬਾ.(66)[4], ਬਨਾਰਸ ਚਤੁਰ ਦਾਸ (17), ਨਾਨਕ ਮਤੇ ਸਿਧ ਗੋਸਟ (18), ਵਣਜਾਰਿਆਂ ਦੇ ਟਾਂਡੇ (19), ਪਾਂਧੀ

---

1. *ਜਨਮ ਸਾਖੀ ਭਾਈ ਬਾਲਾ*, ਸੰਪਾ. ਗੁਰਬਚਨ ਕੌਰ, ਪਟਿਆਲਾ, 1987, ਪੰਨੇ 397-403
2. *ਸਾਖੀ ਮਹਲੁ ਪਹਿਲੇ ਕੀ*, ਪੰਨੇ 225-236.
3. ਆ. ਸੰਕੇਤਕ ਹੈ *ਆਦਿ ਸਾਖੀਆਂ* ਦਾ।
4. ਬਾ. ਤੋਂ ਭਾਵ *ਜਨਮ ਸਾਖੀ ਬਾਲਾ* ਹੈ।

Scanned by CamScanner

ਨੂੰ ਪਾਤਸ਼ਾਹੀ (20), ਮੂਹਰਾਂ ਦੇ ਕੋਲੇ ਸੂਲ ਦੀ ਸੂਲੀ (21), ਠੱਗਾਂ ਦਾ ਨਿਸਤਾਰਾ (22), ਨੂਰ ਸਾਹ ਨਿਸਤਾਰਾ (23) <-ਆ.(9), ਕਲਜੁਗ (24) <-ਆ.(11), ਕੀੜ ਨਗਰ (25), ਵਸਦਾ ਰਹੇ (26), ਉਜੜ ਜਾਵੇ (27), ਆਸਾ ਦੇਸ ਸੇਖ ਫਰੀਦ ਨਾਲ ਗੋਸਟ (28), ਵਿਸੀਅਰ ਦੇਸ ਝੰਡਾ ਬਾਢੀ ਜੁਗਾਵਲੀ (29) <-ਬਾ.(26), ਕੋਹੜੀ ਫ਼ਕੀਰ ਨਿਸਤਾਰਾ (31), ਕਿੜੀਆਂ ਪਠਾਣਾ ਦੀਆਂ (34), ਗੋਸਟ ਮੀਆਂ ਮਿਠਾ (36), ਦੂਨੀ ਚੰਦ ਨਿਸਤਾਰਾ (37), ਬ੍ਰਾਹਮਣ ਦੀ ਸੁਚ ਰਸੋਈ (38), ਇਕ ਬੈਰਾਗੀ ਬਾਲਕ (39), ਭਗੀਰਥ ਮਨਸੁਖ ਤੇ ਸਿਵਨਾਭ (41) <-ਆ,ਬਾ.(21), ਸੈਦੋ ਸੀਹੋਂ ਤੇ ਵਰਣ (42), ਅਨਭੀ ਸਰੇਵੜਾ (43), ਕਉਡਾ ਰਾਖਸ (44) <-ਆ.(10) <-ਬਾ.(22), ਮਖਦੂਮ ਬਹਾਵਦੀ (45), ਸਿੱਧਾਂ ਨਾਲ ਗੋਸਟ (46), ਸ਼ਿਵਨਾਭ ਪ੍ਰਾਣ ਸੰਗਲੀ (47), ਬਾਢੀ ਦੀ ਝੁੱਗੀ ਢਾਹੀ (48), ਬ੍ਰਹਮ ਦਾਸ ਪੰਡਤ (49), ਸੁਮੇਰ ਸਿੱਧਾਂ ਨਾਲ ਗੋਸਟ (50) <-ਆ.(14) , ਮੱਕਾ (51) <-ਆ.(15) , ਸਿੱਧਾਂ ਨਾਲ ਗੋਸਟ ਗੋਰਖ ਹਟੜੀ (52) <-ਆ.(23), ਦਾਸੀ ਤੁਲਸਾਂ (53), ਲਹਿਣੇ ਤੋਂ ਅੰਗਦ (54), ਮਖਦੂਮ ਬਹਾਵਦੀ ਦਾ ਚਲਾਣਾ (55), ਗੁਰੂ ਅੰਗਦ ਨੂੰ ਗੁਰਿਆਈ (56) <-ਆ.(30), ਜੋਤੀ ਜੋਤ ਸਮਾਉਣਾ (57) <-ਆ.(30)

ਪੁਰਾਤਨ ਵਾਲੀਆਂ 57 ਸਾਖੀਆਂ ਵਿਚ ਸੀਹਾਂ ਉੱਪਲ ਦੇ ਰਚੇ 28 ਪ੍ਰਸੰਗਾਂ ਵਿਚ ਸੈਦੋ ਨੇ 29 ਪ੍ਰਸੰਗ ਨਵੇਂ ਜੋੜੇ। ਨਵੀਂ ਸਮੱਗਰੀ ਵਿਚ 13 ਪ੍ਰਸੰਗ *ਜਨਮ ਸਾਖੀ ਬਾਲਾ* ਅਤੇ *ਆਦਿ ਸਾਖੀਆਂ* ਵਾਲੇ ਸਰੋਤਾਂ ਤੋਂ ਆਏ ਅਤੇ ਸੰਪਾਦਕੀ ਪੁਨਰ ਛੋਹਾਂ ਨਾਲ ਸੋਧ ਕੇ ਸਮੋਏ ਹੋਏ ਹਨ। 16 ਨਵੇਂ ਪ੍ਰਸੰਗ ਉਸ ਦੀ ਮੌਲਕ ਰਚਨਾ ਹੈ ਜਿਸ ਦੇ ਵੱਡੇ ਹਿੱਸੇ ਦਾ ਆਧਾਰ ਸੋਮਾ ਗੁਰਬਾਣੀ, ਮੌਖਕ ਪਰੰਪਰਾ ਅਤੇ ਸੰਤ ਸਾਖੀਆਂ ਵਾਲੀ ਸਾਂਝੀ ਪੂੰਜੀ ਹੈ। ਇਸ ਵਿਚ ਉਸ ਦੀ ਅਪਣਾਈ ਅਤੇ ਜੋੜੀ ਗਈ ਕਾਵਿ-ਰਚਨਾ 'ਪ੍ਰਾਣ ਸੰਗਲੀ' ਵਿਚਾਰੇ ਜਾਣ ਲਈ ਅਹਿਮ ਮੁੱਦਾ ਹੈ, ਕਿਉਂ ਜੋ ਇਹ ਇਕ ਬਜਰ ਵਰਤਾਰਾ ਹੋ ਨਿਬੜਿਆ, ਜਿਸ ਦਾ ਸ਼ਾਖਾ-ਪਸਾਰ ਸਾਖੀ ਪਰੰਪਰਾ ਤੋਂ ਇਲਾਵਾ ਸਿੱਖ ਇਤਿਹਾਸ, ਇਥੋਂ ਤਕ ਕਿ ਇਸ ਦੇ ਰਚੇ ਜਾਣ ਤੋਂ ਅੱਧੀ ਸਦੀ ਪਹਿਲਾਂ ਤਿਆਰ ਹੋਈ 'ਆਦਿ ਬੀੜ' ਤੱਕ ਕਾਰੀ ਕਰ ਗਿਆ।[1] ਸੈਦੋ ਦੀ ਬੇਨਜ਼ੀਰ ਰਚਨਾ ਦੇ ਹੋ ਰਹੇ ਪੁਨਰ-ਸੰਪਾਦਨ ਸਮੇਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸਕ ਆਦਿ ਸਰੂਪ - ਅੱਗੋਂ ਹਵਾਲੇ ਕਈ 'ਕਰਤਾਰਪੁਰੀ ਬੀੜ' - ਵਿਚ ਹੋਈ ਇਸ ਬੇਮਿਸਾਲ, ਅਤਿ ਘਿਰਣਤ ਦਖ਼ਲੰਦਾਜ਼ੀ ਦਾ ਨੋਟਿਸ ਲਿਆ ਜਾਣਾ, ਅਕਾਦਮਕ ਸਰੋਕਾਰਾਂ ਨੂੰ ਮੁੱਖ ਰੱਖਦਿਆਂ, ਜ਼ਰੂਰੀ ਹੋ ਗਿਆ ਹੈ।

ਪ੍ਰਾਣ ਸੰਗਲੀ, ਉਤਪਤੀ ਤੇ ਵਿਸਤਾਰ

ਇਹ ਸਥਾਪਤ ਤੱਥ ਹੈ ਕਿ ਸਾਖੀ ਪਰੰਪਰਾ ਵਿਚ 'ਪ੍ਰਾਣ ਸੰਗਲੀ' ਨੂੰ ਦਾਖ਼ਲਾ ਸੈਦੋ ਦੀ ਬਦੌਲਤ ਮਿਲਿਆ। ਗੋਰਖ ਦਾਸ ਵਾਂਗ ਉਹ ਕੋਈ ਪੇਸ਼ਾਵਰ ਲੇਖਕ ਨਹੀਂ

[1] [illegible] ਲਈ ਵੇਖੋ, *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 2013, ਪੰਨੇ 178-215.

Scanned by CamScanner

ਸੀ ਜਿਸ ਕੋਲ ਜਾਣਕਾਰੀ ਦੇ ਅੰਬਾਰ ਲੱਗੇ ਹੁੰਦੇ। ਆਪਣੇ ਬਿਰਤਾਂਤ ਦੇ ਵਿਸਤਾਰ ਦਾ ਪੇਟ ਭਰਨ ਲਈ ਜੋ ਹੱਥ ਲੱਗਾ, ਸਾਂਭਦਾ ਤੇ ਅਨੁਕੂਲਦਾ ਗਿਆ। ਨਿਰਸੰਦੇਹ, 'ਪ੍ਰਾਣ ਸੰਗਲੀ' ਉਸ ਦੀ ਕਮਾਈ ਨਹੀਂ, ਹਥਿਆਈ ਅਲਪ ਵਸਤੂ ਸੀ। ਇਸੇ ਨਾਂ ਦੀ ਪ੍ਰਚੱਲਤ ਰਚਨਾ ਨੂੰ 'ਨਾਨਕ ਛਾਪ' ਹੇਠ ਲਿਆ ਕੇ, ਮਾੜੀ ਮੋਟੀ ਹੱਥ ਫੇਰੀ ਉਪਰੰਤ, ਇਸ ਦੇ ਪਹਿਲੇ ਖੰਡ ਦੇ 22 ਬੰਦਾਂ ਵਿੱਚੋਂ 15 ਵਰਤ ਲਏ ਅਤੇ ਬਕਾਇਆ ਪਾਠ ਦੇ ਆਪਣੇ ਕੋਲ ਸੰਪੂਰਨ ਰੂਪ ਵਿਚ ਹੋਣ ਦੀ ਸੂਚਨਾ ਵੀ ਦਰਜ ਕਰ ਦਿੱਤੀ। 'ਨਾਨਕ ਛਾਪ' ਹੇਠ ਲਿਆਉਣ ਦਾ ਮੰਤਵ ਇਸ ਨੂੰ ਆਮ ਮਾਨਤਾ ਦਿਵਾਉਣ ਦਾ ਸੀ। ਇਸ ਵਿਧੀ ਦੀ ਵਰਤੋਂ, ਉਸ ਵੇਲੇ ਦੇ ਸਾਖੀਕਾਰ ਇਕ ਗੀਤ ਵਾਂਗ ਕਰ ਰਹੇ ਸਨ। ਗੋਰਖ ਦਾਸ ਨੇ 'ਜਨਮਸਾਖੀ ਬਾਲਾ' ਦੇ ਆਖ਼ੀਰ 'ਤੇ ਦਿੱਤੇ ਚੌਪਦੇ ਵਿਚ 'ਨਾਨਕ ਛਾਪ' ਵਰਤੀ ਜਿਸ ਕਰਕੇ ਇਹ ਪਰਵਾਨ ਚੜ੍ਹ ਗਈ। ਹੰਦਾਲੀਅਤ ਅਤੇ ਹੰਦਾਲੀ ਘਾੜਤਾਂ ਤੋਂ ਪਾਸਾ ਵੱਟਣ ਵਾਲੇ, *ਬੀ.40 ਜਨਮਸਾਖੀ* ਦੇ ਸੁਚੇਤ ਅਤੇ ਚੌਕੰਨੇ ਸਾਖੀਕਾਰ ਦਇਆ ਰਾਮ ਅਬਰੋਲ ਨੇ ਇਸ ਨੂੰ ਬਾਬੇ ਦੀ ਰਚਨਾ ਹੋਣਾ ਮੰਨ ਕੇ ਵਰਤ ਲਿਆ।[1] ਪ੍ਰਮਾਣਿਕ ਬਾਣੀ ਦੇ ਨਮੂਨੇ 'ਤੇ ਨਵੀਆਂ ਉਸਾਰੀਆਂ ਕਰਨ ਅਤੇ ਕਈ ਵਾਰ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਨਹਾਰੀਆਂ ਦੂਜਿਆਂ, ਬਲਕਿ ਵਿਰੋਧੀਆਂ ਦੀਆਂ ਰਚਨਾਵਾਂ ਨੂੰ ਵੀ 'ਨਾਨਕ ਛਾਪ' ਹੇਠ ਲਿਆ ਕੇ ਵਰਤ ਲੈਣ ਦੀ ਪਰਵਿਰਤੀ ਉਸ ਵੇਲੇ ਦੇ ਹਰ ਸਾਖੀਕਾਰ ਵਿਚ ਵੇਖਣ ਨੂੰ ਮਿਲਦੀ ਹੈ; ਸੈਦੋ ਵੀ ਤਿਆਗੀ ਨਹੀਂ ਸੀ। ਉਸ ਨੇ ਵੀ ਇਸ ਕੁਧੱਤ ਦੇ ਅਸਰ ਹੇਠ 'ਪ੍ਰਾਣ ਸੰਗਲੀ' ਨੂੰ ਬਾਬੇ ਨਾਲ ਸੰਬੰਧਤ ਕਰ ਦਿੱਤਾ। ਸਵਾ ਸੌ ਸਾਲ ਦੇ ਲੰਬੇ ਸਮੇਂ ਦੀ ਵਿੱਥ ਨੂੰ ਪੂਰਨ ਹਿਤ ਇਸ ਨੂੰ 'ਸ਼ਿਵਨਾਭ' ਕੋਲ ਸਿੰਘਲਾਦੀਪ ਵਿਚ ਰਖਾਈ ਦਰਸਾਇਆ, ਜਿਥੋਂ ਪੈੜੇ ਮੋਖੇ ਰਾਹੀਂ ਉਕਤ 15 ਬੰਦਾਂ ਨੂੰ ਮੰਗਵਾ ਕੇ ਜੱਗ-ਜ਼ਾਹਰ ਕਰਨ ਦਾ ਸਿਹਰਾ ਆਪਣੇ ਸਿਰ ਸਜਾ ਲਿਆ, ਅਤੇ ਇਸ ਨਾਲ ਬਣ ਗਈ 'ਪ੍ਰਾਣ ਸੰਗਲੀ' ਬਾਬੇ ਦੀ ਰਚਨਾ ਸਿੱਧ ਅਤੇ ਮੰਨਣਯੋਗ; ਬੇਸ਼ੱਕ, ਸੈਦੋ ਦੇ ਇਸ ਮਾਸੂਮ ਦਿਸਦੀ ਸੱਟੇਬਾਜ਼ੀ ਦੇ ਸਿੱਟੇ ਦੂਰ-ਰਸੀ, ਸਾਖੀ ਅਤੇ ਸਿੱਖ ਇਤਿਹਾਸ ਵਿਚ ਘੋਰ ਘੜਮੱਸ ਪੈਦਾ ਕਰਨਹਾਰੇ, ਅਤੇ ਅਨੇਕਾਂ ਲੇਖਕਾਂ ਨੂੰ ਕੁਰਾਹੇ ਪਾਉਣ ਦਾ ਕਾਰਨ ਬਣੇ।

ਸਾਡੇ ਇਕ ਗੰਭੀਰ ਚਿੰਤਕ[2] ਨੂੰ 'ਕਈ ਸੱਜਣਾਂ ਦੀ ਨਾਰਾਜ਼ਗੀ ਖੱਟੇ' ਜਾਣ ਦੇ ਡਰ ਦੇ ਬਾਵਜੂਦ 'ਪ੍ਰਾਣ ਸੰਗਲੀ' ਵਰਤਾਰਾ 'ਇਕ ਬੜਾ ਭਾਰੀ ਇੰਦਰ-ਜਾਲ' ਲੱਗਿਆ : ਇੰਦਰ-ਜਾਲ ਦਾ ਇਕ ਭਾਗ, ਜਿਸ ਦਾ ਸੰਬੰਧ ਸਮਕਾਲੀ ਗੋਰਖਦਾਸ ਅਤੇ ਸੈਦੋ ਦੇ ਮਿੱਤਰ-ਮਸ਼ਕਰੀ-ਮੇਚ ਨਾਲ ਹੈ ਅਤੇ ਜਿਸ ਵਿੱਚੋਂ 113 ਧਿਆਵਾਂ ਵਾਲੀ 'ਪ੍ਰਾਣ ਸੰਗਲੀ' ਵਾਲਾ ਸ਼ੋਸ਼ਾ ਨਿਕਲਿਆ, ਪਹਿਲਾਂ ਭੁਗਤਾਇਆ ਜਾ ਚੁੱਕਾ ਹੈ।[3] ਪ੍ਰੋਫ਼ੈਸਰ ਸਾਹਿਬ ਸਿੰਘ ਹੋਰਾਂ ਨੂੰ ਸੈਦੋ ਦੇ ਦਾਅਵਿਆਂ ਵਿਚ ਕਈ ਅੰਤਰ-ਵਿਰੋਧ ਵੀ ਨਜ਼ਰ ਆਏ : ਪਰ ਸਾਡਾ ਡੰਗੀ ਸਰੋਕਾਰ ਇਸ ਸੰਬੰਧੀ 'ਸੱਜਣਾਂ ਦੀ ਨਾਰਾਜ਼ਗੀ'

---

1. *ਸਥਾਨੰਕਤ*, ਪੰਨਾ 52.
2. ਪ੍ਰੋਫ਼ੈਸਰ ਸਾਹਿਬ ਸਿੰਘ, *ਆਦਿ ਬੀੜ ਬਾਰੇ*, ਪੰਨੇ 212-16.
3. ਵੇਖੋ, *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 2013, ਪੰਨੇ 196-201.

Scanned by CamScanner

ਦਾ ਡਰ ਹੈ, ਜੋ ਵਿਆਖਿਆ ਦਾ ਤਲਬਗਾਰ ਹੈ, ਅਤੇ ਜਿਸ ਨਾਲ ਕਈ ਹਨੇਰੇ ਪਹਿਲੂਆਂ ਉੱਤੇ ਪ੍ਰਕਾਸ਼ ਪੈ ਸਕਣ ਦੀ ਸੰਭਾਵਨਾ ਮੌਜੂਦ ਹੈ।

ਸਥਿਤੀ ਦਾ ਵਿਅੰਗ ਇਹ ਕਿ ਨਾਰਾਜ਼ ਹੋ ਕੇ ਨੁਕਸਾਨ ਕਰ ਸਕਣ ਵਾਲੇ ਸੱਜਣ ਵੀ ਮਿੱਤਰ-ਮਸ਼ਕਰੀ-ਮੈਚ ਦੇ ਯਥਾਰਥ ਤੋਂ ਬਿਲਕੁਲ ਕੋਰੇ ਸਨ, ਪਰ 1883 ਈ. ਵਿਚ ਪ੍ਰਕਾਸ਼ ਵਿਚ ਆਈ ਸੈਦੋ ਦੀ 'ਪੁਰਾਤਨ ਜਨਮਸਾਖੀ' ਵਾਲੀ ਗਵਾਹੀ ਦੇ ਭਰਮਾਏ 'ਪ੍ਰਾਣ ਸੰਗਲੀ' ਨੂੰ ਬਾਬੇ ਦੀ ਰਚਨਾ ਸਿੱਧ ਅਤੇ ਇਸ ਨੂੰ ਸਿੰਘਲਾਦੀਪੋਂ ਪੈਂੜੇ ਮੋਖੇ ਰਾਹੀਂ ਮੰਗਵਾਏ ਜਾਣ ਵਾਲੇ ਢਕੌਂਸਲੇ ਨੂੰ ਪਰਮ ਸੱਚ ਮੰਨਣ ਵਾਲੀ, ਬਾ-ਰਸੂਖ਼ ਢਾਣੀ ਸੀ, ਜਿਸ ਦੀ ਇਕ ਲੰਗ ਅੰਮ੍ਰਿਤਸਰ ਅਤੇ ਦੂਜੀ ਤਰਨ ਤਾਰਨ ਸਥਿਤ ਸੀ, ਜਿਥੋਂ ਦੇ ਇਕ ਉਤਸ਼ਾਹੀ (ਸੰਤ) ਸੰਪੂਰਨ ਸਿੰਘ ਨੇ 'ਪ੍ਰਾਣ ਸੰਗਲੀ' ਦਾ 80 ਧਿਆਵਾਂ ਵਾਲਾ ਤੁੱਥ-ਮੁੱਥ ਸੰਸਕਰਨ ਦੇਵਨਾਗਰੀ ਦੇ ਓਹਲੇ ਵਿਚ 1912-28 ਈ. ਦੌਰਾਨ ਤਰਨ ਤਾਰਨੋਂ ਪ੍ਰਕਾਸ਼ਤ ਵੀ ਕਰਵਾ ਦਿੱਤਾ। ਇਸ ਵਿਚਲੀਆਂ ਦੋ ਰਚਨਾਵਾਂ : 'ਰਤਨਮਾਲ' ਅਤੇ 'ਤਿਲੰਗ ਕੀ ਵਾਰ ਮਹਲਾ ੧' ਵਿਸ਼ੇਸ਼ ਧਿਆਨ ਮੰਗਦੀਆਂ ਹਨ।[1] 'ਰਤਨਮਾਲ' ਪਹਿਲਾਂ ਤੋਰਕੀ ਅੱਖਰਾਂ ਵਿਚ ਸੀ, ਮੁੜ ਗੁਰਮੁਖੀ ਵਿਚ ਪਲਟਾਈ ਗਈ ਸੀ, ਤੋਂ ਪ੍ਰੇਰਤ ਬੇਹੂਦਾ ਲੱਖਣ ਅਧੀਨ ਸਮੁੱਚੀ 'ਪ੍ਰਾਣ ਸੰਗਲੀ' ਨੂੰ ਤੋਰਕੀ ਅੱਖਰਾਂ ਨਾਲ ਜੋੜ ਦਿੱਤਾ ਗਿਆ।

'ਤਿਲੰਗ ਕੀ ਵਾਰ ਮਹਲਾ ੧' 'ਰਾਗਮਾਲਾ' ਦੇ ਕਲੇਵਰ 'ਤੇ ਜਾਅਲੀ 'ਆਲਮ' ਦੇ ਨਾਂ ਨਾਲ ਜੋੜੀ, ਹੁਕਮ ਅਨੁਸਾਰ ਘੜੀ ਗਈ ਘਾੜਤ ਹੈ, ਜਿਸ ਦਾ ਮਨੋਰਥ 'ਪ੍ਰਾਣ ਸੰਗਲੀ' ਵਾਂਗ, ਇਸ ਨੂੰ 'ਬਾਬੇ' ਅਤੇ ਸਿੰਘਲਾਦੀਪ ਨਾਲ ਸੰਬੰਧਤ ਕਰ ਕੇ ਗੁਰੂ ਬਾਣੀ ਸਿੱਧ ਕਰਨਾ ਸੀ, ਜੋ ਅੰਮ੍ਰਿਤਸਰੀ ਢਾਣੀ ਦਾ ਮੁੱਖ ਏਜੰਡਾ ਸੀ, ਜਿਸ ਦੇ 'ਪੱਕੇ ਮੇਚੇ ਵਾਲਾ ਸਬੂਤ' ਵੀ ਘੜਿਆ-ਘੜਾਇਆ ਗਿਆ। ਤੋਰਕੀ ਅੱਖਰਾਂ ਨਾਲ ਜੋੜੀ 'ਪ੍ਰਾਣ ਸੰਗਲੀ' ਵਾਲੀ ਆਧਾਰਹੀਣ ਘਾੜਤ ਨੂੰ ਚੋਰੀ-ਛੁਪੇ 'ਕਰਤਾਰਪੁਰੀ ਬੀੜ' ਵਿਚ ਪੱਤਰਾ 963 ਦੇ ਸਿਰੋਵਾਰ, 'ਉਰਦੂ ਅੱਖਰਾਂ' ਵਿਚ 'ਪ੍ਰਾਣ ਸੰਗਲੀ ਮਹਲਾ ੧'[2] ਦਰਜ ਕਰਵਾ ਕੇ 'ਬੀੜ' ਅਤੇ 'ਪ੍ਰਾਣ ਸੰਗਲੀ' ਦੋਵਾਂ ਦੀ ਪ੍ਰਮਾਣਿਕਤਾ ਦਾ ਸਬੂਤ ਵੀ ਸਿਰਜ ਲਿਆ।

ਇਸ ਨਾਲ ਹੀ ਹੱਲ ਹੋ ਗਿਆ ਇਕ ਹੋਰ ਵੱਡਾ ਮਸਲਾ : ਬਾਣੀ ਇਕੱਤਰ ਕਰਵਾਉਣ ਵਾਲੇ ਢਕੌਂਸਲੇ ਵਜੋਂ, ਉਪਰੋਕਤ ਢਾਣੀ ਗੁਰੂ ਸਾਹਿਬ ਵੱਲੋਂ 'ਪ੍ਰਾਣ ਸੰਗਲੀ' ਨੂੰ ਸਿੰਘਲਾਦੀਪ ਤੋਂ ਮੰਗਵਾ ਕੇ ਰੱਦ ਕੀਤੇ ਜਾਣ ਵਾਲੀ ਸਿੱਖ ਗ੍ਰੰਥਕਾਰਾਂ ਦੀ ਗ਼ੈਬਦਾਨੀ ਵਾਲੀ ਨਿਰਾਧਾਰ ਗਪੌੜਬਾਜ਼ੀ ਦੀ ਵੀ ਅਟਲ ਵਿਸ਼ਵਾਸੀ ਸੀ, ਪਰ ਇਸ ਸੰਬੰਧ ਵਿਚ ਪ੍ਰਮਾਣਿਕ ਸਬੂਤਾਂ ਦੀ ਅਣਹੋਂਦ ਇਨ੍ਹਾਂ ਨੂੰ ਰੜਕਦੀ ਜ਼ਰੂਰ ਰਹੀ, ਜਿਸ ਦਾ ਇਲਾਜ ਕਰਨਾ ਬਣਦਾ ਸੀ, ਸੋ ਹੋ ਗਿਆ। ਪਰ ਇਸ ਦੇ ਨਾਲ ਹੀ ਹੋ ਗਿਆ ਸੈਦੋ ਜੱਟ ਦੀ ਰਚਨਾ 'ਪ੍ਰਾਣ ਸੰਗਲੀ' ਅਤੇ ਪਵਿੱਤਰ ਇਤਿਹਾਸਕ

---

1. ਇਨ੍ਹਾਂ ਦੇ ਪਾਠ ਲਈ ਵੇਖੋ, *ਪ੍ਰਾਣ ਸੰਗਲੀ*, ਪਟਿਆਲਾ, 1999, ਪੰਨੇ 227-33 ਅਤੇ 464-71.
2. ਭਾਈ ਜੋਧ ਸਿੰਘ, *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*, ਪਟਿਆਲਾ, 1968, ਪੰਨਾ 121.
—ਹੋਰ ਵੇਖੋ, *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 2013, ਪੰਨੇ 210-14.

Scanned by CamScanner

'ਕਰਤਾਰਪੁਰੀ ਬੀੜ' ਖ਼ਿਲਾਫ਼ ਅੰਮ੍ਰਿਤਸਰੀ ਰਈਸਾਂ-ਦੇ-ਰਈਸ ਖੜਪੈਂਚ ਵਾਲੀ ਢਾਣੀ ਦਾ ਸਾਜਿਆ ਅਨੈਤਿਕ ਫ਼ਰਾਡ, ਜਿਸ ਦੀ 'ਕਾਰ ਸੇਵਾ' ਵਾਲੀ ਭੂਮਿਕਾ ਇਸ ਢਾਣੀ ਦੀ ਤਰਨਤਾਰਨੀ ਲੰਗ ਨੇ ਨਿਭਾਈ ਸੀ।

1944 ਵਿਚ ਜੀ.ਬੀ. ਸਿੰਘ ਦੀ ਛਪੀ *ਪ੍ਰਾਚੀਨ ਬੀੜਾਂ* ਦੇ ਪ੍ਰਤਿਉੱਤਰ ਦੀ ਤਿਆਰੀ ਵਜੋਂ ਭਾਈ ਜੋਧ ਸਿੰਘ[1] ਨੇ 11 ਨਵੰਬਰ 1945 ਦੇ ਦਿਨ 'ਕਰਤਾਰਪੁਰੀ ਬੀੜ' ਦੇ ਛੇ ਘੰਟੇ ਖੁੱਲ੍ਹੇ ਦਰਸ਼ਨ-ਦਿਦਾਰੇ ਕੀਤੇ ਸਨ - ਇਸ ਦੀ ਹੀ ਪ੍ਰਾਪਤੀ ਹੈ: *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*; ਸਹਾਇਕ ਵਜੋਂ ਪ੍ਰੋਫ਼ੈਸਰ ਸਾਹਿਬ ਸਿੰਘ ਨਾਲ ਸਨ।[1] ਇਸ ਮੌਕੇ, 'ਆਦਿ ਬੀੜ' ਵਿਚ ਹੋਈਆਂ ਦਖ਼ਲੰਦਾਜ਼ੀਆਂ, ਪੱਤਰਿਆਂ ਦੀ ਅਦਲਾ-ਬਦਲੀ ਅਤੇ ਪੱਤਰਾ 963 'ਤੇ ਸਿਰੋਵਾਰ ਉਰਦੂ ਅੱਖਰਾਂ ਵਿਚ 'ਪ੍ਰਾਣ ਸੰਗਲੀ ਮਹਲਾ ੧', ਦਾ ਇੰਦਰਾਜ ਵੀ ਉਨ੍ਹਾਂ ਦੀ ਨਜ਼ਰੋਂ ਲੰਘਿਆ ਸੀ। ਇਸ ਸਭ ਕੁਝ ਨੂੰ ਸਰੰਜਾਮ ਦੇਣ ਵਾਲੇ ਕਾਰਕੁਨਾਂ ਅਤੇ ਉਨ੍ਹਾਂ ਪਿੱਛੇ ਕੰਮ ਕਰ ਰਹੀ ਕਾਰ-ਫ਼ਰਮਾ— ਕੰਮ ਕਰਾਉਣ ਵਾਲੀ, ਸ਼ਕਤੀ ਤੋਂ ਉਹ ਪਹਿਲਾਂ ਵੀ ਅਨਜਾਣ ਨਹੀਂ ਸਨ।

'ਕਈ ਸੱਜਣ' ਜਿਨ੍ਹਾਂ ਦੀ ਨਾਰਾਜ਼ਗੀ ਅਤੇ ਨਾਸਤਕ ਗਰਦਾਨੇ ਜਾਣ ਦਾ ਡਰ ਸਾਹਿਬ ਸਿੰਘ ਹੋਰਾਂ ਨੂੰ ਪਰੇਸ਼ਾਨ ਕਰ ਰਿਹਾ ਸੀ, ਉਨ੍ਹਾਂ ਦਾ ਵਿਹਾਰ ਕਾਰਕੁਨਾਂ ਵਾਲਾ ਤਾਂ ਨਹੀਂ ਸੀ, ਉਹ ਤਾਂ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੀਆਂ ਸੰਸਥਾਵਾਂ ਵਿਚ ਬੱਧੇ-ਰੁੱਧੇ ਨੌਕਰ ਸਨ, ਜਿਨ੍ਹਾਂ ਦੀ ਨਕੇਲ ਭਾਈ ਵੀਰ ਸਿੰਘ ਦੇ ਹੱਥ ਸੀ। ਇਨ੍ਹਾਂ ਨੇ ਭਾਈ ਜੋਧ ਸਿੰਘ ਦਾ ਸਾਥ ਦਿੰਦਿਆਂ ਸਿਰਫ਼ ਇਕ ਮਹੀਨਾ ਪਹਿਲਾਂ, 11-10-45 ਨੂੰ ਧਾਰਮਿਕ ਸਲਾਹਕਾਰ ਕਮੇਟੀ ਨੂੰ 'ਸਭ ਅੱਛਾ' ਦੀ ਰਿਪੋਟ ਦੇ ਕੇ 'ਪੰਥ ਦੀ ਏਕਤਾ ਨੂੰ ਖ਼ਤਰਾ' ਟਾਲਿਆ ਅਤੇ ਆਪਣੀ ਰੋਟੀ ਬਚਾਈ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ[2] ਨੇ 27-5-45 ਨੂੰ ਇਕ ਮਤੇ ਰਾਹੀਂ ਚਾਰ ਜਣਿਆਂ ਦੀ ਇਕ ਕਮੇਟੀ ਬਣਾਈ ਸੀ, ਜਿਸ ਨੇ 'ਕਰਤਾਰਪੁਰੀ ਬੀੜ' ਵਿਚ 'ਰਾਗਮਾਲਾ' ਦੀ ਸਥਿਤੀ ਬਾਰੇ ਰਿਪੋਟ ਦੇਣੀ ਸੀ। ਪੜਤਾਲ ਵਿਚ ਤਿੰਨ ਜਣੇ ਹੀ ਸ਼ਾਮਲ ਹੋਏ। ਚੌਥਾ ਟਾਲਾ ਵੱਟਣ ਵਾਲਾ ਕੌਣ ਸੀ ? ਹੋ ਸਕਦੈ ਉਹ ਸਾਹਿਬ ਸਿੰਘ ਹੀ ਹੋਣ, ਕਿਉਂਕਿ ਕਮੇਟੀ ਨੇ ਭਾਈ ਵੀਰ ਸਿੰਘ ਦੇ ਰਾਗਮਾਲਾ ਸੰਬੰਧੀ ਨਵੇਂ ਪੈਂਤੜੇ ਅਤੇ ਹਦਾਇਤਾਂ ਅਨੁਸਾਰ ਘੜੀ-ਘੜਾਈ ਰਿਪੋਟ ਦੇਣੀ ਸੀ, ਇਹ ਅਗਾਊਂ ਹੀ ਸੁਨਿਸਚਿਤ ਸੀ, ਉਹ ਪਾਸਾ ਵੱਟ ਗਏ; ਇਕ ਰੌਸ਼ਨ ਦਿਮਾਗ਼ ਅਤੇ ਬਾਜ਼ਮੀਰ ਵਿਵੇਕਵਾਨ, ਜਿਸ ਨੂੰ ਬੇਜ਼ਮੀਰਿਆਂ ਦੇ ਆਤੰਕ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਦਾ ਸਹੀ ਪ੍ਰਤਿਕਰਮ।

ਰਾਗਮਾਲਾ ਦਾ ਰਾਗੜਾ

ਸੈਦੋ ਦੀ ਰਚਨਾ ਦੇ ਪ੍ਰਸੰਗ ਵਿਚ 'ਰਾਗਮਾਲਾ' ਵਿਚਾਰੇ ਜਾਣ ਗੋਚਰਾ ਕੋਈ ਮੁੱਦਾ ਨਹੀਂ, ਪਰ ਭਾਈ ਵੀਰ ਸਿੰਘ ਦੇ ਦਾਅਵੇ ਕਿ 'ਰਾਗਮਾਲਾ ਸਿੰਘਲਾਦੀਪ ਤੋਂ

---

1. *ਕਿਰਤੋਕਤ*, ਪੰਨਾ ਸ.
2. *ਉਹੀ*, ਪੰਨਾ ੲ.

ਆਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ''[1] ਜਿਸ ਨੂੰ ਪ੍ਰਮਾਣਿਤ ਕਰਨਹਾਰੇ ਦਸਤਾਵੇਜ਼ੀ ਸਬੂਤ ਵੀ ਸ਼ਿੰਗਾਰੇ ਜਾ ਚੁੱਕੇ ਸਨ, ਦੇ ਸਨਮੁੱਖ, ਇਸ ਦਾ ਇਥੇ ਲੱਗਦੇ ਹੱਥ ਨਿਪਟਾਏ ਜਾਣਾ ਜ਼ਰੂਰੀ ਹੋ ਗਿਆ ਹੈ। ਜਿਵੇਂ ਤਰਨਤਾਰਨੀ ਢਾਣੀ 'ਪ੍ਰਾਣ ਸੰਗਲੀ' ਨੂੰ ਸਮਰਪਤ ਸੀ, ਓਵੇਂ ਅੰਮ੍ਰਿਤਸਰੀ ਹਾਵੀ-ਪ੍ਰਭਾਵੀ ਢਾਣੀ ਲਈ 'ਰਾਗਮਾਲਾ' ਇੱਜ਼ਤ - ਨਹੀਂ, ਜਿਉਣ ਮਰਨ ਦਾ ਸਵਾਲ ਬਣਿਆ ਹੋਇਆ ਸੀ। ਆਪੋ-ਆਪਣਾ ਉੱਲੂ ਸਿੱਧਾ ਕਰਨ ਲਈ, ਇਨ੍ਹਾਂ ਸਾਰਿਆਂ ਨੇ ਰਲ ਕੇ ਦੋਸਤਾਨਾ ਮੈਚ ਖੇਡਿਆ, ਉਸ ਦਾ ਲਾਭ ਦੋਵਾਂ ਧਿਰਾਂ ਨੂੰ ਹੋਇਆ। ਪ੍ਰਤੱਖ ਦਿੱਸਦੇ ਬੇ-ਬੁਨਿਆਦ ਦਾਅਵੇ ਨੂੰ ਪੈਰ ਲਾਉਣ ਲਈ ਇਸ ਦਾ ਝਲਕਾਰਾ 'ਕਰਤਾਰਪੁਰੀ ਬੀੜ' ਵਿਚ ਮਿਲਣਾ ਜ਼ਰੂਰੀ ਸਮਝਿਆ ਗਿਆ, ਜੋ ਦਖ਼ਲੰਦਾਜ਼ੀ ਕਰਵਾਉਣ ਦਾ ਇਕ ਹੋਰ ਜ਼ੋਰਦਾਰ ਪ੍ਰੇਰਕ ਕਾਰਨ ਬਣ ਗਿਆ। ਇਸ ਨੂੰ ਫੋਕਸ ਵਿਚ ਲਿਆਉਣ ਨਾਲ, ਬੇ-ਦੀਨਿਆਂ ਦੀ ਅਤਿ ਗੁੱਝੀ ਕਾਰਗੁਜ਼ਾਰੀ ਦੇ ਇਸ ਨਵੇਕਲੇ ਪਹਿਲੂ 'ਤੇ ਨਵੀਂ ਰੋਸ਼ਨੀ ਪੈਣ ਨਾਲ, ਇਸ ਸੰਬੰਧੀ ਪ੍ਰਚੱਲਤ ਧਾਰਨਾਵਾਂ ਨੂੰ ਨਵਾਂ ਪਰਿਪੇਖ ਮਿਲ ਸਕਣ ਦੀ ਵੀ ਸੰਭਾਵਨਾ ਹੈ।

ਲੱਗਦੇ ਹੱਥ, ਇਹ ਸਪੱਸ਼ਟ ਕਰ ਦੇਣਾ ਵੀ ਜ਼ਰੂਰੀ ਹੈ ਕਿ 'ਪ੍ਰਾਣ ਸੰਗਲੀ' ਨੂੰ ਸਿੰਘਲਾਦੀਪੋਂ ਮੰਗਵਾਏ ਜਾਣ ਵਾਲੇ ਸੈਦੋ ਬਲੱਫ ਵਾਂਗ 'ਰਾਗਮਾਲਾ' ਨੂੰ ਸਿੰਘਲਾਦੀਪ ਅਤੇ ਬਾਬੇ ਨਾਲ ਸੰਬੰਧਤ ਕਰਨਾ ਭਾਈ ਵੀਰ ਸਿੰਘ ਦਾ ਰਾਗਮਾਲਾ ਨੂੰ ਗੁਰੂ ਬਾਣੀ ਸਿੱਧ ਕਰਨ ਲਈ ਸਾਜਿਆ ਮਹਾਂ ਬਲੱਫ਼ ਹੈ - ਵੱਡੇ ਆਦਮੀਆਂ ਦੇ ਬਲੱਫ਼ ਵੀ ਵੱਡੇ, ਜਾਂ ਬਕੌਲ ਦੇਵਿੰਦਰ ਸਿੰਘ ਵਿਦਿਆਰਥੀ 'ਵੀਰ ਸਿੰਘ ਚਮਤਕਾਰ' ਹੈ।

ਅੰਮ੍ਰਿਤਸਰੀ ਢਾਣੀ 'ਰਾਗਮਾਲਾ' ਨੂੰ 1917 ਤਕ ਤਾਂ 'ਗੁਰੂ ਬਾਣੀ' ਨਾ ਹੋਣ ਦੀ ਦੁਹਾਈ ਦਿੰਦੀ ਰਹੀ ਸੀ, ਪਰ 1917-24 ਈ. ਵਿਚ ਪੈਂਤੜਾ ਬਦਲ ਕੇ, ਇਸ ਨੂੰ 'ਗੁਰੂ ਬਾਣੀ' ਮੰਨਣ ਅਤੇ ਮਨਾਉਣ ਲਈ ਸਿਰੇ ਦੀ ਪਾਬੰਦ ਬਣ ਗਈ। ਵਿਚਾਰਾਂ ਦੀ ਇਸ ਰੱਦੋ-ਬਦਲ ਦੇ ਕਾਰਨਾਂ ਦਾ ਖ਼ੁਲਾਸਾ ਤਾਂ ਕਿਤੇ ਫੇਰ ਹੋ ਸਕੇਗਾ, ਫ਼ਿਲਹਾਲ ਇੰਨਾ ਜਾਣਨਾ ਜ਼ਰੂਰੀ ਹੈ ਕਿ ਇਸ ਪਲਟੇ ਨੇ ਦੂਰ-ਰਸੀ ਪ੍ਰਭਾਵ ਛੱਡੇ, ਆਪਣੇ ਅਖ਼ਬਾਰ *ਖ਼ਾਲਸਾ ਸਮਾਚਾਰ* ਵਿਚ ਇਸ ਸੰਬੰਧੀ ਮਚਾਈ ਖੜਦੁੰਬ ਤੋਂ ਇਲਾਵਾ 'ਕਰਤਾਰਪੁਰੀ ਬੀੜ' ਵਿਚ ਆਪਣੀ ਪੱਖ-ਪੁਸ਼ਟੀ ਕਰਨਹਾਰੇ ਸੰਕੇਤ ਵੀ ਸਾਜ਼ਸ਼ੀ ਢੰਗ ਨਾਲ ਦਾਖ਼ਲ ਕਰਵਾਏ।

'ਕਰਤਾਰਪੁਰੀ ਬੀੜ' ਵਿਚ 'ਰਾਗਮਾਲਾ' ਅਖ਼ੀਰਲੇ ਹਿਫ਼ਾਜ਼ਤੀ ਅੰਕ-ਹੀਣ ਪੱਤਰੇ 'ਤੇ ਮੂਲ ਲਿਖਾਰੀ ਭਾਈ ਗੁਰਦਾਸ ਦੀ, ਸਾਂਭਣਯੋਗ ਸਮਝ ਕੇ ਦਰਜ ਕੀਤੀ ਹੋਈ ਸੀ। ਬੀੜ ਦੀ ਮੂਲ-ਲਿਖਤ ਪੱਤਰਾ 973 'ਤੇ ਸਮਾਪਤ ਹੁੰਦੀ ਸੀ, ਜਿਸ ਦਾ ਸੰਕੇਤ ਤਤਕਰੇ ਵਿਚ ਦਰਜ ਸੀ। 'ਰਾਗਮਾਲਾ' ਗੁਰੂ ਬਾਣੀ ਤਾਂ ਹੀ ਸਿੱਧ ਹੋ ਸਕਦੀ ਸੀ ਜੇ ਮੂਲ ਲਿਖਤ ਦਾ ਲੜੀ-ਬੱਧ ਹਿੱਸਾ ਹੁੰਦੀ ਅਤੇ ਇਸ ਦੀ ਪ੍ਰਤੀਕ ਤਤਕਰੇ ਵਿਚ ਦਰਜ ਹੋਈ ਹੁੰਦੀ। ਸੋ, ਪਹਿਲੇ ਚਰਨ ਵਿਚ ਇਹ ਅਤਿ ਜ਼ਰੂਰੀ ਕਾਰਜ ਸਾਧਿਆ ਗਿਆ : 'ਕਰਤਾਰਪੁਰੀ ਬੀੜ' ਦੀ ਸੇਵਾ-ਸੰਭਾਲ ਵਿਚ ਲੱਗੇ ਕਿਸੇ ਸੇਵਾਦਾਰ ਦੀਆਂ

---

1. *ਅਸ਼ਟ ਗੁਰੂ ਚਮਤਕਾਰ*, ਅੰਮ੍ਰਿਤਸਰ, 1980, ਭਾਗ ਦੂਜਾ, ਪੰਨਾ 59.

Scanned by CamScanner

'ਸੇਵਾਵਾਂ' ਨਾਲ ਤਤਕਰੇ ਵਿਚ ਇਕ-ਖਾਲੀ ਖਾਲੀ ਥਾਂ ਵਿਚ ਦਰਜ ਹੋ ਗਿਆ, '974 ਰਾਗਮਾਲਾ ਤਥਾ ਸਿੰਘਲਾਦੀਪ ਕੀ ਸ਼ਿਵਨਾਭ ਰਾਜੇ ਕੀ ਵਿਧਿ', ਜਿਸ ਬਾਰੇ ਸਵਿਸਤਾਰ ਚਰਚਾ ਹੋਰ ਥਾਂ ਹੋ ਚੁੱਕੀ ਹੈ।[1] ਨੰਗੀ ਚਿੱਟੀ ਮੁਦਾਖ਼ਲਤ ਵਾਲਾ ਇਹ ਇੰਦਰਾਜ ਇਕ ਪਰਮ ਸਚਾਈ ਵੀ ਸੰਭਾਲੀ ਬੈਠਾ ਹੈ; ਜਦੋਂ 1917-19 ਈ. ਦੇ ਏੜ-ਗੇੜ ਵਿਚ ਇਹ ਭੱਦਰਕਾਰਾ ਸਿਰੇ ਚਾੜ੍ਹਿਆ ਗਿਆ, ਉਸ ਸਮੇਂ ਤਕ ਪੱਤਰਾ 973 ਤੋਂ ਅਗਲੇ ਦੋ ਵਾਧੂ ਪੱਤਰਿਆਂ ਵਿਚ, ਉਹ ਫ਼ਾਲਤੂ ਰਚਨਾਵਾਂ, ਜਿਨ੍ਹਾਂ ਨੂੰ 'ਪੰਜੋਕੜਾ ਬਾਣੀਆਂ' ਦਾ ਨਾਂ ਦਿੱਤਾ ਗਿਆ ਹੈ, ਆਪਣੇ ਮੂਲ ਰੂਪ ਵਿਚ ਕਾਇਮ ਸਨ, ਜਿਨ੍ਹਾਂ ਦੀ ਝਲਕ ਉਕਤ ਇਕ-ਸਤਰੇ ਇੰਦਰਾਜ ਵਿਚ ਵੀ ਪ੍ਰਤੱਖ ਦਿੱਸਦੀ ਹੈ। ਪਿੱਛੋਂ 1924 ਈ. ਵਿਚ ਤਰਨਤਾਰਨੀ ਢਾਣੀ ਰਾਹੀਂ, ਇਨ੍ਹਾਂ ਵਾਲੇ ਦੋ ਪੱਤਰੇ ਪੜਵਾ ਕੇ ਕਢਵਾਈਆਂ ਗਈਆਂ[2], ਜਿਸ ਨਾਲ ਰਾਗਮਾਲਾ ਪੱਤਰਾ 973 ਮੂਹਰੇ ਆ ਟਿਕੀ। ਇਸ ਚਰਨ ਵਿਚ ਕੱਢੇ ਗਏ ਪੱਤਰਿਆਂ ਦੀ ਥਾਵੇਂ ਨਵੀਂ ਅਤੇ ਵੱਖਰੀ ਸਾਖਤ ਦੇ ਦੋ ਪੱਤਰੇ ਪਿੱਛੇ ਜੜ ਕੇ ਪੱਤਰਿਆਂ ਦਾ ਕੁੱਲ-ਜੋੜ-ਸਮਾਨ ਵਾਲੀ ਵਿਧ ਮਿਲਾਈ ਗਈ।

ਜ਼ੋਰਦਾਰ ਸੰਕੇਤ ਮਿਲ ਰਹੇ ਹਨ ਕਿ ਇਸੇ 'ਤਰਨਤਾਰਨੀ ਕਮੇਟੀ' ਨੇ 19 ਅਕਤੂਬਰ 1924 ਵਾਲੇ ਦਿਨ ਹੀ, ਆਪਣੇ ਹੱਥੀਂ ਪੱਤਰਾ 963 ਦੇ ਸਿਰੋਵਾਰ, ਇਸ ਸੰਬੰਧੀ ਉਰਦੂ ਅੱਖਰਾਂ ਵਿਚ 'ਪ੍ਰਾਨ ਸੰਗਲੀ ਮਹਲਾ ੧', ਜਿਸ ਦੀ ਪਿੱਛੇ ਚਰਚਾ ਕੀਤੀ ਗਈ ਹੈ, ਦਰਜ ਕੀਤਾ। ਪਵਿੱਤਰ ਬੀੜ ਵਿੱਚੋਂ ਦੋ ਪੱਤਰੇ ਪਾੜਨ ਅਤੇ ਨਵੇਂ ਪਾਉਣ ਵਰਗਾ ਘਿਣਾਉਣਾ ਅਤੇ ਕਪਟੀ-ਕਾਰਾ, ਰਾਗਮਾਲਾ ਨੂੰ ਗੁਰੂ ਬਾਣੀ ਸਿੱਧ ਕਰਨ ਤੋਂ ਇਲਾਵਾ, ਵਿਰੋਧੀਆਂ ਨੂੰ ਮਾਤ ਦੇਣ ਵਾਲੀ ਖੁਣਸ ਤੋਂ ਵੀ ਪ੍ਰੇਰਤ ਸੀ, ਜਿਸ ਦਾ ਮੁੱਖ ਨਿਸ਼ਾਨਾ ਭਾਈ ਕਾਨ੍ਹ ਸਿੰਘ ਨਾਭਾ ਸੀ, ਜੋ ਰਾਗਮਾਲਾ ਨੂੰ ਠੀਕ, ਆਲਮ ਕ੍ਰਿਤ ਮੰਨਦਾ ਸੀ ਅਤੇ ਸਾਰੀ ਜ਼ਿੰਦਗੀ ਇਸ ਨੂੰ 'ਗੁਰੂ ਬਾਣੀ' ਨਾ ਮੰਨਣ ਵਾਲੇ ਨਿਰਣੇ 'ਤੇ ਇਕਸਾਰਤਾ ਨਾਲ ਪਹਿਰਾ ਦਿੰਦਾ ਰਿਹਾ।

ਤਰਕ ਬਨਾਮ ਤਰਕਹੀਣਤਾ

ਭਾਈ ਵੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਪ੍ਰੇਰਨਾ ਅਤੇ ਉਦੇਸ਼ਾਂ ਦੀ ਸਾਂਝ ਵਾਲੀਆਂ ਸ਼ਖ਼ਸੀਅਤਾਂ ਸਨ। ਪਰ ਭਾਈ ਕਾਨ੍ਹ ਸਿੰਘ ਨਾਭਾ ਭਾਈ ਵੀਰ ਸਿੰਘ ਦੇ ਰਾਗਮਾਲਾ ਨੂੰ 'ਗੁਰੂ ਬਾਣੀ' ਮੰਨਣ ਵਾਲੇ ਗਿਰਗਟੀ ਨਵੇਂ ਰੰਗ-ਢੰਗ ਨਾਲ ਸਹਿਮਤ ਨਾ ਹੋ ਸਕੇ, ਜਿਵੇਂ ਆਪਣੀ ਕੁਰਸੀ ਬਚਾਉਣ ਲਈ ਭਾਈ ਜੋਧ ਸਿੰਘ ਅਤੇ ਹੋਰ ਲਾਈਲੱਗ ਲਾਣਾ ਆਸਾਨੀ ਨਾਲ 'ਹੁਕਮਾਂ' ਦਾ ਅਨੁਸਾਰੀ ਹੋ ਗਿਆ। ਇਸ ਸੰਬੰਧੀ *ਖ਼ਾਲਸਾ ਸਮਾਚਾਰ* ਰਾਹੀਂ ਚਲਾਏ ਜਾ ਰਹੇ ਅਭਿਆਨ ਤੋਂ ਵੀ ਉਹ ਨਿਰਲੇਪ ਰਹੇ।

ਭਾਈ ਕਾਨ੍ਹ ਸਿੰਘ ਨਾਭਾ ਦਾ ਇਸ ਤੋਂ ਵੀ ਵੱਡਾ ਇਕ ਹੋਰ ਗੁਨਾਹ, ਜੋ

---

1. *ਸਿੱਖਾਂ ਦੀ ਰਾਗਮਾਲਾ*, ਅੰਮ੍ਰਿਤਸਰ, 2013, ਪੰਨੇ 168-174.
2. ਗਿਆਨੀ ਗੁਰਦਿੱਤ ਸਿੰਘ, *ਮੁੰਦਾਵਣੀ*, ਚੰਡੀਗੜ੍ਹ, 2003, ਪੰਨੇ 218-19.

Scanned by CamScanner

ਨਾ-ਕਾਬਲੇ ਮੁਆਫ਼ੀ ਸੀ, ਭਸੌੜ ਵਾਲੇ ਬਾਬੂ ਤੇਜਾ ਸਿੰਘ ਦੇ ਸਾਜੇ ਮਾਲਵੇ ਦੇ ਮਲੰਗ ਜਥੇ 'ਪੰਚ ਖ਼ਾਲਸਾ ਦੀਵਾਨ', ਜੋ ਕੱਟੜ 'ਰਾਗਮਾਲਾ' ਵਿਰੋਧੀ ਧੜਾ ਸੀ, ਨਾਲ ਜੁੜਨਾ ਸੀ। ਆਪਣਾ ਪਲੋਸਿਆ ਰਕੀਬਾਂ ਦੀ ਦਿਹਲੀ ਕਿਉਂ ਚੜ੍ਹੇ ? ਉਨ੍ਹਾਂ ਪਾਸੋਂ ਸਪੱਸ਼ਟੀਕਰਨ ਮੰਗਿਆ ਗਿਆ, ਜਿਸ ਨੂੰ 12 ਦਸੰਬਰ 1917 *ਖ਼ਾਲਸਾ ਸਮਾਚਾਰ* ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਦੀ 'ਗੁਪਤ ਚਿੱਠੀ' ਦੇ ਅਨੁਵਾਨ ਹੇਠ, ਉਨ੍ਹਾਂ ਦੇ ਉੱਤਰ ਨੂੰ ਤਰੋੜ-ਮਰੋੜ ਕੇ ਇਹ ਦੱਸਣ ਲਈ ਜ਼ਾਹਰ ਕੀਤਾ ਗਿਆ ਕਿ ਭਾਈ ਸਾਹਿਬ ਇਸ ਦੇ 'ਗੁਰੂ ਬਾਣੀ' ਹੋਣ ਦੇ ਹਾਮੀ ਹਨ ਪਰ ਇਸ ਸੰਬੰਧੀ ਰੱਫੜ ਤੋਂ ਦੁਖੀ ਹਨ।

ਭਾਈ ਕਾਨ੍ਹ ਸਿੰਘ ਹੋਰਾਂ ਨੂੰ ਜਾਣਕਾਰਾਂ ਵੱਲੋਂ, ਇੰਜ ਨਜ਼ਰੀਆ ਬਦਲਣ ਬਾਰੇ ਪੁੱਛਾਂ ਦੀ ਬੁਛਾੜ ਨੇ ਘੇਰ ਲਿਆ। ਉਨ੍ਹਾਂ ਨੇ ਇਸ ਸਭ ਕੁਝ ਦੇ ਜਵਾਬ ਵਿਚ 23 ਜਨਵਰੀ 1918 ਦੇ *ਪੰਥ ਸੇਵਕ* ਵਿਚ ਇਕ ਚਿੱਠੀ ਛਪਵਾਈ[1], ਜਿਸ ਵਿਚ ਹੋਰ ਬਹੁਤ ਸਾਰੀ ਜਾਣਕਾਰੀ ਦੇ ਨਾਲ-ਨਾਲ ਇਹ ਵੀ ਲਿਖਿਆ ਸੀ ਕਿ ਵਾਧੂ ਪੱਤਰਿਆਂ ਵਿਚ, "ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ ਕਿੰਤੂ ਰਤਨਮਾਲ ਹੈ, ਰਾਹ ਮੁਕਾਮ ਕੀ ਸਾਖੀ ਹੈ।"[2] ਉਨ੍ਹਾਂ ਦੇ ਇਸ ਦਾਅਵੇ ਨੂੰ ਝੁਠਲਾਉਣ ਲਈ 'ਤਰਨਤਾਰਨੀ ਡੋਬੂ ਢਾਣੀ' ਰਾਹੀਂ 19 ਅਕਤੂਬਰ 1924 ਈ. ਨੂੰ 'ਕਰਤਾਰਪੁਰੀ ਬੀੜ' ਵਿੱਚੋਂ ਦੋ ਵਰਕੇ ਪੜਵਾ ਕੇ ਇਨ੍ਹਾਂ ਦਾ ਨਮੂਦ ਹੀ ਚੱਕ ਦਿੱਤਾ। ਹਮ-ਖ਼ਿਆਲ ਬਣਾਉਣ ਲਈ ਪੱਤਰਕਾਰਾਂ ਵਾਲੀ ਧੌਂਸਬਾਜ਼ੀ (bullying tactics) ਦੇ ਇਸ ਨਿਵੇਕਲੇ ਅੰਦਾਜ਼ ਤੋਂ ਕੌਣ ਸਦਕੇ ਨਾ ਜਾਏ। ਪਵਿੱਤਰ ਬੀੜ ਵਿੱਚੋਂ ਪੱਤਰੇ ਕੱਢੇ ਜਾਣ ਨਾਲ, ਬੇਸ਼ੱਕ, ਰਤਨਮਾਲ, ਰਾਹ ਮੁਕਾਮ ਕੀ ਸਾਖੀ, ਅਤੇ ਪੰਜੋਕੜੇ ਵਾਲੀ ਹੋਰ ਸਮੱਗਰੀ ਵੀ ਗ਼ਾਇਬ ਹੋ ਗਈ ਅਤੇ ਭਾਈ ਕਾਨ੍ਹ ਸਿੰਘ ਜੀ ਦਾ ਕਥਨ ਹੋ ਗਿਆ ਝੂਠਾ ਅਤੇ ਨਿਰਾਧਾਰ, ਪਰ ਇਸ ਕੋਝੀ ਸਾਜ਼ਿਸ਼ ਨੂੰ ਨੰਗਾ ਕਰਨ ਵਾਲੀ, ਇਸ ਸੰਬੰਧੀ ਤਤਕਰੇ ਵਿਚ ਉਨ੍ਹਾਂ ਦੀ ਆਪਣੀ ਸਾਜੀ ਤੇ ਪੰਜ-ਛੇ ਸਾਲ ਪਹਿਲਾਂ ਦਾਖ਼ਲ ਕਰਵਾਈ ਪ੍ਰਤੀਕ: "974 ਰਾਗਮਾਲਾ ਤਥਾ ਸਿੰਘਲਾਦੀਪ ਕੀ ਸ਼ਿਵਨਾਭ ਰਾਜੇ ਕੀ ਵਿਧਿ", ਅਜੇ ਵੀ ਕਾਇਮ ਹੈ ਅਤੇ 'ਵਰਕੇ ਪਾੜ' ਦਹੂਸ਼ਾਂ ਅਤੇ ਦਖ਼ਲੰਦਾਜ਼ਾਂ ਦੀ ਆਪਣੇ ਮੂੰਹ 'ਤੇ ਆਪੇ ਜੜੀ ਚਪੇੜ ਵਾਂਗ ਹੈ, ਜੋ ਪ੍ਰਤੱਖ ਦਿੱਸ ਰਹੀ ਹੈ। ਰਾਗਮਾਲਾ ਰੱਫੜ ਵਾਲੇ ਵਕਰ-ਵਰਤਾਰੇ ਸੰਬੰਧੀ ਗਿਆਨੀ ਗੁਰਦਿੱਤ ਸਿੰਘ[3] *ਮੁੰਦਾਵਣੀ* ਵਿਚ, ਨਿੱਜੀ ਅਨੁਭਵ ਵਾਲੀ ਬਹੁਤ ਸਾਰੀ ਕੀਮਤੀ ਜਾਣਕਾਰੀ ਛੱਡ ਗਏ ਹਨ, ਜੋ ਇਸ ਮੁੱਦੇ ਵਿਚ ਦਿਲਚਸਪੀ ਰੱਖਣ ਵਾਲੇ ਹਰ ਨੀਝਵਾਨ ਖੋਜੀ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ।

ਇਸ ਪ੍ਰਕਰਣ ਨਾਲ ਸੰਬੰਧਤ ਇਕ ਹੋਰ ਉਦਾਹਰਣ ਦ੍ਰਿਸ਼ਟੀ-ਗੋਚਰ ਕਰਨੀ

---

1. ਚਿੱਠੀ ਦੇ ਮੁਕੰਮਲ ਪਾਠ ਲਈ ਵੇਖੋ, *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*, ਪਟਿਆਲਾ, 1968, ਪੰਨਾ ੳ-ਸ.
   —*ਮੁੰਦਾਵਣੀ*, ਚੰਡੀਗੜ੍ਹ, 2003, ਪੰਨੇ 109-12.
2. *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*, ਪੰਨਾ ਅ.
3. *ਸਥਾਨੋਕਤ*, ਪੰਨੇ 214-223.

Scanned by CamScanner

ਵੀ ਲਾਹੇਵੰਦ ਰਹੇਗੀ, ਜਿਸ ਦਾ ਸੰਬੰਧ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਨਾਲ ਹੈ। ਇਸ ਦੇ ਇਕ ਨੁਸਖ਼ੇ ਵਿੱਚੋਂ ਵੀ ਇਕ ਪੱਤਰਾ ਪਾੜਿਆ ਹੋਇਆ ਵੇਖਿਆ ਗਿਆ। ਪੁੱਛਣ 'ਤੇ ਲਾਇਬ੍ਰੇਰੀ ਇਨਚਾਰਜ ਨੇ ਦੱਸਿਆ ਕਿ ਇਹ ਪੱਤਰਾ ਭਾਈ ਵੀਰ ਸਿੰਘ ਹੋਰਾਂ, ਨੁਸਖ਼ਾ ਘਰ ਮੰਗਵਾ ਕੇ ਪਾੜ ਦਿੱਤਾ ਸੀ। 'ਪੋਥੀ ਹਰਿਜੀ' ਦੇ ਇਸ ਪੱਤਰੇ 'ਤੇ ਰੰਘੜੀ ਪ੍ਰਸੰਗ ਦਰਜ ਸੀ। ਪਾੜ-ਪੜਾਈ ਦੇ ਬਾਵਜੂਦ ਅਗਲੇ ਪੱਤਰੇ 'ਤੇ ਆਖ਼ਰੀ ਵਾਕ "ਬਾਬਾ ਰੰਘੜੀ ਲੈ ਕੇ ਰਵਦਾ ਰਿਹਾ" ਜਿਉਂ ਦਾ ਤਿਉਂ ਕਾਇਮ ਸੀ। ਪੱਤਰਾ ਪਾੜਨ ਵਾਲੇ ਨੂੰ ਇਸ ਪੁੰਨੀ ਕਰਮ ਦਾ ਕੋਈ ਨਿੱਜੀ ਲਾਭ ਪੁੱਜਿਆ ਹੋਵੇ ਤਾਂ ਪਤਾ ਨਹੀਂ ਪਰ ਸਿੱਖ ਅਤੇ ਸਾਖੀ ਪਰੰਪਰਾ ਨੂੰ ਇਸ ਦਾ ਹੋਇਆ ਨੁਕਸਾਨ ਅਮਿਤ ਹੈ। ਸਬੂਤ ਗ਼ਾਇਬ ਹੋ ਜਾਣ ਨਾਲ 'ਰੰਘੜੀ ਪ੍ਰਸੰਗ' ਸੰਬੰਧੀ ਉਸ ਸਮੇਂ ਕੀਤੀ ਜਾ ਰਹੀ ਖੋਜ-ਪੜਤਾਲ ਪੂਰੀ ਅੱਧੀ ਸਦੀ ਪੱਛੜ ਗਈ।

ਵੇਖਣ ਵਿਚ ਆਉਂਦਾ ਹੈ ਕਿ ਪੈਂਚਾਂ ਨਾਲੋਂ ਆਪੂੰ-ਬਣੇ ਖੜਪੈਂਚ ਵੱਧ ਕਾਰਗਰ ਸਿੱਧ ਹੁੰਦੇ ਹਨ, ਜਿਨ੍ਹਾਂ ਦੀਆਂ ਵਧੀਕੀਆਂ ਤੇ ਧੱਕੇਸ਼ਾਹੀਆਂ ਪਿਛਲੱਗਾਂ ਨੂੰ ਬਦਹਜ਼ਮੀ ਵੀ ਨਹੀਂ ਕਰਦੀਆਂ। 'ਕਰਤਾਰਪੁਰੀ ਬੀੜ' ਵਿੱਚੋਂ ਪੱਤਰੇ ਪਾੜੇ ਜਾਣਾ ਸੰਗੀਨ ਜੁਰਮ ਸੀ; ਪੰਚਮ ਪਾਤਸ਼ਾਹ ਦੀ ਸ਼ਹਾਦਤ ਤਾਂ ਗ਼ੈਰਾਂ ਦੀ ਸਾਜ਼ਸ਼ ਕਾਰਨ ਹੋਈ; ਉਨ੍ਹਾਂ ਦੀ ਸਰਬੱਗਤਾ ਦਾ ਸਥੂਲ ਪ੍ਰਮਾਣ ਅਤੇ ਗੁਰੂ ਘਰ ਦੇ ਵੇਦ ਵਿਆਸ ਕਹੇ ਜਾਂਦੇ ਭਾਈ ਗੁਰਦਾਸ ਦੇ ਹੱਥਾਂ ਦੀ ਲਿਖੀ ਮੁਕੱਦਸ 'ਆਦਿ ਬੀੜ' ਦੀ ਬੇਹੁਰਮਤੀ ਹਉਮੈ ਲੱਦੇ ਅਖੌਤੀ ਸਿੱਖਾਂ ਦੀਆਂ ਸਾਜ਼ਸ਼ੀ ਚਾਲਬਾਜ਼ੀਆਂ ਦਾ ਸਿੱਟਾ ਹੈ। ਥੋੜ੍ਹੇ ਸਮੇਂ ਲਈ ਕਿਸੇ ਜਣੇ ਨੂੰ ਵੀ ਉੱਲੂ ਬਣਾਇਆ ਜਾ ਸਕਦਾ ਹੈ, ਪਰ ਸਮਾਂ ਹਮੇਸ਼ਾ ਲਈ ਉੱਲੂ ਬਣ ਕੇ ਨਹੀਂ ਰਹਿੰਦਾ। ਵਕਤ ਦਾ ਤਕਾਜ਼ਾ ਹੈ, ਪੁੱਛਿਆ ਜਾਏ, ਇਹ ਕਿਉਂ ਅਤੇ ਕਾਹਦੇ ਲਈ?

ਇਸ ਕੁਕਰਮ ਨੂੰ ਸਰੰਜਾਮ ਦੇਣ ਪਰ ਜਾਗਦੀ ਜ਼ਮੀਰ ਵਾਲੇ ਪੰਡਤ ਕਰਤਾਰ ਸਿੰਘ ਦਾਖਾ ਨੇ ਤਾਂ ਧਾਰਮਿਕ ਸਲਾਹਕਾਰ ਕਮੇਟੀ ਸਾਹਮਣੇ ਆਪਣਾ ਗੁਨਾਹ ਕਬੂਲਦਿਆਂ ਆਪਣੇ ਆਪ ਨੂੰ 'ਪਾਪੀ' ਆਖ ਕੇ, ਪਛਤਾਵਾ ਕਰ ਕੇ ਮਨ ਹੌਲਾ ਕਰ ਲਿਆ[1], ਪਰ ਜਿਨ੍ਹਾਂ ਨੇ ਉਨ੍ਹਾਂ ਪਾਸੋਂ ਇਹ ਪਾਪ ਕਰਵਾਇਆ ਉਨ੍ਹਾਂ ਨੂੰ 'ਪੁੰਨੀ' ਕਿਹਾ ਜਾਏ ਜਾਂ 'ਪਾਪੀ'? ਜ਼ਮੀਰ ਤਾਂ ਉਨ੍ਹਾਂ ਦੀ ਸੁੱਤੀ ਹੋਈ ਸੀ ਅਤੇ ਇਹ ਸਦਾ ਲਈ ਗੂੜ੍ਹੀ ਨੀਂਦ ਸੁੱਤੀ ਹੀ ਰਹੀ। ਇਸ ਦੀ ਤਲਾਫ਼ੀ ਕਿਵੇਂ ਹੋ ਸਕੇਗੀ?

ਜਿਸ 'ਕਚਕੌਲ' ਵਿੱਚੋਂ ਹਉਮੈ ਦੀ ਬਦਬੋ ਮਾਰਦੀ ਹੋਵੇ; ਪਵਿੱਤਰ ਗ੍ਰੰਥਾਂ ਅਤੇ ਹੱਥ-ਲਿਖਤਾਂ ਦੇ ਪਾੜੇ-ਝੀੜੇ ਪੱਤਰਿਆਂ ਦਾ ਅੰਬਾਰ ਦਿੱਸਦਾ ਹੋਵੇ; ਖੁਣਸ ਅਤੇ

1. *ਮੁੰਦਾਵਣੀ*, ਪੰਨਾ 218.
—ਸੰਤ ਸਿੰਘ ਸੇਖੋਂ ਦੀ ਬੀਮਾਰ-ਪੁਰਸੀ ਲਈ ਉਨ੍ਹਾਂ ਦੇ ਪਿੰਡ ਦਾਖੇ ਜਾਣ ਦਾ ਮੌਕਾ ਬਣਿਆ, ਤਾਂ ਮੁੱਲਾਂਪੁਰ ਬਸ ਅੱਡੇ ਅਚਾਨਕ ਪੰਡਤ ਕਰਤਾਰ ਸਿੰਘ ਦਾਖਾ ਟੱਕਰ ਪਏ। ਤਰਨ ਤਾਰਨ ਵਿਦਿਆਲੇ ਤੋਂ ਸੇਵਾ-ਮੁਕਤ ਹੋ ਕੇ ਪਿੰਡ ਆ ਟਿਕੇ ਸਨ। ਮੇਰੀ ਸਰਕਾਰੀ ਸੇਵਾ ਬਾਰੇ ਸੁਣ ਕੇ ਕਹਿਣ ਲੱਗੇ, "ਚੰਗੇ ਹੋ, ਪ੍ਰਾਈਵੇਟ ਅਦਾਰਿਆਂ 'ਚ ਤਾਂ ਟਕੇ-ਟਕੇ ਦੇ ਬੰਦਿਆਂ ਹੱਥੋਂ ਜ਼ਲੀਲ ਹੋਣਾ ਪੈਂਦੈ।" ਓਦੋਂ ਇਸ ਨੂੰ ਸਰਸਰੀ ਟਿੱਪਣੀ ਸਮਝਿਆ; ਇਸ ਦਾ ਪਿਛੋਕੜ ਉਘਾੜਨ ਲਈ ਗਿਆਨੀ ਗੁਰਦਿੱਤ ਸਿੰਘ ਹੋਰਾਂ ਦਾ ਕੋਟਨਕੋਟ ਧੰਨਵਾਦ।

Scanned by CamScanner

ਫ਼ਰਾਡਾਂ ਦੀ ਸੜ੍ਹਿਆਣ ਹੋਵੇ, ਨਿਰਭਰ ਬੰਦਿਆਂ ਦੀ ਮਜਬੂਰੀ ਅਤੇ ਲਾਚਾਰੀ ਨੂੰ ਨਿੱਜੀ ਸੁਆਰਥ ਲਈ ਵਰਤਣ ਲਈ ਧੱਕੇਸ਼ਾਹੀ ਹੋਵੇ; ਉਸ ਵਿੱਚੋਂ ਕੰਵਲ ਦਾ ਪ੍ਰਕਾਸ਼ ਤੇ ਵਿਕਾਸ ਕਿਵੇਂ ਹੋ ਸਕੇਗਾ ? ਕੋਈ ਵੀ ਲੁਕ-ਲੁਕਾ ਕੇ ਕੀਤਾ ਜੁਰਮ ਆਪਣੀਆਂ ਪੈੜਾਂ ਦੇ ਨਿਸ਼ਾਨ ਪਿੱਛੇ ਛੱਡ ਜਾਂਦਾ ਹੈ ਅਤੇ ਦੇਰ ਤਕ ਛੁਪਿਆ ਨਹੀਂ ਰਹਿ ਸਕਦਾ।

ਇਤਫ਼ਾਕ ਅਕਸਰ ਹੈਰਾਨੀ ਪੈਦਾ ਕਰਦੇ ਹਨ; ਸੈਦੋ ਦੀ ਲਾਜਵਾਬ ਰਚਨਾ ਦਾ ਭਾਈ ਵੀਰ ਸਿੰਘ ਹੱਥੀਂ ਸੰਪਾਦਨ ਆਪਣੇ ਆਪ ਵਿਚ ਵਿਪਰੀਤਤਾ ਵਾਲਾ ਇਤਫ਼ਾਕ ਹੈ। ਇਸ ਭੱਦਰ ਪੁਰਸ਼ ਨੇ 1912 ਈ. ਵਿਚ ਕਰਮ ਸਿੰਘ ਹੋਰਾਂ ਦੀ 'ਜਨਮਸਾਖੀ ਬਾਲਾ' ਦੀ ਲਾਜਵਾਬ ਆਲੋਚਨਾ *ਕੱਤਕ ਕਿ ਵਿਸਾਖ* ਦੀ ਵਿਕਰੀ ਬੰਦ ਕਰਵਾ ਕੇ ਆਪਣੇ ਆਪ ਨੂੰ ਹੰਦਾਲੀ ਸਮਰਥਕਾਂ ਅਤੇ 'ਬਾਲਾ ਭਾਈਆਂ' ਦੀ ਸਫ਼ ਵਿਚ ਖੜਾ ਕਰ ਲਿਆ ਸੀ ਅਤੇ ਹੁਣ, ਜਦੋਂ 1885 ਈ. ਨੂੰ ਮੁੜ ਪ੍ਰਕਾਸ਼ ਵਿਚ ਆਈ 'ਪੁਰਾਤਨ' ਦੇ ਨਾਂ ਨਾਲ ਜਾਣੀ ਗਈ ਸੈਦੋ ਦੀ ਜਿਸ ਰਚਨਾ ਦਾ 1926 ਈ. ਵਿਚ ਉਹ ਪੁਨਰ-ਸੰਪਾਦਨ ਕਰ ਰਹੇ ਸਨ, ਜੋ ਵਿਸਾਖ ਵਾਲੀ ਸਹੀ ਮਿਤੀ ਦੱਸਦੀ ਹੈ, ਸੰਪਾਦਕ ਨੇ 'ਬਾਲਾ ਯਥਾਰਥ' ਅਤੇ ਬਾਬੇ ਦੇ ਪ੍ਰਕਾਸ਼ ਦਿਵਸ ਵਾਲੇ ਮੁੱਦਿਆਂ ਤੋਂ ਅੱਖਾਂ ਹੀ ਮੀਚ ਲਈਆਂ, ਜਿਵੇਂ ਇਹ ਕੋਈ ਮੁੱਦਾ ਹੀ ਨਾ ਹੋਵੇ। ਸ਼ਾਇਦ, ਉਨ੍ਹਾਂ ਨੂੰ ਕਰਮ ਸਿੰਘ ਹੋਰਾਂ ਦੀ ਥਾਂ ਹੰਦਾਲੀਆਂ ਵਾਲੇ 'ਭਾਈ ਬਾਲਾ' ਸੰਤੋਖ ਸਿੰਘ ਦੇ ਕਨੇੜ੍ਹੀਂ ਚੜ੍ਹੇ ਸਾਹਮਣੇ ਖੜੇ ਦਿਸ ਰਹੇ ਹੋਣ—ਨਹੀਂ, ਡਰਾ ਰਹੇ ਹੋਣ।

ਜਿਸ ਰਚਨਾ ਦਾ ਉਹ ਪੁਨਰ-ਸੰਪਾਦਨ ਕਰ ਰਹੇ ਸਨ, ਉਹ ਐਨ ਹੰਦਾਲੀ ਗੜ੍ਹ ਵਿਚ, ਇੱਕੋ ਸਮੇਂ ਰਚੀ ਗਈ 'ਕੱਤਕ' ਮਿਤੀ ਵਾਲੀ ਜਨਮਸਾਖੀ ਬਾਲਾ ਦੇ ਬਰੋ-ਬਰਾਬਰ ਸਿਰਜੀ ਗਈ, ਪਰ ਹੰਦਾਲੀਅਤ ਦੀ ਮੁਹਰ-ਛਾਪ 'ਬਾਲਾ-ਲਾਲੋ-ਰੰਘੜੀ' ਅਤੇ 'ਕੱਤਕ ਮਿਤੀ' ਦੇ ਪਰਛਾਵੇਂ ਤੋਂ ਬਿਲਕੁਲ ਮੁਕਤ ਹੈ। ਇਹ ਵਿਪਰੀਤਤਾ ਅਤੇ ਇਸ ਦੀ ਮਹੱਤਤਾ ਤਾਂ ਸੰਪਾਦਕ 'ਤੇ ਗੁਆਚ ਗਈ ਹੀ ਸਮਝੋ।

ਮੁੱਕਦੀ ਗੱਲ

ਲਗਭਗ ਤਿੰਨ ਸਦੀਆਂ ਪਹਿਲਾਂ ਸੈਦੋ ਨੇ ਬਿਰਤਾਂਤ ਵਿਕਾਸ ਲਈ ਆਪਣੇ ਸਮੇਂ ਦੀਆਂ ਪਰਵਿਰਤੀਆਂ ਅਧੀਨ ਜੁਗਤ ਵਿਉਂਤੀ ਅਤੇ ਆਪਣੀ ਘਾੜਤ 'ਪ੍ਰਾਣ ਸੰਗਲੀ' ਪ੍ਰਵਾਨ ਚੜ੍ਹਾ ਲਈ; ਪਿਛਲੀ ਸਦੀਆਂ ਦੇ ਸਿੱਖ ਗ੍ਰੰਥਕਾਰ ਇਸ ਦਾ ਗੁਣਗਾਣ ਕਰ ਕੇ ਇਸੇ ਦਾ ਖੱਟਿਆ ਖਾਂਦੇ ਰਹੇ। ਪਿਛਲੀ ਸਦੀ ਦੇ ਅੱਧ ਤਕ ਇਸ ਦਾ ਜਾਦੂ ਚੱਲਦਾ ਰਿਹਾ, ਜਿਸ ਦੇ ਅਸਰ ਹੇਠ ਭਾਈ ਵੀਰ ਸਿੰਘ ਨੇ 'ਰਾਗਮਾਲਾ' ਨੂੰ ਬਾਬੇ ਦੀ ਰਚਨਾ ਸਿੱਧ ਕਰਨ ਲਈ 'ਮਹਲਾ ਪਹਿਲਾ' ਦੱਸਣ ਵਾਲਾ ਕੁਫ਼ਰ ਤੋਲਿਆ ਅਤੇ ਸੈਦੋ ਪੈਟਰਨ 'ਤੇ ਇਸ ਨੂੰ ਸਿੰਘਲਾਦੀਪੋਂ ਆਈ ਹੋਣ ਵਾਲਾ ਮਾਅਰਕਾ ਮਾਰਿਆ ਅਤੇ ਆਪਣੇ ਸਮੇਂ ਦੇ 'ਰਾਗਮਾਲਾ' ਵਿਰੋਧੀਆਂ ਨੂੰ ਮਾਤ ਦੇਣ ਲਈ 'ਕਰਤਾਰਪੁਰੀ ਬੀੜ' ਵਿੱਚੋਂ ਵਰਕੇ ਪੜਵਾਏ ਅਤੇ ਸਾਜ਼ਸ਼ੀ ਦਖ਼ਲੰਦਾਜ਼ੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਰੱਖਿਆ, ਜਿਸ ਦੀ ਕੋਰੀ ਕਲਪਣਾ ਵੀ, ਹੱਥ-ਲਿਖਤਾਂ ਦੀ ਪਾਵਨਤਾ ਵਿਚ ਵਿਸ਼ਵਾਸ ਰੱਖਣ ਵਾਲੇ ਸੰਵੇਦਨਸ਼ੀਲ ਬੰਦੇ ਦਾ ਸਿਰ ਸ਼ਰਮ ਨਾਲ ਝੁਕਾ ਦਿੰਦੀ ਹੈ।

Scanned by CamScanner

ਮਾਧਵਾਨਲ ਕਾਮਕੰਦਲਾ ਦੇ ਇਸ਼ਕੀਆ ਕਿੱਸੇ ਦੇ ਇਕ ਨਗੂਣੇ ਭਾਗ 'ਰਾਗਮਾਲਾ' ਨੂੰ ਮਹਲਾ ੧ ਦੀ ਰਚਨਾ ਗਰਦਾਨਣ ਸਮੇਂ, ਇਸ ਦੇ ਅੰਤਰਾਰਥ ਤੋਂ ਵੀ ਅੱਖਾਂ ਮੀਚ ਲਈਆਂ। ਜੇ 'ਰਾਗਮਾਲਾ' ਭਾਉਂਦੀ ਸੀ ਤਾਂ ਇਹ ਉਨ੍ਹਾਂ ਦੀ ਨਿੱਜੀ ਪਸੰਦ ਦਾ ਮਾਮਲਾ ਸੀ, ਜਿਸ ਨੂੰ ਸਰਵਜਨਕ ਬਣਾਉਣ ਦੇ ਪਰਿਆਸ ਵਿਚ ਇਸ ਨੂੰ ਬਾਬੇ ਅਤੇ ਸਿੰਘਲਾਦੀਪ ਨਾਲ ਜੋੜਨਾ ਅਤੇ ਇਸ ਦੀ ਬਦੌਲਤ 'ਕਰਤਾਰਪੁਰੀ ਬੀੜ' ਦੀ ਬੇਅਦਬੀ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆ ਜਾ ਸਕਦਾ।

ਸੈਦੋ ਤਾਂ ਹਨੇਰੇ ਦੇ ਜੁੱਗ ਦੀ ਉਪਜ ਸੀ, ਉਸ ਦਾ ਢੋਹਿਆ ਹਨੇਰ ਮੌਕੇ ਅਨੁਕੂਲ ਸੀ। 20ਵੀਂ ਸਦੀ ਤੋਂ ਵਿਗਿਆਨ ਦੇ ਜੁੱਗ ਦਾ ਆਰੰਭ ਹੁੰਦਾ ਹੈ। ਇਸ ਵਿਚ 17ਵੀਂ ਸਦੀ ਵਾਲਾ ਹਨੇਰ ਢੋਹਿਆ ਜਾਣਾ ਕਿਸੇ ਰੂਪ ਵਿਚ ਪ੍ਰਵਾਨ ਨਹੀਂ ਹੋ ਸਕਦਾ। ਇਸ ਨੂੰ ਵੱਧ ਤੋਂ ਵੱਧ ਇਸ ਤੱਥ ਦੇ ਪ੍ਰਮਾਣ ਦੇ ਤੌਰ 'ਤੇ ਭੁਗਤਾਇਆ ਜਾ ਸਕਦਾ ਹੈ ਕਿ ਸਾਡੇ ਅਖੌਤੀ ਸੂਝਵਾਨਾਂ ਦੀ ਸੋਝੀ ਨੇ ਹਾਲੇ ਵੀ ਹਨੇਰੇ ਜੁੱਗ ਵਾਲੀ ਸੀਮਾ ਪਾਰ ਨਹੀਂ ਕੀਤੀ। ਵਿਵੇਕ ਅਤੇ ਵਿਗਿਆਨ ਦੇ ਜੁੱਗ ਵਿਚ ਪ੍ਰਵੇਸ਼ ਤਾਂ ਹਾਲੇ ਦੂਰ ਦੀ ਗੱਲ ਹੈ। ਬਾਬਾ ਮਿਹਰ ਕਰੇ! ਬਦਕਿਸਮਤੀ ਇਹ ਕਿ ਸੈਦੋ ਵਰਗੇ ਵਿਵੇਕਵਾਨ ਦੀ ਰਚਨਾ ਦਾ ਵਾਹ ਆਪਹੁਦਰੀਆਂ ਦੇ ਮੁਜੱਸਮੇ ਸੰਪਾਦਕ ਨਾਲ ਪਿਆ।

ਸਾਰੰਸ਼ੀ ਨੁਕਤੇ

(1) ਸੀਹਾਂ ਉੱਪਲ ਦੀ ਅਧੂਰੀ ਰਹਿ ਗਈ 'ਸਾਖੀ ਮਹਲੁ ਪਹਿਲੇ ਕੀ' ਨੂੰ ਸੈਦੋ ਘੇਹੋ ਨੇ ਸੰਪੂਰਨਤਾ ਦਿੱਤੀ।

(2) ਪ੍ਰਚਾਰਕ ਸੈਦੋ ਲਈ ਸਾਖੀ ਰਚਨਾ ਨਵਾਂ-ਨਿਵੇਕਲਾ ਤਜਰਬਾ ਹੋਣ ਦੇ ਬਾਵਜੂਦ ਉਸ 29 ਪ੍ਰਸੰਗ ਨਵੇਂ ਜੋੜੇ।

(3) ਸਾਖੀ ਪਰੰਪਰਾ ਜਿਸ ਦਾ ਮੁੱਢ ਸੀਹੇਂ ਨੇ ਬੰਨ੍ਹਿਆ, ਨੇ ਸੈਦੋ ਦੀ ਰਚਨਾ ਨਾਲ ਆਪਣੇ ਗੌਰਵਮਈ ਸਿਖਰ ਨੂੰ ਛੋਹਿਆ।

(4) ਹੰਦਾਲੀ ਲੇਖਕ ਗੋਰਖ ਦਾਸ ਉਸ ਦਾ ਮਿੱਤਰ ਲਿਖਾਰੀ ਵੀ ਸੀ, ਸਰੋਤ ਸਮੱਗਰੀ ਅਤੇ ਪ੍ਰੇਰਨਾ ਦਾ ਸੋਮਾ ਵੀ।

(5) ਬਿਰਤਾਂਤ ਵਿਕਾਸ ਦੀਆਂ ਲੋੜਾਂ ਦੀ ਪੂਰਤੀ ਕਰਨ ਹਿਤ ਉਸ ਨੇ ਸਾਖੀ ਵਿਚ 'ਪ੍ਰਾਣ ਸੰਗਲੀ' ਜੋੜੀ ਜਿਸ ਦੇ ਦੂਰ-ਰਸੀ ਸਿੱਟੇ ਨਿਕਲੇ।

(6) ਸੈਦੋ ਨੇ ਆਪਣੀ ਰਚਨਾ ਹੰਦਾਲੀ ਮੂਲਕ ਦੂਰ-ਪ੍ਰਭਾਵਾਂ, ਰੰਘੜੀ, ਲਾਲੋ, ਬਾਲਾ ਤੋਂ ਬਿਲਕੁਲ ਮੁਕਤ ਰੱਖਣ ਦੀ ਸਿਆਣਪ ਦਿਖਾਈ।

(7) ਸੈਦੋ ਵਰਗੇ ਵਿਵੇਕਵਾਨ ਦੀ ਰਚਨਾ ਦਾ ਵਾਹ ਵਿਵੇਕਹੀਣ ਸੰਪਾਦਕ ਨਾਲ ਪਿਆ, ਇਹ ਮੰਦਭਾਗੀ ਗੱਲ ਸੀ।

Scanned by CamScanner

6

ਬਾਲੰਬਰੀ ਵਰਤਾਰਾ

ਬਾਲਾ ਹਾਲੇ ਮਰਿਆ ਨਹੀਂ

'ਬਾਲਾ' ਹਕੀਕਤ ਬਾਰੇ ਹੁਣ ਤਕ ਹੋਈ ਛਾਣ-ਬੀਣ, ਇਸ ਦੀ ਹੋਂਦ ਅਤੇ ਗੁਰੂ ਬਾਬੇ ਦੇ ਸਫ਼ਰਾਂ ਦਾ ਸਾਥੀ ਹੋਣ ਵਾਲੀ ਧਾਰਨਾ ਨੂੰ, ਇਸ ਦੀ ਸਮੁੱਚਤਾ ਵਿਚ, ਨਕਾਰਦੀ ਅਤੇ ਰੱਦ ਕਰਦੀ ਹੈ, ਜਿਸ ਦੀ ਤਸਦੀਕ ਸੈਦੋ ਦੀ ਵਿਚਾਰ ਅਧੀਨ ਰਚਨਾ ਅਤੇ ਸੀਹਾਂ ਉੱਪਲ ਵਾਲੀ ਮੁੱਢਲੀ *ਸਾਖੀ ਮਹਲੁ ਪਹਿਲੇ ਕੀ* ਵੀ ਭਲੀ-ਭਾਂਤ ਕਰਦੀ ਹੈ। ਤਾਂ ਵੀ, ਜਨ-ਸਮੂਹ ਅਤੇ ਸਿੱਖ ਅਵਚੇਤਨ ਉੱਤੇ ਇਸ ਦੀ ਜਕੜ, ਹਾਲ ਦੀ ਘੜੀ, ਢਿੱਲੀ ਪੈਂਦੀ ਨਜ਼ਰ ਨਹੀਂ ਆ ਰਹੀ। ਕਾਰਨ, ਇਸ ਦੌਰ ਦੇ ਸਿੱਖ ਸਮੁਦਾ ਦੇ ਅਸਰਦਾਰ ਹਲਕਿਆਂ ਦਾ, ਖੋਜ ਦੇ ਖੇਤਰ ਵਿਚ ਹੋ ਚੁੱਕੇ ਪ੍ਰਗਟਾਵਿਆਂ ਅਤੇ ਜਾਣਕਾਰੀ ਵਿਚ ਹੋਏ ਵਾਧਿਆਂ ਦੇ ਬਾਵਜੂਦ, ਹੰਦਾਲੀ ਰਚਨਾਵਾਂ ਅਤੇ ਇਨ੍ਹਾਂ 'ਤੇ ਆਧਾਰਤ ਗ੍ਰੰਥਾਂ ਦੇ ਸੰਮੋਹਕ ਅਸਰ ਤੋਂ, ਆਪਣੇ ਆਪ ਨੂੰ ਮੁਕਤ ਕਰਨ ਵਿਚ ਅਸਫਲ ਰਹਿਣਾ ਹੈ। ਬਦਕਿਸਮਤੀ ਇਹ ਕਿ ਪ੍ਰਤਿਨਿਧ ਸਿੱਖ ਸੰਸਥਾ ਵੀ ਇਨ੍ਹਾਂ ਨੂੰ ਨਵੀਨ ਰੂਪ ਦੇ ਕੇ ਬਾਲਾ ਜੀ ਨੂੰ ਜਿਉਣ-ਜੋਗਾ ਕਰਨ (recycle) ਵਿਚ ਲੱਗੀ ਹੋਈ ਹੈ; ਇਹ ਸਿੱਖ ਸਮਾਜ ਵਿਚ ਵਿਆਪਕ ਬੌਧਕ ਖੀਣਤਾ ਦੀਆਂ ਨਿਸ਼ਾਨੀਆਂ ਹਨ। ਉਂਜ ਵੀ, ਸਾਢੇ ਤਿੰਨ ਸੌ ਸਾਲ ਦੇ ਲੰਬੇ ਸਮੇਂ ਲਈ, ਸਾਖੀ ਅਤੇ ਸਿੱਖ ਸਾਹਿਤ ਦੇ ਅੰਬਰਾਂ 'ਤੇ ਛਾਏ ਰਹਿਣ ਕਰਕੇ ਇਸ ਵਰਤਾਰੇ ਦੀਆਂ ਜੜ੍ਹਾਂ ਸਿੱਖ ਅਵਚੇਤਨ ਵਿਚ ਡੂੰਘੀਆਂ ਧੱਸੀਆਂ ਹੋਈਆਂ ਹਨ; ਇਹ ਆਪਣੇ ਆਪ ਵਿਚ ਇਕ ਗੁੰਝਲਦਾਰ ਵਰਤਾਰਾ ਹੈ, ਜਿਸ ਨੂੰ ਇਸ ਦੇ ਖਲਨਾਇਕ ਦੇ ਨਾਂ ਨਾਲ ਜੋੜ ਕੇ ਅੱਗੋਂ, 'ਬਾਲੰਬਰੀ ਵਰਤਾਰਾ' ਵਜੋਂ ਚਿਤਾਰਿਆ ਜਾਏਗਾ।

ਅਰੰਭ ਅਤੇ ਪਸਾਰਾ

ਬਾਲੰਬਰੀ ਵਰਤਾਰੇ ਦੀ ਸ਼ੁਰੂਆਤ ਤਾਂ ਹੰਦਾਲ ਦੇ ਮੁੱਖ-ਧਾਰਾ ਤੋਂ ਅਲੱਗ-ਥਲੱਗ ਹੋ ਕੇ ਸਮਾਨੰਤਰ ਸੰਗਠਨ ਖੜ੍ਹਾ ਕਰਨ ਦੇ ਮੁੱਢਲੇ ਯਤਨਾਂ ਨਾਲ ਹੀ ਹੁੰਦੀ ਸਿੱਧ ਹੈ, ਪਰ ਇਸ ਦੀ ਪੱਕੀ ਬੁਨਿਆਦ ਬਿਧੀ ਚੰਦ ਹੰਦਾਲੀਏ ਨੇ ਰੱਖੀ, ਜਿਸ ਨੇ ਨਿੱਜੀ ਕਿਰਦਾਰ ਦੇ ਪਤਨ ਤੋਂ ਪੈਦਾ ਹੋਏ ਸੰਕਟ ਵਿੱਚੋਂ ਨਿਕਲਣ ਦੇ ਉਪਰਾਲੇ ਵਜੋਂ ਜੁੱਗ-ਪੁਰਸ਼ ਗੁਰੂ ਨਾਨਕ ਦੇ ਸੱਚੇ-ਸੁੱਚੇ ਅਕਸ ਨੂੰ ਆਪਣੇ ਵਾਲਾ ਰੰਗ ਦੇਣ ਲਈ ਗੋਰਖ ਦਾਸ ਲਾਹੌਰੀਏ ਪਾਸੋਂ *ਜਨਮ ਸਾਖੀ ਭਾਈ ਬਾਲਾ* ਦੇ ਨਾਂ ਨਾਲ ਪ੍ਰਚੱਲਤ ਸਾਖੀ ਤਿਆਰ ਕਰਵਾਈ, ਜਿਸ ਵਿਚ ਬਾਬੇ ਦੇ ਰੰਘੜੀ ਵਿਆਹੁਣ ਦੇ ਪ੍ਰਸੰਗ ਨੂੰ ਮੰਨਣਯੋਗ

Scanned by CamScanner

ਬਣਾਉਣ ਲਈ, ਆਪਣੇ ਵਰਗੇ ਹੀ ਅਨਾਚਾਰੀ ਵੱਡੇ ਭਾਈ ਬਾਲ ਚੰਦ ਦੇ ਰੋਲ-ਮਾਡਲ 'ਤੇ ਚਸ਼ਮ-ਦੀਦ ਗਵਾਹ ਵਜੋਂ ਬਾਬੇ ਦੇ ਸਫ਼ਰਾਂ ਦਾ ਸਾਥੀ 'ਬਾਲਾ ਸੰਧੂ' ਵਾਲੀ ਘਾੜਤ ਘੜੀ ਤੇ ਜੋੜੀ ਗਈ। ਜਿਸ ਵਿਉਂਤਬੰਦੀ ਨਾਲ ਰੜੇ ਲਾਹੌਰ ਵਿਚ ਆਮ ਨਜ਼ਰਾਂ ਤੋਂ ਓਹਲੇ ਸਦੀਆਂ ਤਕ ਸਰਗਰਮ ਰਹੀ ਹੰਦਾਲੀ ਵਰਕਸ਼ਾਪ ਵਿਚ ਇਸ ਦੇ ਵੱਡੀ ਗਿਣਤੀ ਵਿਚ ਸਾਦੇ, ਸਚਿੱਤਰ ਮਹਿੰਗੇ ਉਤਾਰੇ ਭਾਰੀ ਨਿਵੇਸ਼ ਨਾਲ ਤਿਆਰ ਕਰਵਾ ਕੇ ਸੰਵੇਦਨਸ਼ੀਲ ਥਾਂਵਾਂ ਅਤੇ ਵਿਅਕਤੀਆਂ ਕੋਲ ਪੁੱਜਦੇ ਕੀਤੇ ਜਾਂਦੇ ਰਹੇ, ਉਹ ਹੁਣ ਵੀ ਪੜਤਾਲੀਆਂ ਲਈ ਹੈਰਾਨੀ ਦਾ ਕਾਰਨ ਬਣੀ ਹੋਈ ਹੈ। ਬਾਬੇ ਦੇ ਜੀਵਨ ਯਥਾਰਥ ਦੇ ਹਰ ਪਹਿਲੂ ਨੂੰ ਪਲਟਾਉਣ ਵਾਲੀ, ਤਿੰਨ ਸਦੀਆਂ ਤੋਂ ਵੱਧ ਸਮੇਂ ਲਈ ਚਲਾਈ ਗਈ ਇਹ ਨਾਪਾਕ ਮੁਹਿੰਮ, ਲਾਈ-ਲੱਗ ਸਿੱਖ ਗ੍ਰੰਥਕਾਰਾਂ ਅਤੇ ਅਬੋਧ ਇਤਿਹਾਸਕਾਰਾਂ ਦੀਆਂ ਮਿਹਰਾਂ ਸਦਕਾ ਗੁੰਝਲਦਾਰ ਵਰਤਾਰੇ ਦਾ ਰੂਪ ਧਾਰ ਗਈ, ਜਿਸ ਦੇ ਦੁਰ-ਪ੍ਰਭਾਵ ਤੋਂ, ਨਿੱਸਲ ਹੋਈ ਸਿੱਖ ਚੇਤਨਾ ਦਾ ਮੁਕਤ ਹੋ ਸਕਣਾ ਅਸੰਭਵ ਨਹੀਂ ਤਾਂ, ਹਾਲ ਦੀ ਘੜੀ, ਮੁਸ਼ਕਲ ਜ਼ਰੂਰ ਲੱਗ ਰਿਹਾ ਹੈ।

ਪ੍ਰਸੰਗ : *ਸੂਚਕ-ਪ੍ਰਸੰਗ ਗੁਰੂ ਕਾ*

ਇਸ ਨਾਂ ਦੀ ਇਕ ਚੌਪਤਰੀ ਦਾ ਪ੍ਰਗਟਾਵਾ ਪਹਿਲੀ ਵਾਰ ਗੰਡਾ ਸਿੰਘ ਹੋਰਾਂ ਦੇ ਕਾਗ਼ਜ਼ਾਂ ਵਿੱਚੋਂ ਹੋਇਆ[1], ਜਿਸ ਨੂੰ ਬਾਅਦ ਵਿਚ ਉਨ੍ਹਾਂ ਪ੍ਰਕਾਸ਼ਤ ਵੀ ਕਰਵਾਇਆ ਅਤੇ ਇਸ ਵਿਚਲੀ ਉਕਤੀ "ਜਨ ਬਹਿਲੋ ਇਕ ਸੂਚਕ ਬਰਨੀ" ਤੋਂ ਸੰਕੇਤ ਲੈ ਕੇ ਇਸ ਨੂੰ ਪੰਚਮ ਪਾਤਸ਼ਾਹ ਤੋਂ ਵਰੋਸਾਏ ਭਾਈ ਬਹਿਲੋ ਨਾਲ ਜੋੜ ਦਿੱਤਾ - ਗ਼ਲਤ ਪਾਠ ਉਠਾਲਣ ਦੀ ਕਲਾਸਕੀ ਮਿਸਾਲ। ਜਨ ਬਹਿਲੋ ਦਾ ਭਾਵ ਹੈ : ਬਹਿਲੋ ਕਾ ਕੋਈ ਬੰਦਾ; ਇਸ ਨੂੰ ਭਾਈ ਬਹਿਲੋ ਨਾਲ ਜੋੜਨਾ ਸਰਾਸਰ ਗ਼ਲਤ ਅਤੇ ਬੇਪੀਰੀ ਹੈ। ਤੁੱਰਾ ਇਹ ਕਿ ਇਸ ਮਾੜੀ ਪੜ੍ਹਤ ਨੂੰ ਬਾਲੇ ਦੀ ਹੋਂਦ ਦਾ ਸਭ ਤੋਂ ਪੁਰਾਣਾ ਤੇ ਪ੍ਰਮਾਣਿਕ ਸਬੂਤ ਐਲਾਨਿਆ ਗਿਆ ਹੈ। ਹਲਦੀ ਦੀ ਇਸ ਗੱਠੀ ਨਾਲ ਸ਼ਮਸ਼ੇਰ ਸਿੰਘ ਅਸ਼ੋਕ, ਤ੍ਰਿਲੋਚਨ ਸਿੰਘ, ਨਾਰਾ ਅਤੇ ਉਨ੍ਹਾਂ ਵਰਗੇ ਹੋਰ ਕਈ ਬਾਲਾ ਭਾਈਆਂ ਨੇ ਆਪਣੀ 'ਬਾਲਾ-ਪੰਸਾਰ' ਚਲਾ ਲਈ। ਇਸ ਸ਼ੋਸ਼ੇ ਦੀ ਸਦਾਕਤ ਦਾ ਜਾਇਜ਼ਾ ਲੈਣ ਲਈ 1964 ਈ. ਗਰਮੀ ਦੀਆਂ ਛੁੱਟੀਆਂ ਵਿਚ 'ਫਫੜੇ ਭਾਈ ਕੇ' ਬਹਿਲੋ ਦੇ ਪਿੰਡ ਜਾ ਕੇ 'ਬਹਿਲੋ ਦੀ ਚੌਂਕੀ' ਭਰੀ, ਤਾਂ ਤਸਦੀਕ ਹੋਈ ਕਿ *ਸੂਚਕ-ਪ੍ਰਸੰਗ ਗੁਰੂ ਕਾ* ਨਾਲ ਇਸ ਖ਼ਾਨਦਾਨ ਦੇ ਮੋਢੀ 'ਭਾਈ ਬਹਿਲੋ' ਦਾ ਕੋਈ ਵਾਹ-ਵਾਸਤਾ ਨਹੀਂ। ਇਹ, ਕੇਵਲ ਦੋ-ਤਿੰਨ ਪੀੜ੍ਹੀਆਂ ਪਹਿਲੋਂ ਹੋਏ, ਇਸ ਦੇ ਮੰਜੀਦਾਰ ਪ੍ਰਤਾਪ ਸਿੰਘ ਬਹਿਲੋ ਦੀ 1850 ਈ. ਦੀ ਰਚਨਾ ਹੈ, ਜਿਸ ਦੀ ਕੋਈ ਹੋਰ ਨਕਲ ਵੀ ਉਥੇ ਨਹੀਂ ਸੀ। ਤਾਂ ਵੀ, ਬਾਲਾ ਸ਼ੈਦਾਈਆਂ ਨੇ *ਸੂਚਕ-ਪ੍ਰਸੰਗ ਗੁਰੂ ਕਾ* ਨੂੰ ਹੀ ਬਾਲੇ ਦੀ ਹੋਂਦ ਦਾ ਪੱਕਾ ਪ੍ਰਮਾਣ ਮਿਥ ਲਿਆ; ਇਹੋ ਜਿਹੀਆਂ ਬੇਪੇਂਦਾ ਅਤੇ ਗੁਮਰਾਹਕੁਨ ਧਾਰਨਾਵਾਂ ਨੂੰ ਠੱਲ੍ਹ ਪਾਉਣ ਲਈ ਹੀ ਇਸ ਦੇ ਸਹੀ ਪ੍ਰਸੰਗ ਨੂੰ ਮੁੜ ਕੇ ਵਿਚਾਰੇ ਜਾਣ ਦੀ ਜ਼ਰੂਰਤ ਮਹਿਸੂਸ ਹੋਈ ਹੈ।

1. ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬੀ ਹੱਥ-ਲਿਖਤਾਂ ਦੀ ਸੂਚੀ*, ਭਾਗ ਪਹਿਲਾ, ਪੰਨਾ 361.

Scanned by CamScanner

ਹੈਰਾਨੀ ਇਸ ਗੱਲ ਦੀ ਹੈ ਕਿ ਸ਼ਮਸ਼ੇਰ ਸਿੰਘ ਅਸ਼ੋਕ[1] ਹੋਰਾਂ ਨੂੰ ਵੀ 'ਫਫੜੇ ਭਾਈ ਕੇ' ਤੋਂ ਉਕਤ ਕਿਸਮ ਦੀ ਪ੍ਰਮਾਣਿਕ ਜਾਣਕਾਰੀ ਹਾਸਲ ਹੋਈ ਸੀ; ਜਿਸ ਦੇ ਸਨਮੁਖ, ਆਪਣੀ ਬਾਲਾ-ਪੱਖੀ ਗ਼ਲਤ ਧਾਰਨਾਵਾਂ ਦੀ ਸੋਧ-ਸੁਧਾਈ ਕਰਨ ਦੀ ਥਾਂ, ਲਾਈਲੱਗ ਬਣ ਕੇ ਭਾਈ ਗੁਰਦਾਸ ਦੀ 'ਬਾਲ ਸੁਭਾਇ' ਉਕਤੀ ਵਿੱਚੋਂ 'ਬਾਲਾ' ਨਿਚੋੜਨ ਵਾਲੀ ਗਿਆਨੀ ਗਿਆਨ ਸਿੰਘ ਵਾਲੀ ਦੋਸ਼ਪੂਰਨ ਤਰਜਮਾਨੀ ਸਹਾਰੇ 'ਬਾਲੇ ਦੀ ਹੋਂਦ' ਸਥਾਪਤ ਕਰਨ ਵਿਚ ਲੱਗੇ ਰਹੇ। ਅਸਲ ਵਿਚ ਉਨ੍ਹਾਂ ਨੂੰ 'ਬਾਲਾ ਜਨਮਸਾਖੀ' ਦੇ ਸੰਪਾਦਨ ਦਾ ਕੰਮ ਮਿਲਿਆ ਹੋਇਆ ਸੀ, ਜਿਸ ਲਈ ਬਾਲੇ ਦੀ ਹੋਂਦ ਨੂੰ ਪੱਕੇ-ਪੈਰੀਂ ਕਰਨਾ ਪਹਿਲੀ ਤੇ ਜ਼ਰੂਰੀ ਸ਼ਰਤ ਬਣਦੀ ਸੀ। ਸੋ, ਉਹ ਰੋਟੀਆਂ ਕਾਰਨ ਤਾਲ ਪੂਰਨ ਲਈ ਮਜਬੂਰ ਸਨ।

ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 465)*

ਬਾਲੇ ਨੂੰ ਪੈਰਾਂ-ਸਿਰ ਕਰਨ ਲਈ, ਬੇਸ਼ੱਕ ਉਨ੍ਹਾਂ ਨੂੰ ਆਪ ਸਿਰ-ਭਾਰ ਹੋਣਾ ਪਿਆ, ਪਰ ਗੱਲ ਬਣੀ ਨਹੀਂ ਕਿਉਂਕਿ ਉਨ੍ਹਾਂ ਦੀ ਗਿਆਨੀ ਗਿਆਨ ਸਿੰਘ ਵਾਲੀ ਬਸਾਖੀ ਹੀ ਅਤਿ ਕਮਜ਼ੋਰ, ਨਾਪਾਏਦਾਰ ਅਤੇ ਆਧਾਰਹੀਣ ਠੁੰਮਣਾ ਸੀ। ਤੱਥਾਂ ਦੇ ਸਰੀਹਣ ਵਿਰੋਧ ਵਿਚ ਖੜੀ ਕੀਤੀ ਗਈ ਕੋਈ ਸਥਾਪਨਾ ਵੀ ਪਾਇਦਾਰ ਨਹੀਂ ਹੋ ਸਕਦੀ। ਇੰਨਾ ਜ਼ਰੂਰ ਹੋ ਗਿਆ ਕਿ ਉਨ੍ਹਾਂ ਦੇ ਯਤਨਾਂ ਨਾਲ, *ਸੂਚਕ-ਪ੍ਰਸੰਗ ਗੁਰੂ ਕਾ* ਵਿੱਚੋਂ ਬਾਲਾ-ਭਾਈਆਂ ਨੂੰ ਬਾਲੇ ਦੀ 'ਹੋਂਦ ਪੱਕੀ ਹੋਣ' ਦਾ ਭਰਮ ਜ਼ਰੂਰ ਪੈਣ ਲੱਗ ਪਿਆ।

ਪੜਤਾਲ ਉਪਰੰਤ 'ਫਫੜੇ ਭਾਈ ਕੇ' ਤੋਂ ਪ੍ਰਤਾਪ ਸਿੰਘ ਬਹਿਲੋ ਦੀ ਇਕ ਹੋਰ ਹੱਥ-ਲਿਖਤ ਦੇਖਣ-ਪਰਖਣ ਨੂੰ ਮਿਲੀ, ਜਿਸ ਵਿਚ 'ਪਾਹੁਲ' ਸੰਬੰਧੀ ਕੁਝ ਵਾਰਤਕ ਪ੍ਰਸੰਗ ਨਕਲਾਏ ਹੋਏ ਸਨ। ਇਹ ਗਿਆਨੀ ਸੰਤ ਸਿੰਘ ਦੀ ਰਚਨਾ ਦਾ ਉਤਾਰਾ ਸਨ। ਇਸ ਤੋਂ ਇਹ ਜ਼ਰੂਰ ਸਥਾਪਤ ਹੋ ਗਿਆ ਕਿ ਪ੍ਰਤਾਪ ਸਿੰਘ ਬਹਿਲੋ 'ਬੁਰਜ ਗਿਆਨੀਆਂ' ਦੀ ਆਪਣੇ ਸਮੇਂ ਦੀ ਹਰ ਨਾਮਵਰ ਸ਼ਖ਼ਸੀਅਤ ਨਾਲ ਜੁੜਿਆ ਹੋਇਆ ਸੀ। ਗਿਆਨੀ ਗੁਰਮੁਖ ਸਿੰਘ ਦੇ ਸਮੇਂ ਉਥੋਂ ਮਿਲੀ ਸੇਧ ਅਤੇ ਪ੍ਰੇਰਨਾ ਵਿੱਚੋਂ ਹੀ ਨਿਕਲਿਆ ਹੈ ਇਹ *ਸੂਚਕ-ਪ੍ਰਸੰਗ ਗੁਰੂ ਕਾ*।

ਬਾਲਾ-ਲਾਬੀ ਦੀ ਚੜ੍ਹਤ

ਗਿਆਨੀ ਸੰਤ ਸਿੰਘ ਦੇ ਸਮੇਂ 'ਬੁਰਜ ਗਿਆਨੀਆਂ' ਸਮੇਤ ਦਰਬਾਰ-ਕੰਪਲੈਕਸ ਮੁਕੰਮਲ ਤੌਰ 'ਤੇ 'ਬਾਲੰਬਰੀ ਵਰਤਾਰੇ' ਦੇ ਅਸਰ ਹੇਠ ਆ ਚੁੱਕਾ ਸੀ; ਬਾਲੇ ਹੋਰੀਂ ਕੰਧਾਂ 'ਤੇ ਤਾਂ ਪਹਿਲਾਂ ਹੀ ਚੜ੍ਹ ਬੈਠੇ ਸਨ, ਗਿਆਨੀ ਸੰਤ ਸਿੰਘ ਦੀ ਸਰਬਰਾਹੀ (1805-1832 ਈ.) ਵੇਲੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਕਿਰਪਾ ਨਾਲ ਸੋਨੇ ਵਿਚ ਵੀ ਮੜ੍ਹ ਦਿੱਤਾ ਸੀ।[2] ਹੁਣ ਦਰਸ਼ਨੀ ਡਿਉਢੀ ਵੜਦਿਆਂ ਹੀ 'ਬਾਲ ਚੰਦ

---

1. ਵੇਖੋ, *ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਕੀ*, ਅੰਮ੍ਰਿਤਸਰ, 1969, ਪੰਨਾ 16.
2. Madanjit Kaur, *Golden Temple: Past and Present*, Amritsar, 1983, ... 54-59

Scanned by CamScanner

ਘਣਗਸ ਉਰਫ਼ ਬਾਲਾ ਸੰਧੂ' ਹੋਰੀਂ ਮੱਥੇ ਲੱਗਦੇ ਹਨ। ਇਨ੍ਹਾਂ ਦੇ ਦਰਸ਼ਨ ਦੀਦਾਰੇ ਦਰਬਾਰ-ਕੰਪਲੈਕਸ ਵਿਚ ਹੋਰ ਥਾਂਵਾਂ 'ਤੇ ਕੰਧ-ਚਿੱਤਰਾਂ ਦੇ ਰੂਪ ਵਿਚ ਵੀ ਹੋ ਜਾਂਦੇ ਹਨ।

'ਬੁਰਜ ਗਿਆਨੀਆਂ' ਦੇ ਨਿਵਾਸੀ ਅਤੇ ਇਥੋਂ ਦੇ ਚਾਟੜੇ, ਭਾਈ ਸੂਰਤ ਸਿੰਘ ਦੇ ਸਮੇਂ ਤੋਂ ਹੀ ਹੀਣੀ-ਹੰਦਾਲੀਅਤ ਦੇ ਵਿਆਪਕ ਗਹਿਰੇ ਪ੍ਰਭਾਵ ਹੇਠ ਵਿਚਰਦੇ ਆ ਰਹੇ ਸਨ। ਸੂਰਤ ਸਿੰਘ ਦੀ ਰਚੀ, ਪਹਿਲਾਂ ਬਾਲਾ ਮੁਕਤ *ਗਿਆਨ ਰਤਨਾਵਲੀ* ਵਿਚ ਜਦੋਂ ਬਾਲੇ ਨੂੰ ਦਾਖ਼ਲਾ ਮਿਲਿਆ, ਓਦੋਂ ਤੋਂ ਹੀ 'ਬੁਰਜ ਗਿਆਨੀਆਂ' ਵਿੱਚੋਂ ਗੁਰ-ਇਤਿਹਾਸ ਨੂੰ ਕਲੰਕਤ ਕਰਨਹਾਰੇ ਹਰ ਹੰਦਾਲੀ ਤੱਤ ਦਾ ਝਲਕਾਰਾ ਮਿਲ ਜਾਂਦਾ ਹੈ, ਜੋ ਹੰਦਾਲੀਆਂ ਦੀ ਅਤਿ ਸਫਲ ਕਾਰਜਨੀਤੀ ਦੀ ਦਿੱਗ-ਵਿਜੈ ਅਤੇ ਸਿੱਖ ਚੇਤਨਾ ਦੇ 'ਬਾਲੰਬਰੀ ਵਰਤਾਰੇ' ਅੱਗੇ ਹੀਣੇ ਸਮਰਪਣ ਦਾ ਪ੍ਰਮਾਣ ਹੈ। ਉਸ ਵੱਲੋਂ ਨਾਬਰੀ, ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਦੀ ਸੂਰਤ ਵਿਚ ਨਵ-ਬਿਗੜੈਲਾਂ ਵੱਲੋਂ ਕਿਸੇ 'ਬੇਸੁਰਤ ਸਿੰਘ' ਵਿਰੁੱਧ ਉਸ ਤਰ੍ਹਾਂ ਦੀ ਸਾਖੀ ਘੜੇ ਜਾਣ ਦੀ ਸੰਭਾਵਨਾ ਸੀ, ਜਿਵੇਂ ਸੈਦੋ ਨੂੰ ਨਿੰਦਣ ਲਈ 'ਘੋਏ ਜੱਟ' ਵਾਲੀ ਘਾੜਤ ਘੜੀ ਗਈ ਹੈ।

ਗਿਆਨੀ ਸੰਤ ਸਿੰਘ ਦੇ ਸਮੇਂ ਤੋਂ ਤਾਂ 'ਬੁਰਜ ਗਿਆਨੀਆਂ' ਬਾਲਾ-ਲਾਬੀ ਦਾ ਮੁੱਖ ਟਿਕਾਣਾ, ਬਾਲੰਬਰੀ ਵਰਤਾਰੇ ਦੇ ਪਸਾਰ ਅਤੇ *ਜਨਮਸਾਖੀ ਬਾਲਾ* ਦੇ ਪ੍ਰਸਾਰ ਦਾ ਵੱਡਾ ਕੇਂਦਰ ਬਣ ਗਿਆ ਸੀ। ਸੰਤੋਖ ਸਿੰਘ ਨੇ ਇਥੋਂ ਹੀ ਇਸ ਦੀ ਪ੍ਰਾਪਤੀ ਯਾਨੀ 'ਖੋਜ ਕਰਕੇ' ਪਹਿਲਾਂ 1823 ਈ. ਵਿਚ *ਨਾਨਕ ਪ੍ਰਕਾਸ਼* ਅਤੇ ਫੇਰ *ਸੂਰਜ ਪ੍ਰਕਾਸ਼* ਦੀ ਰਚਨਾ ਕੀਤੀ ਸੀ। ਪ੍ਰਤਾਪ ਸਿੰਘ ਬਹਿਲੋ ਨੇ ਵੀ ਇਸੇ ਟਿਕਾਣੇ ਤੋਂ *ਜਨਮਸਾਖੀ ਬਾਲਾ*, ਮਾਇਆ ਦੇ ਗੱਫਿਆਂ ਸਮੇਤ ਖੋਜ ਕੱਢੀ ਲੱਗਦੀ ਹੈ। ਹੰਸਾਂ ਨੂੰ ਤਰਦਿਆਂ ਦੇਖ ਕੇ ਬਗਲੇ ਨੂੰ ਵੀ ਸੰਤੋਖ ਸਿੰਘ ਬਣਨ ਦਾ ਚਾਉ ਚੜ੍ਹਿਆ। ਮਾੜੀ-ਮੋਟੀ ਤੁਕ-ਬੰਦੀ ਇਹ 'ਮਲਵਈ ਬਾਈ' ਵੀ ਕਰ ਸਕਦਾ ਸੀ। ਪ੍ਰਤਾਪ ਸਿੰਘ ਬਹਿਲੋ ਨੇ *ਜਨਮ ਸਾਖੀ ਬਾਲਾ* ਨੂੰ ਕਵਿਤਾਉਣ ਦਾ ਕਾਰਜ ਅਰੰਭ ਕਰ ਦਿੱਤਾ। ਚੌਪੱਤਰੀਆ *ਸੂਚਕ-ਪ੍ਰਸੰਗ ਗੁਰੂ ਕਾ* ਦਾ ਆਰੰਭ ਗੋਰਖ ਦਾਸ ਦੇ ਸਾਜੇ ਬਾਲਾ ਬਲੱਫ਼ - ਗੁਰੂ ਅੰਗਦ ਨੂੰ ਬਾਲੇ ਦੇ ਸਾਖੀ ਸੁਣਾਉਣ ਨਾਲ ਹੀ ਹੁੰਦਾ ਹੈ ਅਤੇ ਇਸ ਤੋਂ ਅੱਗੇ *ਬਾਲਾ ਜਨਮ ਸਾਖੀ* ਦੀ ਵਿਸ਼ਾ-ਸੂਚੀ ਦਰਜ ਹੈ, ਫੇਰ ਪੂਰਨ ਵਿਸ਼ਰਾਮ : ਇਸ ਦਾ ਵੀ ਆਪਣਾ ਰਾਜ਼ ਹੈ, ਜਿਸ ਵੱਲ ਮੁੜਨ ਤੋਂ ਪਹਿਲਾਂ, ਹੁਣ ਤਕ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ *ਸੂਚਕ-ਪ੍ਰਸੰਗ* ਬਾਰੇ ਦੋ-ਟੁੱਕ ਨਿਰਣਾ ਦਰਜ ਕਰਨਾ ਜ਼ਰੂਰੀ ਹੈ।

ਸੂਚਕ-ਪ੍ਰਸੰਗ ਗੁਰੂ ਕਾ ਦਾ ਰਚੇ ਜਾਣ ਦਾ ਸਮਾਂ ਕਿਸੇ ਸੂਰਤ ਵਿਚ ਵੀ 1850 ਈ. ਤੋਂ ਪਿੱਛੇ ਨਹੀਂ ਖਿਸਕਾਇਆ ਜਾ ਸਕਦਾ, ਯਾਨੀ ਭਾਈ ਬਹਿਲੋ (1553-1643 ਈ.)[1] ਨਾਲ ਨਹੀਂ ਜੋੜਿਆ ਜਾ ਸਕਦਾ ਅਤੇ ਨਾ ਹੀ ਇਸ ਨੂੰ ਬਾਲੇ ਦੀ ਹੋਂਦ ਸਥਾਪਤ ਕਰਨ ਵਾਲੇ ਯਤਨਾਂ ਦੀ ਪੁਸ਼ਟੀ ਕਰਨਹਾਰੇ ਪ੍ਰਮਾਣਿਕ ਸਬੂਤ ਵਜੋਂ ਭੁਗਤਾਇਆ ਜਾ ਸਕਦਾ ਹੈ, ਜਿਵੇਂ ਬਾਲਾ-ਪ੍ਰਸਤ ਲਾਣਾ ਹੁਣ ਤਕ ਕਰਦਾ ਆਇਆ ਅਤੇ ਕਰਨਾ ਪਸੰਦ ਕਰਦਾ ਹੈ। 'ਬਾਲਾ' ਅਤੇ *ਜਨਮਸਾਖੀ ਭਾਈ ਬਾਲਾ* ਭਾਈ ਬਹਿਲੋ ਦੀ 1643

---

1. ਭਾਈ ਕਾਨ੍ਹ ਸਿੰਘ, *ਮਹਾਨ ਕੋਸ਼*, ਪੰਨਾ 620.

Scanned by CamScanner

ਈ. ਵਿਚ ਹੋਈ ਮੌਤ ਤੋਂ 17 ਸਾਲਾਂ ਪਿੱਛੋਂ ਪ੍ਰਗਟ ਹੋਏ, ਸਿੱਧ ਹਨ। ਇਤਿਹਾਸਕ ਮਹੱਤਵ ਵਾਲੇ ਨਿਰਣੇ ਪੜਤਾਲੇ ਜਾ ਸਕਣ ਵਾਲੇ ਤੱਥਾਂ 'ਤੇ ਆਧਾਰਤ ਹੋਣੇ ਚਾਹੀਦੇ ਹਨ, ਕੇਵਲ ਮਨੋ-ਉਕਤੀਆਂ ਜਾਂ ਕਿਆਸ-ਆਰਾਈਆਂ 'ਤੇ ਨਹੀਂ। ਪ੍ਰਤਾਪ ਸਿੰਘ ਬਹਿਲੋ ਦੀ 1850 ਈ. ਦੀ ਰਚਨਾ ਨੂੰ 'ਆਦਿ ਬਹਿਲੋ' ਅਤੇ 'ਅਨਾਦੀ ਬਾਲੇ' ਨਾਲ ਸੰਬੰਧਤ ਕਰਨਾ ਨਿਰਾ ਕੂੜ ਹੀ ਨਹੀਂ, ਕਬਾੜ ਵੀ ਹੈ, ਜੋ ਕੇਵਲ ਜੰਕ-ਖੋਜੀਆਂ ਦੀ ਹੀ ਤਸੱਲੀ ਕਰਵਾ ਸਕਦੇ ਹਨ।

ਕਿੱਸਾ, ਜਨ ਬਹਿਲੋ ਦਾ

ਭਾਈ ਬਹਿਲੋ ਦਾ ਵਾਰਸ ਪ੍ਰਤਾਪ ਸਿੰਘ ਬਹਿਲੋ, ਜਿਸ ਨੇ *ਸੂਚਕ-ਪ੍ਰਸੰਗ ਗੁਰੂ ਕਾ* ਵਿਚ ਆਪਣੇ ਲਈ 'ਜਨ ਬਹਿਲੋ' ਕਵੀ-ਛਾਪ ਵਰਤੀ ਹੈ, ਇਸ ਨੂੰ ਅਧੂਰਾ ਕਿਉਂ ਛੱਡ ਗਿਆ ? ਏਡੇ ਤਰੱਦਦ ਨਾਲ ਇਕੱਠੀ ਕੀਤੀ ਸਮੱਗਰੀ ਤੋਂ ਬਣਦਾ ਪੂਰਾ ਲਾਹਾ ਕਿਉਂ ਨਾ ਲਿਆ ਗਿਆ ? 'ਸੰਤੋਖ ਸਿੰਘ' ਬਣਨ ਵਾਲਾ ਸੁਪਨਾ ਛਾਈਂ-ਮਾਈਂ ਕਿਵੇਂ ਹੋਇਆ ? ਇਨ੍ਹਾਂ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਬਾਹਰੋਂ ਨਹੀਂ ਲੱਭ ਸਕੇ। ਪ੍ਰੇਰਤ ਅਨੁਮਾਨ ਲੱਗ ਸਕਦਾ ਹੈ : 'ਭਾਈ ਬਾਲਾ ਸੰਧੂ', ਜਿਸ ਦੀ ਹੋਂਦ ਨੂੰ ਪ੍ਰਮਾਣਿਤ ਕਰਨ ਲਈ ਇਸ ਨੂੰ ਸਬੂਤ ਮੰਨਿਆ ਜਾ ਰਿਹਾ ਹੈ, ਉਹੀ ਇਸ ਦੇ ਅਧੂਰੇ ਰਹਿ ਜਾਣ ਦਾ ਮੁੱਖ ਕਾਰਨ ਹੈ।

ਇਸ ਨੂੰ ਇਤਫ਼ਾਕ ਮੰਨੋ ਜਾਂ ਕੁਝ ਹੋਰ; ਬਹਿਲੋ-ਕੇ ਆਪ ਸੰਧੂ ਗੋਤੀ ਹਨ, ਗੋਰਖ ਦਾਸ ਦੇ ਜ਼ਰਖ਼ੇਜ਼ ਦਿਮਾਗ਼ ਦੀ ਸ਼ੈਤਾਨੀ ਉਪਜ 'ਭਾਈ ਬਾਲਾ' ਨੂੰ ਵੀ ਉਸ ਨੇ ਸੰਧੂ ਹੀ ਲਿਖਿਆ ਹੈ, ਜਿਸ ਕਰਕੇ ਬਹਿਲੋ-ਕੇ ਨਿਹਾਲੋ-ਨਿਹਾਲ ਹੋ ਗਏ। ਉਨ੍ਹਾਂ ਦਾ ਗੋਤੀ ਬਾਬੇ ਦਾ ਹਮਸਫ਼ਰ ਹੋਵੇ, ਇਸ ਨਾਲੋਂ ਵੱਡੀ ਵਡਿਆਈ ਹੋਰ ਕੀ ਹੋ ਸਕਦੀ ਸੀ। ਚਾਈਂ-ਚਾਈਂ- *ਜਨਮ ਸਾਖੀ ਭਾਈ ਬਾਲਾ* ਨੂੰ ਕਵਿਤਾਉਣ ਦਾ ਕਾਰਜ ਅਰੰਭ ਦਿੱਤਾ। ਕਵਿਤਾਉਣ ਲਈ ਸਾਖੀ ਦੇ ਪਾਠ ਦਾ ਬਾਰੀਕੀ ਨਾਲ ਅਧਿਐਨ ਕੀਤੇ ਜਾਣਾ ਵੀ ਜ਼ਰੂਰੀ ਸੀ, ਜਿਸ ਨਾਲ ਇਸ ਦਾ ਰੰਘੜੀ ਵਾਲਾ ਗੂੜ੍ਹਾ ਬੈਂਗਣੀ ਰੰਗ ਵੀ ਜ਼ਾਹਰ ਹੋਇਆ ਤਾਂ ਸੰਧੂ-ਗੋਤੀ ਸਾਂਝ ਥਿੜਕ ਗਈ। ਇਸ ਵਿੱਚੋਂ ਉਸ ਨੂੰ ਸੰਧੂਆਂ ਲਈ ਨਮੋਸ਼ੀ ਦਾ ਵੱਡਾ ਸਬੱਬ ਵੀ ਨਜ਼ਰੀਂ ਆਇਆ ਹੋਏਗਾ। ਪ੍ਰਤਾਪ ਸਿੰਘ ਸੰਧੂ 'ਜਨ ਬਹਿਲੋ' ਨੇ ਕਲਮ ਸੁੱਟ ਦਿੱਤੀ - ਨਹੀਂ ਤੋੜ ਛੱਡੀ, ਅਤੇ *ਸੂਚਕ-ਪ੍ਰਸੰਗ ਗੁਰੂ ਕਾ* ਰਹਿ ਗਿਆ ਅਧੂਰਾ, ਜਿਵੇਂ ਇਹ ਹੈ। ਇਸ ਘਟਨਾ ਨੂੰ ਮਾਲਵੇ ਦੇ ਮਾਣ, ਭਾਈ-ਕਿਆਂ ਵੱਲੋਂ ਗੁਰੂ ਸਾਹਿਬ ਦੇ ਚਰਿਤਰ-ਘਾਤ ਕਰਨਹਾਰੀ *ਜਨਮ ਸਾਖੀ ਭਾਈ ਬਾਲਾ* ਦੇ ਉਤਪ੍ਰੇਰਕਾਂ, ਰਚਣਹਾਰਿਆਂ ਸਮੇਤ ਸੰਤੋਖ ਸਿੰਘ ਨੂੰ, ਸੁਣਾਈ ਗਈ ਸੈਦੋ ਅੰਦਾਜ਼ ਦੀ ਸਜ਼ਾ (condemnation) ਵਜੋਂ ਵੀ ਦੇਖਿਆ ਜਾ ਸਕਦਾ ਹੈ।

'ਗੁਰਬਿਲਾਸ' ਦੀ ਵਿਲਾਸਤਾ

'ਗੁਰਬਿਲਾਸ ਪਾਤਸ਼ਾਹੀ ਛੇਵੀਂ', ਗੁਰੂ ਹਰਿਗੋਬਿੰਦ ਸਾਹਿਬ ਦੇ ਚਰਿਤਰ-ਘਾਤ ਕਰਨਹਾਰੀ ਹੰਦਾਲੀ ਰਚਨਾ ਹੈ, ਜਿਸ ਦਾ ਹੱਥਲੇ ਸੰਪਾਦਨ ਨਾਲ ਭਾਵੇਂ ਸਿੱਧਾ ਸੰਬੰਧ

Scanned by CamScanner

ਨਹੀਂ, ਪਰ ਇਹ 'ਬਾਲੰਬਰੀ ਵਰਤਾਰੇ' ਦੀ ਵੱਡੀ ਕਰਾਮਾਤ ਹੈ, ਜਿਸ ਦੁਆਲੇ ਇਕੱਤਰ ਹੋਏ ਧੁੰਦ-ਗ਼ੁਬਾਰ ਕਾਰਨ ਪੈਦਾ ਹੋਏ ਵਿਗਾੜਾਂ ਨੂੰ ਹੋ ਰਹੇ ਨਵੇਂ ਪ੍ਰਗਟਾਵਿਆਂ ਵਾਲੇ ਖ਼ਾਕੇ ਵਿਚ ਰੱਖ ਕੇ ਪੜਤਾਲੇ ਜਾਣ ਦੀ ਲੋੜ ਹੈ। ਭਾਈ ਕਾਨ੍ਹ ਸਿੰਘ ਨਾਭਾ ਅਤੇ ਉਨ੍ਹਾਂ ਦੇ ਪਾਛੂਆਂ ਨੇ ਇਸ ਨੂੰ ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਦਰਬਾਰਾ ਸਿੰਘ ਚੌਂਕੀ ਵਾਲੇ ਦੀ ਰਚਨਾ ਅਤੇ ਰਚਨਾ-ਕਾਲ 1833-1843 ਈ. ਦੱਸਿਆ ਹੈ।[1] ਪਰ ਇਹ ਦੋਵੇਂ ਕਥਨ ਟਿਕਾਊ ਨਹੀਂ : ਭਾਈ ਕਾਨ੍ਹ ਸਿੰਘ ਨਾਭਾ ਦੀ ਦੱਸ ਵਾਲੇ ਰਚਨਾ-ਕਾਲ (1833-1843 ਈ.) ਵਿਚ ਤਾਂ ਭਾਈ ਸੰਤੋਖ ਸਿੰਘ ਨੇ ਆਪਣੇ ਮਹਾਂ-ਕਾਵਿ *ਸੂਰਜ ਪ੍ਰਕਾਸ਼* ਦੀ ਸਿਰਜਣਾ ਕੀਤੀ ਸੀ, ਜਿਸ ਵਿਚ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਾਲੀ ਸਾਰੀ ਸਮੱਗਰੀ ਸਮੋਈ ਹੋਈ ਹੈ। ਇਹ ਸਮੱਗਰੀ ਕਿਹੜੀ ਈ-ਮੇਲ ਰਾਹੀਂ ਇੱਕੋ ਸਮੇਂ ਦੋ ਥਾਂਵਾਂ 'ਤੇ ਜਾ ਪ੍ਰਗਟ ਹੋਈ ?

ਫੱਫੜੇ ਭਾਈ ਕੇ ਅਤੇ ਮੌਂ (ਮਉ) ਪਿੰਡਾਂ ਦੇ ਮੁਹਤਬਰ ਬਜ਼ੁਰਗ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਫੇਰੀਆਂ ਦਾ ਜ਼ਿਕਰ ਬੜੇ ਮਾਣ ਨਾਲ ਕਰਦੇ ਹਨ; ਇਨ੍ਹਾਂ ਪਿੰਡਾਂ ਨਾਲ ਸੰਬੰਧਤ ਉਨ੍ਹਾਂ ਦੀ ਮੁਹੱਈਆ ਕਰਵਾਈ ਜਾਣਕਾਰੀ ਪਰਤਿਆਈ ਹੋਈ ਹੋਣ ਕਰਕੇ, ਕਾਫ਼ੀ ਹੱਦ ਤਕ ਸਹੀ ਵੀ ਹੈ। ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਦਰਬਾਰਾ ਸਿੰਘ ਚੌਂਕੀ ਵਾਲੇ ਬਾਰੇ ਸੂਚਨਾ ਪਤਾ ਨਹੀਂ ਉਨ੍ਹਾਂ ਕਿਹੜੇ ਸੋਮੇ ਤੋਂ ਲਈ ਹੈ, ਜਿਸ ਦੀ ਤਸਦੀਕ ਨਹੀਂ ਹੋ ਰਹੀ। 21 ਧਿਆਵਾਂ ਵਾਲੀ ਇਕਹਿਰੇ ਅੰਗ ਵਾਲੀ ਰਚਨਾ ਉੱਤੇ, ਦੋ ਜਣਿਆਂ ਦਾ 10 ਸਾਲਾਂ ਦਾ ਲੱਗਿਆ ਦੱਸਿਆ ਸਮਾਂ ਵੀ ਮਜ਼ਾਕ ਲੱਗਦਾ ਹੈ।

ਉਨ੍ਹਾਂ ਦਾ ਇਹ ਦਾਅਵਾ ਕਿ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਦੇ ਕਰਤਾ ਨੇ ਆਪਣਾ ਨਾਂ ਗੁਪਤ ਰੱਖਿਆ ਹੈ ਜਿਸ ਕਰਕੇ ਉਨ੍ਹਾਂ ਨੇ "ਪੂਰੀ ਖੋਜ ਕਰ ਕੇ" ਇਸ ਨੂੰ ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਦਰਬਾਰਾ ਸਿੰਘ ਚੌਂਕੀ ਵਾਲੇ ਨਾਲ ਸੰਬੰਧਤ ਕੀਤਾ ਹੈ,[2] ਵੀ ਸਹੀ ਸਿੱਧ ਨਹੀਂ ਹੋ ਰਿਹਾ। ਅਜੇ ਤੋੜੀਂ ਉਨ੍ਹਾਂ ਦੀ 'ਖੋਜ' ਦਾ ਖੁਰਾ ਹੀ ਨਹੀਂ ਲੱਭ ਸਕਿਆ। ਸ਼ਾਇਦ, ਇਤਿਹਾਸਕਾਰ ਕਿਰਪਾਲ ਸਿੰਘ ਹੋਰੀਂ ਇਸ ਹਨੇਰੇ ਪਹਿਲੂ 'ਤੇ ਕੁਝ ਚਾਨਣਾ ਪਾ ਸਕਣ।

ਹਰ ਕਿਰਤਕਾਰ ਦੀ ਆਪਣੀ ਕਿਰਤ-ਕਮਾਈ ਨਾਲ ਜੁੜੇ ਰਹਿਣ ਦੀ ਪ੍ਰਬਲ ਇੱਛਾ ਹੁੰਦੀ ਹੈ, ਜਿਸ ਦੀ ਪੂਰਤੀ ਆਪਣਾ ਨਾਂ ਗੁਪਤ ਰੱਖ ਕੇ ਕਦੀ ਨਹੀਂ ਹੋ ਸਕਦੀ : ਭਾੜੇ ਦੇ ਲੇਖਕ ਗੋਰਖ ਦਾਸ ਨੇ ਵੀ ਆਪਣੀ ਨਿੰਦਣਯੋਗ ਰਚਨਾ ਵਿਚ ਆਪਣਾ ਪੂਰਾ ਅਤਾ-ਪਤਾ ਦਿੱਤਾ ਹੈ, ਤਾਂ ਇੱਕੋ ਥੈਲੀ ਦੇ ਚੱਟੇ-ਵੱਟੇ 'ਗੁਰਬਿਲਾਸ' ਦਾ ਲੇਖਕ ਜਿਵੇਂ ਸੀ, ਆਪਣਾ ਨਾਂ ਗੁਪਤ ਕਿਉਂ ਰੱਖੇਗਾ ? ਲਓ ਸੁਣੋ, ਰਚਨਹਾਰ ਕਵੀ ਦੀ, 21ਵੇਂ ਆਖ਼ਰੀ ਧਿਆਇ ਦੇ ਅੰਤ ਉੱਤੇ ਆਪਣੇ ਅਤੇ ਆਪਣੇ 'ਕਵੀ ਗੁਰੂ' ਬਾਰੇ ਦਿੱਤੀ ਜਾਣਕਾਰੀ, ਉਸ ਦੀ ਆਪਣੀ ਜ਼ਬਾਨੀ :

---

1. ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤ ਸੁਧਾਕਰ*, ਅੰਮ੍ਰਿਤਸਰ, 2005, ਪੰਨਾ 353.
   —Kirpal Singh, *A Catalogue of Punjabi and Urdu Manuscripts*, Amritsar, 1965, p. 7.
   —Madanjit Kaur, *The Golden Temple : Past and Present*, Amritsar, 1981, p. 185.
2. *ਮਹਾਨ ਕੋਸ਼*, ਪੰਨਾ 315.

Scanned by CamScanner

[1]ਨਾਮ ਜਾਨ ਸ੍ਰੀ ਗੁਰੂ ਕੋ ਕਵਿਤਾ ਜਹਿ ਬਲ ਕੀਨ॥
ਪੁਰਸੋਤਮ ਜੀ ਧਰਮ ਹਰਿ ਮੋਹ ਦਾਸ ਤਹਿ ਚੀਨ॥੬੯੧॥
ਪ੍ਰਤੱਖ ਹੋਤ ਗੁਰਦੇਵ ਕੇ ਸੇਵਕ ਸੋਹਨ ਨਾਮ॥
ਤਾ ਤੇ ਜਾਨੋ ਦਾਸ ਕਵਿ ਸੰਤ ਪੂਰ ਮਮ ਕਾਮ॥੬੯੨॥[1]

ਆਪਣਾ ਹੀ ਨਹੀਂ, ਸੋਹਨ ਨਾਂ ਦੇ ਇਸ ਕਵੀ ਨੇ ਆਪਣੇ ਕਾਵਿ ਗੁਰੂ ਧਰਮ ਚੰਦ (ਹਰਿ) 'ਪੁਰਸ਼ੋਤਮ' ਦਾ ਜ਼ਿਕਰ ਵੀ ਕੀਤਾ ਹੈ, ਜਿਸ ਪਾਸੋਂ ਉਸ ਨੂੰ 'ਗੁਰਬਿਲਾਸ' ਲਿਖਣ ਲਈ ਆਦੇਸ਼, ਨਿਰੰਤਰ ਅਗਵਾਈ ਅਤੇ ਸੇਧ ਮਿਲਦੀ ਰਹੀ:

[2]ਤਬ ਮੈ ਰਜਰਜ਼ਾ ਗੁਰ ਮਸਤਕ ਲਾਇ॥
ਉਦਮ ਕੀਓ ਗੁਰੂ ਗੁਨ ਗਾਇ॥
ਅਵਲ ਸੁਨੋ ਛੰਦ ਪੁਨ ਕਰਹੌ॥
ਜਾਇ ਗੁਰੂ ਆਗੇ ਪੁਨ ਧਰਹੌ॥
ਜੋ ਮਨ ਮਾਨ ਰਾਖ ਗੁਰ ਸੋਈ॥
ਪੁਨ ਹੌ ਕਰੋ ਭਾਖ ਗੁਰ ਜੋਈ॥
ਮਾਸ ਪੰਚ ਦਸ ਕਵਤਾ ਕੀਨੀ॥
ਗੁਰ ਪ੍ਰਸਾਦਿ ਅਧਕ ਸੁਖ ਲੀਨੀ॥੬੮੮॥[2]

ਰਚਨਾ-ਤਰੀਕਾਕਾਰ ਬਾਰੇ ਇਸ ਵੱਡ-ਮੁੱਲੀ ਸੂਚਨਾ ਅਨੁਸਾਰ, ਉਹ ਪਹਿਲਾਂ ਵਾਰਤਾ ਬਾਰੇ ਹਦਾਇਤਾਂ ਸੁਣਦਾ, ਉਸ ਨੂੰ ਛੰਦ-ਬੱਧ ਕਰ ਕੇ ਗੁਰੂ ਤੋਂ ਪ੍ਰਵਾਨਗੀ ਲੈਂਦਾ ਸੀ, ਫੇਰ ਗੁਰੂ ਦੀ ਮਰਜ਼ੀ ਅਨੁਸਾਰ ਉਸ ਵਿਚ ਸੋਧ-ਸੁਧਾਈ ਕਰ ਕੇ ਗੁਰੂ ਦੀ 'ਮਰਜ਼ੀ ਅਨੁਸਾਰ', ਲਿਖਤ ਨੂੰ ਅੰਤਮ ਰੂਪ ਦਿੰਦਾ ਸੀ। ਇਸ ਤਰ੍ਹਾਂ ਦਸਾਂ ਸਾਲਾਂ ਵਿਚ ਨਹੀਂ, ਕੇਵਲ 15 ਮਹੀਨਿਆਂ ਵਿਚ 21 ਧਿਆਵਾਂ ਵਾਲਾ ਇਹ 'ਗੁਰਬਿਲਾਸ' ਸੰਪੂਰਨ ਹੋ ਗਿਆ - ਅਸਲੀਅਤ ਦੇ ਬਹੁਤ ਨੇੜੇ ਦਾ ਕਥਨ। ਤੱਥਾਂ ਸੰਬੰਧੀ ਇਨ੍ਹਾਂ ਨਵੀਨ ਤੋੜਿਆਂ ਦੇ ਸਨਮੁਖ ਭਾਈ ਕਾਨ੍ਹ ਸਿੰਘ ਨਾਭਾ ਦੀ ਦੱਸ ਵਾਲਾ ਗੁਰਬਿਲਾਸ, ਉਨ੍ਹਾਂ ਦੀ ਆਪਣੀ ਸਨਕ ਹੀ ਹੋ ਸਕਦੀ ਹੈ।

ਤਾਜ਼ਾ ਸਥਿਤੀ ਅਨੁਸਾਰ ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਦਰਬਾਰਾ ਸਿੰਘ ਚੌਂਕੀ ਵਾਲੇ ਦਾ ਵੀ ਬਚਾਅ ਹੋ ਗਿਆ ਲੱਗਦੈ, ਵਰਨਾ ਇਕ ਅਣਚਾਹਿਆ 'ਹੰਦਾਲੀ ਕਲੰਕ' ਸਦਾ ਲਈ ਉਨ੍ਹਾਂ ਦੇ ਮੱਥੇ ਦਾ ਸ਼ਿੰਗਾਰ ਬਣਿਆ ਰਹਿਣਾ ਸੀ।

ਇਸ ਦਾ ਰਚਨਾ-ਕਾਲ ਵੀ ਵਿਚਾਰੇ ਜਾਣ ਵਾਲਾ ਮੁੱਦਾ ਹੈ। ਅੰਦਰ ਦੀ ਸੂਚਨਾ ਅਨੁਸਾਰ ਤਾਂ ਇਹ 1718 ਈ. ਬਣਦਾ ਹੈ, ਪਰ ਇਹ ਅਸਲੀਅਤ ਨਹੀਂ। ਇਹ ਮੰਤਵੀ ਚਾਲ ਦਾ ਹਿੱਸਾ ਹੈ, ਆਪਣੀ ਰਚਨਾ ਨੂੰ ਮਨੀ ਸਿੰਘ ਨਾਲ ਜੋੜ ਕੇ ਇਸ ਦੀ ਸਿੱਖ ਜਗਤ ਵਿਚ ਪਰਵਾਨ ਕਰਵਾਉਣ ਅਤੇ ਇਸ ਦੀ ਆਦਰ ਯੋਗਤਾ ਬਣਾਈ ਰੱਖਣ ਦੀ; ਠੀਕ ਜਿਵੇਂ, *ਜਨਮਸਾਖੀ ਭਾਈ ਬਾਲਾ* ਨੂੰ ਗੁਰੂ ਅੰਗਦ ਦੀ ਹਜ਼ੂਰੀ ਵਿਚ ਲਿਖੀ-ਲਿਖਵਾਈ ਗਰਦਾਨਿਆ ਗਿਆ ਸੀ:

'ਸਤ੍ਰਾ ਸੈ ਬੀਤੈ ਤਬੈ ਬਰਖ ਪਚੰਤਰ ਜਾਨ॥
ਸਾਵਣ ਮਾਸ ਬਾਈਸ ਦਿਨ ਗਯੋ ਸੁਖਦ ਪਹਚਾਨ॥[3]

1. ਹ-ਲਿ., ਨਿ.ਸਿ., *ਗੁਰਬਿਲਾਸ ਪਾਤਸ਼ਾਹੀ ਛੇਵੀਂ*', ਸੰ. 1947, ਪੱਤਰਾ 438.
2. *ਉਹੀ*, ਪੱਤਰਾ 438.
3. *ਉਹੀ*, ਪੱਤਰਾ 438.

Scanned by CamScanner

ਇਸ ਦੇ ਅੰਦਰਲੀਆਂ ਗਵਾਹੀਆਂ ਤੋਂ ਇਹ ਉਕਤ ਕਾਲ ਤੋਂ ਘੱਟੋ-ਘੱਟ ਇਕ ਸਦੀ ਪਿੱਛੋਂ ਮੰਡਿਆ ਗਿਆ ਸਿੱਧ ਹੁੰਦਾ ਹੈ। *ਸਿੱਖਾਂ ਦੀ ਭਗਤਮਾਲਾ* ਇਸ ਦੀ ਸਰੋਤ-ਸਮੱਗਰੀ ਹੈ ਅਤੇ ਇਹ ਮੋੜਵੀਂ 'ਸੂਰਜ ਪ੍ਰਕਾਸ਼' ਦੀ ਸਰੋਤ-ਸਮੱਗਰੀ ਬਣੀ ਰਹੀ ਹੋਣ ਦੇ ਮੱਦੇ-ਨਜ਼ਰ, ਇਸ ਦੇ ਰਚਨਾ-ਕਾਲ ਦੀਆਂ ਸੀਮਾਵਾਂ 1805-1828 ਈ. ਨਿਸਚਿਤ ਹੋ ਜਾਂਦੀਆਂ ਹਨ। ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ, ਜੇ ਇਸ ਨੂੰ ਅਟਾ-ਸਟਾ 1820-21 ਈ. ਦੀ ਰਚੀ ਪ੍ਰਵਾਨ ਕਰ ਲਿਆ ਜਾਏ।

ਕਵੀ ਦਾ ਗੁਰੂ ਧਰਮ ਚੰਦ 'ਪੁਰਸ਼ੋਤਮ' ਵੀ ਹੰਦਾਲੀਆਂ ਦਾ ਕੋਈ ਗੋਰਖ ਦਾਸ ਵਾਂਗ ਜ਼ਰ-ਖ਼ਰੀਦ ਗ਼ੁਲਾਮ ਸੀ, ਜਿਸ ਰਾਹੀਂ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਵਿਚ, ਹੰਦਾਲੀ ਏਜੰਡੇ ਮੁਤਾਬਕ ਨਿੰਦਿਆ-ਤੱਤ ਦਾਖ਼ਲ ਕੀਤੇ ਗਏ। ਕੌਲਾਂ ਵਾਲੀ ਵਾਰਤਾ ਤਾਂ ਪਹਿਲਾਂ ਹੀ ਸਿੱਖ ਪਰੰਪਰਾ ਦਾ ਅਨਿਖੜ ਅੰਗ ਬਣ ਚੁੱਕੀ ਸੀ, ਜਿਸ ਦੀ ਸਟੀਕ ਚਰਚਾ ਹੋਰ ਥਾਂ ਵੀ ਹੋ ਚੁੱਕੀ ਹੈ।[1] ਨਵੇਂ ਵਿਗਾੜਾਂ ਵਿੱਚੋਂ, ਨਮੂਨੇ-ਮਾਤਰ ਗੁਰੂ ਸਾਹਿਬ ਦੇ ਜਨਮ ਦਿਵਸ ਨਾਲ ਸੰਬੰਧਤ ਤੱਥਾਂ ਦਾ ਜਾਇਜ਼ਾ ਹੀ ਕਾਫ਼ੀ ਹੋਵੇਗਾ।

ਹੁਣ ਅਸੀਂ ਭਰੋਸੇਯੋਗ ਸਰੋਤਾਂ ਤੋਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਦਾ ਅਵਤਰਨ ਵਡਾਲੀ ਵਿਖੇ ਮਾਤਾ ਗੰਗਾ ਦੇ ਉਦਰੋਂ 21 ਹਾੜ ਸੰ. 1647 (1590 ਈ.) ਨੂੰ ਹੋਇਆ;[2] ਇਨ੍ਹਾਂ ਦੇ ਗੁਰੂ ਸਾਹਿਬ ਨਾਲ 23 ਹਾੜ 1646 (1589 ਈ.) ਨੂੰ ਮਉ ਪਿੰਡ ਵਿਚ ਹੋਏ ਵਿਆਹ ਤੋਂ ਠੀਕ ਇਕ ਸਾਲ ਬਾਅਦ। ਗੁਰੂ ਸਾਹਿਬ ਦੇ ਆਪਣੇ ਬਚਨ ਹਨ :

> ਸਤਿਗੁਰ ਸਾਚੈ ਦੀਆ ਭੇਜਿ॥
> ਚਿਰੁ ਜੀਵਨੁ ਉਪਜਿਆ ਸੰਜੋਗਿ॥
> ਉਦਰੈ ਮਾਹਿ ਆਇ ਕੀਆ ਨਿਵਾਸੁ॥
> ਮਾਤਾ ਕੈ ਮਨਿ ਬਹੁਤੁ ਬਿਗਾਸੁ॥੧॥
> ਜੰਮਿਆ ਪੂਤੁ ਭਗਤੁ ਗੋਵਿੰਦ ਕਾ॥
> ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ਰਹਾਉ॥
> ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥
> ਮਿਟਿਆ ਸੋਗੁ ਮਹਾ ਅਨੰਦੁ ਥੀਆ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 396)*

ਪਰ ਮਕਾਰ ਹੰਦਾਲੀਆਂ ਨੇ ਗੁਰੂ ਸਾਹਿਬ ਦੇ ਜੀਵਨ ਯਥਾਰਥ ਨੂੰ ਭੰਬਲਭੂਸੇ ਪਾਉਣ ਲਈ ਇਸ ਨੂੰ ਪੰਜ ਸਾਲ ਪਿੱਛੇ ਯਾਨੀ ਸੰ. 1652 (1595 ਈ.) ਵਿਚ ਬਦਲ ਦਿੱਤਾ - *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿਚ ਇਹੋ ਮਿਤੀ ਦਰਜ ਹੈ। ਪਰਦਾਤਿਆਂ ਨੂੰ ਮੁਥਾਜੀ ਵਾਲੀ ਸਥਿਤੀ ਵਿਚ ਪਾਉਣ ਲਈ ਬਾਬੇ ਬੁੱਢੇ ਦੀ ਅਸ਼ੀਰਵਾਦ ਵਾਲਾ ਢਕੌਂਸਲਾ ਵੀ ਸਿਰਜਿਆ ਗਿਆ, ਜੋ ਹੁਣ ਸਾਡੇ 'ਪੜ੍ਹੇ-ਲਿਖੇ ਅਨਪੜ੍ਹਾਂ' ਨੂੰ ਨਿਰਵਿਵਾਦ ਅਤੇ ਸਰਵ-ਪ੍ਰਵਾਨਿਤ ਹਕੀਕਤ ਦਿਖਾਈ ਦਿੰਦੀ ਹੈ। ਤਲਖ਼ ਹਕੀਕਤ ਹੈ ਕਿ ਗੁਰੂ ਸਾਹਿਬ ਦਾ ਪਹਿਲਾ ਵਿਆਹ ਸੰ. 1622 (1565 ਈ.) ਨੂੰ ਮਾਤਾ ਰਾਮ ਦੇਈ ਨਾਲ ਹੋਇਆ ਸੀ, ਉਨ੍ਹਾਂ ਦੇ ਨਿਰਸੰਤਾਨ ਰਹਿਣ ਕਾਰਨ, ਉਨ੍ਹਾਂ ਦੀ ਹੀ ਪ੍ਰੇਰਨਾ ਨਾਲ ਦੂਜਾ ਕਾਰਜ ਕਰਨਾ ਪਿਆ। ਅਸ਼ੀਰਵਾਦ ਨਾਲ, ਨਾ

---

1. *ਸਿੱਖਾਂ ਦੀ ਭਗਤਮਾਲਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013, ਪੰਨੇ 383-388.
2. *ਬੰਸਾਵਲੀਨਾਮਾ*, ਸੰਪਾ. ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2005, ਪੰਨਾ 86.

Scanned by CamScanner

ਪਹਿਲਾਂ ਨਿਆਣੇ ਜੰਮਦੇ ਸਨ, ਨਾ ਇਹ ਤਜਰਬਾ ਹੁਣ ਸਫਲ ਹੋ ਸਕਦਾ ਹੈ। ਗੁਰੂ-ਦੋਖੀਆਂ ਦੀ ਘੜੀ ਇਹ ਨਿਕੰਮੀ ਘਾੜਤ ਇਤਿਹਾਸਕ ਤੱਥਾਂ ਦੇ ਨਾਲ-ਨਾਲ ਗੁਰਮਤਿ ਵਾਲੇ 'ਹੁਕਮ' ਅਤੇ 'ਰਜ਼ਾ' ਆਦਿ ਸੰਕਲਪਾਂ ਦਾ ਵੀ ਖਿਲਵਾੜ ਕਰਦੀ ਹੈ ਅਤੇ ਜੈਵਿਕ ਨੇਮਾਂ ਦੇ ਵੀ ਨੰਗੇ ਚਿੱਟੇ ਵਿਰੋਧ ਵਿਚ ਖੜੀ ਹੈ। ਗੁਰੂ ਸਾਹਿਬਾਨ ਦੇ ਜਨਮ ਦਿਵਸਾਂ ਸੰਬੰਧੀ ਤੱਥਾਂ ਦੀ ਤੋੜ-ਮਰੋੜ ਅਤੇ ਗ਼ਲਤ ਪੇਸ਼ਕਾਰੀ 'ਹੰਦਾਲੀ ਪੇਟੈਂਟ ਟਰੇਡ ਮਾਰਕ' ਹੈ ਜਿਸ ਦਾ ਪਹਿਲਾ ਤਜਰਬਾ *ਜਨਮਸਾਖੀ ਬਾਲਾ* ਵਿਚ ਕੀਤਾ ਗਿਆ ਜਿਸ ਦੀ ਅਪਾਰ ਸਫਲਤਾ ਨੇ ਸਿੱਖ ਚੇਤਨਾ ਨੂੰ ਹੁਣ ਤਕ ਬੌਂਦਲਾਈ ਰੱਖਿਆ ਹੈ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿਚ ਵੀ ਇਹ ਨੁਸਖ਼ਾ ਅਜ਼ਮਾਇਆ ਗਿਆ, ਤਜਰਬਾ ਸਫਲ ਰਿਹਾ। ਕੌਲਾਂ ਵਾਲੀ ਵਾਰਤਾ ਅਤੇ ਜਨਮ ਦਿਵਸ ਵਿਗਾੜ ਨਾਲ ਇਹ 'ਸ਼ੁੱਧ ਹੰਦਾਲੀ ਉਤਪਾਦਨ' ਸਿੱਧ ਹੁੰਦਾ ਹੈ।

ਉਪਰੋਕਤ ਵਿਚਾਰ-ਚਰਚਾ ਦੀ ਰੋਸ਼ਨੀ ਵਿਚ ਜੇ ਕਿਸੇ ਵਿਦਵਾਨ ਨੂੰ ਕਵੀ ਸੋਹਨ ਦੀ ਨਿੰਦਣਯੋਗ ਕਾਰਗੁਜ਼ਾਰੀ ਉਸ ਦੇ ਨਾਂ ਵਰਗੀ ਸੋਹਣੀ ਨਾ ਲੱਗੇ ਤਾਂ ਬੇਸ਼ੱਕ ਇਸ ਦੇ ਨਾਂ ਦੀ ਬਦਲੀ ਕਰ ਲਵੇ; ਇਸ ਨੂੰ ਆਪਣੇ ਨਾਂ, ਜਾਂ ਭਾਈ ਕਾਨ੍ਹ ਸਿੰਘ ਨਾਭਾ ਵਾਂਗ ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਦਰਬਾਰਾ ਸਿੰਘ ਚੌਂਕੀ ਵਾਲੇ ਦੇ ਨਾਂ ਇਸ ਦਾ ਪੱਕਾ ਇੰਤਕਾਲ ਕਰਵਾ ਦੇਵੇ, ਪਰ ਇਸ ਦੀ ਰਚਨਾ ਵਿੱਚੋਂ ਹੰਦਾਲੀ ਸੜੇਹਾਣ ਕਿਸੇ ਤਰ੍ਹਾਂ ਵੀ ਘਟੇਗੀ ਨਹੀਂ।

ਯਾਦਗਾਰੀ ਨੁਕਤੇ

(1) ਜਨ-ਸਮੂਹ ਅਤੇ ਸਿੱਖ ਚੇਤਨਾ ਉੱਤੇ ਬਾਲੰਬਰੀ ਵਰਤਾਰੇ ਦੀ ਜਕੜ, ਹਾਲੇ ਤਕ ਢਿੱਲੀ ਨਹੀਂ ਪਈ।

(2) *ਸੂਚਕ ਪ੍ਰਸੰਗ ਗੁਰੂ ਕਾ* ਭਾਈ ਬਹਿਲੋ ਦੀ ਰਚਨਾ ਨਹੀਂ ਅਤੇ ਨਾ ਇਹ ਬਾਲੇ ਦੀ ਹੋਂਦ ਦਾ ਪ੍ਰਮਾਣ ਹੈ।

(3) *ਸੂਚਕ ਪ੍ਰਸੰਗ* 1850 ਵਿਚ ਰਚੀ ਗਈ ਅਤੇ ਇਸ ਦਾ ਸਿਰਜਕ ਪ੍ਰਤਾਪ ਸਿੰਘ ਬਹਿਲੋ ਹੈ।

(4) *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਗੁਰੂ ਹਰਿਗੋਬਿੰਦ ਸਾਹਿਬ ਦਾ ਚਰਿਤਰ-ਘਾਤ ਕਰਨਹਾਰੀ ਹੰਦਾਲੀ ਰਚਨਾ ਹੈ।

(5) ਗੁਰਮੁਖ ਸਿੰਘ ਅਕਾਲ ਬੁੰਗੀਏ ਅਤੇ ਦਰਬਾਰਾ ਸਿੰਘ ਚੌਂਕੀ ਵਾਲੇ ਦਾ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਨਾਲ ਕੋਈ ਸੰਬੰਧ ਨਹੀਂ।

(6) *ਗੁਰਬਿਲਾਸ ਪਾਤਸ਼ਾਹੀ ਛੇਵੀਂ* ਕਵੀ ਸੋਹਨ ਅਤੇ ਹੰਦਾਲੀ ਨਿਰਦੇਸ਼ਕ ਧਰਮ ਚੰਦ ਦੀ ਰਚਨਾ ਹੈ।

(7) ਬਾਬੇ ਬੁੱਢੇ ਦੀ ਅਸ਼ੀਰਵਾਦ ਵਾਲਾ ਢਕੌਂਸਲਾ ਗੁਰੂ-ਵਿਅਕਤੀਆਂ ਦਾ ਚਰਿਤਰ-ਘਾਤ ਕਰਨ ਵਾਲਾ ਨਿਰਾਧਾਰ ਬਖਾਧ ਹੈ।

(8) *ਜਨਮਸਾਖੀ ਬਾਲਾ* ਤੇ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਸਮਾਨਾਂਤਰ ਲੀਹਾਂ 'ਤੇ ਥੱਪੀਆਂ ਗਈਆਂ ਹੰਦਾਲੀ ਰਚਨਾਵਾਂ ਹਨ।

Scanned by CamScanner

ਮਤਨ
ਸਾਖੀ ਬਾਬੇ ਨਾਨਕ ਜੀ ਕੀ

Scanned by CamScanner

ਪ੍ਰਤੀਕ, ਫੁੱਟ ਨੋਟਾਂ ਨਮਿਤ

ਸਾ.ਮ.ਪ. : *ਸਾਖੀ ਮਹਲੁ ਪਹਿਲੇ ਕੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013
ਸਿ.ਹ-ਲ : ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ : ਖਰੜਾ 8086
ਸੈ.ਹ-ਲ. : ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ : ਖਰੜਾ 2913
ਹਾ.ਨੁ-ਛਾ. : ਹਾਫ਼ਜ਼ਾਬਾਦੀ ਨੁਸਖ਼ਾ, ਲਿੱਥੋ ਛਾਪ 1885
ਖ਼ਾ.ਹ-ਲ. : ਖ਼ਾਲਸਾ ਕਾਲਜ, ਅੰਮ੍ਰਿਤਸਰ (ਸਿ.ਹਿ.ਰੀ.ਡੀ.) ਖਰੜਾ 2310
ਡੀ.ਹ-ਲ. : ਡੀ.ਏ.ਵੀ. ਚੰਡੀਗੜ੍ਹ : ਖਰੜਾ 2000
ਪੰ.ਹ-ਲ. : ਪੰਜਾਬੀ ਯੂਨੀਵਰਸਿਟੀ, (ਪੰ.ਹਿ.ਸ.ਡੀ.) ਖਰੜਾ 2665
ਪੁਰਾਤਨ. : *ਪੁਰਾਤਨ ਜਨਮਸਾਖੀ*, ਸੰਪਾ. ਭਾਈ ਵੀਰ ਸਿੰਘ
ਬੀ 6. : ਫ਼ਾਰਨ ਐਂਡ ਕਾਮਨਵੈਲਥ ਆਫ਼ਿਸ, ਲੰਡਨ
ਬੀ 40. : ਸੰਪਾ. ਪਿਆਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

Scanned by CamScanner

ੴ ਸਤਿ ਗੁਰ ਪ੍ਰਸਾਦਿ

[1]ਸਾਖੀ ਬਾਬੇ ਨਾਨਕ ਜੀ ਕੀ[1]

1.

[ਅਵਤਰਨ]

ਸ੍ਰੀ ਸਤਿਗੁਰੂ ਜੀ ਜਗਤੁ ਨਿਸਤਾਰਣ ਕਉ ਆਇਆ
ਕਲਜੁਗ ਵਿਚ ਬਾਬਾ ਨਾਨਕ ਹੋਇ ਜਨਮਿਆ
ਪਾਰਬ੍ਰਹਮ ਕਾ ਨਿਜ ਭਗਤੁ [2]ਸ੍ਰੀ ਸਤਿਗੁਰ ਪ੍ਰਸਾਦਿ[2]

ਸੰਮਤ ੧੫੨੬ ਬਾਬਾ ਨਾਨਕੁ ਜਨਮਿਆ ਵੈਸਾਖ ਮਾਹਿ ਤ੍ਰਿਤੀਆ ਚਾਨਣੀ ਰਾਤਿ ਅੰਮ੍ਰਿਤ ਵੇਲਾ ਪਹਰ ਰਾਤ ਰਹਦੀ ਕੁ ਜਨਮਿਆ॥ ਅਨਹਦ ਸਬਦ ਪਰਮੇਸਰ ਕੇ ਦਰਬਾਰ ਵਾਜੇ॥ ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ॥ ਚਉਰਾਸੀ[3] ਸਿਧਾ ਨਵਾਂ ਨਾਥਾਂ ਚਉਸਠ ਜੋਗਣੀ][4][ਬਵੰਜਹ ਬੀਰ ਛਿਆ ਜਤੀਆ ਨਮਸਕਾਰ ਕੀਆ ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ॥ ਇਸ ਕਉ ਨਮਸਕਾਰ [5]ਕੀਜੀਐ ਜੀ[5]॥

[ਬਾਲਪਣ]

ਤਬ ਕਾਲੂ ਖਤ੍ਰੀ ਜਾਤ ਵੇਦੀ ਤਲਵੰਡੀ ਰਾਇ ਭੋਇ ਭਟੀ ਕੀ [6]ਵਸਦੀ ਵਿਚ[6] ਵਸਦਾ ਆਹਾ॥ ਓਥੈ ਜਨਮੁ ਪਾਇਆ॥ ਵਡਾ ਹੋਆ ਲਗਾ ਬਾਲਕਾ ਨਾਲ ਖੇਡਣ॥ ਪਰ ਬਾਲਕਾਂ ਤੇ ਇਸ ਦੀ ਦ੍ਰਿਸਟਿ ਅਉਰ ਆਵੇ॥ ਆਤਮੇ ਅਭਿਆਸੁ ਪਰਮੇਸਰ ਕਾ ਕਰੇ॥ ਜਬ[7] ਬਾਬਾ ਬਰਸਾ ਪੰਜਾ ਕਾ ਹੋਇਆ ਤਾਂ ਲਗਾ ਬਾਤਾ ਅਗਮ ਨਿਗਮ ਕੀਆਂ ਕਰਣ॥ ਜੋ ਕਿਛ ਬਾਤ ਕਰੇ ਸੋ ਸਮਝ ਕੈ ਕਰੇ॥ ਤਿਸ ਤੇ [8]ਸਭਿ ਕਿਸੈ[8] ਦੀ ਨਿਸਾ ਹੋਇ ਆਵੇ॥ ਹਿੰਦੂ ਕਹਿਨ ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ॥ ਅਤੇ ਮੁਸਲਮਾਨ ਕਹਿਨ ਜੋ ਕੋਈ ਖੁਦਾਇ ਕਾ ਸਾਦਕੁ[9] ਪੈਦਾ ਹੋਇਆ ਹੈ॥

---

1. ਇਹ ਨਾਂ ਸਾਖੀਕਾਰ ਸੈਂਦੋ ਦਾ ਦਿੱਤਾ ਹੋਇਆ ਹੈ।
2. ਅਰਥਾਤ, ਬਾਬੇ ਦਾ ਆਗਮਨ 'ਸ੍ਰੀ ਸਤਿਗੁਰ ਪਰਮੇਸਰ' ਦੀ ਕਿਰਪਾ ਨਾਲ। ਇਸ ਨੂੰ ਪਾਠ ਦੇ ਮੰਗਲ ਵਜੋਂ ਨਿਰਧਾਰਤ ਕਰਨਾ, ਜਿਵੇਂ ਪਹਿਲੇ ਹਰ ਸੰਪਾਦਕ ਨੇ ਕੀਤਾ ਹੈ, ਸਹੀ ਨਹੀਂ।
3. ਸੈ.ਹ-ਲ.: ਚੌਰਾਸੀਆ। ਹੋਰ ਵੇਖੋ: ਪੂਰਬੋਕਤ, ਪੰਨਾ 47-48.
4. ਸੈ.ਹ-ਲ., ਇਥੇ ਵਾਧੂ ਪਾਠ ਹੈ: ਨਮਸਕਾਰ ਕੀਆ।
5. ਸੈ.ਹ-ਲ.: ਕੀਜੈ; ਸਾ.ਮ.ਪ.: ਕਰੀਐ।
6. ਸੈ.ਹ-ਲ., ਪੰ.ਹ-ਲ.: ਪਾਠ ਲੋਪ।
7. ਡੀ.ਹ-ਲ., ਸੈ.ਹ-ਲ.: ਜਾ।
8. ਪੁਰਾਤਨ.: ਸਭਸੁ ਕਿਸੈ।
9. ਹਾ.ਨੁ., ਸੈ.ਹ-ਲ.: ਦਾ ਵਲੀ।

Scanned by CamScanner

2.

[ਪਾਧਾ]

ਜਬ ਬਾਬਾ ਬਰਸਾਂ ਸਤਾਂ ਕਾ ਹੋਇਆ ਤਬ ਕਾਲੂ ਕਹਿਆ ਨਾਨਕ ਤੂ ਪੜੁ॥ ਤਬ ਗੁਰੂ ਨਾਨਕ ਕਉ ਪਾਧੇ ਪਾਸ ਲੈ ਗਇਆ॥ ਕਾਲੂ ਕਹਿਆ ਪਾਧਾ ਇਸ ਨੂ ਪੜਾਇ॥ ਤਬ ਪਾਧੇ ਪਟੀ ਲਿਖ ਦਿਤੀ॥ ਅਖਰਾਂ ਪੈਂਤੀਸ ਕੀ ਮੁਹਾਰਣੀ॥ ਰਾਗ ਆਸਾ ਪਟੀ ਮ: ੧॥ ਤਬ ਗੁਰੂ ਨਾਨਕ ਲਗਾ ਪੜਨ॥ ਆਦਿ ਬਾਣੀ ਹੋਈ॥

(ਅੱਗੇ, *ਆਸਾ ਪਟੀ* ਦਾ ਪੂਰਾ ਪਾਠ ਦਿੱਤਾ ਹੈ)[1]

ਤਬ ਗੁਰ ਨਾਨਕ][2][ਇਕ ਦਿਨ ਪੜਿਆ॥ ਅਗਲੇ ਦਿਨ ਚੁਪ ਕਰ ਰਹਿਆ॥ ਜਾਂ ਚੁਪ ਕਰ ਰਹਿਆ ਤਾਂ ਪਾਧੇ ਕਹਿਆ[3]॥ ਨਾਨਕ ਤੂੰ ਪੜਦਾ ਕਿਉ ਨਾਹੀਂ॥ ਤਬ ਗੁਰੂ ਨਾਨਕ ਕਹਿਆ ਪਾਧਾ ਤੂ ਕਿਛੁ ਪੜਿਆ ਹੈ ਜੋ ਮੇਰੇ ਤਾਈਂ [4]ਪੜਾਇਆ ਚਾਹੰਦਾ[4] ਹੈ॥ ਤਾਂ ਪਾਧੇ ਕਹਿਆ ਮੈ ਸਭੋ ਕਿਛੁ ਪੜਿਆ ਹਾਂ॥ ਬੇਦ ਸਾਸਤ੍ਰ[5] ਜਮਾ ਖਰਚ ਰੋਜਨਾਵਾ[6] ਸਭ ਕਿਛੁ ਪੜਿਆ ਹਾਂ॥ ਤਬ ਬਾਬੇ[7] ਕਹਿਆ ਪਾਧਾ ਇਨੀਂ ਪੜੀ ਗਲਿ ਫਾਹੇ ਪਉਂਦੇ ਹੈਨਿ॥ ਇਹ ਜੋ ਪੜਨਾ ਹੈ ਸਭ ਬਾਦ ਹੈ॥ ਤਬ ਗੁਰੂ ਨਾਨਕ ਇਕ ਸਬਦ ਅੰਤਰਿ[8] ਉਠਾਇਆ ਸਿਰੀ ਰਾਗ ਵਿਚ ਮਹਲੁ ੧

[9]ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ਰਹਾਉ॥[9]

ਤਬ ਗੁਰੂ ਨਾਨਕ ਕਹਿਆ ਹੋ ਪੰਡਿਤ ਜਿਤਨਾ ਪੜਨਾ ਸੁਣਨਾ ਹੈ ਸਭੁ ਬਾਦੁ ਹੈ॥][10][ਪਰਮੇਸਰੁ ਕੇ ਨਾਮ ਬਿਨਾ ਹੋਰੁ ਪੜਣਾ ਸਭੁ ਬਾਦਿ ਹੈ॥ ਤਬ ਪਾਧੇ ਕਹਿਆ ਨਾਨਕ ਹੋਰੁ ਪੜਣਾ ਮੇਰੇ ਤਾਈ ਬਤਾਇ॥ ਵੇਖਾ ਜਿਤੁ ਪੜਿਆ ਛੁਟੀਦਾ ਹੈ॥ ਤਬ ਗੁਰੂ ਨਾਨਕ ਕਹਿਆ ਸੁਣੁ ਹੋ ਸੁਆਮੀ ਏਹੁ ਜੁ ਸੰਸਾਰ ਕਾ ਪੜਣਾ ਹੈ ਐਸਾ ਹੈ ਜੋ ਮਸੁ ਦੀਵੇ ਕੀ ਅਰੁ ਕਾਗਦੁ ਸਣੀ ਕਾ ਅਰ ਕਲਮ ਕਾਨੇ ਕੀ॥ ਅਰੁ ਮਨੁ ਲਿਖਣਹਾਰੁ][11][ਅਰੁ ਲਿਖਿਆ ਸੋ ਕਿਆ ਲਿਖਿਆ॥ ਮਾਇਆ ਕਾ ਜੰਜਾਲੁ ਲਿਖਿਆ॥ ਜਿਤੁ ਲਿਖੈ ਸਭੁ ਵਿਕਾਰੁ ਹੋਵਨਿ॥ ਅਰੁ ਓਹੁ ਜੋ ਲਿਖਣੁ ਸਚ ਕਾ ਹੈ

---

1. ਪਾਠ ਲਈ ਵੇਖੋ: ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 432-34.
2. ਪੁਰਾਤਨ: ਜੀ (ਸੰਪਾ. ਦਖ਼ਲ)।
3. ਪੁਰਾਤਨ: ਪੁਛਿਆ (ਇਹ ਪਾਠ ਕਿਸੇ ਹੱਥ-ਲਿਖਤ ਵਿਚ ਨਹੀਂ)।
4. ਹਾ.ਨੁ-ਛਾ.: ਪੜਾਇੰਦਾ; ਪੁਰਾਤਨ.: ਪੜ੍ਹਾਉਂਦਾ।
5. ਖਾ.ਹ-ਲ., ਅੱਗੇ ਵਾਧੂ ਪਾਠ ਹੈ: ਪੜਿਆ ਹਾਂ।
6. ਸਾ.ਮ.ਪ.: ਹਾਸਲ; ਪੁਰਾਤਨ, ਅੱਗੇ ਵਾਧੂ ਪਾਠ: ਖਾਤਾ ਲੇਖਾ।
7. ਖਾ.ਹ-ਲ., ਸਿ.ਹ-ਲ.: ਗੁਰੂ ਨਾਨਕ।
8. ਖਾ.ਹ-ਲ.: ਅੰਤ੍ਰ ਤੇ; ਸਿ.ਹ.ਲਾ.: ਆਤ ਕਾ।
9. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 16.
10. ਖਾ.ਹ-ਲ., ਸਿ.ਹ-ਲ. ਵਾਧੂ ਪਾਠ: ਬਿਨਾ।
11. ਸੈ.ਹ-ਲ. ਵਾਧੂ ਪਾਠ: ਹੋਆ।

ਸੋ ਐਸਾ ਹੈ ਜੋ ਮਾਇਆ ਕਾ ਮੋਹੁ ਜਾਲਿ ਕਰਿ ਮਸੁ ਕਰੀਐ॥ ਅਰੁ ਤਪਸਿਆ ਕਾ ਕਾਗਦੁ ਕਰੀਐ॥ ਅਰੁ ਜੋ ਕਛੁ ਇਸ[1] ਅੰਤਰ ਕਛੁ ਭਾਉ ਹੈ ਤਿਸ ਕੀ ਕਲਮ ਕਰੀਐ॥ ਅਰ ਚਿਤੁ ਲਿਖਣਿਹਾਰ ਕਰਹੁ ਅਰੁ ਲਿਖੀਐ ਸੋ ਕਿਆ ਲਿਖੀਐ॥ ਪਰਮੇਸਰ ਕਾ ਨਾਮੁ ਲਿਖੀਐ॥ ਸਲਾਹ ਲਿਖੀਐ ਜਿਤੁ ਲਿਖੇ ਸਭ ਵਿਕਾਰ ਮਿਟਿ ਜਾਹਿ॥ ਬੇਅੰਤ[2] ਸੋਭਾ ਲਿਖੀਏ ਜਿਤੁ ਲਿਖੇ ਤਨ ਸੁਖੀ ਹੋਇ॥ ਤਿਸ ਕਾ ਅੰਤੁ ਨ ਪਾਰਾਵਾਰੁ ਕਿਛ ਪਾਇਆ ਨਹੀਂ ਜਾਤਾ॥ ਹੋ ਪੰਡਤਾ ਜੇ ਇਹ ਲੇਖਾ ਪੜਿਆ ਹੈ ਤਾ ਪੜੁ ਅਰ ਮੁਝ ਕਉ ਭੀ ਪੜਾਇ ਨਾਹੀ ਤਾ ਨਾ ਪੜਾਇ॥

ਸੁਣ ਹੋ ਪੰਡਿਤਾ ਜਹਾਂ ਇਹ ਤੇਰਾ ਜੀਉ ਜਾਵੇਗਾ ਤਹਾ ਤੇਰੇ ਹਥ ਇਹ ਪੜਣਾ ਨੀਸਾਣ ਹੋਵੇਗਾ॥ ਤੇਰੇ ਨਜੀਕ ਜਮ ਕਾਲ ਨ ਆਵੇਗਾ॥

ਤਬ ਉਨ ਪੰਡਤ ਕਹਿਆ ਨਾਨਕ ਇਹੁ ਬਾਤਾਂ ਤੈਂ ਕਿਸ ਤੇ [3]ਪਾਈਆਂ ਹੈਨਿ[3]॥ ਪਰ ਸੁਣ ਹੋ ਨਾਨਕ ਏਹ ਜੋ ਪਰਮੇਸੁਰ ਕਾ ਨਾਮ ਲੈਤੇ ਹੈਂ ਤਿਨ ਕਉ ਕਵਨੁ ਫਲ ਲਗਤੇ ਹੈਂ॥ ਤਬ ਗੁਰੂ ਨਾਨਕ ਦੂਜੀ ਪਉੜੀ ਕਹੀ

> [4]ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥
> ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥
> ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥੨॥[4]

ਤਬ ਗੁਰੂ ਬਾਬੇ ਨਾਨਕ ਕਹਿਆ ਸੁਣ ਹੋ ਪੰਡਿਤਾ ਜਹਾਂ ਏਹੁ ਤੇਰਾ ਜੀਉ ਜਾਵੈਗਾ ਤਹਾਂ ਇਸ ਪਰਮੇਸਰ ਸਿਮਰਣੇ ਕਾ ਏਹੁ ਪੁੰਨ ਹੋਵੇਗਾ ਜੋ ਸਦਾ ਸਦਾ ਖੁਸੀਆਂ ਨਿਤ ਨਿਤ ਅਨੰਦ ਮਹਾ ਮੰਗਲ ਨਿਧਾਨ ਪਰਾਪਤਿ ਹੋਵਹਿੰਗੇ॥ ਪਰੁ ਜਿਨਾਂ ਮਨਿ ਬਚ ਕਰਮਿ ਕਰਿ ਕੈ ਸਿਮਰਿਆ ਹੈ॥ ਅਰੁ ਉਪਾਇ ਕਰਿ ਕਰਿ ਗਲੀ ਪਰਮੇਸੁਰ ਲੀਆ ਨਹੀਂ ਜਾਤਾ॥

ਤਬਿ ਓਹੁ ਪੰਡਿਤੁ ਹੈਰਾਨੁ ਹੋਇ ਰਹਿਆ॥ ਫਿਰ ਉਨਿ ਪੰਡਿਤੁ ਕਹਿਆ ਏ ਨਾਨਕ ਏਹੁ ਜੋ ਪਰਮੇਸਰ ਕਾ ਨਾਮੁ ਲੇਤੇ ਹੈਂ ਤਿਨ ਕਉ ਤਾਂ ਕੋਈ ਨਾਹੀ ਜਾਣਤਾ॥ ਉਨ [5]ਕਉ ਤਾ[5] ਰੋਟੀਆਂ ਭੀ ਨਾਹੀ ਜੁੜਿ ਆਵਤੀਆ॥ ਅਰੁ ਇਕਿ ਜੋ ਪਾਤਸਾਹੀ ਕਰਦੇ ਹੈਨਿ ਸੋ ਬੁਰਿਆਈਆਂ ਭੀ ਕਰਦੇ ਹੈਨਿ ਅਰੁ ਪਰਮੇਸਰੁ ਭੀ ਨਾਹੀ ਸਿਮਰਤੇ॥ ਕਹੁ ਦੇਖਾ [6][ਤਿਨ ਕਾ ਕਉਣ ਹਵਾਲ ਹੋਇਗਾ][6] ਜੋ ਪਾਤਸਾਹੀ ਭੀ ਕਰਹਿ ਅਰੁ ਪਰਮੇਸਰ ਤੇ ਭੀ ਨਾ ਡਰਹਿ॥ ਤਬ ਫਿਰ ਗੁਰੂ ਨਾਨਕ ਤੀਜੀ ਪਉੜੀ ਕਹੀ

> [7]ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥
> ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥
> ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥੩॥[7]

---

1. ਪੁਰਾਤਨ: ਇਛਿਆ (ਪਾਠ ਉਠਾਲਣ ਦੀ ਕਾਤਬੀ ਗ਼ਲਤੀ)।
2. ਬਿਆ (ਹੋਰ) ਦਾ ਕਾਤਬੀ ਬਦਲ। ਮੇਲੋ, *ਸਾਖੀ ਮਹਲੁ ਪਹਿਲੇ ਕੀ*, ਪੰਨਾ 173.
3. ਸੈ.ਹ-ਲ.: ਪਾਈ ਹੈ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 16.
5. ਸੈ.ਹ-ਲ.: ਕੋ ਤਾਈ।
6. ਪਾਠ, ਸਾ.ਮ.ਪ. ਦਾ। ਪੁਰਾਤਨ. "ਉਨੀ ਕਵਣ ਪਾਪ ਕੀਤੇ ਹੈ" ਵਿਕਾਰੀ ਅਤੇ ਕੁਚੱਜਾ ਬਦਲ ਹੈ, ਜੋ ਪ੍ਰਸੰਗ ਅਨੁਕੂਲ ਨਾ ਹੋਣ ਕਾਰਨ ਰੱਦਣਯੋਗ ਹੈ।
7. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 16.

Scanned by CamScanner

ਤਬ ਗੁਰੂ ਬਾਬੇ ਨਾਨਕ ਕਹਿਆ॥ ਸੁਣ ਹੋ ਪੰਡਿਤ ਇਕ ਆਵਤੇ ਹੈ ਇਕ ਜਾਤੇ ਹੈ॥ ਇਕ ਸਾਹੁ ਹੈਨ ਇਕ ਪਾਤਿਸਾਹ ਹੈਨ॥ ਇਕ ਉਨ ਕੈ ਆਗੈ ਭਿਖਿਆ ਮੰਗਿ ਮੰਗਿ ਖਾਤੇ ਹੈਨਿ॥ ਪਰ ਸੁਣਿ ਹੋ ਪੰਡਿਤ ਜੀ ਉਹਾਂ ਆਗੈ ਜਾਵਹਿੰਗੇ ਅਰੁ ਜੋ ਈਹਾ ਸੁਖੁ ਕਰਤੇ ਹੈ ਪਰਮੇਸਰ ਨਹੀਂ ਸਿਮਰਤੇ ਉਨ ਕਉ ਐਸੀ ਸਜਾਇ ਮਿਲੈਗੀ ਜੈਸੀ ਕਪੜੇ ਕਉ ਧੋਬੀ ਦੇਤਾ ਹੈ॥ ਤਿਲਾਂ ਕਉ ਤੇਲੀ ਦੇਤਾ ਹੈ॥ ਅਰੁ ਚਕੀ ਦਾਣਿਆਂ ਕਉ ਦੇਤੀ ਹੈ॥ ਐਸੀ ਸਜਾਇ ਪਾਵਹਿੰਗੇ॥ ਅਰ ਨਰਕ ਕੁੰਭੀ[1] ਮੇਲਅਹਿੰਗੇ॥

ਅਰੁ ਜੋ ਪਰਮੇਸਰ ਕਉ ਸਿਮਰਤੇ ਹੈਂ ਅਰੁ ਭਿਖਿਆ ਮੰਗਿ ਮੰਗਿ ਖਾਤੇ ਹੈਂ ਉਨ ਕਉ ਦਰਗਾਹ ਵਡਿਆਈਆ ਮਿਲਹਿੰਗੀਆ॥ ਤਬਿ ਪੰਡਿਤ ਹੈਰਾਨ ਹੋਇ ਗਇਆ॥ ਕਹਿਓਸੁ ਏਹੁ ਕੋਈ ਵਡਾ ਭਗਤ ਹੈ॥

ਤਬ ਫਿਰਿ ਪੰਡਤ ਕਹਿਆ ਨਾਨਕ ਤੂ ਐਸੀ ਬਾਤ ਕਰਦਾ ਹੈਂ ਸੋ ਕਿਉਂ ਕਰਦਾ ਹੈ॥ ਅਜੇ ਤਾ ਬਾਲਕ ਹੈਂ॥ ਕੁਛ ਮਾਤਾ ਪਿਤਾ ਇਸਤ੍ਰੀ ਕਟੁੰਬ ਦਾ ਸੁਖ ਦੇਖੁ॥ ਅਜੇ ਤੇਰਾ ਕਿਥੇ ਓੜਕ ਹੈ॥ ਤਬ ਗੁਰੂ ਨਾਨਕ ਜੀ ਚਉਥੀ ਪਉੜੀ ਕਹੀ

[2]ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥੪॥੬॥[2]

ਤਿਸ ਕਾ ਪਰਮਾਰਥ: ਗੁਰੂ ਬਾਬੇ ਨਾਨਕ ਕਹਿਆ॥ ਹੋ ਪੰਡਿਤੁ ਓਸੁ ਸਾਹਿਬ ਕਾ ਐਸਾ ਡਰੁ ਹੈ ਜੋ ਮੇਰੀ ਦੇਹ ਭੈਮਾਨ ਹੋਇ ਗਈ ਹੈ॥ ਜੋ ਈਹਾਂ ਖਾਨ ਸੁਲਤਾਨ ਕਹਾਇੰਦੇ ਸੇ ਸਭ ਮਰਿ ਖਾਕ ਹੋਇ ਗਏ॥ ਜਿਸ ਕਾ ਅਮਰੁ ਮਨੀਤਾ ਥਾ ਜਿਸ ਕੇ ਡਰਿ ਪ੍ਰਿਥਮੀ ਭੈਮਾਨ ਹੋਤੀ ਥੀ ਸੋ ਭੀ [3]ਉਠਿ ਗਏ[3]॥ ਸੁਣ ਹੋ ਪੰਡਿਤ ਮੈਂ ਕੂੜਾ ਸਨੇਹੁ ਕਿਸ ਸਿਉ ਕਰਉਂ॥ ਹਮ ਭੀ ਇਸ ਜਮੇ ਕਉ ਛੋਡਿ ਜਾਹਿੰਗੇ॥ [4]ਇਹ ਜਾਮਾ ਖਾਕਿ ਦਰਿ ਖਾਕਿ ਹੋਇ ਜਾਇਗਾ[4]॥ ਹਮ ਤਿਸ ਕੀ ਬੰਦਗੀ ਕਰਹਿੰਗੇ ਜੋ ਜੀਅ ਕਉ ਲੇਇਗਾ॥ ਫਿਰਿ ਇਸ ਸੰਸਾਰ ਸਉ ਕੂੜਾ ਨੇਹੁ ਕਿਆ ਕਰਹਿ॥ ਤਬ ਪੰਡਿਤ ਹੈਰਾਨ ਹੋਇ ਗਇਆ॥ ਨਮਸਕਾਰੁ ਕੀਤੋਸੁ ਜੁ ਕੋਈ ਪੂਰਾ ਹੈ॥ ਜੋ ਤੇਰੇ ਆਤਮੇ ਆਉਂਦੀ ਹੈ ਸੋ ਕਰਿ॥ ਤਬ ਗੁਰ ਬਾਬਾ ਜੀ ਘਰਿ ਆਇ ਕੈ ਬੈਠਿ ਰਹਿਆ॥

3.

[ਉਪਰਾਮਤਾ]

ਆਗਿਆ ਪਰਮੇਸੁਰ ਕੀ ਹੋਈ ਜੋ ਕਿਰਤਿ ਕੁਛ ਨ ਕਰੈ॥ ਜੇ ਬਹੈ ਤਾ ਬੈਠਾ ਹੀ ਰਹੈ॥ ਜਾ ਸਵੈ ਤਾਂ ਸੁਤਾ ਹੀ ਰਹੈ॥ [5][ਅਤੇ ਆਤਮੇ ਵਿਚਿ ਉਦਾਸ ਰਹੈ][5]॥ ਫਕੀਰਾਂ ਨਾਲਿ ਮਜਲਸ ਕਰੈ॥ ਬਾਬਾ ਕਾਲੂ ਹੈਰਾਨੁ ਹੋਇ ਗਇਆ॥

---

1. ਬੀ.6.: ਕੁੰਡੇ ਮਿਲਹਿਗੇ; ਸਿ.ਹ-ਲ.: ਕੁੰਭੀ ਲੈ ਜਾਈਅਹਿਗੇ; ਸਿ.ਹ-ਲ.: ਕਉ ਛੋਲਿ ਮਿਲੇਹਗੇ।
2. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 16.
3. ਬੀ.6.: ਮਰਿ ਗਏ।
4. ਪਾਠ, ਸਾ.ਮ.ਪ. ਦਾ। *ਪੁਰਾਤਨ* "ਖਾਕਿ ਦਰਿ ਖਾਕਿ ਹੋਇ ਜਾਹਿਗੀ" ਵਿਗੜਿਆ ਹੋਣ ਕਾਰਨ ਰੱਦਣ ਯੋਗ ਹੈ।
5. ਇਹ ਪਾਠ, '*ਪੁਰਾਤਨ*' ਨੂੰ ਛੱਡ ਕੇ, ਸਾਰੇ ਖਰੜਿਆਂ ਵਿਚ ਪ੍ਰਾਪਤ ਹੈ, ਸਾ.ਮ.ਪ. ਸਮੇਤ। ਇਸ ਸੰਪਾਦਕੀ ਤਕਸੀਰ ਨੇ ਅੱਗੋਂ 'ਜੋਗੀ ਪਾਠ' ਨੂੰ ਵੀ ਪ੍ਰਭਾਵਿਤ ਕੀਤਾ ਹੈ।

Scanned by CamScanner

[1]ਇਵੈ ਕਿਵੈ ਬਾਬਾ ਨਾਨਕ ਰਹੈ[1] ॥ ਜਬ ਗੁਰੂ ਨਾਨਕ ਬਰਸਾ ਨਵਾਂ ਕਾ ਹੋਇਆ ॥ ਤਬਿ ਫਿਰਿ ਤੋਰਕੀ ਪੜਣ ਪਾਇਆ ॥ [2]ਕਿਛੁ ਤੋਰਕੀ ਭੀ ਪੜਿਆ[2] ਵੜ ਘਰ ਬਹਿ ਰਹਿਆ ॥ ਦਿਲ ਦੀ ਖਬਰ ਗਲ ਕਿਸੈ [3]ਨਾਲ ਕਰੈ[3] ਨਾਹੀਂ ॥

[ਕੁੜਮਾਈ]

ਤਬ ਕਾਲੂ ਨੋ ਲੋਕਾਂ ਆਖਿਆ [[4]] ਕਾਲੂ ਇਸ ਦਾ ਵਿਵਾਹ ਕਰ ॥ ਤਬ ਕਾਲੂ ਉਠ ਖੜਾ ਹੋਇਆ ॥ ਏਹ ਚਿਤਵਨੀ ਕੀਤੀਆਸੁ ਜੋ ਕਿਵੈ ਕੁੜਮਾਈ ਹੋਵੈ ॥ ਤਬ ਮੂਲਾ ਖਤ੍ਰੀ ਜਾਤਿ ਚੋਣਾ ਤਿਸ ਦੇ ਘਰ ਕੁੜਮਾਈ ਹੋਈ ॥

[ਵਿਆਹ]

ਤਾਂ ਬਾਬਾ ਬਰਸਾਂ ਬਾਰਾਂ ਕਾ ਹੋਇਆ ਤਬ ਵੀਵਾਹਿਆ[5] ॥ ਤਾਂ ਬਾਬਾ ਲਗਾ ਸੰਸਾਰ ਕੀ ਕਿਰਤ ਕਰਣ ॥ ਪਰ ਚਿਤ ਕਿਸੈ ਨਾਲ ਲਾਏ ਨਾਹੀਂ ॥ [6][ਮਾਤਾ ਪਿਤਾ ਇਸਤ੍ਰੀ ਨਾਲਿ ਗਲਿ ਕਰੇ ਨਾਹੀਂ][6] ॥ ਘਰ ਦੀ ਖਬਰ ਲਏ ਨਾਹੀਂ ॥ ਘਰ ਦੇ ਆਦਮੀ ਆਖਨ ਜੋ ਅਜ ਕਲ ਫਕੀਰਾਂ ਨਾਲ ਉਠ ਜਾਂਦਾ ਹੈ ॥

4.

[ਖੇਤ ਹਰਾ]

ਤਬ ਆਗਿਆ ਪਰਮੇਸਰ ਕੀ ਹੋਈ ਜੋ ਇਕ ਦਿਨ ਕਾਲੂ ਕਹਿਆ ਨਾਨਕ ਏਹ [7]ਘਰ ਦੀਆਂ ਮਹੀਂ[7] ਹੈਨ ਤੂ ਚਾਰ ਲੈ ਆਉ ॥ ਤਬ ਗੁਰੂ ਨਾਨਕ ਮਹੀਂ ਲੈ ਕਰ ਬਾਹਰ ਗਿਆ ਤਾਂ ਚਰਾਇ ਲੈ ਆਇਆ ॥ ਫਿਰ ਅਗਲੇ ਦਿਨ ਗਇਆ ਤਾਂ ਮਹੀਂ ਛਡ ਕੇ ਕਣਕ ਦੇ ਬੰਨੇ ਪੈ ਸੁਤਾ ॥ ਤਬ ਮਹੀਂ ਜਾਇ ਕਣਕ ਨੂ ਪਈਆਂ ॥ ਤਬ ਕਣਕ ਉਜਾੜ ਦੂਰ ਕੀਤੀ ॥ ਤਬ ਇਕ ਭਟੀ ਥਾ ਕਣਕ [8]ਦਾ ਖਾਂਵਦ[8] ॥ ਉਹ ਆਇ ਗਇਆ ॥ ਉਨ ਭਟੀ ਕਹਿਆ ਭਾਈ ਵੇ ਤੈਂ ਜੋ ਖੇਤ ਉਜਾੜਿਆ ਹੈ ਸੋ ਕਿਉਂ ਉਜਾੜਿਆ ਹੈ ॥ ਇਸ ਉਜਾੜੇ ਦਾ ਜਵਾਬ ਦੇਹ ॥ ਤਬ ਗੁਰੂ ਨਾਨਕ ਕਹਿਆ ਭਾਈ ਵੇ ਤੇਰਾ ਕਿਛੂ ਨਾਹੀਂ ਉਜੜਿਆ ॥ ਕਿਆ ਹੋਇਆ ਜਿ ਕਿਸੈ ਮਹੀਂ ਮੂੰਹ ਪਾਇਆ ਖੁਦਾਇ ਇਸੈ ਵਿਚ ਬਰਕਤ ਘਤਸੀ ॥ ਤਾਂ ਭੀ ਉਹ ਰਹੈ ਨਾਹੀਂ ॥ ਗੁਰੂ ਨਾਨਕ ਨਾਲ ਲਗਾ ਲੜਨ ॥

---

1. ਬੀ.6., ਖਾ.ਹ-ਲ., ਸਿ.ਹ-ਲ. : ਕਹਿਓਸੁ/ਆਖਿਓਸ ਨਾਨਕ ਤੂ ਇਵੈ ਰਹੈ ਤਾਂ ਕਿ ਹੋਵੈ।
2. ਪੁਰਾਤਨ. ਨੂੰ ਛੱਡ ਕੇ, ਇਹ ਪਾਠ ਸਾਰੇ ਮੌਜੂਦ ਖਰੜਿਆਂ ਵਿਚ ਪ੍ਰਾਪਤ ਹੈ।
3. ਖਾ.ਹ-ਲ., ਸਿ.ਹ-ਲ. : ਜੋਗ ਦੇਵੈ।
4. ਖਾ.ਹ-ਲ., ਸਿ.ਹ-ਲ. ਵਿਚ ਵਾਧੂ ਪਾਠ ਹੈ : ਜੋ ਕਾਲੂ ਏਹੁ ਜਾਇਗਾ। ਇਹ ਸਾ.ਮ.ਪ. ਦੇ ਭਾਵ-ਪੂਰਤ ਪਾਠ "ਜੋ ਕਾਲੂ ਇਸ ਪੁਤਰ ਨੋ ਵਿਵਾਹ ਮਤੁ ਇਸ ਦਾ ਜੀਉ ਉਦਾਸੀ ਵਿਚਹੁ ਦੂਰ ਹੋਦਾ ਹੋਵੈ" ਦਾ ਵਿਗੜਿਆ ਰੂਪ ਹੈ।
5. ਖਾ.ਹ-ਲ., ਸਿ.ਹ-ਲ. : ਪਰਣਾਇਆ।
6. ਪਾਠ, ਪੰ.ਹ-ਲ., ਖਾ.ਹ-ਲ., ਸਿ.ਹ-ਲ. ਦਾ।
7. ਖਾ.ਹ-ਲ., ਸਿ.ਹ-ਲ. ਸੈ.ਹ-ਲ. : ਮਹੀਂ ਘਰ ਦੀਆ।
8. ਖਾ.ਹ-ਲ., ਸਿ.ਹ-ਲ. ਸੈ.ਹ-ਲ. : ਵਾਲਾ।

Scanned by CamScanner

ਤਬ ਗੁਰੂ ਨਾਨਕ ਅਤੇ ਭਟੀ ਝਗੜਦੇ ਝਗੜਦੇ ਰਾਇ ਬੁਲਾਰ ਪਾਸ ਆਇ ਖੜੇ ਹੋਏ॥ ਤਬ ਰਾਇ ਬੁਲਾਰ ਕਹਿਆ॥ ਏਹ ਦਿਵਾਨਾ ਹੈ॥ ਤੁਸੀਂ ਕਾਲੂ ਨੂੰ ਸਦਾਵਹੁ॥ ਤਬ ਕਾਲੂ ਨੂ ਸਦਾਇਆ॥ ਤਬ ਰਾਇ ਬੁਲਾਰ ਕਹਿਆ॥ ਕਾਲੂ ਇਸ ਪੁਤ੍ਰ ਨੂੰ ਸਮਝਾਇੰਦਾ ਕਿਉਂ ਨਾਹੀਂ ਜੋ ਪਰਾਈ ਖੇਤੀ ਉਜਾੜ ਆਇਆ ਹੈ॥ ਭਲਾ ਦਿਵਾਨਾ ਕਰ ਛੋਡਿਆ ਹੀ॥ ਭਾਈ ਵੇ ਏਹ ਉਜਾੜਾ ਭਰ ਦੇਹ ਨਾਹੀ ਤਾਂ ਤੁਰਕਾਂ ਪਾਸ ਜਾਇ ਖੜਾ ਹੋਸੀਆ॥ ਤਬ ਕਾਲੂ ਕਹਿਆ ਜੀ ਮੈ ਕਿਆ ਕਰੀਂ॥ ਏਹ ਅਜੇ ਭੀ ਦਿਵਾਨਾ ਫਿਰਦਾ ਹੈ॥ ਤਬ ਰਾਇ ਬੁਲਾਰ ਆਖਿਆ ਮੈ ਤੇਰੇ ਤਾਈਂ ਗੁਨਾਹ ਬਖਸਿਆ ਪਰ ਇਸ ਦਾ ਉਜਾੜਾ ਭਰਿ ਦੇਹ॥ ਤਬ ਗੁਰੂ ਨਾਨਕ ਆਖਿਆ ਜਾਇ ਦੇਖਹੁ ਓਥੈ[1] ਕਿਛੁ ਨਾਹੀਂ ਉਜੜਿਆ॥

ਤਬ ਭਟੀ ਕਹਿਆ ਜੀ ਮੇਰਾ ਖੇਤੁ ਉਜਾੜਿਆ ਹੈ॥ ਮੈਂ ਮੁਠਾ ਹਾਂ ਮੇਰਾ ਤਪਾਵਸੁ ਕਰਿ॥ ਨਾਹੀ ਤਾਂ ਮੈਂ ਤੁਰਕਾਂ ਪਾਸ ਵੈਂਦਾ ਹਾਂ॥ ਤਬ ਗੁਰੂ ਨਾਨਕ ਆਖਿਆ ਦੀਵਾਨ ਸਲਾਮਤਿ ਜੋ ਹਿਕੁ ਪਠਾ ਟੁਕਿਆ][2][ਨਾਹੀ॥ ਤੁਸੀਂ ਆਪਣਾ ਆਦਮੀ ਭੇਜਿ ਦੇਖਹੁ॥ ਤਬ ਰਾਇ ਬੁਲਾਰ ਆਪਣੇ ਆਦਮੀ ਭੇਜੇ॥ ਜੋ ਉਹਾਂ ਆਦਮੀ ਜਾਵਨਿ ਤਾਂ ਖੇਤੀ ਸਬੂਤ ਖੜੀ ਹੈ॥ ਹਿਕ ਪਠਾ ਖੇਤੀ ਦਾ ਉਜੜਿਆ[3] ਨਾਹੀਂ॥ ਤਬ ਬਾਬੇ ਸਬਦ ਕੀਤਾ ਰਾਗੁ ਸੂਹੀ ਵਿਚ ਮਹਲਾ ੧

[4]ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥
ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ॥੧॥
ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥੧॥ਰਹਾਉ॥
ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ॥
ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ॥੨॥
ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ॥
ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ॥੩॥
ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥
ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ॥੪॥[4]

ਤਬ ਰਾਇ ਬੁਲਾਰ ਉਸ ਭਟੀ ਕਉ ਝੂਠਾ ਕੀਤਾ ਗੁਰੂ ਨਾਨਕੁ ਅਤੈ ਕਾਲੂ ਦੋਵੈ ਘਰਿ ਆਏ॥

5.

[ਸਥਿਰ ਛਾਂ]

ਤਬਿ ਆਗਿਆ ਪਰਮੇਸਰ ਕੀ ਹੋਈ ਜੋ ਗੁਰੂ ਨਾਨਕ ਦੇ ਘਰਿ ਦੁਇ ਬੇਟੇ ਹੋਏ॥ ਲਖਮੀ ਦਾਸੁ ਤੈ ਸਿਰੀ ਚੰਦ॥ ਪਰੁ ਬਾਬੇ ਦੀ ਉਦਾਸੀ ਮਿਟੈ ਨਾਹੀ॥ ਗੁਰੂ ਨਾਨਕੁ ਰੁਖੀ ਬਿਰਖੀ ਜਾਇ ਉਦਾਸੁ ਰਹੈ॥ ਤਬਿ ਇਕ ਦਿਨ ਗੁਰੂ ਬਾਬਾ ਨਾਨਕ ਜੀ ਜਾਇ ਕਰ ਬਾਗ

---

1. ਸੈ.ਹ-ਲ.: ਇਸ ਦਾ।
2. ਬੀ.6., ਸਿ.ਹ-ਲ.: ਹੋਵੈ ਤਾਂ ਜਬਾਬੁ ਕਰਣਾ।
3. ਸਿ.ਹ-ਲ., ਸੈ.ਹ-ਲ.: ਟੁਕਿਆ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 730.

Scanned by CamScanner

ਵਿਚ ਸੁਤਾ॥ [1]ਸੁਤਿਆਂ ਸੁਤਿਆਂ[1] ਦਿਨੁ ਲਥਾ ਉਠੇ ਨਾਹੀ॥ ਤਬਿ ਰਾਇ ਬੁਲਾਰ ਦੇਵ ਭਟੀ ਸਿਕਾਰਿ ਚੜਿਆ ਥਾ॥ ਆਉਂਦਾ ਆਉਂਦਾ ਜਾਂ ਬਾਗ ਵਿਚ ਆਵੇ॥ ਤਾਂ ਕੋਈ ਦਰਖਤ ਹੇਠਿ ਸੁਤਾ ਪਇਆ ਹੈ॥ ਪੁਰ ਜਾਂ ਦੇਖੈ ਤਾਂ ਹੋਰਨਾਂ ਦਰਖਤਾਂ ਦੀ ਛਾਇਆ ਚਲਿ ਗਈ ਹੈ ਅਰੁ ਇਸੁ ਦਰਖਤ ਦਾ ਪਛਾਵਾ ਖੜਾ ਹੈ॥ ਤਬ ਰਾਇ ਬੁਲਾਰ ਆਖਿਆ ਇਸ ਨੂ [2][ਉਠਾਵਹੁ ਦੇਖਾਂ ਕੌਣ ਹੈ][2]॥ ਜਬ ਉਠਾਇਆ ਤਾ ਕਾਲੂ ਦਾ ਪੁਤੁ ਹੈ॥ ਤਬ ਰਾਇ ਬੁਲਾਰ ਆਖਿਆ ਜਾਰੋ ਕਲ ਵਾਲੀ ਭੀ ਗਲਿ ਡਿਠੀ ਹੈ ਅਰੁ ਏਹ ਭੀ ਦੇਖਹੁ॥ ਏਹ ਖਾਲੀ ਨਾਹੀ॥ ਤਬ ਰਾਇ ਬੁਲਾਰ ਭਟੀ ਘਰਿ ਆਇਆ॥ ਆਇ ਕਰ ਕਾਲੂ ਨੂੰ ਸਦਾਇਓਸੁ॥ ਅਰੁ ਆਖਿਓਸੁ ਕਾਲੂ ਮਤੁ ਇਸੁ ਪੁਤ੍ਰ ਨੋ ਫਿਟੁ ਮਰੁ ਦੇਦਾ ਹੋਵੈ ਏਹੁ ਮਹਾਪੁਰਖੁ ਹੈ॥ ਇਸ ਦਾ ਸਦਕਾ ਮੇਰਾ ਸਹਰੁ ਵਸਦਾ ਹੈ॥ ਕਾਲੂ ਤੂੰ ਭੀ ਨਿਹਾਲੁ ਹੋਆ ਅਤੇ ਮੈਂ ਭੀ ਨਿਹਾਲੁ ਹਾਂ ਜਿਸ ਦੇ ਸਹਰ ਵਿਚਿ ਇਹੁ ਪੈਦਾ ਹੋਆ ਹੈ॥ ਤਬਿ ਕਾਲੂ ਆਖਿਆ ਜੀ ਖੁਦਾਇ ਦੀਆ ਖੁਦਾਇ ਹੀ ਜਾਣੈ॥ ਕਾਲੂ ਘਰਿ ਆਇਆ॥

6.

[ਦੁਨੀਆਵੀ ਧੰਦੇ]

ਤਬ ਗੁਰੂ ਨਾਨਕ ਫਕੀਰਾਂ ਨਾਲ ਮਜਲਸਿ ਕਰੈ॥ ਹੋਰੁ ਕਿਸੈ ਨਾਲਿ ਗਲ ਕਰੈ ਨਾਹੀ॥ ਤਬ ਸਭੁ ਪਰਵਾਰੁ ਦੁਖਿਆ॥ ਆਖਨਿ ਜੋ ਏਹੁ ਕਮਲਾ ਹੋਆ॥ ਤਬਿ ਗੁਰੂ ਨਾਨਕ ਕੀ ਮਾਤਾ ਆਈ॥ ਉਸ ਆਖਿਆ ਬੇਟਾ ਤੁਧੁ ਫਕੀਰਾਂ ਨਾਲ ਬੈਠਿਆ ਸਰਦੀ ਨਾਹੀ॥ ਤੈਨੋ ਘਰੁ ਬਾਰੁ ਹੋਇਆ ਧੀਆਂ ਪੁਤ੍ਰ ਹੋਏ ਰੁਜਗਾਰੁ ਭੀ ਕਰਿ॥ ਨਿਤ ਨਿਤ ਕਮਲੀਆਂ[3] ਗਲਾ ਛਡਿ ਅਸਾ ਨੂ ਲੋਕ ਹਸਦੈ ਹੈਨਿ ਜੋ ਕਾਲੂ ਦਾ ਪੁਤ੍ਰ ਮਖਟੂ ਹੋਆ ਹੈ॥ ਜਾਂ ਏਹੁ ਗਲਾਂ ਮਾਤਾ ਆਖੀਆਂ ਪਰੁ ਗੁਰੂ ਨਾਨਕ ਦੇ ਦਿਲਿ ਕਾਈ ਲਗੀਆ ਨਾਹੀ॥ ਫਿਕਰਵਾਨੁ ਹੋਇ ਕਰਿ ਪੈ ਰਹਿਆ॥ ਜਿਉ ਪਇਆ ਤਿਉ ਦਿਹਾੜੇ ਚਾਰਿ ਗੁਜਰਿ ਗਏ॥

ਜਾ ਮਲਿ ਚੁਕੀ ਤਾ ਬਾਬੇ ਦੀ ਇਸਤ੍ਰੀ ਸਸੁ ਪਾਸਿ ਆਈ॥ ਉਨਿ ਆਖਿਆ ਸਸੁ ਤੂ ਕਿਉਂ ਬੈਠੀ ਹੈਂ ਜਿਸ ਦਾ ਪੁਤ੍ਰ ਪਇਆ ਹੈ॥ ਚਉਥਾ ਦਿਹਾੜਾ ਹੋਆ ਹੈ ਖਾਂਦਾ ਪੀਂਦਾ ਕਿਛੂ ਨਾਹੀ॥ ਤਬਿ ਮਾਤਾ ਆਈ॥ ਆਖਿਓਸ ਬੇਟਾ ਤੁਧ ਪਇਆ ਬਣਦੀ ਨਾਹੀਂ॥ ਕੁਛ ਖਾਹਿ ਪੀਉ॥ ਖੇਤੀ ਪਤੀ ਦੀ][4][ਸਾਰਿ ਲਹੁ ਕਿਛੁ ਰੁਜਗਾਰ ਦੀ ਖਬਰਿ ਲਹੁ॥ ਤੇਰਾ ਸਭੁ ਕੁਟੰਬ ਦਿਲਗੀਰ ਹੈ ਅਤੇ ਬੇਟਾ ਜੋ ਤੁਧੁ ਨਾਹੀ ਭਾਵਦਾ ਸੁ ਨਾ ਕਰਿ॥ ਅਸੀ ਤੈਨੋ ਕਿਛੁ ਨਹੀਂ ਆਖਦੇ॥ ਤੂ ਫਿਕਰਵਾਨੁ ਕਿਉਂ ਹੈ॥

ਤਬਿ ਕਾਲੂ ਨੂੰ ਖਬਰਿ ਹੋਈ॥ ਕਾਲੂ ਆਇਆ॥ ਆਖਿਆ ਬਚਾ ਅਸੀ ਤੈਨੂ ਕਿ ਆਖਦੇ ਹਾਂ॥ ਪਰੁ ਰੁਜਗਾਰ ਕੀਤਾ ਭਲਾ ਹੈ॥ ਜਿ ਖਤ੍ਰੀਆਂ ਦਿਆਂ ਪੁਤ੍ਰਾਂ ਪਾਸਿ

---

1. ਪਾਠ ਸਾ.ਮ.ਪ., ਹਾ.ਨ.ਦਾ। ਬੀ.6, ਸਿ.ਹ-ਲ.: ਕਿਰਿ।
2. ਪਾਠ ਹਾ.ਨ., ਸਿ.ਹ-ਲ. ਦਾ। ਸਾ.ਮ.ਪ.: ਉਠਾਲਿਓ ਦੇਖਾ ਇਹੁ ਕਵਣੁ ਹੈ।
3. ਪਾਠ, ਹਾ.ਨ., ਸਾ.ਮ.ਪ. ਦਾ। ਇਸ ਦਾ ਪਰਚੱਲਤ ਉਸਤਰਜਮਾਈ ਬਦਲ "ਕਲੇਰੀਆਂ" ਅਰਥਹੀਣ ਪਾਠ-ਵਿਕਾਰ ਹੈ, ਜਿਸ ਨਾਲ ਸਾਖੀ ਵਿਚਲਾ ਮਾਨਵੀ ਸੰਚ ਮਨਫ਼ੀ ਹੋ ਗਿਆ ਅਤੇ ਸਹੀ ਪਾਠ ਦੀ ਪਾਵਨਤਾ ਵੀ ਭੰਗ ਹੋ ਗਈ।
4. ਬੀ. 6., ਸਿ.ਹ-ਲ. ਵਾਧੂ ਪਾਠ: ਸਮਝ।

Scanned by CamScanner

ਪੰਜੀਹੇ ਹੋਦੇ ਹੈਨਿ ਤਾਂ ਰੁਜਗਾਰੁ ਕਰਦੇ ਨਾਹੀ[1]॥ ਰੁਜਗਾਰੁ ਕੀਤਾ ਭਲਾ ਹੈ ਬੇਟਾ॥ ਅਸਾਡੀ ਖੇਤੀ ਬਾਹਰਿ ਪਕੀ ਖੜੀ ਹੈ ਅਰੁ ਤੂ ਉਜਾੜ ਨਾਹੀ॥ ਕਿਉ ਜਿ ਵਿਚਿ ਖਲਾ ਹੋਵੈ ਤਾਂ ਆਖਨਿ ਜੋ ਕਾਲੂ ਦਾ ਪੁਤ੍ਰ ਭਲਾ ਹੋਆ ਹੈ॥ ਬੇਟਾ ਖੇਤੀ ਖਸਮਾ ਸੇਤੀ॥ ਤਬ ਗੁਰੂ ਨਾਨਕ ਬੋਲਿਆ॥ ਪਿਤਾ ਜੀ ਅਸਾਂ ਨਵੇਕਲੀ ਖੇਤੀ ਵਾਹੀ ਹੈ ਸੋ ਅਸੀਂ ਤਕੜੀ ਰੱਖਦੇ ਹਾਂ॥ ਅਸਾਂ ਹਲੁ ਵਾਹਿਆ ਹੈ॥ ਬੀਉ ਪਾਇਆ ਹੈ॥ ਵਾੜਿ ਕੀਤੀ ਹੈ॥ ਅਠੇ ਪਹਰਿ ਖੜੇ ਰਹਦੇ ਹਾਂ॥ ਪਿਤਾ ਜੀ ਅਸੀਂ ਆਪਣੀ ਖੇਤ੍ਰੀ ਸੰਭਾਲ ਸੰਘਦੇ ਨਾਹੀ[2] ਪਰਾਈ ਦੀ ਸਾਰ ਕਿਆ ਜਾਣਹਿ॥ ਤਬਿ ਕਾਲੂ ਹੈਰਾਨੁ ਹੋਇ ਰਹਿਆ॥ ਆਖਿਅਸੁ ਵੇਖਹੁ ਲੋਕੋ ਇਹੁ ਕਿਆ ਆਖਦਾ ਹੈ॥ ਤਬਿ ਕਾਲੂ ਆਖਿਆ ਤੂਹ ਨਵੇਕਲੀ ਖੇਤੀ ਕਦਿ ਵਾਹੀ ਹੈ॥ ਕਮਲੀਆਂ ਗਲਾਂ ਛਡਿ ਅਗੈ ਅਗੇਰੇ॥ ਪਰ ਜੇ ਤੁਧੁ ਭਾਵਸੀ ਤਾਂ ਅਗਲੀ ਫਸਲੀ ਤੈਨੂ ਨਵੇਕਲੀ ਖੇਤੀ ਵਾਹਿ ਦੇਸਾਂਹੇ॥ ਦਿਖਾ ਤੂ ਕਿਉ ਕਰਿ ਪਕਾਇ ਖਾਵਿਸੀ॥

ਤਬ ਗੁਰੂ ਨਾਨਕ ਆਖਿਆ॥ ਪਿਤਾ ਜੀ ਅਸਾਂ ਖੇਤੀ ਹੁਣਿ ਵਾਹੀ ਹੈ ਅਤੈ ਭਲੀ ਜੰਮੀ ਹੈ॥ ਦਿਸਣਿ ਪਾਸਣਿ ਭਲੀ ਹੈ॥ ਤਬ ਕਾਲੂ ਆਖਿਆ ਬਚਾ ਅਸਾਂ ਤੇਰੀ ਖੇਤੀ ਡਿਠੀ ਕਾਈ ਨਾਹੀਂ॥ ਤੂ ਕਿਆ ਆਖਦਾ ਹੈ॥ ਤਬਿ ਗੁਰੂ ਨਾਨਕ ਆਖਿਆ ਪਿਤਾ ਜੀ ਅਸਾਂ ਏਹੁ ਖੇਤੀ ਵਾਹੀ ਹੈ ਜੋ ਤੂ ਸੁਣੇਗਾ॥ ਤਬ ਬਾਬੇ ਨਾਨਕ ਇਕੁ ਸਬਦੁ ਉਠਾਇਆ ਰਾਗੁ ਸੋਰਠਿ ਮਹਲਾ ੧ ਘਰੁ ੧॥

[3]ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥੧॥
ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ਰਹਾਉ॥[3]

ਤਬ ਫੇਰ ਕਾਲੂ ਬੋਲਿਆ ਬਚਾ ਤੂ ਹਟ ਬਹੁ ਅਸਾਡੀ ਖੇਤੀ ਹਟ ਹੈ॥ ਤਬ ਫੇਰ ਗੁਰੂ ਨਾਨਕ ਦੂਜੀ ਪਉੜੀ ਆਖੀ

[4]ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥੨॥[4]

ਤਬ ਫਿਰ ਕਾਲੂ ਕਹਿਆ ਬਚਾ ਜੇ ਤੂੰ ਹਟ ਨਾਹੀ ਬਹਿੰਦਾ ਤਾਂ ਘੋੜੇ ਲੈ ਕਰ ਸੌਦਾਗਰੀ ਕਰੁ॥ ਤੇਰਾ ਆਤਮਾ ਉਦਾਸ ਹੈ॥ ਪਰ ਤੂ ਰੁਜਗਾਰ ਭੀ ਕਰ ਅਤੇ ਪ੍ਰਦੇਸ ਭੀ ਦੇਖਿ॥ ਅਸੀਂ ਆਖਾਂਹੇ ਜੋ ਰੁਜਗਾਰ ਗਇਆ ਹੈ॥ ਹੁਣ ਆਂਵਦਾ ਹੈ॥ ਤਬ ਗੁਰ ਨਾਨਕ ਤੀਜੀ ਪਉੜੀ ਆਖੀ

---

1. ਇਸ ਸਹੀ ਪਾਠ ਨੂੰ ਭਾਈ ਵੀਰ ਸਿੰਘ ਹੋਰਾਂ "ਕਰਦੇ ਹੈਨ" ਵਿਚ ਬਦਲ ਦਿੱਤਾ ਜੋ ਨਿਰਾਧਾਰ ਸੰਪਾਦਕੀ ਦਖ਼ਲ ਹੈ। ਵੇਖੋ, *ਸਾਖੀ ਮਹਲ ਪਹਿਲੇ ਕੀ*, ਅੰਮ੍ਰਿਤਸਰ 2014, ਪੰਨਾ 179.
2. ਸਿ.ਹ-ਲ. ਸਕਦੇ ਨਾਹੀ। ਪਾਠ ਵਿਚਲਨ, ਹਾ.ਨੂ., ਸੈ.ਹ-ਲ.: ਆਪਣੀ ਖੇਤੀ ਦੀ ਸਭ ਸੋਝੀ ਰੱਖਦੇ ਹਾਂ ਪਰਾਈ ਦੀ ਸਾਰ...ਅਣਚਾਹਿਆ ਦਖ਼ਲ ਹੈ।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 595.
4. *ਉਹੀ*, ਪੰਨਾ 595.

Scanned by CamScanner

[1]ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥੩॥[1]

ਤਬ ਫੇਰ ਕਾਲੂ ਆਖਿਆ ਨਾਨਕ ਤੂ ਅਸਾਥਹੁ ਗਇਆ ਹੈ॥ ਪਰ ਤੂ ਜਾਹਿ ਚਾਕਰੀ ਕਰ॥ ਦੌਲਤਖਾਨ ਕਾ ਮੋਦੀ ਤੇਰਾ ਬਹਿਣੋਈ ਹੈ॥ ਚਾਕਰੀ ਕਰਦਾ ਹੈ॥ ਤੂੰ ਭੀ ਜਾਇ ਜੈਰਾਮ ਨਾਲ ਚਾਕਰੀ ਕਰ॥ ਮਤ ਤੇਰਾ ਆਤਮਾ ਓਥੈ ਟਿਕੈ॥ ਅਸਾਂ ਤੇਰਾ ਖਟਨ ਛਡਿਆ ਹੈ॥ ਬੇਟਾ ਜੇ ਕਰ ਤੂ ਉਦਾਸ ਹੋਇ ਕਰ ਵੈਸੀ ਤਾਂ ਸਭ ਕੋਈ ਆਖਸੀ ਜੋ ਕਾਲੂ ਦਾ ਪੁਤ੍ਰ ਫਕੀਰ ਹੋਇ ਗਇਆ॥ ਲੋਕ ਮੇਹਣੇ ਦੇਸਨ॥ ਤਬ ਗੁਰੂ ਨਾਨਕ ਜੀ ਪਉੜੀ ਚਉਥੀ ਆਖੀ

[2]ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥੨॥[2]

ਤਬ ਫਿਰ ਬਾਬਾ ਬੋਲਿਆ॥ ਆਖਿਓਸੁ ਪਿਤਾ ਜੀ ਅਸਾਡੀ ਖੇਤੀ ਬੀਜੀ ਸੁਣੀ ਆ ਕਿਉ॥ ਪਿਤਾ ਜੀ ਅਸਾਡੀ ਖੇਤੀ ਖਰੀ ਜੰਮੀ ਹੈ॥ ਅਸਾਂ ਇਸ ਖੇਤੀ ਦਾ ਇਤਨਾ ਆਸਰਾ ਹੈ ਜੋ ਹਾਸਲੁ ਦੀਵਾਨ ਸਭ ਉਤਰੇਗਾ॥ ਤਲਬ ਕੋਈ ਨਾ ਕਰੇਗਾ॥ ਪੁਤ੍ਰ ਧੀਆ ਸੁਖਾਲੇ ਹੋਵਨਿਗੇ॥ ਅਤੇ ਫਕੀਰ ਭਿਰਾਉ ਭਾਈ ਸਭ ਕੋਈ ਵਰੁਸਾਵੈਗਾ॥ ਜਿਸੁ ਸਾਹਿਬ ਦੀ ਮੈਂ ਕਿਰਸਾਣੀ ਵਾਹੀ ਹੈ ਸੋ ਮੇਰਾ ਬਹੁਤੁ ਖਸਮਾਨਾ ਕਰਦਾ ਹੈ॥ ਜਿਸੁ ਦਿਨ ਦੀ ਉਸ ਦੇ ਨਾਲ ਬਣੀ ਹੈ ਤਿਸ ਦਿਨ ਦਾ ਬਹੁਤੁ ਖੁਸੀ ਰਹੰਦਾ ਹਾਂ॥ ਜੋ ਕਿਛੁ ਮੰਗਦਾ ਹਾਂ ਸੋ ਦੇਂਦਾ ਹੈ॥ ਪਿਤਾ ਜੀ ਅਸਾਂ ਏਵਡੁ ਸਾਹਿਬੁ [3]ਟੋਲਿ ਲਧਾ[3] ਹੈ॥ ਸਉਦਾਗਰੀ ਚਾਕਰੀ ਹਟੁ ਪਟਣੁ ਸਭੁ ਸਉਪ ਛਡਿਆ ਹੈਸੁ॥

ਤਬ ਕਾਲੂ ਹੈਰਾਨੁ ਹੋਇ ਗਇਆ॥ ਆਖਿਓਸੁ ਬੇਟਾ ਤੇਰਾ ਸਾਹਿਬੁ ਅਸਾਂ ਡਿਠਾ ਸੁਣਿਆ ਕਿਛੁ ਨਾਹੀਂ॥ ਤਬਿ ਗੁਰੂ ਬਾਬੇ ਨਾਨਕ ਆਖਿਆ ਪਿਤਾ ਜੀ ਜਿਨਾ ਮੇਰਾ ਸਾਹਿਬੁ ਡਿਠਾ ਹੈ ਤਿਨਾ ਸਲਾਹਿਆ ਹੈ॥ ਤਬਿ ਗੁਰੂ ਨਾਨਕ ਹਿਕੁ ਸਬਦੁ ਉਠਾਇਆ ਰਾਗੁ ਆਸਾ ਵਿਚ ਮਹਲਾ ੧ ਚਉਪਦੇ ਘਰੁ ੨॥

[4]ਸੁਣਿ ਵਡਾ ਆਖੈ ਸਭ ਕੋਇ॥
ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥[4]

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 595.
2. *ਉਹੀ*, ਪੰਨੇ 595-96.
3. ਸੈ.ਹ-ਲ.: ਪਾਇਆ ਹੈ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 348-49.

Scanned by CamScanner

[1]ਗਿਆਨੀ ਧਿਆਨੀ ਗੁਰ ਗੁਰ ਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆਂ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥੧॥'

ਤਬਿ ਫਿਰਿ ਕਾਲੂ ਕਹਿਆ ਏਹ ਗਲਾਂ ਛਡਿ ਲੋਕਾਂ ਦਾ ਮਾਰਗੁ ਪਕੜੁ ॥ ਕਿਰਤਿ ਬਿਨਾ ਜੀਵਣੁ ਥੋੜਾ ਹੈ ॥ ਫਿਰਿ ਬਾਬਾ ਨਾਨਕੁ ਚੁਪ ਕਰਿ ਰਹਿਆ ॥ ਕਾਲੂ ਉਠਿ ਗਇਆ ॥ ਜਾਇ ਆਪਣੀ ਕਿਰਤਿ ਲਗਾ ॥ ਆਖਿਓਸੁ ਏਹੁ ਅਸਾਡੇ ਕੰਮਹੁ ਕਾਜੋ ਗਇਆ ॥ ਪਰੁ ਬਾਹਰੋ ਖੇਤੀ ਉਜੜੇ ਨਾਹੀ ॥

[2]ਤਬਿ ਮਾਤਾ ਆਈ ॥ ਆਇਕ ਕਰਿ ਲਗੀ ਉਪਦੇਸਨਿ ॥ ਆਖਿਓਸੁ ਬੇਟਾ ਤੂ ਚਾਰਿ ਦਿਨਿ ਨਾਮੁ ਵਿਸਾਰਿ ਦੇਹਿ ਅਤੈ ਉਠਿ ਖੜਾ ਹੋਹੁ ॥ ਕਪੜੇ ਲਾਇ ਗਲੀ ਕੂਚੈ ਫਿਰਿ ਜੋ ਲੋਕਾਂ ਦਾ ਵਿਸਾਹੁ ਹੋਵੈ ॥ ਸਭ ਕੋਈ ਆਖੈ ਜੋ ਕਾਲੂ ਦਾ ਪੁਤ੍ਰ ਚੰਗਾ ਹੋਆ ॥ ਤਬ ਬਾਬਾ ਬੋਲਿਆ ਸਬਦੁ ਰਾਗ ਆਸਾ ਮਹਲਾ ੧ ॥

[3]ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥
ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥
ਦੇਂਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥੪॥੨॥'

ਤਬਿ ਮਾਤਾ ਉਠਿ ਗਈ ਜਾਇ ਖਬਰਿ ਕੀਤੀ ਪਰਵਾਰ ਵਿਚਿ[2] ॥ ਤਬ ਸਾਰਾ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 349.
2. ਇਹ ਸਾਰਾ ਪਾਠ ਸੈਦੋ ਕਿਰਤਕਾਰ ਦਾ ਸ਼ੁਰੂਆਤੀ ਸਿਰਜਣਾਤਮਕ ਦਖ਼ਲ ਹੈ।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 349.

Scanned by CamScanner

ਪਰਵਾਰੁ ਸਭੁ ਕੁਟੰਬੁ ਵੇਦੀਆਂ ਕਾ ਲਾਗਾ ਝੂਰਣਿ॥ ਆਖਣ ਲਗੇ ਜੋ ਵਡਾ ਹੈਫੁ ਹੋਆ ਜੋ ਕਾਲੂ ਦਾ ਪੁਤ੍ਰ ਦਿਵਾਨਾ ਹੋਆ॥

7.

[ਵੈਦ ਪਰਥਾਇ]

[1][ਤਬਿ ਬਾਬਾ ਨਾਨਕੁ ਚੁਪ ਕਰਿ ਰਹਿਆ॥ ਮਹੀਨੇ ਤਿਨਿ ਅੰਦਰ ਪਿਆ ਰਹਿਆ॥ ਖਾਵੈ ਪੀਵੈ ਕਿਛੁ ਨਾਹੀ][1]॥ ਸਾਰਾ ਪਰਵਾਰੁ ਵੇਦੀਆਂ ਕਾ ਓਦਰਿਆ॥ ਸਭੇ ਲਗੇ ਆਖਿਣਿ ਕਾਲੂ ਤੂ ਕਿਆ ਬੈਠਾ ਹੈ ਜਿਸ ਦਾ ਪੁਤ੍ਰ ਪਇਆ ਹੈ॥ ਤੂ ਕੋਈ ਵੈਦੁ ਸਦਿ ਲੈ॥ ਕਿਛੁ ਦਾਰੂ ਕਰਿ॥ ਕਿਆ ਜਾਪੇ ਕਖ ਦੇ ਓਲੈ ਲਖੁ ਹੈ॥ [2][ਲੋਕ ਆਖੇਗਾ ਜੋ ਕਾਲੂ ਪੰਜੀਹਾਂ ਵਾਸਤੇ ਪੁਤ੍ਰ ਦਾ ਇਲਾਜ ਨਾਂਹੀ ਕਰਦਾ।][2] ਤੇਰਾ ਪੁਤ੍ਰ ਚੰਗਾ ਹੋਵੇਗਾ ਤਾਂ ਪੰਜੀਹੇ ਕਿਤਨੇ ਹੋਵਨਗੇ॥ ਤਬ ਕਾਲੂ ਉਠਿ ਖੜਾ ਹੋਆ॥ ਜਾਇ ਕਰੁ ਵੈਦੁ ਸਦਿ ਘਿਨਿ ਆਇਆ॥ ਤਬਿ ਵੈਦੁ ਆਇ ਖੜਾ ਹੋਇਆ॥ ਤਬਿ ਗੁਰੂ ਨਾਨਕ ਕੀ ਬਾਹ ਪਕੜਿ ਲਗਾ ਨਾਟਕਾ ਦੇਖਣਿ॥ ਤਬ ਗੁਰੁ ਨਾਨਕ ਬਾਹੁ ਖਿਚਿ ਘਿਧੀ[3]॥ ਪਗ ਛਿਕਿ ਕਰਿ ਉਠ ਬੈਠਾ॥ ਆਖਣਿ ਲਗਾ ਰੇ ਵੈਦ ਤੂੰ ਕਿਆ ਕਰਦਾ ਹੈ॥

ਤਬਿ ਵੈਦ ਕਹਿਆ ਜੋ ਕਿਛੁ ਤੇਰੇ ਆਤਮੈ ਰੋਗੁ ਹੋਵੈ ਸੋ ਵੇਖਦਾ ਹਾਂ॥ ਤਬ ਬਾਬਾ ਹਸਿਆ॥ ਸਲੋਕ ਦਿਤੋਸੁ

[4]ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥[4]
[5]ਜਾਹਿ ਵੈਦਾ ਘਰਿ ਆਪਣੈ ਮੇਰੀ ਆਹਿ ਨਾ ਲੇਹਿ॥
ਹਮਿ ਰਤੇ ਸਹਿ ਆਪਣੇ ਤੂ ਕਿਸੁ ਦਾਰੂ ਦੇਹਿ॥[5]
[6]ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥[6]
[5]ਦੁਖੁ ਲਾਗੈ ਦਾਰੂ ਘਣਾ ਵੈਦੁ ਖੜੋਆ ਆਇ॥
ਕਾਇਆ ਰੋਵੈ ਹੰਸੁ ਪੁਕਾਰੈਂ ਵੈਦਿ ਨ ਦਾਰੂ ਲਾਇ॥
ਜਾਹਿ ਵੈਦਾ ਘਰਿ ਆਪਣੈ ਜਾਣੇ ਕੋਇ ਮਕੋਇ॥
ਜਿਨਿ ਕਰਤੇ ਦੁਖੁ ਲਾਇਆ ਨਾਨਕ ਲਾਹੈ ਸੋਇ॥੧॥[5]

ਤਬ ਗੁਰੂ ਬਾਬੇ ਫਿਰਿ ਵੈਦ ਕੈ ਪਰਥਾਇ ਏਕੁ ਸਬਦੁ ਕੀਤਾ। ਰਾਗੁ ਮਲਾਰ ਵਿਚਿ॥ ਸਬਦ ਮ ੧

[7]ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੋਲੇ ਦਾਰੂ ਲਾਇ॥੧॥[7]

---

1. ਪਾਠ ਸਾ.ਮ.ਪ. ਦਾ। *ਪੁਰਾਤਨ* ਦਾ ਪਾਠ ਕਾਤਬੀ ਦਖ਼ਲਾਂ ਕਾਰਨ ਵਿਰਲਿਆ ਹੋਇਆ ਹੈ।
2. ਪਾਠ ਸਾ.ਮ.ਪ. ਦਾ। ਕਾਤਬੀ ਭੁੱਲ ਦੀ ਸੁਧਾਈ ਨਾਲ ਪਾਠ ਦੀ ਤਰਤੀਬ ਸੂਤ ਬੈਠਦੀ ਹੈ।
3. ਸਿ.ਹ-ਲ : ਘਿਨੀ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1279.
5. ਇਹ ਗੁਰਬਾਣੀ ਨਹੀਂ।
6. ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1279.
7. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1256.

Scanned by CamScanner

[1]ਵੈਦ ਨ ਭੋਲੇ ਦਾਰੂ ਲਾਇ॥
ਦਰਦੁ ਹੋਵੈ ਦੁਖੁ ਰਹੈ ਸਰੀਰ॥
ਐਸਾ ਦਾਰੂ ਲਗੈ ਨ ਬੀਰ॥੧॥ਰਹਾਉ॥
ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥
ਵੈਦ ਨ ਭੋਲੇ ਦਾਰੂ ਲਾਇ॥੨॥
ਚੰਦਨ ਕਾ ਫਲੁ ਚੰਦਨ ਵਾਸੁ॥
ਮਾਣਸ ਕਾ ਫਲੁ ਘਟ ਮਹਿ ਸਾਸੁ॥
ਸਾਸਿ ਗਇਐ ਕਾਇਆ ਢਲਿ ਪਾਇ॥
ਤਾ ਕੈ ਪਾਛੈ ਕੋਇ ਨ ਖਾਇ॥੩॥
ਕੰਚਨ ਕਾਇਆ ਨਿਰਮਲ ਹੰਸੁ॥
ਜਿਸੁ ਮਹਿ ਨਾਮੁ ਨਿਰੰਜਨ ਅੰਸੁ॥
ਦੂਖ ਰੋਗ ਸਭਿ ਗਇਆ ਗਵਾਇ॥
ਨਾਨਕ ਛੂਟਸਿ ਸਾਚੈ ਨਾਇ॥੪॥੨॥੭॥[1]
ਮਲਾਰ ਮਹਲਾ ੧॥
[2]ਦੁਖ ਮਹੁਰਾ ਮਾਰਣ ਹਰਿ ਨਾਮੁ॥
ਸਿਲਾ ਸੰਤੋਖ ਪੀਸਣੁ ਹਥਿ ਦਾਨੁ॥
ਨਿਤ ਨਿਤ ਲੇਹੁ ਨ ਛੀਜੈ ਦੇਹ॥
ਅੰਤ ਕਾਲਿ ਜਮੁ ਮਾਰੈ ਠੇਹ॥੧॥
ਐਸਾ ਦਾਰੂ ਖਾਹਿ ਗਵਾਰ॥
ਜਿਤੁ ਖਾਧੈ ਤੇਰੇ ਜਾਹਿ ਵਿਕਾਰ॥੧॥ਰਹਾਉ॥
ਰਾਜੁ ਮਾਲੁ ਜੋਬਨੁ ਸਭੁ ਛਾਂਵ॥
ਰਥਿ ਫਿਰੰਦੈ ਦੀਸਹਿ ਥਾਵ॥
ਦੇਹ ਨ ਨਾਉ ਨ ਹੋਵੈ ਜਾਤਿ॥
ਓਥੈ ਦਿਹੁ ਐਥੈ ਸਭ ਰਾਤਿ॥੨॥
ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ॥
ਕਾਮੁ ਕ੍ਰੋਧੁ ਅਗਨੀ ਸਿਉ ਮੇਲੁ॥
ਹੋਮ ਜਗ ਅਰੁ ਪਾਠ ਪੁਰਾਣ॥
ਜੋ ਤਿਸੁ ਭਾਵੈ ਸੋ ਪਰਵਾਣ॥੩॥
ਤਪੁ ਕਾਗਦੁ ਤੇਰਾ ਨਾਮੁ ਨੀਸਾਨੁ॥
ਜਿਨ ਕਉ ਲਿਖਿਆ ਏਹੁ ਨਿਧਾਨੁ॥
ਸੇ ਧਨਵੰਤ ਦਿਸਹਿ ਘਰਿ ਜਾਇ॥
ਨਾਨਕ ਜਨਨੀ ਧੰਨੀ ਮਾਇ॥੪॥੩॥੮॥[2]

ਤਬਿ ਵੈਦੁ ਡਰਿ ਹਟਿ ਖੜਾ ਹੋਆ॥ ਆਖਿਓਸੁ ਭਾਈ ਇਸ ਨੋ ਰੋਗ ਕਿਛੁ ਨਾਹੀ॥ ਤੁਸੀਂ ਚਿੰਤਾ ਕਿਛੁ ਨਾ ਕਰਹੁ॥ ਏਹੁ ਪਰਿ ਦੁਖੁ ਭੰਜਨ ਹੈ॥][3][ਤਬਿ ਬਾਬੈ ਸਬਦੁ ਉਠਾਇਆ॥ ਰਾਗੁ ਗਉੜੀ ਵਿਚਿ ਮ ੧

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1256.
2. *ਉਹੀ*, ਪੰਨਾ 1256.
3. ਖਾ.ਹ-ਲ, ਸੈ. ਹ.ਲ, ਹਾ. ਨੁ. ਵਾਧੂ ਪਾਠ ਹੈ: ਤਬ ਵੈਦ ਨਮਸਕਾਰ ਕਰ ਵਿਦਾ ਹੋਇਆ।

Scanned by CamScanner

[1]ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥੧॥
ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥
ਕਹੇ ਨ ਜਾਨੀ ਅਉਗਣ ਮੇਰੇ॥੧॥ਰਹਾਉ॥
ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥੨॥
ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥੩॥
ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ॥
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ॥੪॥
ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥
ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥੬॥੫॥੧੭॥[1]

8.

[ਸੁਲਤਾਨਪੁਰੋਂ ਸੱਦਾ]

ਤਬਿ ਆਗਿਆ ਪਰਮੇਸਰ ਕੀ ਹੋਈ ਜੋ ਗੁਰੂ ਨਾਨਕ ਬਾਹਰਿ ਆਇਆ॥ ਤਾਂ ਬਾਬੇ ਨਾਨਕ ਦਾ ਬਹਨੋਯਾ ਜੈਰਾਮੁ ਥਾ॥ ਨਵਾਬ ਦਉਲਤ ਖਾਨ ਦਾ ਮੋਦੀ॥ ਜੈਰਾਮ ਸੁਣਿਆਂ ਜੋ ਨਾਨਕੁ ਹੈਰਾਨ ਰਹੰਦਾ ਹੈ॥ ਕੰਮੁ ਕਾਜ ਕਿਛੁ ਨਹੀਂ ਕਰਦਾ॥ ਤਬਿ ਉਸਿ ਕਿਤਾਬਤ ਲਿਖੀ ਜੋ ਨਾਨਕ ਤੂ ਅਸਾਂ ਨੋ ਮਿਲੈ॥ ਤਬਿ ਇਹ ਕਿਤਾਬਤ ਗੁਰੂ ਨਾਨਕ ਪੜੀ॥ ਆਖਿਓਸੁ ਹੋਵੈ ਤਾ ਜੈਰਾਮ ਜੋਗੁ ਮਿਲਹਿ॥ ਤਬਿ ਘਰਿ ਦਿਆਂ ਆਦਮੀਆਂ ਆਖਿਆ ਜੋ ਇਹੁ ਜਾਵੈ ਤਾ ਭਲਾ ਹੋਵੈ॥ ਮਤੁ ਇਸ ਦਾ ਮਨੁ ਊਹਾ ਟਿਕੈ॥ ਤਬਿ ਗੁਰੂ ਨਾਨਕ ਸੁਲਤਾਨ ਪੁਰ ਕਉ ਲਗਾ ਪਹੁੰਚਣ॥ ਤਬਿ ਬਾਬਾ ਜੀ ਉਠਿ ਚਲਿਆ॥

ਤਬਿ ਬਾਬੇ ਦੀ ਇਸਤ੍ਰੀ ਲਗੀ ਬੈਰਾਗੁ ਕਰਣ॥ ਆਖਿਓਸੁ ਜੀ ਤੂ ਅਸਾ ਜੋਗੁ ਅਗੈ ਨਾਹਿ ਸੀ ਮੁਹਿ ਲਾਇਦਾ ਪਰਦੇਸਿ ਗਇਆ ਕਿਉਂ ਕਰਿ ਆਵਹਿਗਾ॥ ਤਬ ਬਾਬੇ ਆਖਿਆ ਭੋਲੀਏ ਅਸੀ ਇਥੇ ਕਿਆ ਕਰਦੇ ਆਹੇ॥ ਅਰੁ ਓਥੈ ਕਿਆ ਕਰਹਗੇ॥ ਅਸੀ [2]ਤੁਸਾਡੇ ਕਿਤੈ ਕਮਿ ਨਾਹੀ[2]॥ ਤਬਿ ਓਨਿ ਫਿਰਿ ਬੇਨਤੀ ਕੀਤੀਆਸੁ ਜੋ ਤੁਸੀ ਘਰਿ ਬੈਠੇ ਹੋਦੇ ਆਹੇ ਤਾ ਮੇਰੇ ਭਾਣੇ ਸਾਰੇ ਜਹਾਨ ਦੀ ਪਤਿਸਾਹੀ ਹੋਂਦੀ ਆਹੀ॥ ਜੀ ਏਹੁ ਸੰਸਾਰੁ ਮੇਰੇ ਕਿਤੇ ਕੰਮਿ ਨਾਹੀ॥ ਤਬਿ ਗੁਰੂ ਮਿਹਰਵਾਨੁ ਹੋਆ॥ ਆਖਿਓਸੁ ਤੂ ਚਿੰਤਾ ਕਿਛੁ ਨ ਕਰ॥ ਦਿਨੁ ਦਿਨੁ ਤੇਰੀ ਪਤਿਸਾਹੀ ਹੋਵੈਗੀ॥ ਤਬਿ ਓਨਿ ਕਹਿਆ॥ ਜੀ ਮੈ ਪਿਛੈ ਰਹੰਦੀ ਨਾਹੀ॥ ਮੈਨੂੰ ਨਾਲੈ ਲੇ ਚਲੁ॥ ਤਬਿ ਬਾਬੇ ਆਖਿਆ ਪਰਮੇਸਰ ਕੀਏ॥ [3]ਹੁਣ ਤਾਂ ਮੈ ਜਾਂਦਾ ਹਾਂ[3]॥ ਜੇ ਮੇਰੇ ਰੁਜਗਾਰ ਦੀ ਕਾਈ ਬਣਸੀ ਤਾ ਮੈ ਸਦਾਇ ਲੈਸਾਂ॥ ਤੂ ਆਗਿਆ ਮਨਿ ਲੈ॥ ਤਬਿ ਓਹੁ ਚੁਪ ਕਰਿ ਰਹੀ॥ ਤਬਿ ਗੁਰੂ ਨਾਨਕ ਭਾਈਆਂ ਬੰਧਾ ਪਾਸੂ ਬਿਦਾ ਕੀਤਾ[4]॥ ਸੁਲਤਾਨ ਪੁਰ ਕਉ ਚਲਿਆ॥

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 156.
2. ਹਾ. ਨੁ., ਸੈ.ਹ-ਲ : ਤੁਸਾਡਿਅਹੁ ਕਮਹੁ ਗਏ।
3. ਸਾ.ਮ.ਪ. : ਹਉ ਜਾਦਾ ਹਾਂ; ਹਾ.ਨੁ., ਸੈ.ਹ-ਲ. : ਮੈ ਜਾਂਦਾ ਹਾਂ।
4. ਸਾ.ਮ.ਪ. : ਕੀਤੀ ਸੁ; ਹਾ.ਨੁ., ਸੈ.ਹ-ਲ. : ਵਿਦਿਆ ਹੋਇਆ।

9.
[ਮੋਦੀਖਾਨੇ ਦੀ ਸੇਵਾ]

ਜਾ][1][ਸੁਲਤਾਨ ਪੁਰ ਕਉ ਗਇਆ ॥ ਤਬ ਜੈਰਾਮ ਕਉ ਮਿਲਿਆ ॥ ਜੈਰਾਮ ਬਹੁਤੁ ਖੁਸੀ ਹੋਆ ॥ ਆਖਿਓਸੁ ਭਾਈ ਵੈ ॥ ਨਾਨਕ ਚੰਗਾ ਭਲਾ ਹੈ ॥ ਤਬਿ ਜੈਰਾਮੁ ਦਰਬਾਰਿ ਗਇਆ ॥ ਜਾਇ ਕਰ ਦਉਲਤ ਖਾਨ ਜੋਗ ਅਰਜੁ ਕੀਤੋਸੁ ॥ ਆਖਿਓਸੁ ਨਾਬਾਬੁ ਸਲਾਮਤ ਮੇਰਾ ਇਕੁ ਸਾਲਾ ਪਿੱਛੋਂ ਆਇਆ ਹੈ ॥ [2][ਬਹੁਤ ਖੂਬ ਪੜਿਆ ਹੈ][2] ਨਬਾਬ ਜੋਗੁ ਮਿਲਿਆ ਚਾਂਹਦਾ ਹੈ ॥ ਤਬਿ ਦਉਲਤ ਖਾਨ ਕਹਿਆ ਜਾਇ ਘਿੰਨਿ ਆਣੁ ॥ ਤਬਿ ਜੈਰਾਮੁ ਆਇ ਕਰਿ ਗੁਰੂ ਨਾਨਕ ਜੋਗੁ ਘਿੰਨਿ ਲੇ ਗਇਆ ॥ ਕਿਛੁ ਪੇਸ਼ਕਸੀ ਆਗੈ ਰਖਿ ਕਰਿ ਮਿਲਿਆ ॥ ਖਾਨੁ ਬਹੁਤੁ ਖੁਸੀ ਹੋਇਆ ਖਾਨ ਕਹਿਆ ਇਸ ਕਾ ਨਾਉ ਕਿਆ ਹੈ ॥ ਤਬਿ ਜੈਰਾਮ ਅਰਜ ਕੀਤੀ ॥ ਜੀ ਇਸ ਕਾ ਨਾਉ ਨਾਨਕ ਹੈ ॥ ਤਬਿ ਖਾਨ ਕਹਿਆ ॥ ਏਹ ਭਲਾ ਦਿਆਨਤਦਾਰੁ ਨਦਰਿ ਆਵਦਾ ਹੈ ॥ ਮੇਰਾ ਕੰਮੁ ਇਸ ਕੈ ਹਵਾਲੇ ਕਰਹੁ ॥ ਤਬਿ ਗੁਰੂ ਨਾਨਕ ਖੁਸੀ ਹੋਇ ਕਰ ਮੁਸਕਾਇਆ ॥ ਖਾਨਿ ਸਿਰੋਪਾਉ ਦਿਤਾ ॥

ਤਬਿ ਗੁਰੂ ਨਾਨਕੁ ਤੈ ਜੈਰਾਮੁ ਘਰਿ ਆਏ ॥ ਲਗੇ ਕਮੁ ਕਰਿਣ ॥ ਐਸਾ ਕੰਮੁ ਕਰਨਿ ਜੋ ਸਭੁ ਕੋਈ ਖੁਸੀ ਹੋਵੈ ॥ ਸਭੁ ਲੋਕ ਆਖਨਿ ਜੋ ਵਾਹੁ ਵਾਹੁ ਕੋਈ ਭਲਾ ਹੈ ॥ ਸਭ ਕੋ ਖਾਨ ਅਗੈ ਸੁਪਰਾਸ ਕਰੇ ॥ ਖਾਨੁ ਬਹੁਤੁ ਖੁਸੀ ਹੋਆ ॥ ਅਰੁ ਜੋ ਕਿਛੁ ਅਲੂਫਾ ਗੁਰੂ ਨਾਨਕ ਜੋਗੁ ਮਿਲੇ ਖਾਵੈ ਸੋ ਖਾਵੈ ਹੋਰੁ ਪਰਮੇਸਰ ਕੇ ਅਰਥਿ ਦੇਵੈ ॥ ਅਤੇ [3]ਰਾਤਿ ਨਿਤਾਪ੍ਰਤਿ[3] ਕੀਰਤਨੁ ਹੋਵੈ ॥ ਪਿਛੋਂ ਮਰਦਾਨਾ ਡੂਮੁ ਆਇਆ ॥ ਤਲਵੰਡੀਓਂ ਆਇ ਬਾਬੇ ਨਾਲਿ ਟਿਕਿਆ ॥ ਅਰੁ ਹੋਰੁ ਪਿਛੋਂ ਆਵਨਿ [4]ਤਿਨਾ ਤਾਈ ਖਾਨ ਜੋਗ[4] ਮਿਲਾਇ ਅਲੂਫਾ ਕਰਾਇ ਦੇਵੈ ॥ ਸਭਿ ਰੋਟੀਆਂ ਖਾਵਨਿ ॥ ਗੁਰੂ ਨਾਨਕ ਕੈ ਪ੍ਰਸਾਦਿ ਸਭਿ ਖੁਸੀ ਹੋਏ ॥ ਅਰੁ ਜਾਂ ਬਾਬੈ ਦੀ ਰਸੋਈ ਹੋਵੈ ਤਾ ਸਭ ਆਇ ਬਹਿਨਿ ਅਤੇ ਰਾਤਿ ਨਿਤਾਪ੍ਰਤਿ ਕੀਰਤਨੁ ਹੋਵੇ ॥ ਜਿਥੈ ਪਹਰੁ ਰਾਤਿ ਰਹੈ ਤਿਥੈ ਬਾਬਾ ਦਰੀਆਇ ਜਾਵੇ ਇਸਨਾਨੁ ਕਰਣਿ ॥ ਅਰੁ ਜਾਂ ਪ੍ਰਭਾਤਿ ਹੋਵੈ ਤਾ ਕਪੜੇ ਲਾਇਕੈ[5] ਤਿਲਕੁ ਚੜਾਇ ਕਰਿ [6]ਦਰਬਾਰਿ [ਆਏ][7] ਦਫਤਰ ਘਿੰਨਿ[6] ਲਿਖਣ ਬਹੈ ॥

10.
[ਵੇਈਂ ਵਰਤਾਰਾ]

ਇਕਿ ਦਿਨਿ ਆਗਿਆ ਪਰਮੇਸਰ ਕੀ ਹੋਈ ॥ ਜੋ ਨਿਤਾਪ੍ਰਤਿ ਦਰੀਆਉ [ਇਕਲਾ

---

1. ਹਾ.ਨੁ. ਵਾਧੂ ਪਾਠ : ਭਾਣਾ ਤਾਂ।
2. ਇਹ ਪਾਠ ਹਰ ਹੱਥ-ਲਿਖਤ ਖਰੜੇ ਵਿਚ ਪ੍ਰਾਪਤ ਹੈ।
3. ਬੀ.6 : ਨਿਤਾਪ੍ਰਤਿ ਰਾਤਿ ਕਉ।
4. ਬੀ.6 : ਤਿਨਾ ਜੋਗੁ ਖਾਨ ਤਾਈ (ਕਾਤਬੀ ਸ਼ਬਦ ਪਲਟਾ)।
5. ਖਾ.ਹ-ਲ. : ਪੈਨਿਕੈ; ਹਾ.ਨੁ., ਸੈ.ਹ-ਲ : ਲਾਇ ਕਰਿ।
6. ਖਾ.ਹ-ਲ. : ਦਰਬਾਰ ਜਾਵੈ ਦਫਤਰ ਖੋਲ ਕਰ; ਹਾ.ਨੁ., ਸੈ.ਹ-ਲ : ਦਰਬਾਰ ਫੁਰਮਾਨ ਲੈ ਕਰਿ; ਸਿ.ਹ-ਲ., ਪੰ.ਹ-ਲ. : ਦਰਬਾਰਿ ਦਫਤਰ ਮਾਨ; ਬੀ.6., ਪੁਰਾਤਨ : ਦਰਬਾਰਿ ਦਫਤਰ ਮਨਾ ਘਿੰਨਿ। ਇਹ ਸਾਰੇ ਪਾਠ-ਵਿਗਾੜ ਤੁਕਹੀਣ ਹੋਣ ਕਾਰਨ ਰੱਦਣਯੋਗ ਹਨ।
7. ਪਾਠ ਸਾ.ਮ.ਪ. ਦਾ।

Scanned by CamScanner

ਨਾਵਣ][1] ਵੇਦ ਆਹਾ ਸੁ ਇਕਿ ਦਿਨਿ ਇਕੁ ਖਿਜਮਤਿਦਾਰੁ ਲੈ ਕਰਿ ਗਇਆ॥ ਕਪੜੇ ਲਾਹਿ ਕਰਿ ਖਿਜਮਤਿਦਾਰ ਕੇ ਹਵਾਲੇ ਕੀਤੇ ਆਪਿ ਨਾਵਣਿ ਪਇਆ॥ ਜਿਉਂ ਪਇਆ ਤਿਉਂ ਆਗਿਆ [2]ਪਰਮੇਸਰ ਕੀ[2] ਨਾਲਿ ਸੇਵਕ ਲੈ ਗਏ ਦਰਗਾਹ ਪਰਮੇਸਰ ਕੀ॥ ਸੇਵਕਾਂ ਜਾਇ ਅਰਜ਼ ਕੀਤੀ ਜੀ ਨਾਨਕ ਹਾਜਰੁ ਹੈ। ਤਬਿ ਸਚੀ ਦਰਗਾਹੁ ਦਰਸਨੁ ਹੋਆ॥ ਸਾਹਿਬ ਮਿਹਰਵਾਨੁ ਹੋਆ॥

ਤਬਿ ਓਹੁ ਖਿਜਮਤਦਾਰੁ ਕਪੜਿਆਂ ਉਤੇ ਖੜਾ ਆਹਾ ਸੋ ਖੜਾ ਖੜਾ ਹੁਟਿ ਗਇਆ॥ ਓਨਿ ਆਖਿਆ ਜੋ ਨਾਨਕੁ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ ਨਾਹੀਂ॥ ਓਸਿ ਆਇ ਖਾਨ ਪਾਸਿ ਅਰਜੁ ਕੀਤੋਸੁ॥ ਖਾਨ ਸਲਾਮਤਿ ਨਾਨਕ ਦਰੀਆਉ ਵਿਚਿ ਪਇਆ ਆਹਾ ਸੋ ਨਿਕਲਿਓ ਨਹੀਂ॥ ਤਬਿ ਖਾਨੁ ਅਸਵਾਰੁ ਹੋਇਆ ਬਾਹਰਿ ਆਇਆ॥ ਦਰੀਆਉ ਉਪਰਿ ਆਇਆ[3] ਮਲਾਹ ਬੁਲਾਏ ਅਰੁ ਜਾਲਬੰਧਿ ਪਵਾਏ॥ ਤਬਿ ਮਲਾਹ ਸੋਧਿ ਥਕੈ ਪਰੁ ਲਧੋ ਨਾਹੀਂ॥ ਤਬਿ ਖਾਨੁ ਬਹੁਤੁ ਦਲਗੀਰੁ ਹੋਆ॥ ਫਿਰਿ ਅਸਵਾਰੁ ਹੋਆ॥ ਆਖਿਓਸੁ ਨਾਨਕੁ ਭਲਾ ਵਜੀਰੁ ਥਾ॥ ਖਾਨੁ ਘਰਿ ਆਇਆ॥

ਆਗਿਆ ਪਰਮੇਸਰ ਕੀ ਹੋਈ ਜੋ ਨਾਨਕੁ ਭਗਤੁ ਹਾਜਰੁ ਹੋਆ ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ॥ ਹੁਕਮੁ ਹੋਆ ਨਾਨਕ ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ ਤੂ ਪੀਉ॥ ਤਬਿ ਗੁਰੂ ਨਾਨਕ ਤਸਲੀਮ ਕੀਤੀ ਪਿਆਲਾ ਪੀਤਾ॥ ਸਾਹਿਬੁ ਮਿਹਰਵਾਨੁ ਹੋਆ॥ ਨਾਨਕੁ ਮੈਂ ਤੇਰੇ ਨਾਲਿ ਹਾਂ॥ ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈ ਅਰੁ ਜੋ ਤੇਰਾ ਨਾਉ ਲੇਵੈਗਾ ਸੋ ਸਭ ਮੈ ਨਿਹਾਲੁ ਕੀਤੇ ਹੈਨਿ॥ ਤੂ ਜਾਇ ਕਰਿ ਮੇਰਾ ਨਾਮੁ ਜਪਿ ਅਰੁ ਲੋਕਾ ਥੀਂ ਭੀ ਜਪਾਇ॥ ਅਰੁ ਸੰਸਾਰ ਥੀਂ ਨਿਰਲੇਪੁ ਰਹੁ॥ ਨਾਮੁ ਦਾਨੁ ਇਸਨਾਨੁ ਸੇਵਾ ਸਿਮਰਨ ਵਿਚਿ ਰਹੁ॥ ਮੈ ਤੇਰੇ ਤਾਈਂ ਆਪਣਾ ਨਾਮੁ ਦੀਆ ਹੈ॥ ਤੂ ਏਹਾ ਕਿਰਤਿ ਕਰਿ॥ ਤਬਿ ਗੁਰੂ ਨਾਨਕ ਸਲਾਮ[4] ਕੀਤਾ॥ ਖੜਾ ਹੋਆ॥ ਤਬਿ ਹੁਕਮੁ ਆਇਆ॥ ਆਗਿਆ ਹੋਈ ਨਾਨਕ ਮੇਰੇ ਨਾਮ ਦੀ ਵਡਿਆਈ ਕੈਸੀ ਹੈ॥ ਕਹੁ॥ ਤਬ ਬਾਬਾ ਬੋਲਿਆ॥ ਧੁਨਿ ਅਨਹਦੁ ਉਠੀ ਸਿਰੀ ਰਾਗੁ ਮਹਲਾ ੧॥

[5]ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥
ਸਾਚਾ ਨਿਰੰਕਾਰੁ ਨਿਜ ਥਾਇ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥[5]

---

1. ਪਾਠ ਸਾ.ਮ.ਪ. ਦਾ। ਕਾਤਬੀ ਭੁੱਲ ਦੀ ਇਸ ਸੋਧ ਨਾਲ ਪਾਠ ਅਰਥ ਭਰਪੂਰ ਬਣ ਜਾਂਦਾ ਹੈ।
2. ਹਾ.ਨੁ., ਖਾ.ਹ-ਲ., ਸੈ.ਹ-ਲ.: ਪਾਠ ਲੋਪ।
3. ਖਾ.ਹ-ਲ.: ਆਇ ਕੈ।
4. ਹਾ.ਨੁ., ਖਾ.ਹ-ਲ., ਸੈ.ਹ-ਲ.: ਤਸਲੀਮ।
5. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 14.

Scanned by CamScanner

[1]ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥[1]

ਤਬਿ ਫਿਰਿ ਅਵਾਜ ਹੋਆ ॥ ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ ਤੂ ਮੇਰੇ
ਹੁਕਮ ਕੀ ਸਿਫਤਿ ਕਰੁ ॥ ਜੋ]2[ਕਿਆ ਕਿਆ ਹੋਆ ਹੈ ॥ ਅਤੇ [3]ਮੇਰੇ ਦਰਿ ਵਿਚ
ਕਿਆ ਕਿਆ[3] ਸੁਣਿਆ ॥ ਬਜੰਤ੍ਰ ਗਾਵਨਹਾਰੇ ॥ ਤਬਿ ਬਾਬਾ ਬੋਲਿਆ ਧੁਨਿ ਉਠੀ
ਰਾਗੁ ਆਸਾ ਜਪੁ ਮ: ੧ ॥ ਸਲੋਕ

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

[4]ਜਪੁ ਸੰਪੂਰਨੁ ਕੀਤਾ[4] ॥ ਤਬਿ ਫਿਰਿ ਆਗਿਆ ਆਈ ॥ ਹੁਕਮੁ ਹੋਆ ਨਾਨਕ ਜਿਸੁ
ਉਪਰਿ ਤੇਰੀ ਨਦਰਿ ਤਿਸੁ ਉਪਰਿ ਮੇਰੀ ਨਦਰਿ ॥ ਜਿਸੁ ਉਪਰਿ ਤੇਰਾ ਕਰਮੁ ॥ ਤਿਸ
ਉਪਰਿ ਮੇਰਾ ਕਰਮੁ ॥ ਮੇਰਾ ਨਾਉ ਪਾਰਬ੍ਰਹਮ ਪਰਮੇਸਰੁ ਅਰ ਤੇਰਾ ਨਾਉਂ ਗੁਰੂ
ਪਰਮੇਸਰੁ ॥ ਤਬ ਗੁਰੂ ਨਾਨਕ ਪੈਰੀ ਪਇਆ ॥ ਸਿਰਪਾਉ ਦਰਗਾਹੋਂ ਬਾਬੇ ਨੂੰ
ਮਿਲਿਆ ॥ ਸਬਦੁ ਧੁਨਿ ਉਠੀ ਰਾਗੁ ਧਨਾਸਰੀ ਹੋਆ ॥ ਮਹਲਾ ੧

ਆਰਤੀ

[5]ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥[5]

ਤਬਿ ਆਗਿਆ ਉਨਾਂ ਸੇਵਕਾਂ ਨੋ ਹੋਈ ਜੋ ਨਾਨਕ ਕਉ ਉਸੀ ਘਾਟਿ ਪਹੁਚਾਇ
ਆਵਹੁ ॥ ਤਬਿ ਗੁਰੂ ਨਾਨਕ ਕੇ ਤਾਈਂ ਤੀਸਰੇ ਦਿਨਿ ਉਸੀ ਘਾਟਿ ਆਣਿ

---

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 14-15.
2. ਵਾਧੂ ਪਾਠ, ਪੁਰਾਤਨ : ਕਿਸੀ; ਹਾ.ਨੁ., ਸੈ.ਹ-ਲ. : ਜੀ ਜੀਉ ਕਾ ਆਖਿਆ।
3. ਹਾ.ਨੁ., ਸੈ.ਹ-ਲ. : ਮੇਰੀ ਨਦਰਿ ਵਿਚ ਕਿਆ ਆਖਿਆ (ਵਿਚਲਿਆ ਪਾਠ ਰੱਦਣ ਯੋਗ ਹੈ)।
4. ਖ਼ਾ.ਹ-ਲ. ਵਿਚ ਜਪੁਜੀ ਦਾ ਸੰਪੂਰਨ ਪਾਠ ਦਿੱਤਾ ਹੈ, ਬਾਕੀਆਂ ਵਿਚ ਉਪਰੋਕਤ ਸੂਚਨਾ।
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 663.

Scanned by CamScanner

ਨਿਕਾਲਿਆ॥ ਦਰੀਆਉ ਵਿਚੂ ਨਿਕਲਿਆ ਤਬ ਲੋਕਾਂ ਡਿਠਾ॥ ਲੋਕਾਂ ਕਹਿਆ ਯਾਰੋ ਇਹੁ ਤਾ ਦਰੀਆਇ ਵਿਚਿ ਪਇਆ ਆਹਾ॥ ਏਹੁ ਕਿਥੂ ਪੈਦਾ ਹੋਆ॥ ਤਬਿ ਗੁਰੂ ਨਾਨਕੁ [1]ਆਇ ਕਰਿ ਡੇਰੈ ਵਿਚ[1] ਵੜਿਆ॥ ਡੇਰਾ ਲੁਟਾਇ ਦੂਰਿ ਕੀਤੋਸੁ॥ ਲੋਕੁ ਬਹੁਤੁ ਜੁੜਿ ਗਏ॥ ਖਾਨੁ ਭੀ ਆਇ ਗਇਆ॥ ਆਖਿਓਸੁ ਨਾਨਕ ਤੇਰੇ ਤਾਈ ਕਿਆ ਹੋਆ ਹੈ॥ ਤਬਿ ਲੋਕਾ ਕਹਿਆ ਜੀ ਏਹੁ ਦਰੀਆਉ ਵਿਚ ਪਇਆ ਆਹਾ॥ ਦਰੀਆਉ ਵਿਚੋ ਚੋਟਿ ਖਾਧੀ॥ ਤਬਿ ਖਾਨ ਕਹਿਆ ਯਾਰੋ ਵਡਾ ਹੈਫੁ ਹੋਆ॥ ਖਾਨੁ ਦਲਗੀਰ ਹੋਇ ਕਰ ਉਠਿ ਗਇਆ॥ ਤਬਿ ਗੁਰੂ ਨਾਨਕ ਕੇ ਤੇੜਿ ਇਕਾ ਲੰਗੋਟੀ[2] ਰਹੀ॥ ਹੋਰੁ ਰਖਿਓਸੁ ਕਿਛੁ ਨਾਹੀ॥ ਫ਼ਕੀਰਾਂ ਨਾਲਿ ਜਾਇ ਬੈਠਾ॥ ਨਾਲੇ ਮਰਦਾਨਾ ਡੂਮੁ ਜਾਇ ਬੈਠਾ॥

11.
[ਕਾਜੀ ਚਰਚਾ, ਪਦ ਤਿਆਗ]

ਤਬਿ ਗੁਰੂ ਨਾਨਕ ਚੁਪ ਕਰਿ ਰਹਿਆ॥ ਤਬਿ ਇਕੁ ਦਿਨ ਗੁਜਰ ਗਇਆ॥ ਤਬਿ ਅਗਲੈ ਦਿਨਿ ਬਕਿ ਖਲਾ ਹੋਇਆ ਜੋ ਨਾ ਕੋਈ ਹਿੰਦੂ ਹੈ ਨਾ ਕੋ ਮੁਸਲਮਾਨ ਹੈ॥ ਜਬ ਬੋਲੈ ਤਾਂ ਇਹੋ ਅਵਾਜ ਕਰੈ॥ ਤਬਿ ਲੋਕਾ ਜਾਇ ਕਰਿ ਖਾਨ ਜੋਗੁ ਕਹਿਆ ਜੋ ਬਾਬਾ ਨਾਨਕ ਆਖਦਾ ਹੈ॥ ਜੋ ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ॥ ਤਬਿ ਖਾਨ ਕਹਿਆ ਇਸ ਕੇ ਖਿਆਲ ਨਾਹੀ ਪਉਣਾ॥ ਇਹੁ ਫਕੀਰੁ ਹੈ॥ ਤਬਿ ਇਕੁ ਨੇੜੈ ਕਾਜੀ ਬੈਠਾ ਥਾ॥ ਉਨਿ ਕਾਜੀ ਕਹਿਆ ਖਾਨ ਜੀ ਅਜਬੁ ਹੈ॥ ਕਿਉਂ ਜੋ ਆਖਿਦਾ ਹੈ ਨਾ ਕੋਈ ਹਿੰਦੂ ਹੈ ਨਾ ਕੋ ਮੁਸਲਮਾਨੁ ਹੈ॥ ਤਬਿ ਖਾਨਿ ਕਹਿਆ [3][ਨਾਨਕ ਕਉ ਜਾਇ ਬੁਲਾਇ ਲੈ ਆਵੋ][3]॥ ਤਬ ਆਦਮੀ ਆਇਕੇ ਕਹਿਣ ਲਗੇ ਨਾਨਕ ਤੇਰੇ ਤਾਈ ਖਾਨੁ ਬੁਲਾਇੰਦਾ ਹੈ॥ ਤਬਿ ਗੁਰੂ ਨਾਨਕ ਕਹਿਆ ਮੈ ਤੇਰੇ ਖਾਨ ਦੀ ਕਿਆ ਪਰਵਾਹਿ ਪੜੀ ਹੈ॥ ਤਬਿ ਲੋਕਾਂ ਕਹਿਆ ਇਹੁ ਕਮਲਾ ਦਿਵਾਨਾ ਹੋਆ ਹੈ॥ ਤਬਿ ਗੁਰੂ ਨਾਨਕ ਕਹਿਆ ਮਰਦਾਨਿਆ ਰਬਾਬੁ ਵਜਾਇ॥ ਤਾ ਮਰਦਾਨੈ ਰਬਾਬੁ ਵਜਾਇਆ॥ ਰਾਗੁ ਮਾਰੂ ਕੀਤਾ ਬਾਬੈ ਸਬਦ ਉਠਾਇਆ ਮਾਰੂ ਮਹਲਾ ੧॥

[4]ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ॥੧॥ਰਹਾਉ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥੪॥੭॥[4]

---

1. ਪੁਰਾਤਨ ਪਾਠ 'ਡੇਰੇ ਆਇ ਕਰਿ ਵੜਿਆ' ਸ਼ਬਦ-ਪਲਟੇ ਕਾਰਨ ਵਿਕਾਰੀ ਹੈ।
2. ਸਾ.ਮ.ਪ., ਹਾ.ਨ., ਸੈ.ਹ-ਲ: ਕੁਪੀਨ।
3. ਪਾਠ ਸਾ.ਮ.ਪ., ਹਾ.ਨ., ਸੈ.ਹ-ਲ. ਦਾ; ਪੁਰਾਤਨ: "ਆਦਮੀ ਤਾਈ ਜੋ ਬੁਲਾਇ ਆਣਿ"।
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੯੧.

Scanned by CamScanner

ਤਬਿ ਫਿਰਿ ਬਾਬਾ ਚੁਪ ਕਰਿ ਰਹਿਆ॥ ਜਾਂ ਕੁਛੁ ਬੋਲੈ ਤਾਂ ਏਹੀ ਵਚਨ ਕਹੈ॥ ਜੋ ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨੁ ਹੈ॥ ਤਬਿ ਕਾਜੀ ਕਹਿਆ ਖਾਨ ਜੀ ਇਹੁ ਭਾਲਾ ਹੈ ਜੋ ਕਹੰਦਾ ਹੈ ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ॥ ਤਬਿ ਖਾਨਿ ਕਹਿਆ ਜਾਇ ਕਰਿ][1][ਲੈ ਆਵਹੁ॥ ਤਾਂ ਪਿਆਦੇ ਗਏ॥ ਓਨਿ ਕਹਿਆ ਜੀ ਖਾਨੁ ਬੁਲਾਇੰਦਾ ਹੈ॥ ਖਾਨੁ ਕਹੰਦਾ ਹੈ॥ [2]ਅਜ ਬਰਾਇ ਖੁਦਾਇ ਕੇ[2] ਦੀਦਾਰੁ ਦੇਹਿ॥ ਮੈਂ ਤੇਰੇ ਦੀਦਾਰ ਨੂੰ ਚਾਹਿੰਦਾ ਹਾਂ॥ ਤਬਿ ਗੁਰੂ ਨਾਨਕੁ ਉਠਿ ਚਲਿਆ॥ ਆਖਿਓਸੁ ਅਬਿ ਮੇਰੇ ਸਾਹਿਬ ਕਾ ਸਦਾ ਆਇਆ ਹੈ॥ ਮੈਂ ਜਾਵਾਂਗਾ॥ ਤਬਿ ਮੁਤਕਾ ਗਲਿ ਵਿਚ ਪਾਇ ਗਇਆ॥ ਆਇ ਕਰ ਖਾਨ ਜੋਗੁ ਮਿਲਿਆ॥ ਤਬਿ ਖਾਨਿ ਕਹਿਆ ਨਾਨਕ ਦੋਸਤੀ ਖੁਦਾਇ ਕੀ ਗਲੋਂ ਮੁਤਕਾ ਲਾਹਿ ਕਮਰ ਬੰਧੁ॥ ਤੂ ਭਲਾ ਫਕੀਰ ਹੈਂ॥ ਤਬ ਗੁਰੂ ਨਾਨਕ ਗਲੋਂ ਮੁਤਕਾ ਲਾਹਿਆ ਕਮਰ ਬੰਧੀ॥ ਤਬਿ ਖਾਨਿ ਕਹਿਆ ਨਾਨਕ ਮੇਰੀ ਕੰਮਖਤੀ ਹੈ ਜੋ ਤੁਹਿ ਜੇਹਾ ਵਜੀਰੁ ਫਕੀਰੁ ਹੋਵੈ॥ ਤਬਿ ਖਾਨਿ ਗੁਰੂ ਨਾਨਕ ਕਉ ਆਪਣੇ ਪਾਸਿ ਬਹਾਲਿਆ॥ ਅਰੁ ਕਹਿਓਸੁ ਰੇ ਕਾਜੀ ਕਾਈ ਬਾਤ ਪੁਛਤਾ ਹੈ ਤਾਂ ਪੁਛੁ॥ ਨਾਹੀਂ ਤਾਂ ਏਹੁ ਬਹੁੜਿ ਸੁਖਨਿ ਕਰੇਗਾ ਨਾਹੀ॥ ਤਬਿ ਕਾਜੀ ਦਲਗੀਰੁ ਹੋਇ ਕਰ ਹਸਿਆ॥ ਤਬ ਕਾਜੀ ਕਹਿਆ ਨਾਨਕ ਤੂ ਜੋ ਕਹੰਦਾ ਹੈ ਨਾ ਕੋਈ ਹਿੰਦੂ ਹੈ ਨਾ ਕੋ ਮੁਸਲਮਾਨੁ ਹੈ ਸੋ ਤੈਂ ਕਿਆ ਪਾਇਆ ਹੈ॥ ਤਬਿ ਬਾਬੈ ਨਾਨਕ ਕਹਿਆ ਰਾਗੁ ਮਾਝ ਵਿਚ ਸਲੋਕ ਮ: ੧॥

[3]ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥[3]

ਸਲੋਕ ਮ: ੧॥

[4]ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੧॥[4]

ਮ: ੧॥

[5]ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥[5]

---

1. ਪੁਰਾਤਨ: ਨਾਨਕ ਫਕੀਰ ਤਾਈਂ, ਕਿਸੇ ਹੱਥ-ਲਿਖਤ ਵਿਚ ਪਰਾਪਤ ਨਹੀਂ।
2. ਪੁਰਾਤਨ: ਅਜ਼ ਬਰਾ ਖੁਦਾਇਕੇ ਤਾਈ, ਬਰਾਏ ਖੁਦਾ-ਰੱਬ ਵਾਸਤੇ-ਦਾ ਸੰਪਾਦਕੀ ਵਿਗਾੜ ਹੈ।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 141.
4. *ਉਹੀ*, ਪੰਨਾ 140-41.
5. *ਉਹੀ*, ਪੰਨਾ 141.

Scanned by CamScanner

ਮ: ੧ ॥
[1]ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥[1]

ਜਬ ਇਹੁ ਸਲੋਕੁ ਬਾਬੇ ਦਿਤਾ ਤਬਿ ਕਾਜੀ ਹੈਰਾਨੁ ਹੋਇ ਰਹਿਆ ॥ ਤਬ ਖਾਨਿ ਕਹਿਆ ਕਾਜੀ ਇਸ ਕਉ ਪੁਛਣ ਕੀ ਤਕਸੀਰ ਹੈ[2] ॥ ਤਬ ਪੇਸੀ ਕੀ ਨਿਮਾਜ ਕਾ ਵਖਤੁ ਹੋਇਆ ॥ ਸਭ ਉਠਿ ਕਰਿ ਨਿਵਾਜ ਗੁਜਾਰਣ ਗਏ ॥ ਬਾਬਾ ਭੀ ਨਾਲ ਗਇਆ ॥ ਤਬਿ ਕਾਜੀ ਸਭਨਾ ਤੇ ਅਗੈ ਖੜਾ ਹੋਆ ॥ ਨਿਵਾਜ ਲਗਾ ਕਰਣੈ ॥ ਤਬਿ ਬਾਬਾ ਕਾਜੀ ਕੀ ਤਰਫ ਦੇਖਿ ਕਰਿ ਹਸਿਆ ॥ ਤਬਿ ਕਾਜੀ ਡਿਠਾ ਜੋ ਨਾਨਕੁ ਹਸਦਾ ਹੈ ॥ ਤਬਿ ਨਿਮਾਜ ਕਰਿ ਆਏ ॥ ਤਬਿ ਕਾਜੀ ਕਹਿਆ ॥ ਖਾ ਜੀ ਸਲਾਮਤਿ ਡਿਠੋ ਕਿਉਂ ਜੋ ਮੁਸਲਮਾਨਾ ਕੀ ਤਰਫ][3][ਹਿੰਦੂ ਦੇਖਿ ਦੇਖਿ ਹਸਦਾ ਹੈ ॥ ਤੂ ਜੋ ਆਖਦਾ ਹੈ ਜੋ ਨਾਨਕੁ ਭਲਾ ਹੈ ॥

ਤਬਿ ਖਾਨਿ ਕਹਿਆ ਨਾਨਕ ਕਾਜੀ ਕਿਆ ਕਹੰਦਾ ਹੈ ॥ ਤਬ ਬਾਬੈ ਕਹਿਆ ਖਾਨ ਜੀ ਮੈਂ ਕਾਜੀ ਕੀ ਕਿਆ ਪਰਵਾਹ ਪਰੀ ਹੈ ॥ ਪਰੁ ਕਾਜੀ ਕੀ ਨਿਵਾਜ ਕਬੂਲੁ ਨਾਹੀ ਪਈ ॥ ਮੈ ਇਤਿ ਵਾਸਤੇ ਹਸਿਆ ਥਾ ॥ ਤਬਿ ਕਾਜੀ ਕਹਿਆ ਖਾਨ ਜੀ ਇਨ ਕਾਈ ਪਾਈ ਹੈ ਤਾਂ ਮੇਰੀ ਤਕਸੀਰ ਜਾਹਰ ਕਰਉ ॥ ਤਬਿ ਬਾਬੇ ਕਹਿਆ ਖਾਨ ਜੀ ਜਬ ਏਹੁ ਨਿਵਾਜ ਉਪਰਿ ਖੜਾ ਥਾ ਤਬਿ ਇਨ ਕਾ ਮਨ ਠਉੜ ਨਾ ਥਾ ॥ ਇਨ ਕੀ ਘੋੜੀ ਸੂਈ ਥੀ ॥ ਵਛੇਰੀ ਜਮੀ ਥੀ ਅਰੁ ਵਛੇਰੀ ਛਡਿ ਕਰਿ ਆਇਆ ਥਾ ਅਰੁ ਵੇੜੇ ਵਿਚਿ ਖੂਹੀ ਥੀ ॥ ਅਰੁ ਇਨਿ ਕਹਿਆ ਮਤੁ ਵਛੇਰੀ ਖੂਹੀ ਵਿਚ ਪਉਂਦੀ ਹੋਵੇ ॥ ਇਨ ਕਾ ਮਨੁ ਊਹਾਂ ਗਇਆ ਆਹਾ ॥][4][ਤਬ ਕਾਜੀ ਆਇ ਪੈਰੀ ਪਇਆ ॥ ਆਖਿਓਸੁ ਵਾਹੁ ਵਾਹੁ ਇਸ ਕਉ ਖੁਦਾਇ ਕੀ ਨਿਵਾਜਸ ਹੋਈ ਹੈ ॥ ਤਬਿ ਕਾਜੀ ਪਤੀਣਾ ॥ ਤਬਿ ਬਾਬੇ ਸਲੋਕੁ ਦਿਤਾ

[5]ਮੁਸਲਮਾਨੁ ਮੁਸਾਵੈ ਆਪੁ ॥
ਸਿਦਕੁ ਸਬੂਰੀ ਕਲਮਾ ਪਾਕ ॥
ਖੜੀ ਨ ਛੇੜੈ ਪੜੀ ਨ ਖਾਇ ॥
ਨਾਨਕ ਸੋ ਮੁਸਲਮਾਨੁ ਭਿਸਤ ਕਵੁ ਜਾਇ ॥[5]

ਜਾਂ ਬਾਬੇ ਏਹੁ ਸਲੋਕੁ ਬੋਲਿਆ ਤਾਂ ਸਈਅਦ ਸੇਖਜਾਦੇ ਕਾਜ ਮੁਫਤੀ ਖਾਨ ਖਨੀਨ ਮਹਰ ਮੁਕਦਮ ਹੈਰਾਨ ਹੋਇ ਰਹੇ ॥ ਖਾਨੁ ਬੋਲਿਆ ਕਾਜੀ ਨਾਨਕੁ ਹਕੁ ਨੂ ਪਹੁਤਾ ਹੈ ॥ ਅਵਰੁ ਪੁਛਣ ਕੀ ਤਕਸੀਰ ਰਹੀ ॥ ਜਿਤੁ ਵਲਿ ਬਾਬਾ ਨਦਰਿ ਕਰੇ ਤਿਤੁ ਵਲਿ ਸਭ ਕੋਈ ਸਲਾਮੁ ਕਰੇ ॥ ਤਬਿ ਬਾਬਾ ਬੋਲਿਆ ਸਬਦੁ

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 141.
2. ਪੁਰਾਤਨ : 'ਤਕਸੀਰ ਰਹੀ ਨਾਹੀ', ਸੰਪਾਦਕੀ ਘਾੜਤ ਅਤੇ ਬੇਲੋੜਾ ਦਖ਼ਲ ਹੈ।
3. ਪੁਰਾਤਨ : (ਧਿਰ), ਸੰਪਾਦਕੀ ਪਰਵੀਨਤਾ ਦਰਸਾਉਣ ਦੀ ਲੰਡੀ ਜੁਗਤ ਹੈ।
4. ਪੁਰਾਤਨ : 'ਇਸਕੀ ਨਿਮਾਜ ਕਬੂਲ ਨਹੀਂ ਪੜੀ' ਕਿਸੇ ਹੱਥ-ਲਿਖਤ ਵਿਚ ਪਰਾਪਤ ਨਹੀਂ।
5. ਇਹ ਵਿਰੂਪ ਬਾਣੀ ਹੈ।

Scanned by CamScanner

ਸਿਰੀਰਾਗੁ ਮਹਲਾ ੧ ਘਰੁ ੩ ॥

[1]ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥
ਮਤੁ ਜਾਣ ਸਹਿ ਗਲੀ ਪਾਇਆ ॥
ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ਰਹਾਉ॥
ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥
ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥
ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥
ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥
ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥[1]

][2][ਤਬਿ ਖਾਨੁ ਆਇ ਪੈਰੀ ਪਇਆ ॥ ਲੋਕਿ ਹਿੰਦੂ ਮੁਸਲਮਾਨੁ ਆਇ ਲਗੈ ਖਾਨ ਨੂੰ ਕਹਿਣ ਜੋ ਨਾਨਕ ਵਿਚਿ ਖੁਦਾਇ ਬੋਲਦਾ ਹੈ ॥ ਤਬਿ ਖਾਨਿ ਕਹਿਆ ॥ ਨਾਨਕ ਰਾਜੁ ਮਾਲੁ ਹੁਕਮੁ ਹਾਸਲੁ ਸਭਿ ਤੇਰਾ ਹੈ ॥ ਤਬਿ ਗੁਰੂ ਨਾਨਕ ਕਹਿਆ ॥ ਖੁਦਾਇ ਤੇਰਾ ਭਲਾ ਕਰੇਗਾ ॥ ਹੁਣ ਟਿਕਣ ਕੀ ਬਾਤਿ ਰਹੀ ॥ ਰਾਜੁ ਮਾਲੁ ਘਰ ਬਾਰ ਤੇਰੇ ਹੈਨਿ ॥ ਅਸੀਂ ਤਿਆਗਿ ਚਲੇ ॥

ਜਾਇ ਫਕੀਰਾਂ ਵਿਚ ਬੈਠਾ ॥ ਤਬਿ ਫਕੀਰ ਉਠਿ ਹਥਿ ਬੰਨਿ ਖੜੇ ਹੋਇ ਲਾਗੈ ਸਿਫਤਿ ਕਰਣਿ ॥ ਆਖਨਿ ਜੋ ਨਾਨਕੁ ਸਚਿ ਰੋਜੀ[3] ਥੀਆ ਹੈ ॥ ਅਤੈ ਸਚਿ ਕੀ ਰੰਗਣਿ ਵਿਚਿ ਰਤਾ ਹੈ ॥ ਤਾਂ ਬਾਬਾ ਬੋਲਿਆ ਮਰਦਾਨਿਆ ਰਬਾਬੁ ਵਜਾਇ ॥ ਤਬਿ ਮਰਦਾਨੇ ਰਬਾਬੁ ਵਜਾਇਆ ॥ ਰਾਗੁ ਤਿਲੰਗੁ ਕੀਤਾ ॥ ਬਾਬੇ ਸਬਦੁ ਉਠਾਇਆ

ਤਿਲੰਗ ਮਹਲਾ ੧ ਘਰੁ ੩ ॥

[4]ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥
ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ਰਹਾਉ॥
ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥
ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥[4]

ਤਬਿ ਫਕੀਰਾਂ ਆਇ ਪੈਰੁ ਚੁਮੈ ॥ ਦਸਤ ਪੰਜਾ ਲੀਆ ॥ ਬਾਬੇ ਦੀ][5][ਖੁਸੀ ਹੋਈ ਫਕੀਰਾਂ ਉਪਰਿ ॥ ਬਹੁਤ ਮਿਹਰਬਾਨ ਹੋਇਆ ॥ ਖਾਨ ਭੀ ਆਇ ਗਇਆ ॥ ਲੋਕ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 24.
2. ਪੁਰਾਤਨ: 'ਜਾਂ ਬਾਬੇ ਏਹੁ ਸਬਦੁ ਬੋਲਿਆ', ਕਿਸੇ ਹੱਥ-ਲਿਖਤ ਵਿਚ ਪਰਾਪਤ ਨਹੀਂ।
3. ਸਚ ਜਿਸ ਦੀ ਰੋਜ਼ਾਨਾ ਦੀ ਖ਼ੁਰਾਕ ਹੈ; ਹਾ.ਨ.: ਰੋਜੀ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 721-22.
5. ਪੁਰਾਤਨ: ਬਹੁਤ। ਬੇਲੋੜਾ ਅਤੇ ਅਧਾਰਹੀਣ ਸੰਪਾਦਕੀ ਦਖ਼ਲ।

Scanned by CamScanner

ਹਿਦੂ ਮੁਸਲਮਾਨ ਜੋ ਕੋਈ ਸਾ ਸਭ ਸਲਾਮ ਕਰਿ ਖੜਾ ਹੋਆ॥ ਤਬਿ ਗੁਰੂ ਪਾਸੋਂ ਵਿਦਾ ਹੋਏ॥ ਖਾਨੁ ਘਰਿ ਆਇਆ॥ ਆਇ ਕਰਿ ਦੇਖੈ ਤਾ ਕੋਠੜੀਆ ਖਜਾਨੈ ਕੀਆ ਭਰੀਆ ਪਈਆ ਹੈਨਿ॥ ਤਬਿ ਬਾਬੇ ਦੀ ਖੁਸੀ ਹੋਈ ਮਰਦਾਨੇ ਨੂੰ ਨਾਲੇ ਲੈ ਕਰਿ ਚਲਿਦਾ ਰਹਿਆ॥

12.
[ਮਰਦਾਨੇ ਦੀ ਸੇਵਾ]

][1][ਤਬ ਕਿਤੇ ਵਸਦੀ ਵੜੇ ਨਾਹੀ॥ ਕਿਤੇ ਜੰਗਲਿ ਕਿਤੇ ਦਰੀਆਇ ਕਿਥਾਈ ਟਿਕੇ ਨਾਹੀ॥ ਕਦੇ ਜੇ ਮਰਦਾਨੇ ਨੂ ਭੁਖ ਲਗੈ ਤਾਂ ਬਾਬਾ ਆਖੈ ਮਰਦਾਨਿਆ ਭੁਖਿ ਲਾਗੀ ਹੀ॥ ਤਾਂ ਮਰਦਾਨਾ ਆਖੇ ਜੀ ਤੂ ਸਭ ਕਿਛੁ ਜਾਣਦਾ ਹੈ॥

ਤਬਿ ਬਾਬੇ ਆਖਿਆ ਮਰਦਾਨਿਆ ਸਿਧੋਂ ਹੀ ਵਸਦੀ [2]ਜਾਹ ਉਥੇ[2] ਉਪਲਿ ਖਤ੍ਰੀ ਰਹਿੰਦੇ[3] ਹੈਨਿ॥ ਤਿਸ ਦੇ ਘਰਿ ਜਾਇ ਖੜੋਉ ਚੁਪਾਤੋ॥ ਓਥੈ ਓਇ ਖਵਾਇ ਦੇਹਿਨਿਗੇ॥ ਮਰਦਾਨਿਆਂ ਤੈਨੂੰ ਜਾਂਦੈ ਹੀ ਨਾਲਿ ਕੋਈ ਹਿੰਦੂ ਕੋਈ ਮੁਸਲਮਾਨੁ ਜੋ ਕੋਈ ਆਇ ਮੁਹਿ ਲਗੇਗਾ ਸੋਈ ਆਇ ਪੈਰੀ ਪਵੈਗਾ[4]॥ ਛਤ੍ਰੀਹ ਅੰਮ੍ਰਿਤ ਆਣਿ ਆਗੇ ਰਾਖਨਿਗੇ॥ ਕੋਈ ਰੁਪਯੇ ਆਣਿ ਰਖਨਿਗੇ॥ ਕੋਈ ਆਣਿ ਪਰਕਾਲੇ ਰਖਨਿਗੈ॥ ਕੋਈ ਪੁਛਸੀਆ ਭੀ ਨਾਹੀਂ ਜੋ ਤੂ ਕਿਥੋਂ ਆਇਆ ਹੈਂ॥ ਕਿਸਦਾ ਆਦਮੀ ਹੈਂ॥ ਜੋ ਕੋਈ ਆਣਿ ਮੁਹਿ ਲਾਗੈਗਾ ਸੋਈ ਆਖੈਗਾ ਜੋ ਮੈ ਆਪਣਾ ਸਰਵਸੁ [5]ਆਣਿ ਅਰਪੀ ਤਾ ਭਲਾ ਹੋਵੇ[5]॥ ਆਖਨਿਗੇ ਜੋ ਅਸੀ ਨਿਹਾਲੁ ਹੋਏ॥ ਜੋ ਅਸਾਨੂੰ ਇਹੁ ਦੀਦਾਰ ਹੋਆ॥

ਬਾਬੈ ਦੀ ਖੁਸੀ ਹੋਈ॥ ਮਰਦਾਨਾ ਇਕ ਦਿਨਿ ਸਹਰ ਨੂੰ ਭੇਜਿਆ॥ ਭੇਜਦਿਆਂ ਨਾਲਿ ਪੂਜਾ ਬਹੁਤੁ ਲਾਗੀ॥ ਜਾ ਗਇਆ ਤਾਂ ਸਾਰਾ ਸਹਰੁ ਆਇ ਪੈਰੀ ਪਇਆ॥ ਜਾ ਗਇਆ ਤਾਂ ਪੰਜੀਹੈ ਕਪੜੈ ਪੰਡਿ ਬੰਨਿ ਕੈ ਲੈ ਆਇਆ॥ ਬਾਬਾ ਹਸਦਾ ਹਸਦਾ ਨਿਲੇਟੁ ਹੋਆ॥ ਬਾਬੇ ਪਾਸਿ ਮਰਦਾਨਾ ਕਪੜੇ ਪੰਜੀਹੇ ਲੈ ਆਇਆ॥ ਬਾਬਾ ਵੇਖੈ ਤਾ ਬੰਨੀ ਪੰਡਿ ਲਈ ਆਵਦਾ ਹੈ॥ ਤਬਿ ਬਾਬੈ ਆਖਿਆ ਮਰਦਾਨਿਆਂ ਕਿਆ ਆਂਦਾ ਹੀ॥ ਤਬਿ ਮਰਦਾਨੈ ਆਖਿਆ ਜੀ ਸਚੇ ਪਾਤਿਸਾਹ ਤੇਰੇ ਨਾਵੈ ਦਾ ਸਦਕਾ ਸਾਰਾ ਸਹੁਰੁ ਸੇਵਾ ਨੂ ਉਠਿ ਖੜਾ ਹੋਆ॥ ਜੀਉ ਪਾਤਿਸਾਹ ਮੈਂ ਆਖਿਆ ਜੋ ਇਹ ਵਸਤੁ ਕਪੜੇ ਬਾਬੇ ਪਾਸਿ ਲੈ ਜਾਵਾ॥ ਤਬਿ ਗੁਰੂ ਬੋਲਿਆ ਮਰਦਾਨਿਆਂ ਆਂਦੋ ਭਲਾ ਕੀਤੋ ਪਰੁ ਏਹ ਅਸਾਡੇ ਕਿਤੈ ਕੰਮਿ ਨਾਹੀ॥ ਤਬਿ ਮਰਦਾਨੇ ਆਖਿਆ ਜੀਉ ਪਾਤਿਸਾਹ ਕਿ ਕਰੀ॥ ਤਬਿ ਬਾਬੇ ਆਖਿਆ ਸੁਟਿ ਘਤੁ॥ ਤਾਂ ਮਰਦਾਨੇ ਸਭਿ ਵਸਤੂ ਸੁਟਿ ਘਤੀਆ ਪੰਡਿ ਸਾਰੀ॥ ਓਥਹੁੰ ਰਵਦੇ ਰਹੇ॥

---

1. ਪੁਰਾਤਨ. : 'ਤਬਿ ਬਾਬਾ ਜੀ ਉਜੜ ਕਉ ਚਲੈ', ਕਿਸੇ ਹੱਥ-ਲਿਖਤ ਵਿਚ ਪਰਾਪਤ ਨਹੀਂ; ਇਸ ਦਾ ਸਰੋਤ ਹਾ.ਨੁ. ਦੀ ਲਿੱਥੋ ਛਾਪ ਹੋਣ ਕਾਰਨ ਪਾਠ ਸ਼ਕੀਆ ਹੈ : ਨਿਰਨਾ ਇਹ ਕਿ ਇਹ ਸੈਦੋ ਦੇ ਡੌਲੇ ਪਾਠ ਦਾ ਅੰਗ ਨਹੀਂ ਸੀ।
2. ਪੁਰਾਤਨ. : ਜਾਇ ਖਲੋਉ ਆਗੇ।
3. ਪਾਠ ਸਾ.ਮ.ਪ., ਹਾ.ਨੁ., ਸੈ.ਹ-ਲ. ਦਾ।
4. ਸਾ.ਮ.ਪ., ਹਾ.ਨੁ., ਸੈ.ਹ-ਲ. ਅੱਗੇ ਵਾਧੂ ਪਾਠ ਹੈ : ਵਿਛਾਵਣੇ ਵਿਛਾਵਣਗੇ।
5. ਪੁਰਾਤਨ. : ਆਣਿ ਅਗੈ ਰਖਾ।

Scanned by CamScanner

ਤਬਿ ਮਰਦਾਨੇ ਅਰਜ ਕੀਤੀ॥ ਆਖਿਓਸੁ ਜੀਉ ਪਾਤਿਸਾਹੁ ਇਹੁ ਜੋ ਕੋਈ ਤੇਰੇ ਨਾਉ ਦਾ ਸਦਕਾ ਮੰਨਦਾ ਹੈ ਅਤੈ ਸਿਖ ਦੈ ਮੁਹਿ ਪਾਵਦਾ ਹੈ ਕਿਛੁ ਤੈਨੂ ਭੀ ਪਹੁੰਚਦਾ ਹੈ ਓਸਦਾ ਭਾਉ॥ ਅਤੇ ਮੇਰੇ ਦਿਲਿ ਵਿਚ ਵਡਾ ਫਿਕਰੁ ਹੈ ਜੋ ਤੂ ਕਿਛੁ ਛੂਹੰਦਾ ਨਾਹੀ॥ ਅਤੇ ਮੁਹਿ ਪਾਵਦਾ ਨਾਹੀਂ॥ ਤੂ ਕਿਸੇ ਨਾਲ ਤ੍ਰਿਪਤਦਾ ਹੈ॥ ਤਬਿ ਗੁਰੂ ਬਾਬੇ ਆਖਿਆ॥ ਮਰਦਾਨਿਆ ਰਬਾਬੁ ਵਜਾਇ॥ ਤਾ ਮਰਦਾਨੇ ਰਬਾਬੁ ਵਜਾਇਆ॥ ਰਾਗੁ ਗਉੜੀ ਕੀਤੀ ਦੀਪਕੀ ਮਹਲਾ ੧॥ ਬਾਬੇ ਸਬਦੁ ਉਠਾਇਆ

[1]ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥੧॥
ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥
ਜਿਨ ਮਿਲਿਆ ਦੁਖ ਜਾਹਿ ਹਮਾਰੇ॥੧॥ਰਹਾਉ॥
ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥
ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥
ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥੨॥
ਸਾਰਿੰਗ ਪ੍ਰੀਤਿ ਬਸੈ ਜਲ ਧਾਰਾ॥
ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ॥
ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ॥੩॥
ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥੪॥੩॥੪੧॥[1]

ਤਬਿ ਫਿਰਿ ਮਰਦਾਨੇ ਤਸਲੀਮ ਕੀਤੀ॥ ਓਥਹੁ ਚਲੇ॥

13.

[ਸਜਣ ਠਗ]

ਜਾਂਦੇ ਜਾਂਦੇ ਸੇਖ ਸਜਣ ਕੈ ਘਰਿ ਜਾਇ ਨਿਕਲੇ॥ ਉਸ ਕਾ ਘਰੁ ਪੈਂਡੇ ਵਿਚਿ ਥਾ॥ ਅਤੇ ਠਾਕੁਰ ਦੁਆਰਾ ਤੈ ਮਸੀਤ ਕਰਿ ਛਡੀ ਥੀ॥ ਜੇ ਕੋਈ ਹਿੰਦੂ ਆਵੈ ਤਾਂ ਠਉਰ[2] ਦੇਵੈ॥ ਅਤੇ ਜੇ ਮੁਸਲਮਾਨੁ ਜਾਵੈ ਤਾਂ ਤਵਜਹ ਕਰੇ॥ ਅਰੁ ਜਾਂ ਰਾਤਿ ਪਵੈ ਤਾ ਆਖੈ ਚਲੁ ਜੀ ਸੋਵਹੁ॥ ਅੰਦਰਿ ਲੈ ਜਾਵੈ ਖੂਹ[3] ਵਿਚਿ ਪਾਇ ਕਰਿ ਮਾਰੇ॥ ਅਰੁ ਜਾਂ ਸਬਾਹ ਹੋਵੈ ਤਾਂ ਆਸਾ ਤਸਬੀ ਹਾਥਿ ਲੇ ਮੁਸਲਾ ਪਾਇ ਬਹੈ॥ ਜਬਿ ਬਾਬਾ ਤੇ ਮਰਦਾਨਾ ਗਏ ਤਾਂ ਖਿਜਮਤਿ ਬਹੁਤੁ ਕੀਤੀਓਸੁ॥ ਅਤੈ ਆਪਣਿਆਂ ਲੋਕਾਂ ਤਾਈ ਆਖਿਓਸੁ ਜੋ ਇਸ ਦੇ ਪਲੈ ਬਹੁਤੁ ਦੁਨੀਆ ਹੈ ਪਰੁ ਗੁਹਜ ਹੈ॥ ਜਿਸ ਦੇ ਮੁਹਿ ਵਿਚਿ ਐਸੀ ਭੜਕ ਹੈ ਸੋ ਖਾਲੀ ਨਾਹੀ॥ ਫੈਲੁ ਕਰਿ ਕੈ ਫਕੀਰੁ ਹੋਇਆ ਹੈ॥ ਜਬਿ ਰਾਤਿ ਪਈ ਤਬਿ ਆਖਿਓਸੁ॥ ਉਠਹੁ ਜੀ ਸੋਵਹੁ॥ ਤਬਿ ਬਾਬੇ ਆਖਿਆ ਸਜਣੋ[4] ਇਕੁ ਸਬਦੁ

---

1. ਮਹਲਾ ੪, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 164.
2. ਪਾ.ਹ-ਲ. : ਠਉੜਿ।
3. ਹਾ.ਨ., ਸੈ.ਹ-ਲ. : ਖੂਹੀ।
4. ਹਾ.ਨ., ਸੈ.ਹ-ਲ. : ਸਜਣਾ।

ਖੁਦਾਇ ਕੀ ਬੰਦਗੀ ਕਾ ਆਖਿ ਕਰਿ ਸੋਵਹਿੰਗੇ॥ ਤਬਿ ਸੇਖ ਸਜਨਿ ਆਖਿਆ ਭਲਾ ਹੋਵੈ ਜੀ॥ ਆਖਹੁ ਜੀ॥ ਰਾਤਿ ਬਹੁਤੁ ਗੁਜਰਦੀ ਜਾਂਦੀ ਹੈ॥ ਤਬੁ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ॥ ਤਾਂ ਮਰਦਾਨੇ ਰਬਾਬੁ ਵਜਾਇਆ॥ ਰਾਗੁ ਸੂਹੀ ਕੀਤੀ॥ ਗੁਰੂ ਨਾਨਕ ਸਬਦੁ ਉਠਾਇਆ ਮ: ੧॥ ਰਾਗੁ ਸੂਹੀ ਮਹਲਾ ੧ ਘਰੁ ੬

[1]ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨੀ੍ ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍॥
ਸੇ ਫਲ ਕੰਮਿ ਨ ਆਵਨੀ੍ ਤੇ ਗੁਣ ਮੈ ਤਨਿ ਹੰਨਿ੍॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥੬॥੧॥੩॥[1]

ਤਬਿ ਦਰਸਨ ਕਾ ਸਦਕਾ ਬੁਧਿ ਹੋਇ ਆਈ॥ ਜਾਂ ਵੀਚਾਰੇ ਤਾ ਸਭ [2]ਮੇਰੇ ਗੁਨਾਹ[2] ਸਹੀ ਹੋਏ ਹੈਨਿ॥ ਤਬਿ ਆਇ ਉਠਿ ਕਰਿ ਪੈਰੀ ਪਇਆ॥ ਪੈਰਿ ਚੁਮਿਓਸੁ॥ ਆਖਿਓਸੁ ਜੀਉ ਮੇਰੇ ਗੁਨਾਹ ਫਦਲੁ ਕਰਿ॥ ਤਬਿ ਬਾਬੇ ਆਖਿਆ ਸੇਖ ਸਜਨਿ ਖੁਦਾਇ ਕੀ ਦਰਗਾਹ ਦੁਹੁ ਗਲੀ ਗੁਨਾਹ ਫਦਲੁ ਹੋਦੇ ਹਿਨਿ॥ ਤਬਿ ਸੇਖਿ ਸਜਨ ਅਰਜੁ ਕੀਤੀ॥ ਆਖਿਓਸੁ ਜੀ ਉਹੀ ਗਲ ਕਰੁ ਜਿਨੀ ਗਲੀ ਗੁਨਾਹ ਫਦਲੁ ਹੋਇ॥ ਤਬਿ ਗੁਰੂ ਨਾਨਕ ਮਿਹਰਵਾਨੁ ਹੋਇਆ॥ ਆਖਿਓਸੁ ਸਚੁ ਕਹੁ ਜੋ ਤੈ ਖੂਨ][3][ਕੀਤੇ ਹੈਨਿ॥ ਤਬਿ ਸੇਖੁ ਸਜਨੁ ਲਾਗਾ ਬੋਲਣ[4]॥ ਸਚੋ ਸਚੁ ਕਹਿਓਸੁ॥][5][ਤਬਿ ਗੁਰੂ ਨਾਨਕ ਆਖਿਆ ਜੋ ਕਛੁ ਉਨ ਕੀ ਬਸਤੁ ਰਹੀ ਹੈ ਸੋ ਘਿੰਨਿ ਆਉ॥ ਤਬਿ ਸੇਖ ਸਜਨਿ ਹੁਕਮੁ ਮੰਨਿਆ ਬਸਤੁ ਲੇ ਆਇਆ ਖੁਦਾਇਕੇ ਨਾਇ ਲੁਟਾਈ॥ ਗੁਰੂ ਗੁਰੂ ਲਾਗਾ ਜਪਣਿ॥ ਨਾਉ ਧਰੀਕ ਹੋਆ॥ [6]ਪਹਿਲੀ ਧਰਮਸਾਲ ਓਥੇ ਬਧੀ॥[6]

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 729.
2. ਹਾ.ਨੁ.,ਸੈ.ਹ-ਲ. : ਗੁਣ ਮੇਰੇ।
3. ਹਾ.ਨੁ.,ਸੈ.ਹ-ਲ. ਵਾਧੂ ਪਾਠ ਦਾ : ਕਿਤਨੇ। ਗੌਣ ਸ਼ਾਖਾ ਦਾ ਕਵੱਲਾ ਕਾਤਬੀ ਦਖ਼ਲ।
4. ਪੁਰਾਤਨ. : ਲਾਗਾ ਸਚੋ ਸਚ ਬੋਲਣ।
5. ਪੁਰਾਤਨ. : 'ਜੀ ਬਹੁਤੁ ਪਾਪੁ ਕੀਤੇ ਹੈ'। ਇਸ ਸੰਪਾਦਕੀ ਦਖ਼ਲ ਦੀ ਪ੍ਰਮਾਣਿਕਤਾ ਅਤੇ ਪਾਠ ਵਿਚ ਇਸ ਦੇ ਦਾਖ਼ਲੇ ਦੀ ਉੱਚਤਤਾ ਦੀ ਪੁਸ਼ਟੀ ਕਿਸੇ ਸਰੋਤ ਤੋਂ ਵੀ ਨਹੀਂ ਹੋ ਸਕੀ।
6. ਇਹ ਉੱਕਤੀ ਹਾ.ਨੁ. ਦੀ ਲਿੱਥੋ ਛਾਪ ਤੋਂ ਇਲਾਵਾ *ਆਦਿ ਸਾਖੀਆਂ* ਦੀ 12ਵੀਂ ਸਾਖੀ ਦੇ ਅੰਤ 'ਤੇ ਪਹਿਲੀ ਵਾਰ ਨਮੂਦਾਰ ਹੋਈ, ਉਥੇ ਇਸ ਨੂੰ 'ਸੱਜਣ' ਦੀ ਪਾਪਸਾਲਾ ਨੂੰ ਧਰਮਸਾਲਾ ਵਿਚ ਬਦਲਣ ਵਾਲੇ ਸਾਖੀ-ਪਰਕਰਨ ਲਈ ਵਿਆਪਕ ਰੂਪਕ ਵਜੋਂ ਵਰਤਿਆ ਗਿਆ ਹੈ।

Scanned by CamScanner

[ਸੇਖ ਸਰਫ ਵਾਰਤਾ] 14

ਤਬਿ ਓਥਹੁ ਰਵੈ॥ ਪੈਂਡੇ ਪੈਂਡੇ ਵਿਚ ਪਾਣੀਪਥਿ ਆਇ ਨਿਕਲੈ॥ ਤਬਿ ਪਾਣੀਪਥਿ ਕਾ ਪੀਰੁ ਸੇਖੁ ਸਰਫੁ[1] ਥਾ॥ ਤਿਸ ਕਾ ਮੁਰੀਦੁ ਸੇਖੁ ਟਟੀਹਰੁ ਥਾ॥ ਓਹੁ ਪੀਰੁ ਕੈ ਤਾਈ ਅਸਤਾਵਾ ਪਾਣੀ ਕਾ ਭਰਣਿ ਆਇਆ ਸਾ॥ ਅਗੈ ਬਾਬਾ ਤੇ ਮਰਦਾਨਾ ਦੋਨੋ ਬੈਠੇ ਥੇ॥][2][ਆਇ ਸਲਾਮੁ ਪਾਇਆ॥ ਆਖਿਓਸੁ ਸਲਾਮਾਲੇਕ ਦਰਵੇਸ॥ ਤਬਿ ਗੁਰੂ ਨਾਨਕੁ ਬੋਲਿਆ॥ ਆਖਿਓਸੁ ਅਲੇਖ ਕਉ ਸਲਾਮ ਹੋ ਪੀਰ ਕੇ ਦਸਤਪੇਸ[3]॥ ਤਬਿ ਸੇਖੁ ਟਟੀਹਰੁ ਹੈਰਾਨੁ ਹੋਇ ਗਇਆ॥ ਆਖਿਓਸੁ ਅਜ ਤੋੜੀ ਸਲਾਮੁ ਕਿਸੇ ਨਾਹੀ ਫੇਰਿਆ॥ ਪਰੁ ਹੋਵੈ ਤਾਂ ਮੈ ਆਪਣੇ ਪੀਰ ਨੋ ਖਬਰਿ ਕਰੀ॥

ਤਬਿ ਆਇ ਅਰਜੁ ਕੀਤੋਸੁ॥ ਆਖਿਓਸੁ ਪੀਰ ਸਲਾਮਤਿ ਏਕ ਦਰਵੇਸੁ ਕਾ ਆਵਾਜੁ ਸੁਣਿ ਕਰਿ ਹੈਰਾਨ ਥੀਆ ਹਾਂ॥ ਤਾ ਪੀਰ ਆਖਿਆ ਕਹੁ ਦੇਖ ਕੈਸਾ ਹੈ॥ ਤਬਿ ਸੇਖ ਟਟੀਹਰੁ ਆਖਿਆ॥ ਜੀਵੈ ਪੀਰ ਸਲਾਮਤਿ ਮੈ ਅਸਤਾਵਾ ਭਰਣਿ ਗਇਆ ਆਹਾ॥ ਓਹੁ ਅਗੇ ਬੈਠੇ ਆਹੇ॥ ਮੈਂ ਜਾਇ ਸਲਾਮੁ ਪਾਇਆ॥ ਆਖਿਆ ਸਲਾਮਾਲੇਕ ਹੋ ਦਰਵੇਸ॥ ਤਬਿ ਓਹੁ ਬੋਲਿਆ ਆਖਿਓਸੁ ਅਲੇਖ ਕਉ ਸਲਾਮੁ ਹੋ ਪੀਰ ਕੇ ਦਸਤਪੇਸ॥ ਤਬਿ ਪੀਰ ਕਹਿਆ ਬਚਾ ਜਿਸ ਅਲੇਖ ਕਉ ਸਲਾਮ ਕੀਤਾ ਹੈ ਤਿਸ ਕਾ ਦੀਦਾਰੁ ਦੇਖਾਹੇ॥ ਦੇਖਾ ਕਿਥੈ ਡਿਠੋਸੁ ਅਲੇਖੁ ਪੁਰਖੁ॥ ਤਬਿ ਸੇਖ ਸਰਫੁ ਟਟੀਹਰ ਮੁਰੀਦ ਕਉ ਨਾਲੇ ਲੇ ਕਰ ਆਇਆ॥ ਗੁਰੂ ਨਾਨਕ ਪਾਸ ਆਇਆ॥ [4]ਆਵਾਜੁ (ਆਦਾਬ) ਬੋਲਿਆ[4]॥ ਤਬ ਸੇਖ ਸਰਫ ਕੈ ਪ੍ਰਥਾਇ ਬਾਬਾ ਬੋਲਿਆ ਗੋਸਟ ਮਹਲਾ ੧॥

ਸੇਖ ਸਰਫ ਬਾਬੇ ਨੂ ਪੁਛਿਆ [5]ਕੁਜਾ ਆਮਦੁ[5]॥ ਤਬ ਬਾਬੇ ਜਬਾਬ ਦਿਤਾ ਆਮਦ(ਆਏ)॥ ਤਬਿ ਫੇਰ ਸੇਖਿ ਬਾਬੇ ਨੂ ਪੁਛਿਆ ਸੁਮਨਮਨੀ[6]॥ ਤਬਿ ਬਾਬੇ ਜਬਾਬ ਦਿਤਾ [6]ਸੁਮਨ ਸਮਾਨੀ[6]॥ ਤਦਹੁ ਬਾਬੇ ਨੂ ਸੇਖ ਬਾਣੇ ਦੀ ਪੁਰਸਿਸ(ਪੁੱਛ) ਕੀਤੀ॥ [7]ਅਗਰ(ਗਰ) ਤੁਰਾ(ਤੁਹਾਨੂੰ) ਸੁਆਲ ਮੇ ਪੁਰਸੰ ਅਹਿਲਾ (ਅਲੀਆ(ਉੱਚਾ)) ਜਬਾਬੁ ਬੁਗੋ ਦਰਵੇਸ॥ ਕੁਲਹਿ ਸੁਮਾ ਚਿ ਜੇਬਾਸਿ[7]॥ ਤਬਿ ਬਾਬੇ ਜਬਾਬਾ ਦਿਤਾ

---

1. 'ਸਾਖੀ ਪਰੰਪਰਾ' ਵਿਚ ਸ਼ੇਖ ਸਰਫ ਨੂੰ ਪਹਿਲੀ ਵਾਰੀ ਦਾਖ਼ਲਾ *ਜਨਮ ਸਾਖੀ ਬਾਲਾ* ਰਾਹੀਂ ਮਿਲਿਆ। ਉਸ ਵਿਚ ਇਸ ਨੂੰ ਦੱਖਣੀ ਪਠਾਣ ਤੇ ਬਿਦਰ ਨਿਵਾਸੀ ਦੱਸਿਆ ਹੈ (ਵੇਖੋ, *ਜਨਮ ਸਾਖੀ ਭਾਈ ਬਾਲਾ*, ਪੰਨੇ 385, 388) ਪਾਣੀਪਤ ਵਾਲੇ ਕਲੰਦਰੀਆ ਫ਼ਿਰਕੇ ਦੇ ਸ਼ੇਖ਼ ਸ਼ਰਫ਼-ਉੱਦੀਨ, ਜੋ ਬਾਬੇ ਤੋਂ ਦੋ ਸਦੀਆਂ ਪਹਿਲਾਂ ਹੋ ਗੁਜ਼ਰਿਆ, ਨਾਲ ਸੈਦੋ ਨੇ ਜੋੜਿਆ ਹੈ।
2. ਬੀ. 6, ਵਾਧੂ ਪਾਠ: ਏਨਿ।
3. ਪੇਸ਼ ਦਸਤ, ਯਾਨੀ ਪੇਸ਼ਕਾਰ ਜਾਂ ਮਦਦਗਾਰ।
4. ਆਵਾਜ ਬੋਲਿਆ ਸੰਭਾਵੀ 'ਆਦਾਬ ਬੋਲਿਆ' - ਰਸਮੀ ਆਦਰ ਸਤਕਾਰ - ਦਾ ਵਿਗੜਿਆ ਬਦਲ ਹੈ। ਆਵਾਜ ਬੋਲਿਆ ਤੁਕਹੀਣ ਵਾਕੰਸ਼ ਹੈ।
5. ਕਿੱਧਰ ਆਏ।
6. 'ਸੁਮਨਮਨੀ' ਤੇ 'ਸੁਮਨ ਸਮਾਨੀ' ਕਾਤਬਾਂ ਦੀ ਸਿਤਮਗਿਰੀ ਕਾਰਨ ਅਬੋਧ ਹੋ ਨਿਬੜੇ; ਸੁਮਨ ਦਾ ਕੋਸ਼ੀ ਅਰਥ 'ਫੁੱਲ' ਅਤੇ ਸਮਾਨੀ ਦਾ 'ਬਟੇਰ' ਹਨ।
7. ਮਤਲਬ ਹੈ: ਜੇ ਮੈਂ ਤੁਹਾਨੂੰ ਸੁਆਲ ਪੁੱਛਾਂ ਉਸ ਦਾ ਬਣਦਾ ਜਵਾਬ ਦਿਓ ਦਰਵੇਸ਼ ਜੀ। ਤੁਹਾਡੇ ਕੁਲਹੇ ਦੀ ਕੀ ਮਹਿਮਾ ਹੈ?

Scanned by CamScanner

ਮਨੂਆ ਮੂਡੇ ਤਬਿ ਮੂਡ ਮੁਡਾਇ॥
ਬਿਨ ਮਨ ਮੂਡੇ ਜੁਗਤਿ ਨਾ ਪਾਏ॥
ਮੂਡਾ ਕਾਟਿ ਗੁਰ ਆਗੈ ਧਰੇ॥
ਮਨਮਤਿ ਤਿਆਗਿ ਗੁਰ ਕੀ ਮਤਿ ਕਰੈ॥
ਮੂਡ ਮੁਡਾਇ ਹੋਇ ਸਭੁ ਰੇਨ॥
ਸੋ ਬੈਰਾਗੀ ਪਰਖੈ ਗੁਰ ਕੈ ਬੈਨ॥
ਮੂੜ ਮੁਡਾਏ ਦੀ ਇਹ ਗਤਿ ਭਾਈ॥
ਕੋਈ ਬਿਰਲਾ ਗੁਰਮਤਿ ਮੂਡ ਮੁਡਾਈ॥
ਸੁਆਦ ਸਨੇਹ ਮਮਤਾ ਸਭ ਤਜੀ॥
ਤਉ ਨਾਨਕ ਇਹ ਬਿਧਿ ਕੁਲਹ ਪਹਿਰੀ॥੧॥

ਤਬਿ ਫਿਰਿ ਸੇਖਿ ਸਰਫ ਪੁਛਿਆ॥ ਅਗਰੁ ਤੁਰਾ ਸੁਆਲ ਮੇ ਪੁਰਸਮ ਅਹਲਿ ਜਬਾਬੁ ਬੁਗੋ ਦਰਵੇਸ॥ ਖਫਨੀ [1]ਫਿਰਾਕਿ (ਫਿਰਕਾਏ ਸ਼ੁਮਾ) ਸੁਮਾ ਚਿ(ਕੀ) ਜੇਬਾਸਿ(ਖੂਬਸੂਰਤੀ)[1] ॥ ਤਬਿ ਬਾਬੇ ਜਬਾਬੁ ਦਿਤਾ

ਪੀਰ ਮਤਿ ਮੁਰੀਦ ਹੋਇ ਰਹਨੰ॥
ਖਫਨੀ ਟੋਪੀ ਮਨਿ ਸਬਦੁ ਗਹਨੰ॥
ਬਹਤਾ ਦਰੀਆਉ ਕਰਿ ਰਹੈ ਬਰੇਤੀ॥
[2]ਸਹਜਿ ਬੈਸਿ ਤਹਾ ਸੁਖ ਮਨਾਤੀ॥[2]
ਹਰਖ ਸੋਗੁ ਕੀਨਾ ਅਹਾਰੰ॥
ਪਹਿਰੇ ਖਫਨੀ ਸਭਿ ਦੁਸਟ ਬਿਡਾਰੰ॥
ਸੁੰਨ ਨਗਰ ਲੈ ਬਸਤੀ ਰਹਾਈ॥
ਤਉ ਕਫਨੀ ਕੀ ਜੁਗਤਿ ਪਾਈ॥
ਕਟੰਬੁ ਛੋਦਿ ਹੂਆ ਇਕੇਲਾ॥
ਨਾਨਕ ਪਹਿਰਿ ਕਫਨੀ ਭਇਆ ਸੁਹੇਲਾ॥੨॥

ਤਬਿ ਫਿਰਿ ਸੇਖ ਸਰਫ ਪੁਛਿਆ॥ ਅਗਰ ਤੁਰਾ ਸੁਆਲ ਮੇ ਪੁਰਸਮ॥ ਅਹਲਿ ਜਬਾਬੁ ਬੁਗੋ ਦਰਵੇਸੁ॥ [3]ਕੁਪੀਨ ਸੁਮਾ ਚਿ ਜੇਬਾਸਿ[3]॥ ਤਬਿ ਬਾਬੈ ਜਬਾਬੁ ਦਿਤਾ

ਗੁਰੂ ਸਬਦੁ ਦੀਖਿਆ ਮਨ[4] ਸਹਜਿ ਗਹਨੰ॥
ਪੰਚ ਇੰਦ੍ਰੀ ਦਿਲਿ ਅਲਿਪਤ[5] ਰਹਨੰ॥
ਦ੍ਰਿਸਟਿ ਬੰਧਿ ਭਰਮਤਾ ਰਹੀਅੰ॥
ਦਸਹੀ ਦੁਆਰੇ ਤਾਲੇ ਜੜੀਅੰ॥
ਅਠ ਸਠਿ ਹਾਟ ਤਾੜੀ ਕਰਨੰ॥
ਲਾਇ ਲੰਗੋਟੀ ਜਰਾ ਨਾ ਮਰਨੰ॥

---

1. ਅਰਥਾਤ ਤੁਹਾਡੇ ਭੇਖ ਵਿਚ ਖਫਨੀ ਦੀ ਕੀ ਮਹਿਮਾ ਹੈ। ਹਾ.ਨੁ., ਸੈ.ਹ-ਲ. ਪਾਠ ਹੈ : ਫਿਰਕੈ ਸੁਮਾ ਚਿ ਮਜਬ ਅਸਤ। ਇਸ ਤੋਂ ਪਹਿਲੀਆਂ 17 ਸਤਰਾਂ ਦਾ ਪਾਠ 'ਪੁਰਾਤਨ' ਵਿਚ ਪਰਾਪਤ ਨਹੀਂ। ਇਸ ਦੇ ਕੱਢੇ ਜਾਣ ਦੀ ਤਾਰਕੀਅਤਾ ਜਾਂ ਉੱਕਤੀ-ਜੁਗਤੀ ਵੀ ਦਰਜ ਨਹੀਂ।
2. ਸੈ.ਹ-ਲ. ਪਾਠ ਹੈ : ਬਾਮਨ ਟੋਪੀ ਸਹਿਜ ਬਸਤਾਆਸ।
3. ਅਰਥਾਤ ਤੁਹਾਡੀ ਲੰਗੋਟੀ ਦੀ ਕੀ ਮਹਿਮਾ ਹੈ ?
4. ਪੁਰਾਤਨ. : ਮਹਿ।
5. ਪੁਰਾਤਨ. : ਅਟਲ।

Scanned by CamScanner

ਪਹਰਿ ਲੰਗੋਟੀ ਰਹੈ ਇਕੇਲਾ॥
ਉਲਟਿ ਲੰਬਿ ਕਾ ਪੀਵੈ ਉਵਾ ਜਲਾ॥
ਬਿਲੰਦ ਮਤਿ ਗੁਰ ਹਿਰੀ ਛੋਟੀ॥
ਇਹੁ ਜੁਗਤਿ ਨਾਨਕ ਪਹਿਰਿਬੋ ਲੰਗੋਟੀ॥੩॥

ਤਬਿ ਫਿਰਿ ਸੇਖ ਸਰਫ ਪੁਛਿਆ॥ ਅਗਰ ਤੁਰਾ ਸੁਆਲ ਮੇ ਪੁਰਸੰ ਅਹਿਲਾ ਜਬਾਬੁ ਬੋਗੋ ਦਰਵੇਸ॥ [1]ਪਾਉਪੋਸ ਤਿਆਗਿ ਚਿ ਜੇਬਾਸਿ[1]॥ ਤਬਿ ਗੁਰੂ ਨਾਨਕ ਜਬਾਬੁ ਦਿਤਾ

ਸਰਬ ਗਿਆਨ ਅਹਿਨਿਸ ਭੀਤੰ॥
ਪਾਵਕ ਪਵਨ[2] ਜਾਤਿ ਮਨ ਕੀਤੰ॥
ਧਰਨਿ ਤਰਵਰ ਕੀ ਰਹਤ ਰਹਨੰ॥
ਕਾਟਨੁ ਖੋਦਨੁ ਮਨ ਮਹਿ ਸਹਨੰ॥
ਦਰੀਆਉ ਸੈਲੇ ਰੀਤ ਬਾਛੰ॥
ਭੁਇ[3] ਭਾਇ ਉਹੁ ਕਰੈ ਹਾਛੰ॥
ਏਹੁ ਮਥਨੁ ਮਥਿ ਕੈ ਰਹੈ ਉਪ੍ਰਾਨੰ॥
ਤਜ[4] ਸਹਜਿ ਪਉਪੋਸ ਹੋਇ ਬ੍ਰਹਮੁ॥
ਬਿਨੁ ਬ੍ਰਹਮ ਚੀਨੈ ਪਾਉਪੋਸ ਤਿਆਗੈ॥
ਕਹੈ ਨਾਨਕ ਓਹੁ ਤਿੜਿ ਨਾ ਲਾਗੈ॥੪॥

ਤਬਿ ਫਿਰਿ ਸੇਖ ਸਰਫ ਪੁਛਿਆ॥ ਅਗਰ ਤੁਰਾ ਸੁਆਲ ਮੇ ਪੁਰਸੰ ਅਹਿਲਾ ਜਬਾਬੁ ਬੋਗੋ ਦਰਵੇਸੰ॥ [5]ਸਫਾ ਦਿਲ ਦਰਵੇਸੰ ਅਮਲ ਦਰਾਏ[5]॥ ਤਬਿ ਬਾਬੇ ਜਬਾਬੁ ਦਿਤਾ॥ ਆਖਿਓਸੁ ਮਰਦਾਨਿਆ ਰਬਾਬੁ ਵਜਾਇ॥ ਤਾਂ ਮਰਦਾਨੈ ਰਬਾਬੁ ਵਜਾਇਆ ਰਾਗੁ ਦੇਵਗੰਧਾਰੀ ਮਃ ੧॥[6]

ਜੀਵਤਾ ਮਰੇ ਜਾਗਤ ਫੁਨਿ ਸੋਵੈ॥
ਜਾਨਤ ਆਪੁ ਮੁਸਾਵੈ॥
ਸਫਨ ਸਫਾ ਹੋਇ ਮਿਲੈ ਖਾਲਕ ਕਉ ਤਉ ਦਰਵੇਸੁ ਕਹਾਵੈ॥੧॥
ਤੇਰਾ ਜਨੁ ਹੈ ਕੋ ਐਸਾ ਦਿਲਿ ਦਰਵੇਸੁ॥
ਸਾਦੀ ਗਮੀ ਤਮਕ ਨਹੀ ਗੁਸਾ ਖੁਦੀ ਹਿਰਸੁ ਨਹੀ ਏਸੁ॥ਰਹਾਉ॥
ਕੰਚਨੁ ਖਾਕੁ ਬਰਾਬਰਿ ਦੇਖੈ ਹਕੁ ਹਲਾਲੁ ਪਛਾਣੈ॥
ਆਈ ਤਲਬ ਸਹਿਬ ਕੀ ਮਾਨੈ ਅਵਰ ਤਲਬ ਨਾਹੀ ਜਾਨੈ॥੨॥
ਗਗਨ ਮੰਡਲ ਮਹਿ ਆਸਣਿ ਬੈਠੇ ਅਨਹਦੁ ਨਾਦੁ ਵਜਾਵੈ॥
ਕਹੁ ਨਾਨਕ ਸਾਧ ਕੀ ਮਹਮਾ ਬੇਦ ਕੁਰਾਨੁ ਨ ਪਾਵੈ॥੩॥[6]

ਤਬਿ ਸੇਖ ਸਰਫ ਆਖਿਆ॥ ਵਾਹੁ ਵਾਹੁ ਖੁਦਾਇ][7][ਸਹੀ ਕਰਣਿ ਵਾਲਿਆ

---

1. ਪੈਰੋਂ ਨੰਗੇ ਰਹਿਣ ਵਿਚ ਕੀ ਖ਼ੂਬਸੂਰਤੀ ਹੈ?
2. ਪੁਰਾਤਨ.: ਪਨ।
3. ਪੁਰਾਤਨ.: ਭਾਇ।
4. ਪੁਰਾਤਨ.: ਸਉ।
5. ਸੈ.ਹ-ਲ., ਹਾ.ਨੁ.: ਦਰਾ ਐਸ। ਦਰਾਈ - ਆਵਾਜ਼ ਕਰਨ ਵਾਲਾ: ਅਰਥਾਤ, ਖੋਟ ਰਹਿਤ ਦਰਵੇਸ਼ ਕਿਹੜੇ ਅਮਲਾਂ ਦਾ ਹੋਕਾ ਦੇਵੇ।
6. ਇਹ, ਅਤੇ ਇਸ ਖੰਡ ਦੀ ਸਾਰੀ ਕਾਵਿ ਰਚਨਾ ਸੈਂਚੇ ਦੀ ਤਖ਼ਲੀਕ ਹੈ।
7. ਪੁਰਾਤਨ, ਵਾਧੂ ਪਾਠ: ਦਿਆਂ।

Scanned by CamScanner

ਦਾ ਕਿਆ ਸਹੀ ਕੀਚੈ॥ ਉਨ ਕਾ ਦੀਦਾਰੁ][1][ਬਹੁਤੁ ਹੈ॥ ਤਬਿ ਆਇ ਦਸਤਪੋਸੀ ਕੀਤੀਓਸੁ ਪੈਰ ਚੁਮਿਓਸੁ॥ ਡੇਰੇ ਕਉ ਹੋਆ॥][2][ਬਾਬਾ ਤੇ ਮਰਦਾਨਾ ਰਹਦੇ ਰਹੇ॥

15.

[ਦਿਲੀ ਹਾਥੀ ਮੋਇਆ ਜਿਵਾਇਆ]

ਆਇ ਦਿਲੀ ਨਿਕਲੇ॥ ਤਬਿ ਦਿਲੀ ਕਾ ਪਾਤਿਸਾਹੁ ਸੁਲਤਾਨੁ ਬ੍ਰਹਮੁਬੇਗ ਥਾ॥ ਊਹਾਂ ਜਾਇ ਰਾਤਿ ਰਹੈ ਮਹਾਵਤਾਂ ਵਿਚਿ॥ ਓਨਿ ਖਿਜਮਤਿ ਬਹੁਤ ਕੀਤੀ॥ ਤਬਿ ਇਕੁ ਹਾਥੀ ਉਨਕਾ[3] ਮੁਆ][4][ਥਾ॥ ਲੋਕੁ ਰੋਂਦੇ ਪਿਟਦੇ ਆਹੇ॥ ਤਬਿ ਬਾਬੇ ਪੁਛਿਆ ਤੁਸੀਂ ਕਿਉਂ ਰੋਂਦੇ ਹੋ॥ ਤਾਂ ਉਨਾ ਅਰਜੁ ਕੀਤਾ ਜੀ ਅਸੀ ਹਾਥੀ ਦੇ ਪਿਛੈ ਰੋਂਦੇ ਹਾਂ॥ ਤਬਿ ਬਾਬੇ ਆਖਿਆ ਹਾਥੀ ਕਿਸ ਦਾ ਥਾ॥ ਤਬਿ ਮਹਾਵਤਿ ਕਹਿਆ ਹਾਥੀ ਪਾਤਿਸਾਹ ਦਾ ਥਾ॥ ਇਕੇ ਖੁਦਾਇ ਦਾ ਥਾ॥ ਤਬ ਬਾਬੇ ਕਹਿਆ॥ ਤੁਸੀਂ ਕਿਉਂ ਰੋਂਦੇ ਹਉ॥ ਤਾ ਉਨਾ ਆਖਿਆ ਜੀ ਅਸਾਡਾ ਰੁਜਗਾਰ ਥਾ॥ ਤਾ ਬਾਬੇ ਆਖਿਆ ਹੋਰੁ ਰੁਜਗਾਰ ਕਰਹੁ॥ ਤਬਿ ਓਨਾਂ ਕਹਿਆ ਜੀ ਬਣੀ ਥੀ ਟਬਰ [5]ਸੁਖਾਲੇ ਪਏ ਖਾਂਦੇ ਸੇ[5]॥

ਤਬਿ ਬਾਬੇ ਮੇਹਰ[6] ਕੀਤੀ॥ ਆਖਿਓ ਸੁ ਜੋ ਏਹੁ ਹਾਥੀ ਜੀਵੈ ਤਾ ਰੋਵਹੁ ਨਾਹੀ॥ ਤਬਿ ਉਨਾ ਆਖਿਆ ਜੀ ਮੁਏ ਕਿਥਹੁ ਜੀਵਦੇ[7] ਹੈਨਿ॥ ਤਬਿ ਬਾਬੇ ਆਖਿਆ ਜਾਇ ਕਰ ਇਸ ਦੇ ਮੁਹਿ ਉਪਰਿ ਹਥੁ ਫੇਰਹੁ॥ ਵਾਹਿਗੁਰੂ ਆਖਹੁ॥ ਤਬਿ ਓਨਿ ਆਗਿਆ ਮਾਨੀ॥ ਜਾਹਿ ਹਥੁ ਫੇਰਿਆ ਤਾਂ ਹਾਥੀ ਉਠਿ ਖੜਾ ਹੋਆ॥ ਤਬਿ ਅਰਜ ਪਤਿਸਾਹੁ ਕਉ ਪਹੁੰਚਾਈ॥ ਆਖਿ ਸੁਣਾਈ॥

ਤਬਿ ਸੁਲਤਾਨ ਬ੍ਰਹਮ ਬੇਗੁ [8]ਹਾਥੀ ਮੰਗਾਇਆ[8]॥ ਚੜਿ ਕਰ ਦੀਦਾਰ ਨੂੰ ਆਇਆ॥ ਆਇ ਬੈਠਾ॥ ਆਖਿਓਸੁ ਏ ਦਰਵੇਸ ਏਹੁ ਹਾਥੀ ਤੁਸਾ ਜੀਵਾਇਆ ਹੈ॥ ਤਬਿ ਬਾਬੇ ਆਖਿਆ ਮਾਰਣਿ ਜੀਵਾਲਣ ਵਾਲਾ ਖੁਦਾਇ ਹੈ॥ ਅਤੈ ਦੁਆਇ ਫਕੀਰਾਂ ਰਹਮੁ ਅਲਾਹ ਹੈ॥ ਤਉ ਫਿਰਿ ਪਾਤਿਸਾਹੁ ਆਖਿਆ ਮਾਰਿ ਦਿਖਾਲੁ ਤਾਂ ਬਾਬਾ ਬੋਲਿਆ

ਸਲੋਕ

ਮਾਰੈ ਜੀਵਾਲੈ ਸੋਈ॥
ਨਾਨਕ ਏਕਸੁ ਬਿਨੁ ਅਵਰੁ ਨਾ ਕੋਈ॥੧॥[9]

ਤਬਿ ਹਾਥੀ ਮਰਿ ਗਇਆ॥ ਬਹੁੜਿ ਪਾਤਿਸਾਹਿ ਆਖਿਆ ਜੀਵਾਲੁ॥ ਤਬ

---

1. ਪੁਰਾਤਨ, ਵਾਧੂ ਪਾਠ : ਹੀ।
2. ਪੁਰਾਤਨ, ਵਾਧੂ ਪਾਠ : ਤਬਿ।
3. ਪਾਠ, ਹਾ.ਨੁ., ਸੈ.ਹ-ਲ ਦਾ।
4. ਪੁਰਾਤਨ, ਵਾਧੂ ਪਾਠ : ਪਾਇਆ।
5. ਹਾ.ਨੁ., ਸੈ.ਹ-ਲ., ਖਾ.ਹ-ਲ. : ਪਏ ਖਾਂਦੇ ਸੇ ਸੁਖਾਲੇ।
6. ਹਾ.ਨੁ. ਬਾਬਾ ਮਿਹਰਬਾਨ ਹੋਇਆ।
7. ਪੁਰਾਤਨ. : ਜੀਵੇ।
8. ਹਾ.ਨੁ., ਸੈ.ਹ-ਲ. : ਉਸ ਹਾਥੀ ਉਪਰ।
9. ਇਹ ਗੁਰਬਾਣੀ ਨਹੀਂ।

ਬਾਬੇ ਕਹਿਆ ਹਜਰਤਿ [ਸਲਾਮਤ][1] ਲੋਹਾ ਅਗ ਵਿਚ ਤਪਿ[2] ਲਾਲੁ ਹੋਂਦਾ ਹੈ ਪਰ ਓਹੁ ਰਤੀ ਹਥ ਉਪਰਿ ਟਿਕੈ ਨਾਹੀ॥ ਅਤੇ ਅੰਗਿਆਰੁ ਕੋਈ ਰਤੀ ਰਹੈ॥ ਤਿਉਂ ਖੁਦਾਇ ਦੇ ਵਿਚਿ ਫਕੀਰ ਲਾਲੁ ਹੋਏ ਹੈਨਿ॥ ਅਤੇ ਖੁਦਾਇ ਕੀ ਸਟੀ ਓਹੁ ਉਠਾਇ ਲੈਇਨਿ ਪਰ ਉਨ ਕੀ ਸਟੀ ਉਨਹੂ ਰਹੀ॥ ਤਬਿ ਪਾਤਿਸਾਹੁ ਸਮਝਿ ਕਰ ਬਹੁਤੁ ਖੁਸੀ ਹੋਆ॥ ਤਬਿ ਆਖਿਓਸੁ ਜੀ ਕੁਛੁ ਕਬੂਲੁ ਕਰੁ॥ ਤਬ ਬਾਬਾ ਬੋਲਿਆ

ਸਲੋਕ

[3]ਨਾਨਕ ਭੁਖ ਖੁਦਾਇ ਕੀ ਖਿਆ ਬੇਪਰਵਾਹੀ॥
ਅਸਾਂ ਤਲਬ ਦੀਦਾਰ ਕੀ ਖਿਆ ਤਲਬ ਨ ਕਾਈ॥[3]

ਤਬਿ ਪਾਤਿਸਾਹੁ ਸਮਝਿ ਕਰਿ ਉਠਿ ਗਇਆ॥ ਬਾਬਾ][4][ਰਵਦਾ ਰਹਿਆ॥

16.

[ਸੇਖ ਬਜੀਦ ਭੇਟ]

ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ॥ ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ॥ ਤਦਹੁ ਪਉਣੁ ਅਹਾਰੁ ਕੀਆ[5]॥ ਪਹਿਰਾਵਾ ਬਾਬੇ ਕਾ ਏਕੁ ਬਸਤਰੁ ਅੰਬੋਆ ਏਕੁ ਬਸਤਰੁ ਚਿਟਾ॥ ਏਕੁ ਪੈਰਿ ਜੁਤੀ ਏਕੁ ਪੈਰਿ ਖੰਉਸ॥ ਗਲਿ ਖਫਨੀ॥ ਸਿਰਿ ਟੋਪੀ ਕਲੰਦਰੀ॥ ਮਾਲਾ ਹਡਾਂ ਕੀ ਮਥੈ ਤਿਲਕੁ ਕੇਸਰ ਕਾ॥

ਤਦਹੁ ਰਾਹ ਵਿਚਿ ਸੇਖੁ ਬਜੀਦੁ ਸਈਯਦੁ ਮਿਲਿਆ॥ ਸੁਖਪਾਲ ਵਿਚਿ ਚੜਿਆ ਜਾਂਦਾ ਆਹਾ॥ ਤਿਸ ਕੇ ਲਕੜਿਆਂ ਨਾਲਿ ਛਿਆ ਕਹਾਰੁ ਥੇ॥ ਤਬਿ ਓਹੁ ਜਾਇ ਉਤਰਿਆ ਏਕ ਦਰਖਤ ਤਲੈ॥ ਤਾਂ ਓਹੁ ਲਾਗੇ ਚਿਕਣ ਅਤੇ ਝਲਣਿ॥ ਤਬਿ ਮਰਦਾਨੇ ਆਖਿਆ ਜੀ ਖੁਦਾਇ ਏਕੁ ਹੈ॥ ਕਿਉਂ॥

ਤਬਿ ਬਾਬੇ ਆਖਿਆ ਹੋ ਮਰਦਾਨਿਆ ਖੁਦਾਇ ਏਕੁ ਹੈ॥ ਤਬ ਮਰਦਾਨੇ ਅਰਜ ਕੀਤੀ॥ ਆਖਿਓਸੁ ਜੀ ਪਾਤਿਸਾਹੁ ਓਹੁ ਕਿਸ ਕੀ ਪੈਦਾਇਸ ਹੈ॥ ਅਤੇ ਓਹੁ ਕਿਸ ਕੀ ਪੈਦਾਇਸ ਹੈ ਜੋ ਸੁਖਪਾਲਿ ਵਿਚਿ ਚੜਿਆ ਆਇਆ ਹੈ॥ ਅਤੇ ਓਹੁ ਪੈਰਾਂ ਤੇ ਉਪੋਹਾਣੇ ਭੀ ਹੈਨਿ ਅਤੇ ਪਿੰਡੇ ਨਾਂਗੇ ਕਾਂਧੇ ਈਥੇ ਤੇ ਲੇਈ ਆਇ ਹੈਂਗੇ॥ ਅਤੇ ਓਹੋ ਬੈਠੇ ਚਿਕਦੇ ਹਿਨਿ॥ ਤਬਿ ਬਾਬਾ ਬੋਲਿਆ

ਸਲੋਕ॥

[6]ਪੂਰਬ ਜਨਮ ਕੇ ਤਪੀਏ ਪਾਲੇ ਸਹਿਆ ਡੰਗੁ॥
ਤਬਿ ਕੈ ਧਕੇ ਨਾਨਕਾ ਅਬਿ ਮੰਡਾਵਨਿ ਅੰਗੁ॥੧॥[6]

ਤਬਿ ਬਾਬੇ ਆਖਿਆ ਮਰਦਾਨਿਆ ਤਪ ਤੇ ਰਾਜੁ ਹੈ ਰਾਜ ਤੇ ਨਰਕੁ ਹੈ॥ ਅਤੇ ਜੋ ਕੋਈ ਆਇਆ ਹੈ ਮਾਤਾ ਦੇ ਪੇਟ ਤੇ ਨਾਂਗਾ ਆਇਆ ਹੈ॥ ਅਤੇ ਸੁਖੁ ਦੁਖੁ ਪਿਛਲਾ ਲੇਖੁ ਚਲਿਆ ਜਾਇ॥ ਤਬਿ ਮਰਦਾਨਾ ਪੈਰੀ ਪਇਆ॥

---

1. ਪਾਠ ਹਾ.ਨੁ., ਸਿ.ਹ-ਲ., ਪਾ.ਹ-ਲ. ਚਾ।
2. ਹਾ.ਨੁ., ਸਿ.ਹ-ਲ., ਪਾ.ਹ-ਲ.। ਤਪ ਕੈ।
3. ਇਹ ਤੁਕ-ਬੰਦੀ ਸੇਖ ਦੀ ਆਪਣੀ ਹੈ।
4. ਹਾ.ਨੁ., ਸਿ.ਹ-ਲ. ਵਾਧੂ ਪਾਠ। ਉਥਹੁ।
5. ਹਾ.ਨੁ., ਸੈ.ਹ-ਲ.। ਕਰਦਾ ਥਾ/ਸਾ।
6. ਇਹ ਗੁਰਬਾਣੀ ਨਹੀਂ।

17.

[ਬਨਾਰਸ ਵਿਚ ਚਤੁਰ ਦਾਸ]

ਓਥਹੁ ਚਲੇ ॥ ਬਨਾਰਸਿ ਆਏ[1] ॥ ਤਬਿ ਆਏ ਚਉਕ[2] ਵਿਚ ਬੈਠੇ ॥ ਤਬਿ ਬਨਾਰਸ ਕਾ ਪੰਡਿਤ ਚਤੁਰਦਾਸ ਥਾ ॥ ਸੋ ਇਸਨਾਨ ਕਉ ਆਇਆ ਥਾ ॥ ਆਇ ਰਾਮ ਰਾਮ ਕੀਤੀਓਸੁ ॥ ਭੇਖ ਦੇਖਿ ਕੈ ਬੈਠਿ ਗਇਆ ॥ ਆਖਿਓਸੁ ਏ ਭਗਤਿ ਤੇਰੈ ਸਾਲਗਿਰਾਮ ਨਾਹੀ ਤੁਲਸੀ ਕੀ ਮਾਲਾ ਨਾਹੀ ॥ [3]ਸਾਲਗਿਰਾਮ ਨਾਹੀ[3] ਸਿਮਰਣੀ ਨਾਹੀ ॥ ਗੋਪੀ ਚੰਦਨ ਕਾ ਟਿਕਾ ਨਾਹੀ ॥ ਅਤੇ ਤੂ ਭਗਤਿ ਕਹਾਵਦਾ ਹੈ ॥ ਸੋ ਤੁਮ ਕਿਆ ਭਗਤਿ ਪਾਈ ਹੈ ॥ ਤਬਿ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ ॥ ਤਾ ਮਰਦਾਨੇ ਰਬਾਬੁ ਵਜਾਇਆ ॥ ਰਾਗੁ ਬਸੰਤੁ ਕੀਤਾ ॥ ਬਾਬੇ ਸਬਦੁ ਉਠਾਇਆ ਮਹਲਾ ੧ ਬਸੰਤੁ ਹਿੰਡੋਲ ਘਰੁ ੨

> [4]ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥
> ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥
> ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥
> ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ਰਹਾਉ ॥[4]

ਤਬਿ ਫਿਰਿ ਪੰਡਤਿ ਕਹਿਆ ॥ ਹੋ ਭਗਤ ਏਹ ਬਸਤੁ ਤਾ ਕਲਰ ਕੋ ਸੰਚਣ ਹੋਇਆ ॥ ਪਰੁ ਓਹੁ ਬਸਤੁ ਕਉਣੁ ਹੈ ਜਿਸ ਨਾਲ ਧਰਤੀ ਸੰਚੀਐ[5] ॥ ਅਤੈ ਪਰਮੇਸਰੁ ਮਿਲੈ ॥ ਤਬਿ ਬਾਬੇ ਦੂਜੀ ਪਉੜੀ ਆਖੀ

> [4]ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥
> ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥[4]

ਤਬਿ ਫਿਰਿ ਪੰਡਤਿ ਪੁਛਿਆ ॥ ਏ ਭਗਤ ਧਰਤੀ ਤਾਂ ਖੋਦੀ ਪਰ ਸਿੰਚੇ ਬਿਨਾ ਕਿਉਂ ਕਰਿ ਹਰੀ ਹੋਵੈ ॥ ਅਤੇ ਮਾਲੀ ਕਿਤਿ ਬਿਧਿ ਆਪਣਾ ਕਰਿ ਜਾਣੈ ॥ ਤਬਿ ਬਾਬੇ ਪਉੜੀ ਤੀਜੀ ਆਖੀ

> [4]ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
> ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥[4]

ਤਬਿ ਚਤੁਰਦਾਸ ਪੰਡਤ ਕਹਿਆ ॥ ਜੀ ਤੁਮ [6]ਪਰਮੇਸਰ ਕੇ[6] ਪਰਮਹੰਸ ਹੋ ॥ ਅਤੇ ਜੀ ਅਸਾਡੀ ਮਤਿ ਇੰਦ੍ਰੀਆ ਕੀ ਜਿਤੀ ਹੋਈ ਮਲੀਣੁ ਹੈ ਬਗੁਲੇ ਕੀ ਨਿਆਈਂ ॥ ਤਬਿ ਬਾਬੇ ਪਉੜੀ ਚਉਥੀ ਆਖੀ

> [4]ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥
> ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥[4]

ਤਬਿ ਫਿਰਿ ਪੰਡਤ ਬੋਲਿਆ ॥ ਆਖਿਓਸੁ ਜੀ ਤੁਮ ਪਰਮੇਸਰ ਕੇ ਭਗਤ ਹੋ ॥ ਪਰੁ ਜੀ ਇਸ ਨਗਰੀ ਕਉ ਭੀ ਪਵਿਤ੍ਰੁ ਕਰੁ ਕੁਛ ਇਸ ਕਾ ਭੀ ਗੁਨੁ ਲੇਵਹੁ ॥ ਤਬਿ

---

1. ਹਾ.ਨੁ., ਸੈ.ਹ-ਲ. : ਆਇ ਨਿਕਸੇ।
2. ਪੁਰਾਤਨ : ਚਾਉਕੇ।
3. ਹਾ.ਨੁ., ਸੈ.ਹ-ਲ., ਸਿ.ਹ-ਲ., ਪਾ.ਹ-ਲ. : ਪਾਠ ਨਹੀਂ।
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1170-71.
5. ਹਾ.ਨੁ., ਸਿ.ਹ-ਲ. : ਸਾਜੀਐ।
6. ਹਾ.ਨੁ., ਸਿ.ਹ-ਲ. : ਪਾਠ ਨਹੀਂ।

ਗੁਰੂ ਨਾਨਕ ਪੁਛਿਆ॥ ਇਸ ਕਾ ਗੁਨ ਕੈਸਾ ਹੈ॥ ਤਬਿ ਪੰਡਿਤ ਕਹਿਆ ਜੀ ਇਸ ਕਾ ਗੁਨੁ ਵਿਦਿਆ ਹੈ ਜਿਸੁ ਪੜ੍ਹੇ ਤੇ][1][ਰਿਧਿ ਆਇ ਰਹੈ॥ ਅਤੈ ਜਹਾਂ ਬੈਠਹੁ ਤਹਾਂ ਸੰਸਾਰੁ ਮਾਨੈ॥ ਅਤੈ ਇਸ ਮਤ ਲਈ[2] ਤੇ ਮਹੰਤ ਹੋਵਹੁ॥ ਤਬਿ ਬਾਬਾ ਬੋਲਿਆ ਸਬਦੁ ਰਾਗੁ ਬਸੰਤ ਵਿਚ ਬਸੰਤ ਹਿੰਡੋਲਾ ਮਹਲਾ ੧॥

[3]ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥੧॥
ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥ ਕਿਨ ਬਿਧਿ ਪਾਵਉ ਪ੍ਰਾਨਪਤੀ॥੧॥ਰਹਾਉ॥
ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥੨॥
ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥
ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥੩॥
ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥੪॥੩॥੧੧॥[3]

ਤਬਿ ਫਿਰਿ ਚਤੁਰਦਾਸ ਪੰਡਤ ਬੇਨਤੀ ਕੀਤੀ॥ ਆਖਿਓਸੁ ਜੀ ਏਹੁ ਜੋ ਅਸੀਂ ਸੰਸਾਰ ਕੇ ਤਾਈਂ ਪੜ੍ਹਾਵਤੇ ਹੈਂ ਅਰੁ ਅਸੀਂ ਪੜਤੇ ਹੈਂ ਕੁਛ ਪ੍ਰਾਪਤਿ ਹੋਵੈਗਾ ਪਰਮੇਸਰ ਕਾ ਨਾਉ॥ ਤਬਿ ਗੁਰੂ ਨਾਨਕ ਪੁਛਿਆ॥ ਏ ਸੁਆਮੀ ਤੁਮ ਕਿਆ ਪੜਤੇ ਹੋ[4]॥ ਅਰੁ ਕਵਨੁ ਵਸਤੁ ਸੰਸਾਰੁ ਜੋਗੁ ਪੜ੍ਹਾਇਦੇ ਹੋ॥ ਅਰ ਕਿਆ ਵਿਦਿਆ ਪੜ੍ਹਾਵਦੇ ਹੋ ਚਾਟੜਿਆਂ ਜੋਗੁ॥ ਤਬ ਪੰਡਿਤ ਕਹਿਆ ਜੀ ਵਚਨ ਪਾਰਬ੍ਰਹਮ ਕੇ ਸਿਉ ਪਹਲੀ ਪਟੀ ਪੜ੍ਹਾਵਉ ਸੰਸਾਰ ਜੋਗੁ॥ ਤਬਿ ਬਾਬਾ ਬੋਲਿਆ

[5]ਰਾਮਕਲੀ ਮਹਲਾ ੧ ਦਖਣੀ ਓਅੰਕਾਰੁ
ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥੧॥
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ਰਹਾਉ॥[5]

ਤਬਿ ਪਉੜੀਆਂ ਚਉਰੰਜਹ ੫੪ ਓਅੰਕਾਰੁ ਹੋਇਆ॥ ਤਬਿ ਪੰਡਿਤੁ ਆਇ ਪੈਰੀ ਪਇਆ॥ ਨਾਉ ਧਰੀਕ ਹੋਆ॥ ਗੁਰੂ ਗੁਰੂ ਲਗਾ ਜਪਣਿ॥ ਤਬਿ ਬਾਬਾ ਜੀ ਉਥਹੁ ਰਵਦੇ ਰਹੇ॥

1. ਹਾ.ਨੁ., ਸੈ.ਹ-ਲ. ਵਾਧੂ ਪਾਠ: ਤੇਰੇ ਦੁਆਰੇ।
2. ਹਾ.ਨੁ., ਸੈ.ਹ-ਲ.: ਲਏ ਤੇ।
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1171.
4. ਹਾ.ਨੁ., ਸੈ.ਹ-ਲ.: ਕਿਆ ਪੜਿਆ ਹੈ।
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 929-30.

Scanned by CamScanner

18.
[ਨਾਨਕ ਮਤੇ ਸਿੱਧਾਂ ਨਾਲ ਗੋਸ਼ਟ]

ਤਬ ਨਾਨਕ ਮਤੈ ਆਇ ਨਿਕਲੈ॥ ਤਬਿ ਇਕਸੁ ਬੜ੍ਹ ਕੇ ਤਲੇ ਜਾਇ ਬੈਠੇ॥ ਓਹੁ ਬੜ੍ਹ ਸੁਕਾ ਖੜਾ ਥਾ ਕਈ ਬਰਸਾਂ ਕਾ॥][1][ਓਥੇ ਧੂੰਈ ਤਾਈ ਤਬ ਓਹੁ ਹਰਿਆ ਹੋਆ॥ ਸਿਧਾਂ ਡਿਠਾ॥ ਆਇ ਬੈਠੇ॥ ਤਬਿ ਸਿਧਾਂ ਪੁਛਿਆ ਹੇ ਬਾਲਕੇ ਤੂ ਕਿਸ ਕਾ ਸਿਖੁ ਹੈ॥ [2]ਦੀਖਿਆ ਤੈਂ ਕਿਸਤੇ ਲਈ ਹੈ[2]॥ ਤਬਿ ਗੁਰੂ ਬਾਬੇ ਸਬਦੁ ਉਠਾਇਆ ਰਾਗੁ ਸੂਹੀ ਵਿਚਿ ਸੂਹੀ ਮਹਲਾ ੧

[3]ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥੧॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥੧॥ਰਹਾਉ॥
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥੨॥
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥੩॥
ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥੪॥੨॥੯॥[3]

ਤਬਿ ਸਿਧਾਂ ਆਖਿਆ ਬਾਲਕੇ ਤੂੰ ਜੋਗੀ ਹੋਇ॥ ਦਰਸਨੁ ਭੇਖੁ ਲੇਉ॥ ਤਬਿ ਬਾਬੇ ਸਬਦ ਉਠਾਇਆ ਰਾਗੁ ਸੂਹੀ ਲਾਲਤਾ ਵਿਚ ਸੂਹੀ ਮਹਲਾ ੧

[3]ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥੧॥ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥੪॥੧॥੮॥[3]

ਤਬਿ ਸਿਧਾ ਆਦੇਸੁ ਆਦੇਸੁ ਕੀਤਾ॥ ਜੋ ਇਹੁ ਕੋਈ ਮਹਾਂ ਪੁਰਖੁ ਹੈ। ਜਿਸ ਕੇ ਬੈਠਣੇ ਸਾਥਿ ਬੜ੍ਹ ਹਰਿਆ ਹੋਆ ਭੰਡਾਰੇ ਕਾ॥ ਤਬਿ ਗੁਰੂ ਬਾਬਾ ਓਥਹੁੰ ਰਵਿਦਾ ਰਹਿਆ॥

---

1. ਹਾ.ਨੁ., ਸੈ.ਹ-ਲ. ਵਾਧੂ ਪਾਠ: ਤਬ ਸਾਧੂ ਆਇ ਬੈਠੇ।
2. ਹਾ.ਨੁ., ਸੈ.ਹ-ਲ.: ਕਿਸ ਕੀ ਦੀਖਿਆ ਲਈ ਹੈ।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 730-31.

19.

[ਵਣਜਾਰਿਆਂ ਦੇ ਟਾਂਡੇ]

ਇਕਤੁ ਟਾਂਡੈ[1] ਆਇ ਨਿਕਲੇ ਵਣਜਾਰਿਆਂ ਕੈ॥ ਤਬਿ ਨਾਇਕ ਕੇ ਬਾਹਰਿ ਆਇ ਬੈਠੇ॥ ਉਸ ਦੇ ਘਰਿ ਪੁਤ੍ਰ ਹੋਆ ਥਾ ਅਤੈ ਲੋਕ ਬਹੁਤੁ ਮੁਬਾਰਖੀ ਦੇਵਣਿ ਆਵਨਿ॥ ਕੋਈ ਆਇ ਅਲਤਾ ਪਾਵੈ॥ ਕੋਈ ਲਖ ਅਸੀਸਾ ਦੇਵੈ॥ ਤਬ ਮਰਦਾਨਾ ਬੈਠਾ ਤਮਾਸਾ ਦੇਖੈ॥ ਜਾ ਲਹੁੜਾ ਦਿਨੁ ਹੋਇਆ ਤਾਂ ਓਹੁ ਉਠਿ ਗਇਆ ਘਰਿ॥ ਖਬਰਿ ਲੀਤੀਆ[2] ਨਹੀ॥ ਤਬਿ ਮਰਦਾਨੇ ਨੂੰ ਭੁਖ ਲਗੀ ਖਰੀ ਬਹੁਤ॥ ਆਖਿਓਸੁ ਜੀਵੈ ਪਾਤਸਾਹਾ ਇਸ ਤਾਂ ਅਸਾਡੀ ਖਬਰਿ ਕਿਛੁ ਨਾ ਲਈ॥ ਇਸ ਦੇ ਘਰਿ ਅਜੁ ਪੁਤ੍ਰ ਹੋਆ ਹੈ॥ ਆਪਣੀ ਹੂਇ ਹਵਾਇ ਨਾਲ ਉਠਿ ਗਇਆ॥ ਪਰੁ ਜੀ ਜੇ ਮੈਨੂੰ ਹੁਕਮੁ ਹੋਵੈ ਤਾ ਇਸ ਦੇ ਘਰਿ ਜਾਵਾਂ॥ ਇਹੁ ਪੁਤ੍ਰ ਦੀ ਵਧਾਈ ਮੰਗਤਿਆਂ ਲੋਕਾਂ ਨੂੰ ਦੇਂਦਾ ਹੈ॥][3][ਕੁਛ ਮੈਂ ਭੀ ਲੈ ਆਵਾਂ॥

ਤਬਿ ਬਾਬਾ ਹਸਿਆ॥ ਆਖਿਓਸੁ ਮਰਦਾਨਿਆ ਇਸ ਦੇ ਘਰਿ ਪੁਤ੍ਰ ਨਾਹੀਂ ਹੋਆ॥ ਇਸ ਦੇ ਘਰਿ ਏਕੁ ਕਰਜਾਈ ਆਇਆ ਹੈ॥ ਚੁਪਾਤਾ ਰਹੁ ਰਾਤਿ ਰਹੇਗਾ ਭਲਕੇ ਉਠਿ ਜਾਵੈਗਾ॥ ਪਰੁ ਤੇਰੇ ਮਨਿ ਆਈ ਹੈ ਤਾਂ ਜਾਹਿ ਪਰੁ ਅਸੀਸ ਦੇਹੀਂਈ ਨਾਹੀ॥ ਚੁਪਾਤਾ ਜਾਇ ਖੜਾ ਹੋਉ॥ ਤਾਂ ਮਰਦਾਨੇ ਆਖਿਆ ਭਲਾ ਹੋਵੈ ਜੀ॥ ਜਾਇ ਦੇਖਾਂ॥ ਤਬਿ ਮਰਦਾਨਾ ਗਇਆ॥ ਜਾਇ ਖੜੋਤਾ ਚੁਪਾਤਾ ਖਬਰਿ ਕਿਸੇ ਨਾ ਲੀਤੀ॥ ਉਠਿ ਆਇਆ॥ ਤਬਿ ਬਾਬੇ ਆਖਿਆ॥ ਮਰਦਾਨਿਆ ਰਬਾਬੁ ਵਜਾਇ॥ ਤਾ ਮਰਦਾਨੇ ਰਬਾਬ ਵਜਾਇਆ॥ ਰਾਗੁ ਸ੍ਰੀ ਰਾਗੁ ਕੀਤਾ॥ ਗੁਰੂ ਬਾਬੇ ਸਬਦੁ ਉਠਾਇਆ

ਸਿਰੀਰਾਗੁ ਮਹਲਾ ੧ ਪਹਰੇ ਘਰੁ ੧

[4]ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥੧॥
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ॥੨॥
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥

---

1. ਹਾ.ਨੁ., ਸੈ.ਹ-ਲ.: ਡੇਰੇ।
2. ਹਾ.ਨੁ., ਸੈ.ਹ-ਲ.: ਲੀਤੀਅਸ।
3. ਹਾ.ਨੁ., ਸੈ.ਹ-ਲ. ਵਾਧੂ ਪਾਠ: ਹੁਕਮ ਹੋਵੈ ਤਾ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 74-75.

Scanned by CamScanner

[1]ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ॥੩॥
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥
ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ॥੪॥੧॥[1]

ਜਬਿ ਭਲਕੁ ਹੋਆ ਤਾਂ ਓਹੁ ਲੜਿਕਾ ਚਲਿਆ ਤਾਂ ਰੋਂਦੇ ਪਿਟਦੇ ਨਿਕਲੇ॥ ਤਾਂ ਮਰਦਾਨੇ ਅਰਜ ਕੀਤੀ॥ ਆਖਿਓਸੁ ਜੀ ਇਸ ਦੇ ਬਾਬਿ ਕਿਆ ਵਰਤੀ॥ ਕਲਿ ਅਲਤਾ ਪਏਂਦੇ ਆਹੇ ਹਸਦੇ ਥੇ ਖੇਡਦੇ ਥੇ॥ ਤਬਿ ਬਾਬੇ ਸਲੋਕੁ ਦਿਤਾ॥

ਸਲੋਕ

[2]ਜਿਤੁ ਮੁਹਿ ਮਿਲਨਿ ਮੁਬਾਰਖੀ ਲਖ ਲਖ ਮਿਲੈ ਆਸੀਸ॥
ਤੇ ਮੁਹੁ ਫਿਰਿ ਪਿਟਾਈਅਨੁ ਮਨੁ ਤਨੁ ਸਹੇ ਕਸੀਸ॥
ਇਕ ਮੁਏ ਇਕ ਦਬਿਆ ਇਕ ਦਿਤੇ ਨਦੀ ਵਹਾਇ॥
ਗਇਆ ਮੁਬਾਰਖੀ ਨਾਨਕਾ ਭੀ ਸਚੇ ਨੂ ਸਲਾਹ॥੧॥[2]

ਤਬਿ ਬਾਬਾ ਤੇ ਮਰਦਾਨਾ ਓਥਹੁ ਚਲੇ॥

20.

[ਪਾਲੀ ਨੂੰ ਪਾਤਸ਼ਾਹੀ]

ਤਬਿ ਰਾਹ ਵਿਚਿ ਇਕ ਚਣਿਆਂ ਦੀ ਵਾੜੀ[3] ਆਈਓਸੁ॥ ਤਬਿ ਪਾਲੀ ਉਸ ਕਾ ਲਗਾ ਹੋਲਾਂ ਕਰਣਿ॥ ਤਬਿ ਮਰਦਾਨੇ ਕੇ ਜੀਅ ਆਈ ਜੋ ਬਾਬਾ ਚਲੈ ਤਾਂ ਦੁਇਕ ਬੂਟੇ ਲੈਹਿ॥ ਤਬਿ ਬਾਬਾ ਮੁਸਕਾਇਆ॥ [4]ਜਾਇ ਬੈਠੇ[4]॥ ਤਬ ਉਸ ਪਾਲੀ ਹੋਲੇਂ ਅਗੇ ਆਣਿ ਰਖੇ॥ ਤਬ ਬਾਬੇ ਮਰਦਾਨੈ ਨੂ ਦੇਤੇ॥ ਤਾਂ ਉਸ ਲੜਕੈ ਦੇ ਜੀਅ ਆਈ ਜੁ ਕਿਛੁ ਘਰਿ ਤੇ ਲੈ ਆਵਾਂ॥ ਫਕੀਰਾਂ ਦੇ ਮੁਹਿ ਪਾਵਨ ਤਾਂਈ॥ ਤਬਿ ਓਹੁ ਉਠਿ ਚਲਿਆ॥ ਤਾਂ ਬਾਬੇ ਪੁਛਿਆ॥ ਤਾਂ ਆਖਿਓਸੁ ਜੀ ਕੁਛੁ ਘਰੋਂ ਲੇ ਆਵਾਂ॥ ਤੇਰੇ ਮੁਹ ਪਾਵਣ ਤਾਈਂ॥ ਤਾਂ ਗੁਰੂ ਨਾਨਕ ਸਲੋਕ ਦਿਤਾ

ਸਲੋਕ

[5]ਸਥਰੁ ਤੇਰਾ ਲੇਫੁ ਨਿਹਾਲੀ ਭਾਉ ਤੇਰਾ ਪਕਵਾਨੁ॥
ਨਾਨਕ ਸਿਫਤੀ ਤ੍ਰਿਪਤਿਆ ਬਹੁਰੇ ਸੁਲਤਾਨੁ॥੧॥[5]

---

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 75.
2. ਇਹ ਗੁਰਬਾਣੀ ਨਹੀਂ।
3. ਖਾ.ਹ-ਲ. ਦਾ ਖੇਤ।
4. ਹਾ.ਨੁ., ਸੈ.ਹ-ਲ.: ਤਬ ਬਾਬਾ ਤੇ ਮਰਦਾਨਾ ਦੋਏ ਉਥੇ ਬੈਠ ਗਏ।
5. ਇਹ ਗੁਰਬਾਣੀ ਨਹੀਂ।

Scanned by CamScanner

ਤਬਿ ਪਾਤਸਾਹੀ ਮਿਲੀ ਚਣਿਆਂ ਦੀ ਮੁਠਿ ਦਾ ਸਦਕਾ। ਤਬਿ ਬਾਬਾ ਉਥਹੁ ਰਵਦਾ ਰਹਿਆ॥

21.

[ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ]

ਤਾਂ ਮਰਦਾਨੇ ਆਖਿਆ ਜੀ ਕਿਥਾਊ ਬੈਠੀਐ ਚਉਮਾਸਾ॥ ਤਬਿ ਬਾਬੇ ਆਖਿਆ ਭਲਾ ਹੋਵੇਗਾ॥ ਜੇ ਕੋਈ ਗਾਉਂ ਆਵੈ ਤਹਾਂ ਬੈਠਣਾ[1]॥ ਤਬਿ ਸਹਰ ਤੇ ਕੋਸ ਏਕ ਉਪਰਿ ਆਇ ਬੈਠੇ ਗਾਉ ਵਿਚਿ॥ ਤਬਿ ਉਸ ਗਾਉ ਵਿਚਿ ਏਕਸ ਖਤ੍ਰੀ ਦੀ ਲਾਂਗ ਆਹੀ॥ ਉਹੁ ਇਕ ਦਿਨ [2][ਆਇ] ਦਰਸਨਿ ਦੇਖਣੇ ਆਇਆ[2]॥ ਦਰਸਨੁ ਦੇਖਣੇ ਨਾਲ ਨਿਤਾਪ੍ਰਤਿ ਆਵੈ ਸੇਵਾ ਕਰਨਿ॥ ਤਬਿ ਇਕ ਦਿਨੇ ਨੇਮੁ ਕੀਤੋਸੁ ਜੋ ਦਰਸਨ ਬਿਨਾ ਲੇਨਾ ਕਿਛੁ ਨਾਹੀ ਜਲੁ ਪਾਨੁ॥

ਤਬਿ ਏਕਨਿ ਪਾਸਲੇ ਹਟਵਾਣੀਏ ਪੁਛਿਆ ਜੋ ਭਾਈ ਜੀ ਤੂੰ ਨਿਤਾਪ੍ਰਤਿ ਕਿਉਂ ਜਾਂਦਾ ਹੈਂ ਗਾਉਂ॥ ਆਗੈ ਕਿਤੈ ਸੰਜੋਗ ਪਾਇ ਜਾਂਦਾ][3][॥ ਤਾਂ ਉਨਿ ਸਿਖ ਆਖਿਆ ਭਾਈ ਜੀ ਇਕ ਸਾਧੂ ਆਇ ਰਹਿਆ ਹੈ॥ ਉਸ ਕੇ ਦਰਸਨਿ ਜਾਂਦਾ ਹਾਂ॥ ਤਬਿ ਉਸ ਕਹਿਆ ਜੀ ਉਸ ਕਾ ਦਰਸਨੁ ਮੈਨੂੰ ਭੀ ਕਰਾਇ॥][4][॥ ਤਬਿ ਇਕ ਦਿਨਿ ਉਹ ਭੀ ਆਇਆ॥][5][ਫਿਰਿ ਉਹੁ ਇਕ ਲੰਉਡੀ ਸਾਥਿ ਅਟਕਿਆ॥

ਤਬਿ ਨਿਤਾਪ੍ਰਤਿ ਘਰਿ ਤੇ ਇਕਠੇ ਆਵਨਿ॥ ਤਾਂ ਉਹੁ ਜਾਵੈ ਲੋਲੀਖਾਨੇ[6] ਅਤੈ ਓਹੁ ਜੋ ਆਗੈ ਆਵਦਾ ਆਹਾ ਸੋ ਆਵੈ ਗੁਰ ਪਰਮੇਸਰ ਕੀ ਸੇਵਾ ਕਰਣਿ॥ ਤਬਿ ਇਕ ਦਿਨਿ ਉਸ ਕਹਿਆ॥ ਭਾਈ ਜੀ ਮੈਂ ਜਾਂਦਾ ਹਾਂ ਵਿਕਰਮ ਕਰਣਿ ਅਤੇ ਤੂ ਜਾਂਦਾ ਹੈ ਸਾਧੂ ਦੀ ਸੇਵਾ ਕਰਨਿ॥ ਅਜੁ ਤੇਰਾ ਅਤੇ ਮੇਰਾ ਕਰਾਰੁ ਹੈ ਜੋ ਦੇਖਾ ਤੈਨੂ ਕਿਆ ਪਰਾਪਤਿ ਹੋਵੈ ਅਤੇ ਮੈਨੂ ਕਿਆ ਮਿਲੇਗਾ॥

ਤਬ ਉਹਨਾਂ ਇਕ ਟਿਕਾਣਾ ਮੁਕਰਰ ਕੀਤਾ॥ ਤਾਂ ਆਖਿਓਨ ਜੇ ਤੂ ਆਗੇ ਆਵਹਿ ਤਾਂ ਈਹਾਂ ਆਇ ਬੈਠਣਾ ਅਤੇ ਜੇ ਮੈਂ ਆਵਾਂ ਤਾਂ ਆਇ ਬੈਠਣਾ[7]॥ ਆਜੁ ਇਕਠੇ ਹੋਇ ਕਰਿ ਚਲਣਾ॥ ਜਬਿ ਜਾਵੈ ਤਾਂ ਲੰਉਡੀ ਡੇਰੇ ਨਾਹੀ॥ ਤਬਿ ਉਹੁ ਦਲਗੀਰ ਹੋਇ ਕਰਿ ਉਠਿ ਆਇਆ॥ ਆਇ ਕਰਿ ਟਿਕਾਣੇ ਉਪਰਿ ਆਇ ਬੈਠਾ॥ ਫਿਕਰਿ ਨਾਲਿ ਲਗਾ ਧਰਤੀ ਖੋਦਣਿ॥ ਜੇ ਦੇਖੈ ਤਾਂ ਇਕੁ ਮੁਹਰ ਹੈ॥ [8]ਤਬ ਛੁਰੀ ਕਢਿ ਕਰਿ ਲਗਾ ਖੋਦਨਿ[8]॥ ਜੇ ਦੇਖੈ ਤਾਂ ਕੋਲੇ ਹੈਨਿ ਮਟੁ ਭਰਿਆ ਹੋਇਆ॥

---

1. ਸੈ.ਹ-ਲ. ਦਾ ਪਾਠ: ਬੈਠਹਗੇ।
2. ਹਾ.ਨੁ., ਸੈ.ਹ-ਲ. ਦਾ ਪਾਠ: ਆਇ ਦਰਸਨ ਲਗਾ - ਗ਼ਲਤ ਮੁਹਾਵਰਾ, ਬੇਲੋੜੀ ਸੋਧ - ਜੇ ਆਇ ਨੂੰ ਨਾ ਗੌਲੀਏ ਤਾਂ ਵੀ ਵਾਕ ਮੁਕੰਮਲ ਅਤੇ ਅਰਥਪੂਰਨ ਹੈ। ਪਾਠ ਵਿਚ 'ਆਇ' ਦੀ ਵਧੀਕ ਵਰਤੋਂ ਇਸ ਨੂੰ ਸੈਦੋ ਦੀ ਕਲਮ ਦੀ ਚਾਲ ਜਾਂ ਉਸ ਦਾ ਅੰਦਾਜ਼ ਸਿੱਧ ਕਰਦਾ ਹੈ ਜਿਸ ਨਾਲ ਛੇੜ-ਛਾੜ ਜਵਾਬ ਨਹੀਂ।
3. ਹਾ.ਨੁ. ਵਾਧੂ ਪਾਠ: ਸਹਿ।
4. ਹਾ.ਨੁ. ਵਾਧੂ ਪਾਠ: ਤਬਿ ਉਸ ਸਿਖ ਕਿਹਾ ਜੀ ਤੁਸੀ ਬੀ ਕਰਹੁ।
5. ਪੁਰਾਤਨ ਦਖ਼ਲ: ਆਵਦਿਆਂ ਆਵਦਿਆਂ।
6. ਹਾ.ਨੁ., ਸੈ.ਹ-ਲ.: ਲੰਉਡੀ ਕੇ।
7. ਹਾ.ਨੁ., ਸੈ.ਹ-ਲ.: ਏਥੇ ਹੀ ਬੈਠਾਂਗਾ।
8. ਪਾਠ ਬੀ6. ਸਿ.ਹ-ਲ ਤੋਂ ਇਲਾਵਾ ਕਿਸੇ ਹੋਰ ਨੁਸਖ਼ੇ ਵਿਚ ਪਰਾਪਤ ਨਹੀਂ।

Scanned by CamScanner

ਤਬਿ ਓਹੁ [1]ਗੁਰੂ ਪਾਸੋ ਸਿਖੁ[1] ਪੈਰੀ ਪੈਇ ਕਰਿ ਚਲਿਆ॥ ਤਾ ਦਰਿ ਤੈ ਬਾਹਰਿ ਕੰਡਾ ਚੁਭਿਓਸੁ॥ ਤਾਂ ਕਪੜੇ ਸਾਥਿ ਪੈਰੁ ਬੰਨਿ ਕਰਿ ਆਇਆ॥ ਇਕੁ ਜੁਤੀ ਚੜ੍ਹੀ ਇਕੁ ਜੁਤੀ ਭੰਨੀ॥ ਤਬਿ ਉਸ ਪੁਛਿਆ ਭਾਈ ਜੀ ਜੁਤੀ ਚੜਾਇ ਲੇਹਿ॥ ਤਬਿ ਉਸੁ ਕਹਿਆ ਭਾਈ ਜੀ ਮੇਰੇ ਪੈਰਿ ਕੰਡਾ ਚੁਭਿਆ ਹੈ॥ ਤਬਿ ਉਸ ਕਹਿਆ॥ ਭਾਈ ਜੀ ਅਜ ਮੈਂ ਪਾਈ ਮੁਹਰ ਅਤੇ ਤੈਨੂੰ ਚੁਭਿਆ ਕੰਡਾ॥ ਏਹ ਬਾਤ ਪੁਛੀ ਚਾਹੀਐ ਜੋ ਤੂ ਜਾਵੇ ਗੁਰੂ ਕੀ ਸੇਵਾ ਕਰਿਨਿ ਅਤੇ ਮੈਂ ਜਾਵਾਂ ਪਾਪ ਕਮਾਵਨਿ॥

ਤਬਿ ਦੋਵੈ ਆਏ॥ ਆਇ ਕਰਿ ਬੇਨਤੀ ਕੀਤੀ॥ ਹਕੀਕਤਿ ਆਖਿ ਸੁਣਾਈ॥ ਤਬਿ ਗੁਰੂ ਬੋਲਿਆ॥ ਚੁਪ ਕਰਿ ਰਹੁ][2][॥ ਤਾਂ ਉਨਿ ਆਖਿਆ ਜੀ ਬਾਹਰੀ ਕੀਚੈ॥ ਤਬਿ ਬਾਬਾ ਬੋਲਿਆ॥ ਆਖਿਓਸੁ ਓਹੁ ਜੋ ਮਟੁ ਕੋਲਿਆਂ ਦਾ ਥਾ ਸੋ ਸਭ ਮੁਹਰਾਂ ਥੀਆਂ॥ ਪਿਛਲੇ ਜਨਮ ਕਾ ਬੀਜਿਆ ਥਾ॥ [3]ਇਕ ਮੁਹਰੁ ਸਾਧੂ ਕੇ ਹਥਿ ਦਿਤੀ ਥੀ॥ ਤਿਸ ਦਾ ਸਦਕਾ ਮੁਹਰਾਂ ਹੋਈਆਂ ਥੀਆਂ[3] ॥ ਪਰੁ ਜਿਉ ਜਿਉ ਵਿਕਰਮਾਂ ਨੁ ਦਉੜਿਆ ਤਿਉ ਤਿਉ ਮੁਹਰਾਂ ਦੇ ਕੋਇਲੇ ਹੋਇਗੈ॥ ਅਤੇ ਤੇਰੇ ਲੇਖ ਸੂਲੀ ਥੀ ਜਿਉ ਜਿਉ ਸੇਵਾ ਨੂ ਆਇਆ ਤਿਉ ਤਿਉ ਸੂਲੀ ਘਟਿ ਗਈ॥ ਸੂਲੀ ਦਾ ਕੰਡਾ ਹੋਇਆ ਸੇਵਾ ਦਾ ਸਦਕਾ॥ ਤਬਿ ਉਇ ਉਠਿ ਪੈਰੀ ਪਏ॥ ਨਾਉ ਧਰੀਕ ਹੋਏ॥ ਗੁਰੂ ਗੁਰੂ ਲਾਗੇ ਜਪਣਿ॥ ਤਬਿ ਬਾਬਾ ਬੋਲਿਆ ਸਬਦੁ ਰਾਗੁ ਮਾਰੂ ਵਿਚ ਮਾਰੂ ਮਹਲਾ ੧ ਘਰੁ ੧

[4]ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ॥
ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥੩॥[4]...

22.
[ਠੱਗਾਂ ਦਾ ਨਿਸਤਾਰਾ]

ਤਬ ਓਥਹੁੰ ਚਲੈ॥ ਪੈਂਡੇ ਵਿਚ ਠਗ ਮਿਲਿ ਗਏ॥ ਦੇਖਿ ਕਰਿ ਆਖਿਓਨੇ ਜਿਸ ਦੇ ਮੁਹਿ ਵਿਚ ਐਸੀ ਜੋਤਿ ਹੈ ਸੇ ਖਾਲੀ ਨਹੀਂ॥ ਇਸ ਦੇ ਪਲੈ ਬਹੁਤੁ ਦੁਨੀਆ ਹੈ][5][॥ ਤਬਿ ਬਾਬੇ ਦੇ ਚਉਫੇਰਿ ਆਇ ਖੜੇ ਹੋਏ॥ ਤਬਿ ਦਰਸਨੁ ਦੇਖਣੇ ਨਾਲਿ ਸਭ ਆਇ ਅੰਦਰਹੁ ਨਿਬਲੁ ਭਏ॥ ਤਬਿ ਗੁਰੂ ਪੁਛਿਆ ਤੁਸੀ ਕਵਨ ਅਸਹੁ॥

1. ਹਾ.ਨੁ., ਸੈ.ਹ-ਲ. : ਸਿਖੁ ਗੁਰੂ ਪਾਸੋ।
2. ਦਖ਼ਲ ਹਾ.ਨੁ. ਦਾ : ਫੋਲੋ ਕਾਈ ਨਹੀਂ।
3. ਇਹ ਪਾਠ ਬੀ 6. ਸਿ.ਹ-ਲ ਤੋਂ ਇਲਾਵਾ ਕਿਸੇ ਹੋਰ ਨੁਸਖ਼ੇ ਵਿਚ ਪ੍ਰਾਪਤ ਨਹੀਂ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 990.
5. ਪੁਰਾਤਨ, ਵਾਧੂ ਪਾਠ : "ਪਰੁ ਗੁਝੀ ਹੈ"। ਇਸ ਦੀ ਪੁਸ਼ਟੀ ਕਿਸੇ ਨੁਸਖ਼ੇ ਤੋਂ ਨਹੀਂ ਹੁੰਦੀ।

Scanned by CamScanner

ਤਬਿ ਉਇ ਕਹਿਨਿ ਅਸੀ ਠਗ ਹਾਂ॥ ਤੇਰੇ ਮਾਰਣ ਕਉ ਆਏ ਹਾਂ॥ ਤਬਿ ਬਾਬੇ ਆਖਿਆ ਭਲਾ ਹੋਵੈ॥ ਇਕੁ ਕੰਮੁ ਕਰਿ ਕੈ ਮਾਰਹੁ॥][1][ਓਹੁ ਜੋ ਧੂਆਂ ਨਦਰਿ ਆਂਵਦਾ ਹੈ ਤਹਾਂ ਤੇ ਆਗ ਲੈ ਆਵਹੁ॥ ਮਾਰਿ ਦਾਗੁ ਦੇਹੁ॥ ਤਬਿ ਠਗਾਂ ਆਖਿਆ ਕਹਾਂ ਆਗਿ ਕਹਾਂ ਹਮਿ॥ ਮਾਰਿ ਦੂਰਿ ਕਰਹੁ॥ ਤਬਿ ਇਕਨਾ ਆਖਿਆ ਅਸਾਂ ਬਹੁਤੁ ਜੀਅ ਮਾਰੈ ਹੈਨਿ॥ ਪਰੁ ਹਸਿ ਕਰਿ ਕਿਸੇ ਨਾਹੀ ਕਹਿਆ ਜੋ ਮਾਰੁ॥ ਅਸਾਂ ਤੇ ਕਹਾ ਜਾਂਦਾ ਹੈ॥

ਤਬਿ ਦੁਇ ਠਗਿ ਦਉੜੇ ਆਗਿ ਨੂ॥ ਜਬ ਜਾਵਨਿ ਤਾਂ ਅਗੈ ਚਿਖਾ ਪਈ ਜਲਦੀ ਹੈ ਅਤੇ ਰਾਮ ਗਣ ਤੇ ਜਮ ਗਣ ਖੜੇ ਝਗੜਦੇ ਹੈਂ॥ ਤਬਿ ਠਗਾਂ ਪੁਛਿਆ ਤੁਸੀ ਕਵਨ ਹਉ॥ ਕਿਉਂ ਝਗੜਦੇ ਹਉ॥ ਤਬਿ ਉਨਾਂ ਕਿਹਾ ਅਸੀਂ ਜਮਗਣ ਹਾਂ॥ ਆਗਿਆ ਪਰਮੇਸਰ ਕੀ ਨਾਲਿ ਇਸ ਜੀਅ ਕਉ ਕੁੰਭੀ ਨਰਕਿ ਲੈ ਚਾਲੇ ਹੈਂ ਅਤੇ ਇਹ ਪਿਛਹੁ ਰਾਮ ਗਣ ਆਏ ਹਨਿ॥ ਅਸਾਂ ਤੈ ਖੋਸ ਲੈ ਚਲੇ ਹੈਂ॥ ਤੁਮ ਪੁਛੋ ਜੋ ਕਿਉਂ ਖੋਸ ਲੈ ਚਲੈ ਹੈਂ॥ ਤਬਿ ਠਗਾਂ ਪੁਛਿਆ ਤੁਸੀਂ ਕਿਉਂ ਖਸਿ ਲੈ ਚਲੇ ਹਉ ਇਨਾਂ ਪਾਸਹੁ॥ ਤਬਿ ਰਾਮਗਣਾ ਆਖਿਆ॥][2][ਜਿਸੁ ਗੁਰੂ ਪਰਮੇਸਰ ਕਉ ਤੁਮ ਮਾਰਣ ਆਏ ਹੋ ਤਿਸ ਕੀ ਦ੍ਰਿਸਟਿ ਇਸ ਕੀ ਚਿਖਾ ਕਾ ਧੂੰਆ ਪਇਆ ਹੈ॥ ਤਿਸ ਕਾ ਸਦਕਾ ਬੈਕੁੰਠ ਕਉ ਪ੍ਰਾਪਤਿ ਭਇਆ ਹੈ॥ ਤਬਿ ਠਗ ਸੁਣਤੇ ਹੀ ਦਉੜੇ ਆਏ॥ ਆਖਿਓਨੇ ਜਿਸ ਕੀ ਦ੍ਰਿਸਟਿ ਧੂੰਆ ਪਵਤੇ ਮੁਕਤਿ ਪਰਾਪਤਿ ਭਇਆ ਹੈ ਤਿਸ ਕੇ ਮਾਰਣ ਕਉ ਅਸੀ ਆਏ ਹੈਂ॥ ਤਬਿ ਓਹ ਆਇ ਪੈਰੀ ਪਏ॥

ਅਗਲਿਆਂ ਪੁਛਿਆ॥ [3]ਇਹ ਕਿਆ ਹੂਆ ਹੈ ਜੋ ਆਇਕੈ ਪੈਰੀ ਪਏ ਤੁਸੀ[3]॥ ਉਨਾਂ ਸਭ ਬਾਤ ਆਖਿ ਸੁਣਾਈ॥][4][ਤਬਿ ਓਹੁ ਭੀ ਆਇ ਪੈਰੀ ਪਏ॥ ਹਥਿ ਜੋੜਿ ਖੜੇ ਹੋਏ॥ ਲਗੇ ਬੇਨਤੀ ਕਰਣਿ॥ ਆਖਿਓਨੇ ਜੀ ਅਸਾਂ ਕਉ ਨਾਉ ਧਰੀਕ ਕਰੁ[5]॥ ਅਸਾਡੇ ਪਾਪ ਬਿਨਾਸ ਕਰਿ॥ ਅਸਾਂ ਮਹਾਂ ਘੋਰੁ ਪਾਪ ਕਮਾਏ ਹੈਂ॥

ਤਬਿ ਗੁਰੂ ਨਾਨਕ ਮਿਹਰਵਾਨੁ ਹੋਆ॥ ਆਖਿਓਸੁ ਤੁਸਾਡੇ ਪਾਪ ਤਬ ਹੀ ਬਿਨਾਸੁ ਹੋਵਨਿ ਜਾ ਇਹੁ ਕਿਰਤਿ ਛੋਡਹੁ ਅਤੇ ਕਿਰਸਾਣੀ ਕਰਹੁ॥ ਅਤੈ ਜੋ ਕੁਛੁ ਵਸਤੁ ਰਹੰਦੀ ਹੈ ਸੋ ਪਰਮੇਸਰ ਕੇ ਨਾਇ ਦੇਹੁ॥ ਅਤੀਤਾਂ ਭਗਤਾਂ ਦੇ ਮੁਹਿ ਪਾਵਹੁ॥ ਤਬਿ ਓਨਾਂ ਆਗਿਆ ਮਨਿ ਲਈ[6] ਜੋ ਕੁਛ ਵਸਤੁ ਥੀ ਸੋ ਆਣਿ ਆਗੈ ਰਾਖੀ॥ ਗੁਰੂ ਗੁਰੂ ਲਗੈ ਜਪਣਿ॥ ਜਨਮੁ ਸਵਾਰਿਆ॥

ਤਬਿ ਬਾਬਾ ਬੋਲਿਆ ਸਬਦੁ ਰਾਗੁ ਸ੍ਰੀ ਰਾਗੁ ਵਿਚਿ॥

---

1. ਪੁਰਾਤਨ ਦੇ ਵਾਧੂ ਪਾਠ: "ਤਬਿ ਓਨਾ ਕਹਿਆ ਕੰਮ ਕੇਹਾ ਹੈ॥ ਤਬਿ ਬਾਬੇ ਕਿਹਾ" ਦੀ ਪੁਸ਼ਟੀ ਕਿਸੇ ਹੋਰ ਨੁਸਖ਼ੇ ਤੋਂ ਨਹੀਂ ਹੁੰਦੀ।
2. ਹਾ.ਨੁ., ਦਖ਼ਲ: "ਇਹ ਮਹਾਂ ਪਾਪੀ ਥਾ॥ ਇਸ ਨੂ ਕੁੰਭੀ ਨਰਕ ਮੈਂ ਦੇਣਾ ਥਾ ਪਰ" ਇਸ ਦੀ ਪੁਸ਼ਟੀ ਕਿਸੇ ਭਰੋਸੇਯੋਗ ਨੁਸਖ਼ੇ ਤੋਂ ਹੋਣ ਕਰ ਕੇ ਰੱਦਣਯੋਗ ਹੈ।
3. ਇਹ ਪਾਠ ਕੇਵਲ ਕੋਲਬਰੁਕ ਵਰਗ ਦੇ ਨੁਸਖ਼ਿਆ ਨਾਲ ਸੰਬੰਧਤ ਹੈ।
4. ਪੁਰਾਤਨ. ਵਾਧੂ ਪਾਠ: 'ਇਹ ਮਹਾਂ ਪੁਰਖ ਹੈ' ਇਸ ਦੀ ਪੁਸ਼ਟੀ ਕਿਸੇ ਪ੍ਰਾਪਤ ਤੇ ਭਰੋਸੇਯੋਗ ਨੁਸਖ਼ੇ ਤੋਂ ਨਹੀਂ ਹੁੰਦੀ।
5. ਹਾ.ਨੁ.: ਸਿਖ ਕਰੀਏ।
6. ਹਾ.ਨੁ., ਸੈ.ਹ-ਲ.: ਲੀਤੀ।

Scanned by CamScanner

ਸਿਰੀ ਰਾਗੁ ਮਹਲਾ ੧
[1]ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥
ਬਾਬਾ ਬੋਲੀਐ ਪਤਿ ਹੋਇ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥[1]

ਸਲੋਕ
[2]ਬਲਦ ਮਸਾਇਕ ਹਾਲੀ ਸੇਖ॥ ਧਰਤਿ ਕਤੇਬਾਂ ਓੜੀ ਲੇਖ॥
ਚੋਟੀ ਕਾ ਪਰਸੇਉ ਅਡੀ ਜਾਇ॥ ਤਾਕਾ ਖਟਿਆ ਸਭੁ ਕੋ ਖਾਇ॥
ਘਾਲਿ ਖਟਿ ਕਿਛੁ ਹਥਹੁ ਦੇਇ॥ ਨਾਨਕ ਰਾਹ ਪਛਾਣੇ ਸੇਇ॥[2]

ਤਾਂ ਗੁਰੂ ਦੀ ਖੁਸੀ ਹੋਈ॥ ਓਥਹੁੰ ਰਵਦੇ ਰਹੈ॥

23.

[ਨੂਰ ਸਾਹ ਨਿਸਤਾਰਾ]

ਤਬ ਕਉਰੂ[3] ਦੇਸ ਆਇ ਨਿਕਲੇ॥ ਤਬਿ ਏਕ ਦਿਨ ਮਰਦਾਨੇ ਨੂੰ ਭੁਖ ਲਗੀ॥ [4]ਤਾਂ ਮਰਦਾਨੇ ਕਹਿਆ ਜੀ ਪਾਤਸਾਹ ਹੁਕਮ ਹੋਵੈ ਤਾਂ ਸਹਰ ਵਿਚ ਜਾਈਂ॥ ਤਬ ਬਾਬੇ ਕਹਿਆ॥ ਮਰਦਾਨਿਆਂ ਇਹ ਕਾਵਰੂ ਦੇਸ ਹੈ॥ ਤ੍ਰਿਆ ਰਾਜ ਹੈ॥ ਤੂੰ ਜਾਣਾ ਹੈ ਤਾਂ ਜਾਹ॥ ਤਬ ਮਰਦਾਨਾ[4] ਉਠ ਗਇਆ॥ ਜਾਇ ਕਰ ਏਕ ਤ੍ਰੀਮਤ ਦੇ ਦਰਿ ਖੜਾ ਹੋਆ॥ ਓਸ ਬੁਲਾਇ ਲੀਆ॥ ਪੁਛਿਓਸੁ॥ ਖਾਣੇ ਕਉ ਲਗਾ ਮੰਗਣ॥ ਤਬ ਉਸ ਤ੍ਰੀਮਤ ਅੰਦਰ ਬੁਲਾਇਆ॥ ਜਾਂ ਅੰਦਰ ਗਇਆ॥ ਤਬਿ ਧਾਗਾ ਬੰਨਿ ਕਰਿ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 15.
2. ਸ਼ੁੱਧ ਪਾਠ : ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245)
3. ਇਸ ਪ੍ਰਸੰਗ ਵਿਚ 'ਕਉਰੂ' - ਕਾਮਰੂਪ - *ਜਨਮਸਾਖੀ ਬਾਲਾ* ਦੇ ਰਚਿਆਰ ਨੇ ਜੋੜਿਆ ਹੈ। 'ਤ੍ਰਿਆ ਰਾਜ' ਦੀ ਕਲਪਣਾ *ਆਦਿ ਸਾਖੀਆਂ* ਦੇ ਸਿਰਜਕ ਭਾਈ ਬੂਲੇ ਦੀ ਦੇਣ ਹੈ।
4. ਪਾਠ ਹਾ.ਨੁ., ਸੈ.ਹ-ਲ. ਦਾ। ਬਾਕੀ ਕੁੱਲ ਮੌਜੂਦ ਨੁਸਖ਼ਿਆਂ ਵਿੱਚ ਇਸ ਦਾ ਅਭਾਵ, ਮੁੱਢਲੇ ਪੜਾਅ ਉੱਤੇ ਹੋਏ ਕਾਤਬੀ ਪਾਠ-ਵਿਕਾਰ ਦਾ ਸੂਚਕ ਹੈ।

Scanned by CamScanner

ਮੇਢਾ ਕਰਿ ਬੈਠਾਇਆ ॥ ਬੰਨਿ ਕਰਿ ਪਾਣੀ ਨੂੰ ਗਈ ॥][1][॥ ਤਬਿ ਬਾਬਾ ਆਇਆ ॥ ਤਬ ਬਾਬੇ ਵਲੋਂ ਦੇਖਿ ਕਰ ਲਗਾ ਮੈਆਕਣਿ ॥ ਤਬ ਓਹੁ ਘੜਾ ਲੇ ਕਰਿ ਆਈ ॥ ਤਾਂ ਗੁਰੂ ਨਾਨਕ ਓਹੁ ਪੁਛੀ ॥ ਆਖਿਆ ਅਸਾਡਾ ਆਦਮੀ ਇਥੇ ਆਇਆ ਹੈ ॥ ਤਬਿ ਉਸਿ ਕਹਿਆ ਇਥੇ ਕੋਈ ਨਾਹੀਂ ਆਇਆ ॥ ਦੇਖਿ ਲੈ ॥ ਤਬਿ ਬਾਬਾ ਬੋਲਿਆ ਸਲੋਕ

[2]ਕਲਰੁ ਕੀਆ ਵਣਜਾਰੀਆ ਡੂੰਗੈ ਮੁਸਕੁ ਮੰਗੇਨ ॥
ਅਮਲਾ ਬਾਝੂ ਨਾਨਕਾ ਕਿਉ ਕਰਿ ਖਸਮਿ ਮਲੇਨ ॥੧॥[2]

ਤਬਿ ਉਸ ਕੇ ਸਿਰ ਊਪਰਿ ਘੜਾ ਰਹਿਆ ॥ ਉਤਰੈ ਨਾਹੀ ॥ ਕੂੜਿ ਕਾ ਸਦਕਾ ਲਈ ਫਿਰੇ ॥ ਤਬਿ ਨੂਰ ਸਾਹਿ ਨੂੰ ਖਬਰਿ ਹੋਈ ॥ [3]ਜੋ ਏਕੁ ਐਸਾ ਮੰਤ੍ਰਵਾਨ ਆਇਆ ਹੈ ਜੋ ਸਿਰ ਤੇ ਘੜਾ ਨਾਹੀਂ ਉਤਰਦਾ[3] ॥ ਤਬਿ ਨੂਰਸਾਹੁ ਹੁਕਮੁ ਕੀਤਾ ॥ ਜੋ ਕੋਈ ਸਹਰਿ ਵਿਚ ਮੰਤ੍ਰਵਾਨ ਹੈ ਸੋ ਰਹਿਣਾ[4] ਨਾਹੀ ॥ ਤਬ ਜਹਾਂ ਕਹਾਂ ਤਾਈ ਕੋਈ ਮੰਤ੍ਰਵਾਨ ਥੀ ਸੋ ਸਭ ਆਪੋ ਆਪਣੀ ਵਿਦਿਆ ਲੇ ਆਈਆਂ ॥

ਕਾਈ ਦਰਖਤ ਉਪਰਿ ਚੜਿ ਆਈ ॥ [5]ਕਾਈ ਮਿਰਗਛਾਲਾ ਉਪਰਿ ਚੜਿ ਆਈ ॥ ਕੋਈ ਚੰਦ ਉਪਰਿ ਚੜਿ ਆਈ ॥ ਕਾਈ ਕੰਧ ਉਪਰਿ ਚੜਿ ਆਈ ॥ ਕੋਈ ਬਾਗੁ ਸਾਥਿ ਲੇ ਆਈ[5] ॥ ਕਾਈ ਢੋਲ ਲੇ ਵਜਾਂਵਦੀ ਆਈ ॥ ਤਬਿ ਆਇ ਕਰ ਲਗੀਆਂ ਕਾਮਣ ਪਾਵਣ ਧਾਗੇ ਬੰਨਿ ਬੰਨਿ ਕਰਿ ॥ ਤਬਿ ਬਾਬੇ ਮਰਦਾਨੇ ਬੰਨੇ ਦੇਖਿਆ ॥ ਤਾ ਮਰਦਾਨਾ ਲਗਾ ਮੈਆਕਣਿ ॥ ਤਬਿ ਗੁਰੂ ਬਾਬਾ ਹਸਿਆ ॥ ਆਖਿਓਸੁ ਮਰਦਾਨਿਆ ਵਾਹਿਗੁਰੂ ਕਹਿ ਕਰ ਮਥਾ ਟੇਕੁ][6][॥ ਗਲੋ ਧਾਗਾ ਤੁਟ ਪਇਆ ॥ ਰਬਾਬੁ ਲੇ ਕਰਿ ਆਇਆ ॥ ਤਬਿ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ ॥ ਤਬ ਮਰਦਾਨੇ ਰਬਾਬੁ ਵਜਾਇਆ ॥ ਰਾਗੁ ਵਡਹੰਸੁ ਮ: ੧ ਸਬਦ ਕੀਤਾ

[7]ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥੧॥
ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ ॥੧॥ਰਹਾਉ॥
ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥
ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥੨॥
ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥੩॥
ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥
ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥੪॥੨॥[7]

---

1. ਪੁਰਾਤਨ, ਵਾਧੂ ਪਾਠ: "ਤਬਿ ਬਾਬਾ ਅੰਤਰ ਧਿਆਨ ਕਰਕੈ ਵੇਖੈ ਤਾਂ ਮਰਦਾਨਾ ਮੇਢਾ ਹੋਇਆ ਹੈ" ਕਿਸੇ ਮੌਜੂਦ ਨੁਸਖ਼ੇ ਵਿਚ ਪ੍ਰਾਪਤ ਨਹੀਂ। ਇਸ ਦਾ ਸਰੋਤ ਕੇਵਲ ਹਫ਼ਜ਼ਾਬਾਦੀ ਨੁਸਖ਼ੇ ਦੀ ਲਿਥੋ ਛਾਪ ਹੋਣ ਕਰਕੇ ਪਾਠ ਦਾ ਹਿੱਸਾ ਨਹੀਂ ਮੰਨੀ ਜਾ ਸਕਦੀ।
2. ਇਹ ਸ਼ੈਦੋ ਦੀ ਰਚਨਾ ਹੈ।
3. ਹਾ.ਨੁ., ਸ਼ੈ.ਹ-ਲ.: ਇਕ ਇਸਤਰੀ ਆਈ ਹੈ ਜੋ ਉਸ ਦੇ ਸਿਰ ਉਤੋਂ ਘੜਾ ਨਹੀਂ ਉਤਰਦਾ।
4. ਹਾ.ਨੁ., ਸ਼ੈ.ਹ-ਲ.: ਰਹੈ।
5. ਹਾ.ਨੁ., ਸ਼ੈ.ਹ-ਲ.: ਪਾਠ ਲੋਪ।
6. ਹਾ.ਨੁ., ਸ਼ੈ.ਹ-ਲ. ਵਾਧੂ ਪਾਠ: ਤਬ ਮਰਦਾਨੇ ਮਥਾ ਟੇਕਿਆ।
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 557.

Scanned by CamScanner

ਤਾ ਜਬਾਬੁ ਕਛੁ ਹੋਵੈ ਨਾਹੀ॥ ਤਬਿ ਨੂਰ ਸਾਹਿ ਕਉ ਖਬਰਿ ਹੋਈ॥ ਜੋ ਮੰਤ੍ਰ ਜੰਤ੍ਰ ਕੁਛੁ ਨਾਹੀ ਚਲਤਾ॥ ਤਬਿ ਨੂਰ ਸਾਹ ਸਭਨਾ ਕੀ ਸਿਰਦਾਰਨੀ[1] ਥੀ॥ ਖਾਸੀਆ ਚੇਲੀਆਂ[2] ਸਾਥਿ ਅਡੰਬਰ ਕਾਗਦਾ ਕੇ [3]ਉਪਰਿ ਚੜਿ ਕਰਿ[3] ਆਈਆਂ॥ ਆਇ ਕਰ ਲਗੀ ਮੰਤ੍ਰ ਜੰਤ੍ਰ ਕਰਣਿ॥ ਤਬਿ ਗੁਰੂ ਨਾਨਕ ਬੋਲਿਆ ਸਬਦੁ ਰਾਗੁ ਸੂਹੀ ਵਿਚ ਮ: ੧

[4]ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ॥
ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ॥
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥
ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ॥
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥੧॥[4]

[5]ਤਬਿ ਗੁਰੂ ਬਾਬਾ ਵਾਹੁ ਵਾਹੁ ਕਰਿ ਉਠਿਆ[5]॥ ਤਬਿ ਨੂਰ ਸਾਹ ਭੀ ਮੰਤ੍ਰ ਜੰਤ੍ਰ[6] ਕਰਿ ਕਰਿ ਥਕੀ॥ ਕਿਛੁ ਹੋਵੈ ਨਾਹੀ॥ ਤਾ ਹੁਕਮੁ ਕੀਤੋਸੁ [ਸੋ ਗੁਨਹੁ][7] ਪਾਇਆ॥ [ਮੁਹ ਤਲੈ ਕਰਿ ਰਹੀ][8]॥ ਢੋਲਕੀਆਂ ਭੀ ਖੜੀਆਂ ਹੋਈਆਂ॥ ਲਗੀਆਂ ਨਚਣਿ ਗਾਵਣਿ॥ ਤਬਿ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ॥ ਤਾਂ ਮਰਦਾਨੇ ਰਬਾਬੁ ਵਜਾਇਆ॥ ਰਾਗੁ [ਆਸਾ][9] ਕੀਤਾ॥ ਮ: ੧॥

ਬਾਬੈ ਸਬਦੁ ਉਠਾਇਆ॥ ਆਸਾ ਮਹਲਾ ੧॥

---

1. ਹਾ.ਨੁ.: ਸਿਰਦਾਰ।
2. ਹਾ.ਨੁ.: ਸਹੇਲੀਆਂ।
3. ਹਾ.ਨੁ. ਸੈ.ਹ-ਲ.: ਕਾਗਦੇ ਕਰਕੈ ਆਈਆਂ।
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 762.
5. ਹਾ.ਨੁ., ਸੈ.ਹ-ਲ., ਪੰ.ਹ-ਲ.: ਪਾਠ ਲੋਪ। ਸ਼ਾਇਦ ਇਨ੍ਹਾਂ ਧੁਣਤਰੀ ਉਤਾਰਕਾਂ ਨੂੰ ਬਾਬੇ ਦੇ ਆਪ ਉਚਰੇ ਸ਼ਬਦ ਦੀ ਵਾਹ ਵਾਹ ਪਸੰਦ ਨਹੀਂ ਪਰ ਉਨ੍ਹਾਂ ਦੀ ਦਖ਼ਲੰਦਾਜ਼ੀ ਵੀ ਪ੍ਰਵਾਨ ਨਹੀਂ ਹੈ।
6. ਹਾ.ਨੁ., ਸੈ.ਹ-ਲ.: ਪਾਠ ਲੋਪ।
7. ਵਿਕਾਰੀ ਪਾਠ ਹੈ। ਸ਼ਬਦ ਦੇ ਪ੍ਰਸੰਗ ਅਨੁਸਾਰ ਸੰਭਾਵੀ ਪਾਠ ਬਣਦਾ ਹੈ 'ਜੋ ਗੁਣਹੁ' (ਗੁਣਾਂ ਨਾਲ ਹੀ ਸਹੁ ਦੀ ਪ੍ਰਾਪਤੀ ਸੰਭਵ ਹੈ)
8. ਪੁਰਾਤਨ.ਪਾਠ: 'ਮੁਹਤਾ ਲੈ ਕਰਿ ਰਹੀ'। ਬੇਤੁਕੀ ਘਾੜਤ ਹੈ।
9. ਮੂਲ ਪਾਠ; ਸ੍ਰੀ ਰਾਗ।

Scanned by CamScanner

[1]ਤਾਲ ਮਦੀਰੇ ਘਟ ਕੇ ਘਾਟ॥
ਦੋਲਕ ਦੁਨੀਆ ਵਾਜਹਿ ਵਾਜ॥
ਨਾਰਦੁ ਨਾਚੈ ਕਲਿ ਕਾ ਭਾਉ॥
ਜਤੀ ਸਤੀ ਕਹ ਰਾਖਹਿ ਪਾਉ॥੧॥
ਨਾਨਕ ਨਾਮ ਵਿਟਹੁ ਕੁਰਬਾਣੁ॥
ਅੰਧੀ ਦੁਨੀਆ ਸਾਹਿਬੁ ਜਾਣੁ॥੧॥ਰਹਾਉ॥
ਗੁਰੂ ਪਾਸਹੁ ਫਿਰਿ ਚੇਲਾ ਖਾਇ॥
ਤਾਮਿ ਪਰੀਤਿ ਵਸੈ ਘਰਿ ਆਇ॥
ਜੇ ਸਉ ਵਰ੍ਹਿਆ ਜੀਵਣ ਖਾਣੁ॥
ਖਸਮ ਪਛਾਣੈ ਸੋ ਦਿਨੁ ਪਰਵਾਣੁ॥੨॥
ਦਰਸਨਿ ਦੇਖਿਐ ਦਇਆ ਨ ਹੋਇ॥
ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥
ਕਹੈ ਖੁਦਾਇ ਨ ਮਾਨੈ ਕੋਇ॥੩॥
ਮਾਣਸ ਮੂਰਤਿ ਨਾਨਕੁ ਨਾਮੁ॥
ਕਰਣੀ ਕੁਤਾ ਦਰਿ ਫੁਰਮਾਨੁ॥
ਗੁਰ ਪਰਸਾਦਿ ਜਾਣੈ ਮਿਹਮਾਨੁ॥
ਤਾ ਕਿਛੁ ਦਰਗਹ ਪਾਵੈ ਮਾਨੁ॥੪॥੪॥[1]

ਤਬਿ ਗੁਰੂ ਬਾਬੇ ਸਲੋਕੁ ਦਿਤਾ ਮ: ੧॥

[2]ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥੨॥[2]

ਜਬਿ ਗੁਰੂ ਬਾਬੇ ਏਹੁ ਸਲੋਕੁ ਬੋਲਿਆ॥ ਤਬਿ ਨੂਰ ਸਾਹੁ ਕਹਿਆ ਜੋ ਮਾਇਆ ਨਾਲਿ ਮੋਹਉ॥ ਤਾਂ ਅਨੇਕ ਪਰਕਾਰ ਕੀ ਮਾਇਆ ਲੈ ਲੈ ਆਈਆ॥ ਮੋਤੀ ਹੀਰੇ ਜਵਾਹਰ ਸੁਇਨਾ ਰੁਪਾ ਗੁਲੀ ਕਪੂਰ ਕਪੜੇ ਜੋ ਕੁਛ ਭਲੀ ਵਸਤੁ ਥੀ ਸੋ ਆਣਿ ਆਗੈ ਰਾਖੀ॥ ਤਬਿ ਬੇਨਤੀ ਲਗੀਆ ਕਰਣਿ ਜੀ ਕੁਛ ਤੁਮ ਲੇਵਹੁ॥ ਤਬਿ ਗੁਰੂ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ॥ ਤਾਂ ਮਰਦਾਨੇ ਰਬਾਬੁ ਵਜਾਇਆ॥

ਰਾਗੁ ਤਿਲੰਗੁ ਕੀਤਾ ਸਬਦੁ ਮ: ੧

ਤਿਲੰਗ ਮ: ੧॥

[3]ਇਆਨੜੀਏ ਮਾਨੜਾ ਕਾਇ ਕਰੇਹਿ॥
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥[3]

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 349-50.
2. *ਉਹੀ*, ਪੰਨਾ 85.
3. *ਉਹੀ*, ਪੰਨਾ 722.

Scanned by CamScanner

[1]ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥੧॥
ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥
ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ॥
ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥
ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥੨॥
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥੩॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥
ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥੪॥੨॥੪॥[1]

ਤਬਿ ਗੁਰੂ ਕੀ ਪੈਰੀ ਆਇ ਪਈਆ॥ ਗਲ ਵਿਚਿ ਪਲਾ ਪਾਇ ਕਰਿ ਖੜੀਆਂ ਹੋਈਆਂ॥ ਆਖਣਿ ਲਗੀਆਂ ਅਸਾਡੀ ਗਤਿ ਕਿਉ ਕਰਿ ਹੋਵੈ ਅਤੇ ਇਸ ਕਿਅਹੁ ਸਿਰਹੁ ਘੜਾ ਕਿਉ ਕਰਿ ਉਤਰੇ॥ ਤਬਿ ਗੁਰੂ ਬਾਬੇ ਆਖਿਆ ਵਾਹਿਗੁਰੂ ਕਹਿ ਕੈ ਇਸ ਦਿਅਹੁ ਸਰਿਹੁ ਘੜਾ ਉਤਾਰਹੁ॥ ਅਤੇ ਤੁਸਾਡੀ ਭੀ ਗਤਿ ਹੋਵੇਗੀ ਤੁਸੀ ਗੁਰੂ ਗੁਰੂ ਜਪਹੁ॥ ਤਬਿ ਓਹੁ ਆਇ ਪੈਰੀ ਪਈਆਂ ਨਾਉ ਧਰੀਕ][2][ਹੋਈਆਂ॥

24.

[ਕਲਿਜੁਗ]

ਤਬਿ ਬਾਬਾ ਓਥਹੁ ਰਵਾ ਰਹਿਆ॥ ਜਾਂਦਾ ਜਾਂਦਾ ਉਦਿਆਨ ਵਿਚਿ ਗਇਆ॥
ਜਾਇ ਬੈਠਾ॥ ਤਬਿ ਪਰਮੇਸਰਿ ਕੀ ਆਗਿਆ ਨਾਲਿ ਕਲਿਜੁਗ ਛਲਣਿ ਕਉ
ਆਇਆ॥ ਆਇ ਰੂਪੁ ਧਾਰਿਓਸੁ][3][ਤਾਂ ਅੰਧੇਰੀ ਹੋਇ][4][ਦਰਖਤ ਲਗੇ ਉਡਣਿ॥
ਤਬਿ ਮਰਦਾਨਾ ਬਹੁਤ ਭੈਮਾਨੁ ਹੋਆ॥ ਆਖਿਓਸੁ ਜੀਉ ਪਾਤਿਸਾਹੁ ਆਣਿ ਉਜਾੜਿ
ਵਿਚ ਪਾਇ ਮਾਰਿਓ॥ ਗੋਰ ਖਫਣਹੁ ਭੀ ਗਏ॥ ਤਬਿ ਗੁਰੂ ਬਾਬੇ ਕਹਿਆ
ਮਰਦਾਨਿਆ॥ ਕਾਹਲਾ ਹੋਹੁ ਨਾਹੀ॥ ਤਬਿ ਮਰਦਾਨੇ ਆਖਿਆ ਅਜ ਤੋੜੀ ਏਡਾ
ਹੋਆ ਹਾਂ ਇਹੁ ਬਲਾ][5][ਨਾਹੀ ਡਿਠੀ ਜੁ ਇਹੁ ਕਿ ਆਇਆ ਹੈ ਅਸਾਡੇ ਜੀਅੜੇ
ਤਾਂਈ॥ ਤਬਿ ਅਗਨਿ ਕਾ ਰੂਪੁ ਦਿਖਾਲਿਆ॥ ਜੋ ਧੂੰਆਂ ਚਉਹਾਂ ਧਿਰਾਂ ਤੇ ਉਠਿਆ॥

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 722.
2. ਹਾ.ਨੁ., ਸੈ.ਹ-ਲ. ਵਾਧੂ ਪਾਠ : ਸਿਖਣੀਆਂ।
3. ਪੁਰਾਤਨ. ਵਾਧੂ ਪਾਠ : ਤਬਿ ਬਾਬੇ ਦੇਖੈ।
4. ਪੁਰਾਤਨ. ਵਾਧੂ ਪਾਠ : ਬਹੁਤ ਆਈ।
5. ਹਾ.ਨੁ., ਸੈ.ਹ-ਲ. ਵਾਧੂ ਪਾਠ : ਤਾਂ।

Scanned by CamScanner

ਚਾਰੇ ਕੁੰਡਾਂ ਅਗਨਿ ਹੋਈਆਂ[1] ॥ ਤਬਿ ਮਰਦਾਨਾ ਮੁਹੁ ਢਕਿ ਕੇ ਪੈ ਰਹਿਆ ॥ ਆਖਿਓਸੁ ਜੀਵਣਾ ਰਹਿਆ ॥ ਤਬਿ ਫੇਰ ਪਾਣੀ ਕਾ ਰੂਪੁ ਹੋਆ ॥ ਘਟਾਂ ਬੰਨਿ ਆਇਆ ॥ ਲਗਾ ਬਰਸਣਿ ਪਾਣੀ ਪਰੁ ਬਾਬੇ ਤੇ ਦੂਰਿ ਪਵੈ ॥ ਤਬਿ ਗੁਰੂ ਕਹਿਆ ਮਰਦਾਨਿਆ ਮੁਹੁ ਉਘਾੜੁ ॥ ਉਠਿ ਬੈਠੁ ਰਬਾਬੁ ਵਜਾਇ ॥ ਤਬਿ ਮਰਦਾਨਾ ਉਠਿ ਬੈਠਾ ॥ ਰਬਾਬੁ ਵਜਾਇਓਸੁ ॥ ਰਾਗੁ ਮਾਰੂ ਕੀਤਾ ॥ ਬਾਬੇ ਸਬਦ ਉਠਾਇਆ ਮਾਰੂ [ਮਹਲਾ ੫][2] ਘਰੁ ੨

[3]ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ ॥
ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥੧॥
ਏਕਾ ਨਿਰਭਉ ਬਾਤ ਸੁਨੀ ॥
ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ਰਹਾਉ॥
ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥੨॥
ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥
ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ ॥੩॥
ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥੧॥[3]

ਤਬਿ ਦੈਤ ਕਾ ਰੂਪੁ ਧਾਰਿਆ[4] ॥ ਚੋਟੀ ਆਸਮਾਨ ਨਾਲਿ ਕੀਤੀਆਸੁ ॥ ਜਿਉ ਜਿਉ ਨੇੜੈ ਆਵੈ ਤਿਉ ਤਿਉ ਘਟਦਾ ਜਾਵੈ ॥][5][॥ ਹਥਿ ਜੋੜਿ ਕਰ ਖੜਾ ਹੋਆ ॥][6][॥ ਆਖਿਓਸੁ ਜੀ ਕਿਛੁ ਮੈਤੈ ਲੇਹੁ ॥ ਮੇਰੈ ਵਚਨਿ ਚਲੁ ॥ ਤਬਿ ਗੁਰੂ ਬਾਬੈ ਪੁਛਿਆ ॥ ਤੈਂ ਪਾਸਿ ਕਿਆ ਹੈ ॥ ਤਾਂ ਕਲਿਜੁਗ ਆਖਿਆ ਮੇਰੈ ਪਾਸਿ ਸਭੁ ਕਿਛੁ ਹੈ ॥ ਜੇ ਆਖਹੁ ਤਾਂ ਮੋਤੀਆਂ ਦੇ ਮੰਦਰ ਉਸਾਰਹ ॥ ਅਤੇ ਰਤਨਾਂ ਕਾ ਲਾਲਾਂ ਦਾ ਜੜਾਉ ॥ ਕਰਾਵਾਂ ॥ ਅਗਰ ਚੰਦਨ ਕਾ ਲੇਪੁ ਦੇਵਾਂ ॥ ਤਬਿ ਗੁਰੂ ਬੋਲਿਆ ਸਬਦ ਰਾਗੁ ਸ੍ਰੀ ਰਾਗੁ ਵਿਚਿ ॥ ਰਾਗੁ ਸਿਰੀ ਰਾਗੁ ਮਹਲਾ ਪਹਿਲਾ ਘਰੁ ੧

[7]ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ਰਹਾਉ॥[7]

ਤਬਿ ਫਿਰਿ ਕਲਿਜੁਗਿ ਆਖਿਆ ਜੋ ਜੀ ਜਵੇਹਰਾ ਦੀ ਧਰਤੀ ਕਰਾਂ ਅਰੁ

---

1. ਹਾ.ਨੁ., ਸੈ.ਹ-ਲ. : ਅਗਨੀ ਹੋਈ।
2. ਮੂਲ ਪਾਠ : ਮਹਲਾ ੧.
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 998-99.
4. ਪਾਠ ਪੰ.ਹ-ਲ., ਸੈ.ਹ-ਲ ਦਾ; ਬੀ6. : ਧਾਰ ਆਇਆ।
5. ਹਾ.ਨੁ. ਨਿਰਾਧਾਰ ਵਾਧੂ ਪਾਠ : 'ਤਬਿ ਮਨੁਖ ਕਾ ਸਰੂਪ ਕਰਿ ਕੈ ਆਇਆ'।
6. ਹਾ.ਨੁ. ਵਾਧੂ ਪਾਠ : ਤਬਿ ਬਾਬੇ ਪੁਛਿਆ ਭਾਈ ਤੂੰ ਕੌਣ ਹੈਂ ॥ ਤਬਿ ਉਨ ਆਖਿਆ ਜੀ ਮੈਨੂੰ ਤੂੰ ਨਾਹੀ ਜਾਣਦਾ ॥ ਮੈਂ ਕਲਿਜੁਗ ਹਾਂ ਅਰ ਤੇਰੇ ਮਿਲਨੇ ਨੂੰ ਆਇਆ ਹਾਂ ॥ ਤੂੰ ਕਰਤੇ ਪੁਰਖ ਕਾ ਵਜੀਰ ਹੈ ॥ ਤਬਿ ਬਾਬੇ ਨੂੰ ਨਿਮਸਕਾਰ ਕੀਤੀ।
7. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 14.

Scanned by CamScanner

ਲਾਲਾਂ ਦਾ ਜੜਾਉ ਕਰਹਾਂ॥ ਇੰਦਰ ਦੀਆਂ ਮੋਹਣੀਆਂ ਲੈ ਆਵਾਂ॥ ਤਬਿ ਗੁਰੂ ਬਾਬੇ ਪਉੜੀ ਦੂਜੀ ਆਖੀ

[1]ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥[1]

ਤਬਿ ਕਲਜੁਗਿ ਕਹਿਆ ਜੋ ਜੀ ਏਹੁ ਭੀ ਨਾਹੀ ਲੈਂਦਾ ਤਾਂ ਸਿਧਿ ਲੈ ਜੋ ਰਿਧਿ ਆਵੈ॥ ਅਤੈ ਗੁਪਤ ਧਰਤੀ ਵਿਚਿ ਚਲੁ॥ ਅਰੁ ਹਜਾਰ ਕੋਹਾਂ ਜਾਇ ਪ੍ਰਗਟਿ ਹੋਇ॥ ਤਬਿ ਗੁਰੂ ਪਉੜੀ ਤੀਜੀ ਆਖੀ

[1]ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥[1]

ਤਬਿ ਕਲਜੁਗਿ ਆਖਿਆ [3]ਕੁਛੁ ਲੇਵਹੁ॥ ਸੁਲਤਾਨ[3] ਹੋਵਹੁ ਰਾਜੁ ਕਰਹੁ॥ ਤਬਿ ਗੁਰੂ[4] ਚਉਥੀ ਪਉੜੀ ਕਹੀ

[1]ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥੧॥[1]

ਤਬਿ ਕਲਜੁਗ ਪਰਦਖਣਾ ਕੀਤੀ॥ ਆਇ ਪੈਰੀ ਪਇਆ॥ ਆਖਿਓਸੁ ਜੀ ਮੇਰੀ ਗਤਿ ਕਿਉਂ ਕਰਿ ਹੋਵੈ॥ ਤਬਿ ਗੁਰੂ ਨਾਨਕ ਆਖਿਆ॥ ਮੇਰਾ ਸਿਖੁ ਕੋਟ ਮਧੇ ਕੋਈ ਹੋਵੈਗਾ॥ ਤਿਸ ਕਾ ਸਦਕਾ ਤੇਰੀ ਗਤਿ ਹੋਵੈਗੀ॥ ਤਬਿ ਕਲਿਜੁਗੁ ਪੈਰੀ ਪਇਆ॥ ਬਾਬੈ ਵਿਦਾ ਕੀਤਾ॥

25.

[ਕੀੜ ਨਗਰ]

ਗੁਰੂ ਅਤੇ ਮਰਦਾਨਾ ਰਵਦੇ ਰਹੈ॥ ਆਇ ਕੀੜ ਨਗਰ ਪ੍ਰਗਟੇ॥ ਜਾਂ ਦੇਖੈ ਤਾਂ ਰੁਖੁ ਬਿਰਖ ਸਭੁ ਸਿਆਹ ਨਦਰਿ ਆਵੈ ਧਰਤਿ ਸਾਰੀ॥ ਤਬਿ ਮਰਦਾਨਾ ਬਹੁਤ ਭੈਮਾਨੁ ਹੋਆ ਦੇਖਿ ਕਰਿ ਆਖਿਓਸੁ ਜੀ ਇਥੋਂ ਚਲੀਏ ਏਡਾ ਕਾਲਾ ਅਸਾਂ ਕਦੇ ਨਾਹੀ ਡਿਠਾ॥ ਇਸੁ ਕਾਲੇ ਤੇ ਚਾਲੁ॥ ਤਬਿ ਗੁਰੂ ਬਾਬੇ ਆਖਿਆ ਮਰਦਾਨਿਆ॥ ਇਨ ਕੀ ਪਾਤਿਸਾਹੀ ਹੈ॥ ਭਾਵੈ ਕੋਈ ਸਉ ਜੰਗਲ ਵਿਚਿ ਜਾਉ॥ ਜੇ ਕੋਈ ਜਾਨਵਰ ਦਾ ਬੱਚਾ ਪੈਦਾ ਹੋਵੈ ਤਾਂ ਖਾਇ ਜਾਵਨ॥ ਅਤੇ ਜੇ ਕਿਸੇ ਸਪ ਦਾ ਆਂਡਾ ਪੈਦਾ ਹੋਵੇ ਤਾਂ ਖਾਇ ਜਾਵਨਿ॥ ਪਰ ਤੇਰੈ ਨੇੜੈ ਕੋਈ ਨਾਹੀ ਆਂਵਦਾ॥

ਤਬਿ ਮਰਦਾਨੇ ਅਰਜ ਕੀਤੀ॥ ਆਖਿਓਸੁ ਜੀ ਕਦੇ ਇਥੈ ਕੋਈ ਆਇਆ ਭੀ ਹੈ॥ ਤਬਿ ਬਾਬੇ ਆਖਿਆ ਮਰਦਾਨਿਆ॥ ਇਕ ਦਿਨਿ ਇਕੁ ਰਾਜਾ ਚੜਿਆ ਥਾ॥ ਬਾਨਵੈ ਖੂਹਣੀ ਲਸਕਰੁ ਲੈ ਕਰਿ॥ ਇਕ ਰਾਜੇ ਉਪਰ ਚੜਿਆ ਥਾ॥ ਏਤਿ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 14.
2. ਹਾ.ਨੁ. : ਰਿਦੈ।
3. ਹਾ.ਨੁ. : ਜੀ ਪਾਤਸਾਹ ਹੋਵਹੁ।
4. ਹਾ.ਨੁ. : ਗੁਰੂ ਬਾਬੇ।

Scanned by CamScanner

ਧਰਤੀ ਆਇ ਨਿਕਲਿਆ॥ ਤਬਿ ਇਕ ਕੀੜੀ ਜਾਇ ਮਿਲੀ॥ ਤਾਂ ਆਖਿਓਸੁ ਹੋ ਰਾਜਾ ਇਤੁ ਰਾਹਿ ਚਾਲੁ ਨਾਹੀਂ ਅਤੇ ਜੇ ਚਲਦਾ ਹੈਂ ਤਾਂ ਮੇਰੀ ਰਜਾਇ ਵਿਚਿ ਚਾਲੁ॥

ਤਬੁ ਰਾਜੇ ਪੁਛਿਆ॥ ਤੇਰੀ ਕਿਆ ਰਜਾਇ ਹੈ॥ ਤਬਿ ਕੀੜੀ ਕਹਿਆ॥ ਹੋ ਰਾਜਾ ਮੇਰੀ ਏਹ ਰਜਾਇ ਹੈ॥ ਜੋ ਮੇਰੀ ਰੋਟੀ ਖਾਇ ਕਰਿ ਜਾਹਿ॥ ਤਬਿ ਰਾਜੇ ਕਹਿਆ॥ ਮੈਂ ਬਾਵਨਿ ਖੂਹਣੀ ਕਾ ਰਾਜਾ ਹਾਂ ਮੈਂ ਤੇਰੀ ਰੋਟੀ ਕਿਉਂ ਕਰਿ ਖਾਵਾਂ॥ ਤਬਿ ਕੀੜੀ ਕਹਿਆ॥ ਹੋ ਰਾਜਾ ਨਾਹੀ ਤਾਂ ਜੁਝੁ ਕਰਿ ਕੈ ਜਾਹਿ॥ [1][ਤਬ ਰਾਜੇ ਕਹਿਆ ਭਲਾ ਹੋਵੇ ਕੀੜੀ॥][1]

ਤਬਿ ਰਾਜਾ ਜੁਧੁ ਲਗਾ ਕਰਣਿ ਬਾਵਨਿ ਖੂਹਣੀ ਲੇ ਕਰਿ ਕੀੜੀ ਸਾਥਿ॥ ਤਬਿ ਇਕਨ ਕੀੜੀ ਹੁਕਮ ਕੀਤਾ ਕੀੜੀਆਂ ਤਾਈਂ॥ ਜਾਇ ਕਰਿ ਬਿਖੁ ਲੇਆਵਹੁ॥ ਤਬਿ ਕੀੜੀਆਂ ਗਈਆਂ॥ ਪਿਆਲੁ ਤੇ ਬਿਖੁ ਮੁਹੁ ਭਰਿ ਲੇ ਆਈਆਂ॥ ਜਿਸ ਕਉ ਲਾਇਨ ਸੋ ਸੋਅਹੁ ਹੋਇ ਜਾਇ॥ ਹੋ ਮਰਦਾਨਿਆਂ॥ ਬਾਵਨ ਖੂਹਣੀ ਲਸਕਰ ਸਭੋ ਮੂਆ ਪਰਮੇਸਰ ਕੀ ਆਗਿਆ ਸਾਥ॥ ਤਬਿ ਇਕੋ ਰਾਜਾ ਰਹਿਆ॥ ਤਬਿ ਓਹੁ ਕੀੜੀ ਗਈ॥ ਆਖਿਓਸੁ ਹੋ ਰਾਜਾ॥ ਬਾਤ ਸੁਨੁ॥ ਅਬਿ ਮੇਰੀ ਰੋਟੀ ਮਨਹਿਗਾ॥

ਤਬਿ ਰਾਜਾ ਹਥਿ ਜੋੜਿ ਖੜਾ ਹੋਆ॥ ਆਖਿਓਸੁ ਭਲਾ ਹੋਵੇ ਜੀ॥ ਤਬਿ ਉਸਿ ਕੀੜੀ ਹੁਕਮ ਕੀਤਾ ਕੀੜੀਆਂ ਜੋਗੁ ਜਹੁ ਅੰਮ੍ਰਿਤ ਲੇਆਵਹੁ॥ ਅਤੈ ਸਤ ਕੁਡੀ ਅੰਮ੍ਰਿਤ ਕੇ ਹੈਨ ਪਤਾਲ ਬਿਖੈ॥ ਅਤੈ ਸਤ ਕੁੰਡ ਬਿਖ ਕੇ ਹੈਂ ਪਤਾਲ ਬਿਖੈ॥ ਤਬਿ ਓਹੁ ਕੀੜੀਆਂ ਗਈਆਂ॥ ਜਾਇ ਕਰਿ ਅੰਮ੍ਰਿਤੁ ਮੁਖੁ ਭਰਿ ਲੇ ਆਈਆਂ॥ ਜਿਸ ਕਉ ਓਹੁ ਲਾਵਨਿ ਸੋਈ ਉਠਿ ਖੜਾ ਹੋਵੇ॥ ਤਬਿ ਬਾਵਨ ਖੂਹਣੀ ਲਸਕਰ ਉਠਿ ਖੜਾ ਹੋਆ॥ ਪਰਮੇਸਰਿ ਕੀ ਆਗਿਆ ਨਾਲਿ॥

ਤਬਿ ਰਾਜਾ ਉਠਿ ਕਰ ਰੋਟੀ ਖਾਵਣਿ ਗਇਆ ਬਾਵਨ ਖੂਹਣੀ ਸਾਥਿ॥ ਜਬਿ ਰੋਟੀ ਮਿਲੀ ਤਾਂ ਠੰਢੀ॥ ਅਤੈ ਜਾਂ ਘੋੜਿਆਂ ਨੋ ਘਾਸੁ ਮਿਲਿਆ ਤਾਂ ਭਿੰਨਾ ਹੋਆ॥ ਅਤੇ ਦਾਨਾ ਮਿਲਿਆ ਸੋ ਚਿਥਿਆ ਹੋਆ॥ ਤਬਿ ਰਾਜੈ ਪੁਛਿਆ॥ ਐਸੀ ਰੋਟੀ ਠੰਢੀ ਕਿਉਂ ਮਿਲੀ॥ ਅਤੇ ਘਾਸੁ ਭਿਨਾ ਦਾਨਾਂ ਚਿਥਿਆ॥ ਤਬਿ ਕੀੜੀ ਕਹਿਆ ਹੋ ਰਾਜਾ॥ ਅਗੈ ਇਕੁ ਰਾਜਾ ਆਇਆ ਥਾ॥ ਤਿਸ ਕਉ ਮੈਂ ਰੋਟੀ ਕੀਤੀ ਆਹੀ॥ ਤਿਸ ਤੇ ਜੋ ਰਹਿਆ ਥਾ ਸੋ ਮੈਂ ਤੇਰੇ ਲਸਕਰ ਕਉ ਪਰੋਸਿਆ ਹੈ॥ ਅਤੇ ਜੋ ਉਸਦਿਆਂ ਘੋੜਿਆਂ ਦਾ ਦਾਣਾ ਬਚਿਆ ਥਾ ਸੋ ਤਿਰਿਆਂ ਘੋੜਿਆਂ ਕਉ ਦਿਤਾ ਅਤੇ ਜੋ ਉਸ ਦਿਆਂ ਘੋੜਿਆਂ ਦਾ ਘਾਸੁ ਰਹਿਆ ਥਾ ਸੋ ਤੇਰੇ ਘੋੜਿਆਂ ਤਾਈਂ ਪਾਇਆ॥ ਜਬਿ ਰਾਜਾ ਜਾਇ ਕਰ ਦੇਖੈ ਤਾਂ ਕਈ ਅੰਬਾਰ ਹੀ ਭਰੇ ਪਇ ਹੈਨਿ॥ ਤਬਿ ਰਾਜੇ ਕਾ ਅਭਿਮਾਨੁ ਦੂਰਿ ਹੋਆ॥ ਆਖਿਓਸੁ ਐਸੇ ਰਾਜੇ ਵਰਤੇ ਹੈਨ॥ ਤਬਿ ਰਾਜਾ ਫਿਰਿ ਘਰਿ ਆਇਆ॥ ਤਬਿ ਬਾਬਾ ਬੋਲਿਆ ਸਲੋਕ ਮ: ੧॥

[2]ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥[2]

---

1. ਇਹ ਪਾਠ ਸਾਰੇ ਸੁਲੱਭ ਨੁਸਖ਼ਿਆਂ ਵਿਚ ਪ੍ਰਾਪਤ ਹੈ।
2. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 144.

[1]ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥੧॥[1]

ਤਬ ਮਰਦਾਨਾ ਪੈਰੀ ਪਇਆ॥

26.
[ਵਸਦਾ ਰਹੇ]

ਓਥਹੁ ਰਵਦੇ ਰਹੈ॥ ਜਾਇ ਇਕਤੁ ਗਾਉਂ[2] ਵਿਚਿ ਬੈਠੇ॥ ਤਬਿ ਉਸ ਗਾਉਂ ਵਿਚ ਕੋਈ [3]ਬਹਿਣ ਦੇਵੈ ਨਾਹੀਂ[3]॥ ਲਾਗੈ ਮਸਕਰੀਆਂ ਕਰਣਿ॥ ਤਬਿ ਗੁਰੂ ਬਾਬੇ ਸਲੋਕੁ ਕਹਿਆ

[4]ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ॥
ਜੇ ਬੋਲਾ ਤਾਂ ਆਖੀਐ ਬੜ ਬੜ ਕਰੈ ਬਹੁਤ॥
ਚੁਪ ਕਰਾਂ ਤਾ ਆਖੀਐ ਇਤ ਘਟਿ ਨਾਹੀ ਮਤਿ॥
ਜੇ ਬਹਿ ਰਹਾਂ ਤਾ ਆਖੀਐ ਬੈਠਾ ਸਥਰ ਘਤੁ॥
ਉਠ ਜਾਈ ਤਾਂ ਆਖੀਐ ਛਾਰ ਗਇਆ ਸਿਰ ਘਤਿ॥
ਜੇਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥
ਕਾਈ ਗਲੀ ਨਾ ਮੇਵਣੀ ਜਿਥੈ ਕਢਾ ਝਤਿ॥
ਏਥੈ ਓਥੈ ਨਾਨਕ ਕਰਤਾ ਰਖੈ ਪਤਿ॥੨॥[4]

[5][ਇਥੈ ਕਾਈ ਘੜੀ ਨਾ ਰਹੇ॥ ਤਬ ਮਰਦਾਨੇ ਕਹਿਆ ਜੀ ਇਨ੍ਹਾਂ ਇਨਾ ਦੇ ਬਾਬਿ ਕਿਆ ਹੁਕਮ ਹੋਇਆ॥ ਤਬ ਬਾਬੇ ਆਖਿਆ॥ ਮਰਦਾਨਿਆ ਏਹ ਸਹਰ ਵਸਦਾ ਰਹੈ॥ ਤਬ ਬਾਬਾ ਉਥਹੁ ਰਵਦਾ ਰਿਹਾ॥][5]

27.
[ਉਜੜ ਜਾਵੇ]

ਤਬਿ ਅਗਲੈ ਸਹਰਿ ਗਏ॥ ਤਬਿ ਓਨਾਂ ਲੋਕਾਂ ਬਹੁਤੁ ਸੇਵਾ ਕੀਤੀ॥ ਓਥੈ ਰਾਤਿ ਰਹੇ ਭਲਕੇ ਉਠਿ ਚਲੇ॥ ਤਾਂ ਗੁਰੂ ਬੋਲਿਆ ਜੋ ਇਹੁ ਸਹਰੁ ਉਜਾੜਿ ਹੋਵੈਗਾ॥ ਅਠਵਾਰੁ[6] ਹੋਵੈ॥ ਤਬਿ ਮਰਦਾਨੇ ਆਖਿਆ ਜੀ ਤੇਰੇ ਦਰਿ ਭਲਾ ਨਿਆਉ ਡਿਠਾ॥ ਜਿਥੈ ਬੈਠਣੇ ਨਾ ਮਿਲੈ ਸੋ ਵਸਾਇਆ॥ ਅਤੈ ਜਿਨਾਂ ਸੇਵਾ ਬੰਦਗੀ ਬਹੁਤੁ ਕੀਤੀ ਸੋ ਸਹਰੁ ਉਜਾੜਿਆ॥

ਤਬ ਗੁਰੂ ਬਾਬੇ ਆਖਿਆ ਮਰਦਾਨਿਆਂ ਉਸ ਸਹਰ ਕਾ ਆਦਮੀ ਅਵਰ ਸਹਰਿ ਜਾਵੈਗਾ ਤਾਂ ਹੋਰ ਭੀ ਵਿਗੜਨਗੇ ਅਤੈ ਇਸੁ ਸਹਰ ਕਾ ਆਦਮੀ ਹੋਰਤ ਸਹਰਿ ਜਾਵੈਗਾ ਤਾਂ ਉਨਾਂ ਦੀ ਭੀ ਗਤਿ ਕਰੈਗਾ॥ ਅਤੈ ਸੁਮਤਿ ਦੇਵੈਗਾ॥ ਤਬਿ ਮਰਦਾਨੇ

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 144.
2. ਹਾ.ਨੁ. : ਗਿਰਾਓਂ।
3. ਹਾ.ਨੁ. : ਬੈਠਣੇ ਨਾ ਦੇਵੈ।
4. ਇਹ ਸੈਦੋ ਦੀ ਰਚਨਾ ਹੈ ਜੋ ਬਹੁਤ ਮਗਰੋਂ 'ਬੰਨੋ ਬੀੜ' ਵਿਚ ਦਰਜ ਹੋਈ।
5. ਇਹ ਪਾਠ ਸਾਰੇ ਸੁਲੱਭ ਨੁਸਖ਼ਿਆਂ ਵਿਚ ਪ੍ਰਾਪਤ ਹੈ। *ਪੁਰਾਤਨ.* ਦੇ ਸੰਪਾਦਕ ਨੇ ਗੌਲਿਆ ਨਹੀਂ।
6. ਖਾ.ਹ-ਲ. : ਅਠੀਖੰਡ।

Scanned by CamScanner

ਆਖਿਆ ਜੀ ਤਉ ਭਾਵੈ ਤਾਂ ਉਸ ਦੀ ਭੀ ਗਤਿ ਕਰਹਿ ॥ ਤਬਿ ਬਾਬੇ ਸਬਦ ਕੀਤਾ ਰਾਗੁ ਮਲਾਰੁ ਵਿਚਿ ਮ: ੧

[1]ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥
ਪ੍ਰਾਣੀ ਏਕੋ ਨਾਮੁ ਧਿਆਵਹੁ ॥
ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ਰਹਾਉ॥
ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥
ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ॥੨॥
ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ॥
ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ ॥੩॥
ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥੪॥੧॥[1]

28.

[ਸ਼ੇਖ ਫਰੀਦ ਗੋਸ਼ਟੀ]

ਤਬਿ ਫਿਰਿ ਆਸਾ ਦੇਸ ਕਉ ਆਇਆ ॥ ਆਗੇ ਸੇਖ ਫਰੀਦ ਥਾ ਜੰਗਲ ਵਿਚਿ ॥ ਤਬਿ ਉਥੇ ਬਾਬੇ ਭੀ ਆਇਆ ॥ ਤਬ ਸੇਖੁ ਫਰੀਦੁ ਬੋਲਿਆ ਅਲਹ ਅਲਾ ਦਰਵੇਸ ॥ ਤਬਿ ਗੁਰੂ ਜੀ ਜਬਾਬੁ ਦਿਤਾ ਆਵਹੁ ਅਲਹ ਫਰੀਦ ਜੁਹਦੀ ॥ ਹਮੇਸ ਆਉ ਸੇਖ ਫਰੀਦ ਜੁਹਦੀ ॥ ਅਲਹ ਅਲਹ ॥ ਤਬ ਦਸਤ ਪੰਜਾ ਲੇ ਕਰ ਬਹਿ ਗਇਆ ॥ ਤਬਿ ਸੇਖੁ ਫਰੀਦ ਬਾਬੇ ਦਾ ਰੂਪ ਦੇਖਿ ਕਰ ਬੋਲਿਆ ਗੋਸਟਿ ਕੀਤੀਆਸੁ ॥ ਸੇਖਿ ਫਰੀਦ ਬਾਬੇ ਨੂੰ ਪੁਛਿਆ ॥ ਆਖਿਓਸੁ

[2]ਅਕੇ ਤਾ ਲੋੜੁ ਮੁਕਦਮੀ ਅਕੈ ਤੇ ਅਲਹੁ ਲੋੜੁ ॥
ਦੁਹੁ ਬੇੜੀ ਨਾਂ ਲਤ ਧਰੁ ਮਤੁ ਵੰਞਹੁ ਵਖਰੁ ਬੋੜਿ ॥[2]

ਤਬ ਗੁਰੂ ਬਾਬੇ ਜਬਾਬੁ ਦਿਤਾ

ਸਲੋਕੁ

[3]ਦੁਹੀ ਬੇੜੀ ਲਤ ਧਰੁ ਦੁਹੀ ਵਖਰੁ ਚਾੜਿ ॥
ਕੋਈ ਬੇੜੀ ਡੁਬਸੀ ਕੋਈ ਲੰਘੇ ਪਾਰਿ ॥
ਨਾ ਪਾਣੀ ਨ ਬੇੜੀਆ ਨਾ ਡੁਬੈ ਨ ਜਾਇ ॥
ਨਾਨਕ ਵਖਰੁ ਸਚੁ ਧਨੁ ਸਹਜੇ ਰਹਿਆ ਸਮਾਇ ॥੧॥[3]

ਤਬ ਸੇਖ ਫਰੀਦ ਕਹਿਆ

ਸਲੋਕੁ

[4]ਫਰੀਦਾ ਬੁਜ਼ੇਲੀ ਜਿਉ ਰਹਿਆ ਦੁਨੀਆ ਕੂੜਾ ਭੇੜੁ ॥
ਨਾਨਕ ਆਖੀ ਦੇਖਦਿਆ ਉਜੜਿ ਵੰਞੈ ਪੇੜੁ ॥੧॥[4]

ਤਬ ਗੁਰੂ ਬਾਬੇ ਜਬਾਬੁ ਦਿਤਾ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1254.
2. ਫ਼ਰੀਦ ਦੇ ਨਾਂ ਦੀ ਅਪ੍ਰਮਾਣਿਕ ਰਚਨਾ।
3. ਇਹ ਗੁਰਬਾਣੀ ਨਹੀਂ।
4. ਫ਼ਰੀਦ ਦੇ ਨਾਂ ਦੀ ਅਪ੍ਰਮਾਣਿਕ ਰਚਨਾ।

Scanned by CamScanner

ਸਲੋਕੁ

[1]ਫਰੀਦਾ ਧੁਰਹੁ ਧੁਰਹੁ ਹੋਂਦਾ ਆਇਆ ਚੂੜੈਲੀ ਸਿਉ ਹੇਤੁ॥
ਨਾਨਕ ਖੇਤੁ ਨਾ ਉਜੜੈ ਜੇ ਰਾਖਾ ਹੋਇ ਸੁਚੇਤ॥੧॥[1]

ਤਬ ਸੇਖੁ ਫਰੀਦ ਬੋਲਿਆ

ਸਲੋਕੁ

[2]ਫਰੀਦਾ ਤਨੁ ਰਹਿਆ ਮਨੁ ਫਟਿਆ ਤਾਗਤਿ ਰਹੀ ਨ ਕਾਇ॥
ਉਠ ਪਿਰੀ ਤਬੀਬ ਥੀਓ ਕਾਰੀ ਦਾਰੂ ਲਾਇ॥੧॥[2]

ਤਬ ਗੁਰੂ ਬਾਬੇ ਜਬਾਬੁ ਦਿਤਾ

ਸਲੋਕੁ

[3]ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ॥
ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ॥੩॥[3]

ਤਬ ਸੇਖੁ ਫਰੀਦੁ ਬੋਲਿਆ ਸਬਦੁ ਸਬਦੁ ਰਾਗੁ ਸੂਹੀ ਵਿਚਿ

[4]ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥੧॥ਰਹਾਉ॥
ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥੨॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥੩॥[4]

ਤਬ ਗੁਰੂ ਬਾਬੇ ਜਬਾਬੁ ਦਿਤਾ ਸਬਦੁ ਕੀਤਾ ਰਾਗੁ ਸੂਹੀ ਵਿਚਿ ਮ: ੧

[5]ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥੧॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥੧॥ਰਹਾਉ॥
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥੨॥
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥
ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ॥੩॥
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ॥
ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ॥੪॥
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥
ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ॥੫॥੨॥੪॥[5]

ਤਬ ਸੇਖੁ ਫਰੀਦੁ ਬੋਲਿਆ ਸਬਦੁ ਰਾਗੁ ਆਸਾ ਵਿਚਿ

[6]ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥[6]

---

1. ਇਹ ਗੁਰਬਾਣੀ ਨਹੀਂ।
2. ਫਰੀਦ ਨਾਮੀ ਅਵੈਧ ਬਾਣੀ।
3. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1100.
4. ਫਰੀਦ ਬਾਣੀ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 794.
5. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 729.
6. ਫਰੀਦ ਬਾਣੀ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 488.

Scanned by CamScanner

[1]ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥੧॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥੧॥[1]

ਤਬਿ ਬਾਬਾ ਬੋਲਿਆ ਸਬਦੁ ਰਾਗੁ ਸੂਹੀ ਵਿਚਿ ਮ: ੧

ਸੁਚਜੀ॥
[2]ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ॥
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ॥
ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥
ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ॥
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ॥
ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ॥
ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥੨॥[2]

ਤਬਿ ਬਾਬਾ ਅਤੈ ਸੇਖ ਫਰੀਦੁ ਦੁਇ ਏਕ ਰਾਤਿ ਇਕਠੇ ਰਹੇ ਜੰਗਲ ਵਿਚਿ॥ ਤਬਿ ਇਕੁ ਬੰਦਾ ਖੁਦਾਇ ਕਾ ਆਇ ਨਿਕਲਿਆ॥ ਉਹ[3] ਦੇਖਿ ਕਰਿ ਘਰਿ ਉਠਿ ਗਇਆ॥ ਤਬ ਏਕ ਤਬਲਬਾਜ ਦੁਧ ਕਾ ਭਰ ਕੇ ਲੇ ਆਇਆ॥ ਵਿਚਿ ਚਾਰਿ ਮੁਹਰਾਂ ਪਾਇ ਕਰਿ॥ ਪਿਛਲੀ ਰਾਤਿ ਨੋ ਲੇ ਆਇਆ॥ ਤਬਿ ਸੇਖ ਫਰੀਦ ਆਪਣਾ ਬਖਰਾ ਪਾਇ ਲਇਆ॥ ਅਤੈ ਗੁਰੂ ਦਾ ਬਖਰਾ ਰਖਿ ਛਡਿਓਸੁ॥ ਤਬ ਸੇਖ ਫਰੀਦ ਬੋਲਿਆ

ਸਲੋਕੁ
[4]ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥
ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ॥[4]

ਤਬਿ ਬਾਬੇ ਜਬਾਬੁ ਦਿਤਾ

ਸਲੋਕੁ
[4]ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹਨਿ੍ ਇਕਨਾ ਸੁਤਿਆ ਦੇਇ ਉਠਾਲਿ॥[4]

---

1. ਫਰੀਦ ਬਾਣੀ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 488.
2. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 762-63.
3. ਹਾ.ਨੁ., ਸੈ.ਹ-ਲ. ਪਾਠ ਲੋਪ।
4. ਫਰੀਦ ਬਾਣੀ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1384.

Scanned by CamScanner

ਤਬਿ ਬਾਬਾ ਬੋਲਿਆ ਸੇਖ ਫਰੀਦਾ॥ ਇਸੁ ਦੁਧ ਵਿਚਿ ਹਾਥੁ ਫੇਰਿ ਕਰਿ ਦੇਖੁ [ਕਿਆ ਹੈ][1]॥ ਜਾਂ [ਸੇਖੁ ਫਰੀਦੁ][2] ਦੇਖੈ ਤਾਂ ਮੁਹਰਾਂ ਚਾਰਿ ਅਸਨਿ॥ ਤਬਿ ਉਹੁ ਤਬਲਬਾਜੁ ਛੋਡਿ ਕਰਿ ਚਲਦਾ ਰਹਿਆ॥ ਤਬਿ ਗੁਰੂ ਬੋਲਿਆ ਸਬਦੁ ਰਾਗੁ ਤੁਖਾਰੀ ਛੰਤ ਮ: ੧

[3]ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ॥
ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ॥
ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ॥
ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ॥
ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ॥
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ॥੧॥
ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ॥
ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ॥
ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ॥
ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ॥੨॥
ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ॥
ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ॥
ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ॥
ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ॥
ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ॥੩॥
ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ॥
ਤਿਨ ਘਰੁ ਰਾਖਿਅੜਾ ਜੁੋ ਅਨਦਿਨੁ ਜਾਗੈ ਰਾਮ॥
ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ॥
ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ॥
ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ॥
ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ॥੪॥
ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ॥
ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ॥
ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ॥
ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ॥
ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥
ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ॥੫॥੨॥[3]

ਤਬਿ ਬਾਬਾ ਅਤੇ ਸੇਖੁ ਫਰੀਦੁ ਓਥਹੁ ਰਵੈ॥ ਜਬ ਉਹੁ ਆਇ ਕੈ ਦੇਖੈ ਤਾਂ ਤਬਲਬਾਜੁ ਪਇਆ ਹੈ॥ ਜਬ ਚਕੈ ਤਾਂ ਸੁਇਨੇ ਕਾ ਹੈ ਅਤੈ ਮੂਹਰਾਂ ਨਾਲਿ ਭਰਿਆ

1. ਹਾ.ਨੁ., ਸੈ.ਹ-ਲ.: ਪਾਠ ਲੋਪ।
2. ਹਾ.ਨੁ., ਸੈ.ਹ-ਲ.: ਪਾਠ ਲੋਪ।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1110.

Scanned by CamScanner

ਪਿਆ[1] ਹੈ॥ ਤਬ ਉਹੁ ਲਗਾ ਪਛੋਤਾਵਣ॥ ਆਖਿਓਸੁ ਓਹੁ [ਦੀਨਦਾਰ][2] ਫਕੀਰੁ ਥੇ ਜੋ ਦਿਲ ਉਤੇ ਆਵਤਾ ਤਾਂ ਦੀਨੁ ਪਾਵਤਾ॥ ਦੁਨੀਆ ਲੈ ਆਇਆ ਥਾ ਤਾਂ ਦੁਨੀਆ ਮਿਲੀ॥ ਤਬਿ ਓਹੁ ਤਬਲਬਾਜੁ ਲੈ ਕਰਿ ਘਰਿ ਆਇਆ॥

ਤਬਿ ਗੁਰੂ ਬਾਬਾ ਅਤੈ ਸੇਖੁ ਫਰੀਦੁ ਆਸਾ ਦੇਸਿ ਆਏ॥ ਤਬਿ ਆਸਾ ਦੇਸ ਕਾ ਰਾਜਾ ਸਮੁੰਦਰੁ[3] ਥਾ॥ ਸੋ ਉਸ ਕਾ ਕਾਲੁ ਹੋਆ ਥਾ॥ ਤਬ ਉਸ ਕੀ ਖੋਪਰੀ ਜਲੈ ਨਾਹੀਂ॥ ਅਨੇਕ ਜਤਨ ਕਰਿ ਰਹੇ॥ ਤਬਿ ਜੋਤਕੀ ਪੁਛੇ ਤਾਂ ਜੋਤਕੀਆਂ ਆਖਿਆ ਇਨ ਏਕ ਬਾਰਿ ਮਿਥਿਆ ਕਹਿਆ ਹੈ॥ ਤਿਸ ਤੇ ਇਸ ਕਾ ਜੀਉ ਕਸਟਿ ਵਿਚ[4] ਪਇਆ ਹੈ॥ ਅਰ ਆਸਾ ਦੇਸ ਕਾ ਲੋਕੁ ਸਤਿਬਾਦੀ ਥਾ॥ ਦਿਨ ਕਉ ਬੀਜਦਾ ਹੈ ਅਰੁ ਰਾਤਿ ਕਉ ਲੁਣਿਦੇ ਹੈ॥ ਤਬਿ ਆਸਾ ਦੇਸ ਕੇ ਲੋਕ ਲਗੈ ਹਾਇ ਹਾਇ ਕਰਣਿ॥ ਤਾਂ ਜੋਤਕੀਆਂ ਆਖਿਆ ਜੋ ਇਸ ਕੀ ਮੁਕਤਿ ਤਬ ਹੋਵੈ ਜਾਂ ਸਾਧੂ ਕੇ ਚਰਣ ਲਗਨਿ॥ ਤਬਿ ਉਨ੍ਹਾਂ [5]ਆਸਾ ਦੇਸ[5] ਕਾ ਰਾਹ ਬੰਧ ਕਰਿਆ॥ ਏਕੁ ਦਰਵਾਜਾ ਰਖਿਆ ਥਾ॥ ਜੇ ਕੋਈ ਫਕੀਰੁ ਆਵੈ ਤਾਂ ਓਤੈ ਦਰਵਾਜੈ ਕਢੀਐ॥

ਤਬ ਬਾਬਾ ਅਤੈ ਸੇਖੁ ਫਰੀਦੁ ਜਾਇ ਨਿਕਲੇ॥ ਜਬ ਨੇੜੇ ਗਏ ਤਬਿ ਗੁਰੂ ਨਾਨਕ ਕਹਿਆ ਸੇਖ ਫਰੀਦਾ ਪੈਰੁ ਧਰਿ॥ ਤਬਿ ਸੇਖ ਫਰੀਦ ਕਹਿਆ॥ ਜੀ ਮੇਰੀ ਕਿਆ ਮਜਾਲ ਹੈ ਜੋ ਮੈਂ ਆਗੈ ਪੈਰੁ ਧਰਾਂ॥ ਤਬਿ ਬਾਬੇ ਪੈਰੁ ਧਰਿਆ ਤਾਂ ਖੋਪਰੀ ਫੁਟਿ ਗਈ॥ ਉਸ ਜੀਅ ਕੀ ਮੁਕਤਿ ਹੋਈ॥ ਤਬ ਸਾਰਾ ਆਸਾ ਦੇਸੁ ਆਇ ਪੈਰੀ ਪਇਆ॥ ਤਬਿ ਬਾਬਾ ਬੋਲਿਆ ਬਦੁ ਰਾਗੁ ਮਾਰੂ ਵਿਚਿ ਮ: ੧॥

[6]ਮਿਲਿ ਮਾਤ ਪਿਤਾ ਪਿੰਡੁ ਕਮਾਇਆ॥
ਤਿਨਿ ਕਰਤੈ ਲੇਖੁ ਲਿਖਾਇਆ॥
ਲਿਖੁ ਦਾਤਿ ਜੋਤਿ ਵਡਿਆਈ॥
ਮਿਲਿ ਮਾਇਆ ਸੁਰਤਿ ਗਵਾਈ॥੧॥
ਮੂਰਖ ਮਨ ਕਾਹੇ ਕਰਸਹਿ ਮਾਣਾ॥
ਉਠਿ ਚਲਣਾ ਖਸਮੈ ਭਾਣਾ॥੧॥ਰਹਾਉ॥
ਤਜਿ ਸਾਦ ਸਹਜ ਸੁਖੁ ਹੋਈ॥
ਘਰ ਛਡਣੇ ਰਹੈ ਨ ਕੋਈ॥
ਕਿਛੁ ਖਾਜੈ ਕਿਛੁ ਧਰਿ ਜਾਈਐ॥
ਜੇ ਬਾਹੁੜਿ ਦੁਨੀਆ ਆਈਐ॥੨॥
ਸਜੁ ਕਾਇਆ ਪਟੁ ਹਢਾਏ॥
ਫੁਰਮਾਇਸਿ ਬਹੁਤੁ ਚਲਾਏ॥
ਕਰਿ ਸੇਜ ਸੁਖਾਲੀ ਸੋਵੈ॥
ਹਥੀ ਪਉਦੀ ਕਾਹੇ ਰੋਵੈ॥੩॥[6]

---

1. ਬੀ 6.: ਹੋਆ।
2. ਪਾਠ ਹਾ.ਨੂ., ਸੈ.ਹ-ਲ., ਖਾ.ਹ-ਲ. ਦਾ।
3. ਹਾ.ਨੂ., ਸੈ.ਹ-ਲ.: ਸਾਮ ਸਮੁੰਦਰ।
4. ਹਾ.ਨੂ.: ਮਹਿ।
5. ਖਾ.ਹ-ਲ.: ਸਹਰ।
6. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 989-90.

Scanned by CamScanner

[1]ਘਰ ਘੁੰਮਣਵਾਣੀ ਭਾਈ॥
ਪਾਪ ਪਥਰ ਤਰਣੁ ਨ ਜਾਈ॥
ਭਉ ਬੇੜਾ ਜੀਉ ਚੜਾਊ॥
ਕਹੁ ਨਾਨਕ ਦੇਵੈ ਕਾਹੂ॥੪॥੨॥[1]

ਤਬਿ ਰੋਟੀਆਂ ਲੈ ਲੈ ਆਵਨਿ॥ ਜੋ ਸੇਖ ਫਰੀਦੁ ਕੂ ਦੇਵਨਿ॥ ਤਿਸ ਕਉ ਆਖੇ ਮੈਂ ਖਾਧੀ ਹੈ ਅਤੈ ਪਲੈ ਭੀ ਬੰਧੀ ਹੈ॥ ਤਬਿ ਆਸਾ ਦੇਸ ਕਿਆ ਲੋਕਾਂ ਆਖਿਆ ਹੋ ਬੰਦੇ ਖੁਦਾਇ ਕੇ ਤੂੰ ਕੋਈ ਉਸੀ ਮੁਲਖ ਕਾ ਕੂੜਿਆਰ ਹੈਂ ਜਿਸੁ ਮੁਲਖ ਫਰੀਦੁ ਰਹਿੰਦਾ ਹੈ ਜੋ ਰੋਟੀ ਕਾਠ[2] ਕੀ ਹੈਸੁ ਅਤੈ ਜੇ ਕੋਈ ਰੋਟੀ ਦੇਂਦਾ ਹੈਸੁ ਤਾਂ ਆਖਦਾ ਹੈ ਜੋ ਮੈਂ ਖਾਧੀ ਹੈ ਅਤੈ ਪਲੈ ਭੀ ਬੰਧੀ ਹੈ॥ ਤਬ ਸੇਖ ਫਰੀਦੁ ਰੋਟੀ ਕਾਠਿ ਕੀ ਸੁਟ ਪਾਈ॥ ਆਖਿਓਸੁ ਇਕ ਵਾਰੀ ਕੂੜ ਅਖੇ ਦਾ ਸਦਕਾ ਰਾਜੈ ਇਤਨੀ ਸਜਾਇ ਪਾਈ ਹੈ ਅਤੇ ਮੇਰਾ ਕਿਆ ਹਵਾਲ ਹੋਵੇਗਾ॥ ਤਬ ਬਾਬੇ ਦੀ ਖੁਸ਼ੀ ਹੋਈ॥ ਸੇਖੁ ਫਰੀਦੁ ਵਿਦਿਆ ਕੀਤਾ॥ ਤਬਿ ਬਾਬਾ ਬੋਲਿਆ ਸੇਖ ਫਰੀਦ ਤੁਸਾਂ ਵਿਚਿ ਖੁਦਾਇ ਸਹੀ ਹੈ॥ ਪਰੁ ਤੂ ਪੀਰੁ ਕਰੁ॥ ਤਬਿ ਸੇਖੁ ਫਰੀਦੁ ਆਖਿਆ ਚੰਗਾ ਹੋਵੈ ਜੀ॥ ਤਬਿ ਸੇਖੁ ਫਰੀਦੁ ਵਿਦਾ ਹੋਆ॥ ਗਲੇ ਵਿਚਿ ਲਾਗਿ ਮਿਲੇ ਤਬ ਗੁਰੂ ਬਾਬਾ ਬੋਲਿਆ ਸਬਦੁ ਰਾਗੁ ਸਿਰੀਰਾਗੁ ਵਿਚਿ ਮ: ੧॥

[3]ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥
ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ॥੧॥
ਕਰਤਾ ਸਭੁ ਕੋ ਤੇਰੈ ਜੋਰਿ॥
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ॥੧॥ਰਹਾਉ॥
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥੨॥
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥੩॥
ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ॥
ਸੁਰਤਿ ਹੋਵੈ ਪਤਿ ਊਗਵੈ ਗੁਰ ਬਚਨੀ ਭਉ ਖਾਇ॥
ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ॥੪॥੧੦॥[3]

ਤਬ ਬਾਬਾ ਜੀ ਕੋਈ ਦਿਨੁ ਆਸਾ ਦੇਸ ਵਿਚਿ ਰਹਿਆ॥ ਸਾਰਾ ਆਸਾ ਦੇਸੁ ਗੁਰੂ ਗੁਰੂ ਲਗਾ ਜਪਣ॥ ਨਾਉ ਧਰੀਕ ਹੋਏ ਏਕ ਮੰਜੀ ਆਸਾ ਦੇਸ ਵਿਚਿ ਹੈ॥ ਤਬ ਬਾਬੇ ਦੀ ਖੁਸੀ ਹੋਈ ਆਸਾ ਦੇਸ ਊਪਰਿ॥ ਓਥਹੁ ਰਵਦੇ ਰਹੇ॥

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 989-90.
2. ਕਾਠ, ਘਾਠ ਦਾ ਵਿਕਾਰੀ ਰੂਪ ਹੈ; ਵਿਸਥਾਰ ਲਈ ਵੇਖੋ, ਪੂਰਬੋਕਤ ਪੰਨਾ।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 17-18.

Scanned by CamScanner

29.

[ਬਿਸੀਅਰ ਦੇਸ਼ ਝੰਡਾ ਬਾਢੀ]

ਤਬ ਬਿਸੀਅਰ ਦੇਸ ਆਇ ਪ੍ਰਗਟੇ॥ ਤਬ ਉਹਾ ਕੋਈ ਬੈਠਣ ਦੇਵੈ ਨਾਹੀ॥ ਜਹਾਂ ਜਾਇ ਖੜੋਵਨਿ ਤਹਾਂ ਲੋਕ ਚਉਕਾ ਦੇ ਲੈਨਿ॥ ਕਾਸਾ ਦੇਖਿ ਕਰ॥ ਤਬ ਝੰਡਾ ਬਾਢੀ ਆਇ ਨਿਕਲਿਆ॥ ਤਬ ਓਹੁ ਘਰਿ ਲੈ ਗਇਆ॥ ਪੈਰ ਧੋਇ ਕਰਿ ਪੀਤਿਆਸੁ॥ ਪੀਵਣੈ ਨਾਲਿ ਗੁਰੂ ਨਦਰਿ ਆਇਓਸੁ॥ ਉਦਾਸੀ ਹੋਆ ਨਾਲਿ ਲਾਗਾ ਫਿਰਨਿ॥ ਪ੍ਰਿਥਮੇ ਬਾਬੇ ਉਦਾਸੀ ਕੀਤੀ ਪੂਰਬ ਕੀ॥ ਤਿਤ ਸਮੇ ਬੈਠਾ ਥਾ ਸਮੁੰਦਰ ਕੀ ਬਰੇਤੀ ਵਿਚ॥ ਪਉਣ ਅਹਾਰ ਕੀਆ॥ ਨਾਲ ਝੰਡਾ ਬਾਢੀ ਥਾ॥ ਬਿਸੀਅਰ ਦੇਸ ਕਾ॥ ਤਿਸ ਕਉ ਜੁਗਾਵਲੀ ਪ੍ਰਾਪਤ ਹੋਈ॥ ਝੰਡਾ ਨਾਲ ਨਿਭਿਆ ਨਗਰ ਛੁਟਘਾਟ ਕਾ॥ ਤਿਤ ਮਹਲ ਵਿਸਮਾਦ ਪੜੀਦਾ ਥਾ॥ ਅਗੇ ਜੁਗਾਵਲੀ ਚਲੀ॥ ਜੁਗਾਵਲੀ ਕਾ ਸੁਮਾਰ ਸਾਰਾ ਹੀ ਲਿਖਿਆ॥

ਸ੍ਰੀ ਸਤਿਗੁਰੂ ਪ੍ਰਸਾਦਿ॥
ਲਿਖਤੰ ਜੁਗਾਵਲੀ ਮ: ੧॥[1]

30.

[ਮਰਦਾਨੇ ਦੀ ਭੁਖ ਗਵਾਈ]

ਤਬ ਬਾਬਾ ਅਤੇ ਮਰਦਾਨਾ ਓਥਹੁ ਰਵਦੇ ਰਹੇ ਜੋ ਜਾਂਦੇ ਜਾਂਦੇ ਵਡੀ ਉਜਾੜਿ ਵਿਚ ਜਾਇ ਪਏ॥ ਤਬ ਉਥੈ ਕੋਈ ਮਿਲੈ ਨਾਹੀ॥ ਤਬਿ ਮਰਦਾਨੇ ਨੂੰ ਬਹੁਤੁ ਭੁਖਿ ਲਾਗੀ ਤਾਂ ਮਰਦਾਨੇ ਆਖਿਆ ਸੁਹਾਨਿ ਤੇਰੀ ਭਗਤਿ ਨੂੰ ਅਸੀਂ ਡੂਮ ਸੇ॥ ਮੁਲਖ ਦੇ ਟੁਕੜੇ ਮੰਗਿ ਖਾਂਦੇ ਥੇ॥ ਉਥਹੁ ਭੀ ਗਵਾਇਆ॥ ਅਸੀਂ ਤਾਂ ਵਡੀ ਉਜਾੜਿ ਵਿਚਿ ਆਇ ਪੈਇ ਹਾਂ॥ ਕਦੇ ਖੁਦਾਇ ਕਾਢੈ ਤਾਂ ਨਿਕਲਹਿੰ॥ ਹੁਣਿ ਕੋਈ ਸੀਹੁ ਬੁਕਿ ਪਵੈਗਾ ਤਾ ਮਾਰਿ ਜਾਵੈਗਾ॥

ਤਬ ਬਾਬੇ ਆਖਿਆ ਮਰਦਾਨਿਆਂ ਤੇਰੈ ਨੇੜੈ ਕੋਈ ਨਾਹੀਂ ਆਂਵਦਾ॥ ਪਰ ਤੂ ਉਸੀਆਰੁ ਹੋਹੁ॥ ਆਖਿਓਸੁ ਜੀ ਕਿਉਂ ਕਰਿ ਉਸੀਆਰੁ ਹੋਵਾਂ॥ ਉਜਾੜਿ ਵਿਚਿ ਆਇ ਪਇਆ॥ ਤਬ ਬਾਬੇ ਆਖਿਆ ਮਰਦਾਨਿਆਂ ਅਸੀ ਉਜਾੜਿ ਵਿਚਿ ਨਾਹੀਂ ਅਸੀਂ ਵਸਦੀ ਵਿਚਿ ਹਾਂ॥ ਜਿਥੇ ਨਾਉ ਚਿਤਿ ਆਂਵਦਾ ਹੈ॥ ਓਥੈ ਬਾਬੇ ਸਬਦੁ ਬੋਲਿਆ॥ ਰਾਗੁ ਆਸਾ ਵਿਚ ਮ: ੧॥

[2]ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥੧॥ਰਹਾਉ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ॥੨॥[2]

---

1. ਇਹ ਗੁਰਬਾਣੀ ਨਹੀਂ: ਇਸ ਦੇ ਪਾਠ ਲਈ ਵੇਖੋ, *ਪ੍ਰਾਣ ਸੰਗਲੀ*, ਸੰਪਾ. ਜਗਜੀਤ ਸਿੰਘ ਖ਼ਾਨਪੁਰੀ, ਪਟਿਆਲਾ 1999, ਪੰਨੇ 285-89.
2. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 358.

Scanned by CamScanner

[1]ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥[1]

ਤਬਿ ਬਾਬੈ ਆਖਿਆ ਮਰਦਾਨਿਆਂ][2][ਤਉ ਬਾਝੁ ਬਾਣੀ ਸਰਿ ਨਾਹੀ ਆਵਦੀ॥ ਤਬਿ ਗੁਰੂ ਬਾਬੇ ਆਖਿਆ ਮਰਦਾਨਿਆ ਸਬਦੁ ਚਿਤਿ ਕਰਿ ਰਬਾਬੁ ਵਜਾਇ॥ ਤਬ ਮਰਦਾਨੇ ਆਖਿਆ ਜੀ ਮੇਰਾ ਘਟੁ ਭੁਖ ਦੇ ਨਾਲਿ ਮਿਲਿ ਗਇਆ ਹੈ॥ ਮੈਂ ਇਹੁ ਰਬਾਬੁ ਵਜਾਇ ਨਾਹੀ ਸਕਦਾ॥ ਤਬ ਬਾਬੈ ਆਖਿਆ ਮਰਦਾਨਿਆਂ ਚਲੁ ਪਿਛੈ ਕਿਸੈ ਵਸਦੀ ਜਾਹਾਂ॥

ਅਜੀ ਮੈਂ ਵਸਦੀ ਭੀ ਨਾਹੀ ਜਾਇ ਸਕਦਾ ਮੇਰਾ ਭੁਖ ਨਾਲਿ ਘਟੁ ਮਿਲਿ ਗਇਆ ਹੈ॥ ਹਉਂ ਮਾਰਦਾ ਹਾਂ॥ ਤਬਿ ਬਾਬੇ ਆਖਿਆ ਮਰਦਾਨਿਆਂ ਹਉਂ ਤੈਨੂੰ ਆਈ ਬਿਨਾ ਮਰਣਿ ਨਾਹੀ ਦੇਂਦਾ ਉਸੀਆਰੁ ਹੋਹੁ॥ ਤਬਿ ਮਰਦਾਨੇ ਆਖਿਓਸੁ ਜੀ ਹਉ ਕਿਉਂ ਕਰਿ ਉਸੀਆਰੁ ਹੋਵਾ॥ ਹਉ ਮਰਦਾ ਹਾਂ ਜੀਵਣੈ ਦੀ ਗਲਿ ਰਹੀ॥][3][ਤਾਂ ਬਾਬੇ ਆਖਿਆ॥ ਮਰਦਾਨਿਆਂ ਇਸ ਰੁਖੁ ਦੇ ਫਲ ਖਾਹਿ ਪਰੁ ਰਜਿ ਕੈ ਖਾਹਿ ਜਿਤਨੇ ਖਾਇ ਸਕਦਾ ਹੈ॥ ਪਰੁ ਹੋਰੁ ਪਲੈ ਬਨਿ ਨਾਹੀ॥][4][॥ ਤਾਂ ਮਰਦਾਨਾ ਲਗਾ ਖਾਣਿ॥ ਫਲਾ ਕਾ ਸੁਆਦੁ ਆਇਓਸੁ॥ ਆਖੈ ਹੋਵੇ ਤਾਂ ਸਭੈ ਖਾਇ ਲਈ॥ ਫਿਰਿ ਹਥਿ ਆਵਨਿ ਕਿ ਨਾ ਆਵਨਿ॥ ਕੁਛੁ ਪਲੈ ਭੀ ਬੰਨਿ ਲੇਈ॥ ਮਤੁ ਹਥਿ ਆਵਨਿ ਕਿ ਨਾ ਆਵਨਿ॥ ਤਬਿ ਮਰਦਾਨੇ ਆਖਿਆ ਭੁਖ ਲਗੈਗੀ ਤਾਂ ਖਾਵਾਗਾ॥ ਮਰਦਾਨੇ ਪਲੈ ਭੀ ਬਨਿ ਲਏ॥ ਜਾਂਦੇ ਜਾਂਦੇ ਮਰਦਾਨੇ ਨੂੰ ਫਿਰ ਭੁਖ ਲਾਗੀ ਤਾ ਆਖਿਓਸੁ ਕੁਛੁ ਖਾਵਾ। ਜਾਂ ਮੁਹਿ ਪਾਏ ਤਾ ਉਤੈ ਵੇਲੈ ਢਹਿ ਪਇਆ॥ ਤਦ ਬਾਬੇ ਆਖਿਆ ਕਿਆ ਹੋਇਆ ਵੇ ਮਰਦਾਨਿਆ॥

ਜੀਉ ਪਾਤਿਸਾਹ ਤੁਧੁ ਆਖਿਆਸੀ ਜੋ ਖਾਹਿ ਸੋ ਖਾਹਿ ਵਧਦੇ ਪਲੈ ਬੰਨਿ ਨਾਹੀ॥ ਮੈਂ ਆਖਿਆ ਕੁਛੁ ਪਲੈ ਭੀ ਬੰਨਿ ਲਈ॥ ਮਤ ਹਥਿ ਆਵਨਿ ਕਿ ਨਾ ਆਵਨਿ॥ ਸੋ ਮੈਂ ਮੁਹਿ ਪਾਏ ਸਿਨਿ॥ ਮੇਰਾ ਏਹੁ ਹਵਾਲੁ ਹੋਇ ਗਇਆ॥ ਤਬਿ ਬਾਬੇ ਆਖਿਆ ਮਰਦਾਨਿਆ ਤੁਧੁ ਬੁਰਾ ਕੀਤਾ ਸੀ ਜੋ ਮੁਹਿ ਪਾਏ ਸਨਿ॥ ਏਹੁ ਬਿਖ ਫਲ ਸਨਿ ਪਰ ਬਚਨ ਕਰਿਕੈ ਅੰਮ੍ਰਿਤ ਫਲ ਹੋਇ ਸਨ॥ ਤਬ ਬਾਬੈ ਮਥੈ ਉਪਰਿ ਪੈਰੁ ਰਖਿਆ॥ ਤਬ ਚੰਗਾ ਭਲਾ ਹੋਆ॥ ਉਠਿ ਬੈਠਾ॥

ਤਬਿ ਮਰਦਾਨੈ ਆਖਿਆ ਸੁਹਾਣੁ ਤੇਰੀ ਭਗਤਿ ਨੋ ਅਤੈ ਤੇਰੀ ਕਮਾਈ ਨੋ॥ ਅਸੀ ਤਾ ਡੂਮਿ ਮੰਗਿ ਪਿਨਿ ਖਾਧਾ ਲੋੜੇ ਹਾ॥ ਤੂ ਅਤੀਤੁ ਮਹਾਪੁਰਖੁ ਖਾਹਿ ਪੀਵਹਿ ਕਿਛੁ ਨਾਹੀ॥ ਅਤੈ ਵਸਦੀ ਵੜੈ ਨਾਹੀ॥ ਹਉਂ ਕਿਉਂ ਕਰਿ ਤੁਧੁ ਨਾਲਿ ਰਹਾਂ॥ ਅਸਾਂ ਨੂੰ ਵਿਦਾ ਕਰਿ॥

ਤਬਿ ਬਾਬੇ ਆਖਿਆ॥ ਮਰਦਾਨਿਆਂ ਮੇਰੀ ਬਹੁਤੁ ਖੁਸੀ ਹੈ ਤੁਧੁ ਉਪਰਿ ਤੂ ਕਿਉਂ ਵਿਦਾ ਮੰਗਦਾ ਹੈ ਮੈਥਾਵਹੁੰ॥ ਤਬਿ ਮਰਦਾਨੇ ਆਖਿਆ ਸੁਹਾਣੁ ਤੇਰੀ ਖੁਸੀ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 358.
2. ਹਾ.ਨੁ., ਸੈ.ਹ-ਲ. ਵਾਧੂ ਪਾਠ : 'ਸਬਦੁ ਚਿਤਿ ਕਰਿ' ਬਾਕੀ ਸਾਰੇ ਨੁਸਖੇ ਚੁੱਪ; ਸੋਧ ਸਾਡੀ।
3. ਹਾ.ਨੁ., ਸੈ.ਹ-ਲ. ਵਾਧੂ ਪਾਠ : 'ਤਬ ਮਰਦਾਨੇ ਆਖਿਆ ਜੀ ਮੈਨੂੰ ਦੁਖ ਨਾ ਦੇਹਿ'; ਉੱਕਤ ਕਾਰਨ।
4. ਹਾ.ਨੁ., ਸੈ.ਹ-ਲ. ਵਾਧੂ ਪਾਠ : 'ਤਬਿ ਮਰਦਾਨੇ ਆਖਿਆ ਜੀ ਭਲਾ ਹੋਵੈ'; ਉੱਕਤ ਕਾਰਨ।

Scanned by CamScanner

ਨੋ ਪਰੁ ਮੇਰੀ ਵਿਦਾ ਕਰਿ॥ ਹਉ ਆਪਣੇ ਘਰਿ ਜਾਵਾਂ॥ ਤਬ ਬਾਬੇ ਆਖਿਆ॥ ਮਰਦਾਨਿਆਂ ਕਿਵੈਂ ਰਹੈਂ ਭੀ॥ ਮਰਦਾਨੈ ਆਖਿਆ ਹਉ ਤਾਂ ਰਹਾਂ ਜੇ ਮੇਰੀ ਭੁਖ ਗਵਾਵਹਿ॥ ਜੋ ਤੇਰਾ ਅਹਾਰੁ ਹੋਵੈ][1][॥ ਸੋ ਮੇਰਾ ਅਹਾਰੁ ਕਰਹਿ॥ ਜੋ ਤੂ ਏਹਾ ਕੰਮੁ ਕਰਹਿ ਤਾਂ ਤੇਰੇ ਨਾਲਿ ਰਹਾਂ॥ ਜਾਂ ਏਹੁ ਬਚਨੁ ਕਰਹਿ ਜੋ ਮੇਰੇ ਕਰਮ ਭੀ ਨਾ ਬੀਚਾਰਹਿ ਤਾਂ ਹਉ ਤੇਰੈ ਨਾਲ ਰਹਾਂ॥ ਜੇ ਇਹੁ ਤੂ ਕੰਮੁ ਕਰੇ ਨਾਹੀਂ ਤਾਂ ਮੈਨੂ ਵਿਦਾ ਕਰਿ॥ ਤਬਿ ਗੁਰੂ ਬਾਬੇ ਆਖਿਆ ਜਾਹਿ ਵੇ ਮਰਦਾਨਿਆ॥ ਤੂ ਦੀਨ ਦੁਨੀਆ ਨਿਹਾਲੁ ਹੋਆ॥ ਤਬਿ ਮਰਦਾਨਾ ਉਭਰਿ ਪੈਰੀ ਪਇਆ॥ ਗੁਰੂ ਬਾਬੈ ਦਿਤਨੀਆਂ ਵਸਤੂ ਦਿਤੀਆ॥ ਮਥਾ ਚੁਕਦਿਆਂ ਨਾਲਿ ਅਗਮ ਨਿਗਮ ਕੀ ਸੋਝੀ ਹੋਇ ਆਈ॥ ਤਾਂ ਮਰਦਾਨਾ ਬਾਬੈ ਨਾਲਿ ਲਗਾ ਫਿਰਣਿ॥ ਤਬ ਉਦਾਸੀ ਕਰ ਕੇ ਘਰ ਆਏ॥

31.

[ਮਾਤਾ ਪਿਤਾ ਜੀ ਨਾਲ ਮੇਲ]

ਜਬਿ ਉਦਾਸੀ ਕਰਿ ਕੇ ਆਏ ਬਾਰਹੀ ਬਰਸੀਂ ਤਬਿ ਆਇ ਕਰਿ ਤਿਲਵੰਡੀ ਤੇ ਕੋਸ ਦੁਇ ਬਾਹਰਿ ਆਇ ਬੈਠੇ ਉਜਾੜਿ ਵਿਚਿ॥ ਤਬਿ ਘੜੀ ਇਕੁ ਸਸਤਾਇ ਕਰਿ ਮਰਦਾਨੈ ਅਰਜੁ ਕੀਤੀ ਜੋ ਮੈਨੂੰ ਹੁਕਮ ਹੋਵੈ ਤਾਂ ਘਰਿ ਜਾਵਾਂ॥ ਘਰਿ ਕੀ ਖਬਰਿ ਲੈ ਆਵਾਂ॥ ਦਿਖਾਂ ਅਸਾਡੇ ਆਦਮੀ ਕਿਉਂ ਕਰਿ ਹੈਨਿ॥ ਕੋਈ ਰਹਿਆ ਹੈ ਕਿ ਕੋਈ ਨਾਹੀਂ ਰਹਿਆ॥ ਤਬਿ ਬਾਬਾ ਹਸਿਆ॥ ਹਸਿ ਕਰਿ ਕਹਿਆ॥ ਮਰਦਾਨਿਆਂ ਤੇਰੇ ਆਦਮੀ ਮਰੇਂਗੇ ਤੂ[3] ਸੰਸਾਰੁ ਕਿਉਂ ਕਰਿ ਰਖਹਿਗਾ[4]॥ ਪਰੁ ਤੇਰੇ ਆਤਮੈ ਆਵਦੀ ਹੈ ਤਾ ਤੂ ਜਾਹਿ॥ ਮਿਲਿਆਉ ਪਰੁ ਤੁਰਤੁ ਆਈ ਅਤੇ ਕਾਲੂ ਦੇ ਘਰਿ ਭੀ ਜਾਵੈ॥ ਅਸਾਡਾ ਨਾਉਂ ਲਈ ਨਾਹੀ॥

ਤਬਿ ਮਰਦਾਨਾ ਪੈਰੀਂ ਪੈਇ ਕਰਿ ਗਇਆ॥ ਤਲਵੰਡੀ ਆਇਆ॥ ਜਾਇ ਘਰ ਵੜਿਆ॥ ਤਬਿ ਲੋਕੁ ਬਹੁਤੁ ਜੁੜਿ ਗਏ॥ ਸਭ ਕੋਈ ਆਇ ਪੈਰੀ ਪਵੈ ਅਤੈ ਸਭ ਲੋਕ ਆਖਿਨਿ ਜੋ ਮਰਦਾਨਾ ਡੂਮ ਹੈ ਪਰੁ ਨਾਨਕ ਕਾ ਸਾਇਆ ਹੈ॥ ਏਹੁ ਓਹੁ ਨਾਹੀਂ॥ ਸੰਸਾਰ ਤੇ ਵਧਿ ਹੋਆ ਹੈ॥ ਜੋ ਆਵਦਾ ਹੈ ਸੋ ਆਇ ਪੈਰੀਂ ਪਵਦਾ ਹੈ॥ ਤਬ ਮਰਦਾਨੈ ਘਰੁ ਬਾਰੁ ਦੇਖਿ ਕਰਿ ਕਾਲੂ ਦੇ ਵੇੜੇ ਵਿਚਿ ਗਇਆ॥ ਜਾਇ ਬੈਠਾ॥ ਤਬ ਬਾਬੇ ਦੀ ਮਾਤਾ ਉਭਰਿ ਗਲੇ ਨੂੰ ਚਮੜੀ॥ ਲਗੀ ਬੈਰਾਗੁ ਕਰਣਿ॥ ਬੈਰਾਗ ਕਰਿ ਕੈ ਆਖਿਓਸੁ ਮਰਦਾਨਿਆ॥ ਕਿਥਾਊ ਨਾਨਕ ਦੀ ਖਬਰਿ ਦੇਹ॥ ਤਬ ਸਾਰੇ ਵੇੜੇ ਦੇ ਲੋਕ ਜੁੜਿ ਗਏ॥ ਸਭ ਲੋਕ ਪੁਛਣਿ ਲਾਗੇ॥ ਤਾ ਮਰਦਾਨੈ ਆਖਿਆ ਭਾਈ ਵੇ॥ ਜਾ ਬਾਬਾ ਸੁਲਤਾਨਿਪੁਰਿ ਆਹਾ ਤਾਂ ਡੂਮ ਨਾਲੇ ਆਹਾ ਫਿਰਿ ਮੈਨੂੰ ਪਿਛਲੀ ਖਬਰਿ ਨਾਹੀ॥ ਤਬ ਘੜੀ ਇਕੁ ਬੈਠਿ ਕਰਿ ਮਰਦਾਨਾ ਉਠਿ ਚਲਿਆ॥ ਤਬਿ ਬਾਬੇ ਦੀ ਮਾਤਾ ਆਖਿਆ ਭਾਈ ਵੇ॥ ਏਹੁ ਤੁਰਤੁ ਵੇੜੇ ਵਿਚਹੁ ਜੋ ਗਇਆ ਸੋ ਖਾਲੀ ਨਾਹੀ॥

---

1. ਹਾ.ਨੁ., ਸ਼ੈ.ਹ-ਲ. ਵਾਧੂ ਪਾਠ : 'ਸੋ ਮੇਰਾ ਹੋਵੈ', ਬੇਲੋੜਾ ਨਿਰਾਧਾਰ ਦਾਖਲ ਹੋਣ ਕਾਰਨ ਰੱਦ।
2. ਹਾ.ਨੁ. : ਟੇਕਦਿਆਂ, ਸ਼ੈ.ਹ-ਲ. : ਚਾਇਆਂ।
3. ਹਾ.ਨੁ. : ਤਾਂ ਅਸੀ।
4. ਹਾ.ਨੁ. : ਰਖਹਿੰਗੇ।

Scanned by CamScanner

ਤਾਂ ਮਾਤਾ ਉਠਿ ਖੜੀ ਹੋਈ ॥ ਕੁਛ ਕਪੜੇ ਕੁਛ ਮਿਠਿਆਈ ਲੈ ਕਰਿ ਪਿਛਹੁ ਆਇ ਮਰਦਾਨੇ ਨੂੰ ਮਿਲੀ ॥ ਤਾਂ ਆਖਿਓਸੁ ਮਰਦਾਨਿਆਂ ਤੂ ਮੈਨੋ ਨਾਨਕ ਮਿਲਾਇ ॥ ਤਾਂ ਮਰਦਾਨਾ ਚੁਪ ਕਰਿ ਰਹਿਆ ॥ ਓਥਹੁ ਚਲੇ ॥ ਆਵਦੇ ਆਵਦੇ ਜਾਂ ਕੋਹਾ ਦੁਹੁ ਉਪਰਿ ਆਏ ਤਾ ਬਾਬਾ ਬੈਠਾ ਹੈ ॥ ਤਬ ਬਾਬੇ ਡਿਠਾ ਜੋ ਮਾਤਾ ਤੇ ਮਰਦਾਨਾ ਆਏ ॥ ਤਬ ਬਾਬਾ ਆਇ ਕਰਿ ਪੈਰੀ ਪਇਆ ॥ ਤਾਂ ਮਾਤਾ ਲਗੀ ਬੈਰਾਗੁ ਕਰਣਿ ॥ ਸਿਰਿ ਚੁਮਿਓਸੁ ॥ ਆਖਿਓਸੁ ਹਉ ਵਾਰੀ ਬੇਟਾ ॥ ਹਉ ਤੁਧੁ ਵਿਟਹੁ ਵਾਰੀ ॥ ਤੇਰੇ ਨਾਉ ਵਿਟਹੁ ਵਾਰੀ ॥ ਤੇਰੇ ਦਰਸਨ ਵਿਟਹੁ ਵਾਰੀ ॥ ਜਿਥੈ ਤੂ ਫਿਰਦਾ ਹੈ ਤਿਸ ਥਾਉਂ ਵਿਟਹੁ ਵਾਰੀ ॥ ਤੁਧੁ ਨਿਹਾਲੁ ਕੀਤੀ ॥ ਮੈਨੋ ਆਪਣਾ ਮੁਹੁ ਵਿਖਾਲਿਓ ॥ ਤਬ ਬਾਬਾ ਮਾਤਾ ਕਾ ਹੇਤੁ ਦੇਖਿ ਕਰਿ ਗੁਦੁਗੁਦੁ ਹੋਇ][1][ਲਗਾ ਬੈਰਾਗੁ ਕਰਣਿ ॥ ਬੈਰਾਗ ਕਰਿ ਕੈ ਹਸਿਆ ॥ ਤਾ ਬਾਬੇ ਆਖਿਆ ਮਰਦਾਨਿਆਂ ਰਬਾਬੁ ਵਜਾਇ ॥ ਤਾਂ ਮਰਦਾਨੇ ਰਬਾਬੁ ਵਜਾਇਆ ॥ ਬਾਬੇ ਸਬਦੁ ਕੀਤਾ ਰਾਗੁ ਵਡਹੰਸੁ ਮਹਲਾ ੧ ਘਰੁ ੧ ॥

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥
ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥
ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥੧॥ਰਹਾਉ॥
ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥
ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥੨॥
ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥
ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ ॥੩॥
ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥੪॥੧॥[2]

ਤਬਿ ਫਿਰਿ ਮਾਤਾ ਕਪੜੇ ਮਿਠਿਆਈ ਆਗੇ ਰਾਖੀ ॥ ਤਬਿ ਮਾਤਾ ਆਖਿਆ ਬਚਾ ਤੂ ਖਾਹਿ ॥ ਤਾਂ ਬਾਬੇ ਆਖਿਆ ਮਾਤਾ ਹਉ ਰਜਿਆ ਹਾਂ ॥ ਤਾਂ ਮਾਤਾ ਆਖਿਆ ਬੇਟਾ ਤੂੰ ਕਿਤੁ ਖਾਧੈ ਰਜਿਆ ਹੈਂ ॥ ਤਬ ਸ੍ਰੀ ਗੁਰੂ ਬਾਬੇ ਆਖਿਆ ॥ ਮਰਦਾਨਿਆਂ ਰਬਾਬੁ ਵਜਾਇ ॥ ਤਾਂ ਮਰਦਾਨੇ ਰਬਾਬੁ ਵਜਾਇਆ ਬਾਬੇ ਸਬਦੁ ਕੀਤਾ ਰਾਗੁ ਸਿਰੀ ਰਾਗੁ ਵਿਚਿ ਮ: ੧

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥[3]

ਤਬ ਫਿਰਿ ਮਾਤਾ ਕਹਿਆ ਇਹੁ ਖਿਲਕਾ ਗਲਹੁ ਉਤਾਰਿ ॥ ਨਵੇ ਕਪੜੇ ਪਹਿਰੁ ॥ ਤਬਿ ਬਾਬੇ ਪਉੜੀ ਦੂਜੀ ਆਖੀ

---

1. ਪੁਰਾਤਨ. ਵਾਧੂ ਪਾਠ : 'ਗਇਆ', ਜਿਸ ਦੀ ਕਿਸੇ ਸਰੋਤ ਤੋਂ ਪੁਸ਼ਟੀ ਨਹੀਂ ਹੁੰਦੀ।
2. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 557.
3. *ਉਹੀ*, ਪੰਨਾ 16.

[1]ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥[1]

ਤਬਿ ਬਾਬੇ ਕਾਲੂ ਨੂੰ ਖਬਰਿ ਹੋਈ ॥ ਤਾਂ ਕਾਲੂ ਘੋੜੇ ਚੜਿ ਕਰਿ ਆਇਆ ॥ ਜਾਂ ਆਇਆ ਤਾਂ ਬਾਬਾ ਜੀ ਆਇ ਪੈਰੀ ਪਇਆ ॥ ਨਮਸਕਾਰ ਕੀਤੋਸੁ ॥][2][॥ ਤਬ ਕਾਲੂ ਲਾਗਾ ਬੈਰਾਗੁ ਕਰਣਿ ॥ ਤਬ ਕਾਲੂ ਕਹਿਆ ਨਾਨਕ ਤੂ ਘੋੜੇ ਚੜਿ ਕੈ ਘਰਿ ਚਲੁ ॥ ਤਬ ਗੁਰੂ ਨਾਨਕ ਕਹਿਆ ਪਿਤਾ ਜੀ ਘੋੜੇ ਮੇਰੈ ਕੰਮਿ ਨਾਹੀਂ ਆਂਵਦੇ ॥ ਤਬ ਗੁਰੂ ਪਉੜੀ ਤੀਜੀ ਆਖੀ

[1]ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥[1]

ਤਬਿ ਫਿਰਿ ਕਾਲੂ ਕਹਿਆ ਬਚਾ ਤੂ ਇਕ ਵਾਰੀ ਘਰਿ ਚਾਲੁ ॥ ਨਵੇਂ ਘਰਿ ਉਸਰੇ ਹੈਨਿ ॥ ਤੂੰ ਵੇਖੁ ਚਿਰ ਪਿਛੋਂ ਆਇਆ ਹੈਂ ॥ ਤੇਰਾ ਪਰਵਾਰ ਹੈ ॥ ਤੂ ਮਿਲੁ ਬਹੁ ॥ ਅਤੈ ਜੇ ਤੁਧੁ ਭਾਵਸੀ ਤਾ ਫੇਰਿ ਜਾਵੈ ॥ ਤਬ ਫਿਰਿ ਬਾਬੇ ਚਉਥੀ ਪਉੜੀ ਆਖੀ

[1]ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥੪॥੭॥[1]

ਤਬਿ ਫਿਰਿ ਕਾਲੂ ਆਖਿਆ ॥ ਬਚਾ ਤੇਰਾ ਜੀਉ ਕਿਤੁ ਗਲੈ ਖਟਾ ਹੋਆ ਹੈ ॥ ਤੂ ਮੈਨੋ ਦਸਿ ॥ ਜੋ ਆਖਹਿ ਤਾਂ ਹੋਰੁ ਵੀਵਾਹੁ ਕਰੀ ॥][3][॥ ਤਬ ਬਾਬਾ ਬੋਲਿਆ ਸਬਦੁ ਰਾਗੁ ਸੂਹੀ ਵਿਚਿ ਛੰਤੁ ਮ: ੧ ॥

[4]ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥
ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥
ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥
ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥
ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥[4]

---

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 16.
2. ਪੁਰਾਤਨ. ਵਾਧੂ ਨਿਰਾਧਾਰ ਪਾਠ : 'ਪਰਦਖਣਾ ਦੇ ਕਰ ਬੈਠ ਗਏ'; ਸੰਪਾਦਕੀ ਮੁਦਾਖ਼ਲਤ।
3. ਪੁਰਾਤਨ. : 'ਭਲੀ ਜੰਞ ਚਾੜੀ ॥ ਅਡੰਬਰ ਨਾਲਿ ਵੀਵਾਹੁ ਕਰਾਈ', ਇਸ ਦਖ਼ਲ ਦੀ ਪੁਸ਼ਟੀ ਕਿਸੇ ਨਵੇਂ ਜਾਂ ਪੁਰਾਣੇ ਲਿਖਤੀ ਸਰੋਤ ਤੋਂ ਨਹੀਂ ਹੋ ਸਕੀ।
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 765.

Scanned by CamScanner

[1]ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ॥
ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ॥
ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥੨॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥੩॥
ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥
ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ॥
ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ॥
ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ॥
ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ॥
ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥੪॥੧॥੪॥[1]

ਤਬ ਬਾਬੈ ਆਖਿਆ॥ ਪਿਤਾ ਜੀ][2][ਓਹੁ ਬਿਧਾਤਾ ਪੁਰਖੁ ਹੈ ਓਹੁ ਭੁਲਣੈ ਵਿਚਿ ਨਾਹੀਂ॥ ਜੋ ਓਸਿ ਸੰਜੋਗ ਕੀਤਾ ਹੈ ਸੋ ਭਲਾ ਕੀਤਾ ਹੈ॥ ਤਾਂ ਮਾਤਾ ਆਖਿਆ ਬਚਾ ਤੂ ਉਠਿ ਚਲੁ॥ ਅਵਾਈਆ ਛੋਡੁ ਫਿਰਿ ਕਿਆ ਸੋਜੋਗ ਬਣੈਗਾ॥ ਜਿਤੁ ਫਿਰਿ ਮਿਲਹਿਗਾ॥ ਤਾਂ ਬਾਬੇ ਸਬਦੁ ਕੀਤਾ ਰਾਗੁ ਮਾਰੂ ਮ: ੧॥ ਸਬਦ॥

[3]ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥
ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥੧॥
ਬਾਬਾ ਮੈ ਕਰਮਹੀਣ ਕੂੜਿਆਰ॥
ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ॥੧॥ਰਹਾਉ॥
ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ॥
ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ॥੨॥
ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ॥
ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ॥੩॥
ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ॥
ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ॥੪॥੧॥[3]

ਤਬਿ ਬਾਬੇ ਆਖਿਆ॥ ਬਾਬਾ ਜੀ ਮਾਤਾ ਜੀ ਅਸੀਂ ਹੋ ਆਏ ਹਾਂ ਜੋ ਕਹਿਆ ਥਾ ਆਵਹਿਗੇ॥ ਪਰ ਤੁਸੀਂ ਹੁਣਿ ਆਗਿਆ ਮੰਨਿ ਲੈਹੁ॥ ਅਸੀਂ][4][ਉਦਾਸ ਹਾਂ॥ ਤਬ ਮਾਤਾ ਕਹਿਆ॥ ਬੇਟਾ ਮੇਰਾ ਮਨਿ ਸੰਤੁਖੁ ਕਿਉ ਕਰਿ ਹੋਵੈਗਾ ਜੋ ਤੂ ਬਹੁਤੀ

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 765-66.
2. ਪੁਰਾਤਨ ਵਾਧੂ ਪਾਠ : 'ਮਾਤਾ ਜੀ'।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 989.
4. ਪੁਰਾਤਨ ਵਾਧੂ ਪਾਠ : ਅਜੇ।

Scanned by CamScanner

ਵਰ੍ਹੀ ਉਦਾਸੀ ਕਰਿ ਕੇ ਆਇਆ ਹੈ॥ ਤਬ ਬਾਬੇ ਕਹਿਆ ਮਾਤਾ ਤੂ ਬਚਨ ਮੰਨੁ, ਤੈਨੂੰ ਸੰਤੁਖੁ ਆਵੈਗਾ॥ ਤਾਂ ਮਾਤਾ ਚੁਪ ਕਰਿ ਰਹੀ॥

32.

[ਸੇਖ ਬ੍ਰਿਹਮ ਨਾਲ ਗੋਸ਼ਟ]

ਤਬ ਗੁਰੂ ਬਾਬਾ ਉਥਹੰ ਚਲਿਆ॥ ਰਾਵੀ ਚਨਾਉ ਦੇਖਿ ਕਰਿ ਉਜਾੜਿ ਉਜਾੜਿ ਪੈ ਚਲਿਆ ਪਟਣ ਦੇਸ ਵਿਚਿ ਆਇ ਨਿਕਲਿਆ॥ ਪਟਣ ਤੇ ਕੋਸ ਤਿਨਿ ਉਜਾੜਿ ਥੀ ਓਥੈ ਆਇ ਬੈਠਾ॥ ਮਰਦਾਨਾ ਨਾਲਿ ਆਹਾ॥ ਪਟਣ ਕਾ ਪੀਰੁ ਸੇਖ ਫਰੀਦੁ ਥਾ॥ ਤਿਸ ਕੈ ਤਖਤਿ ਸੇਖੁ ਬ੍ਰਿਹਮ ਥਾ॥ ਤਿਸ ਕਾ ਇਕੁ ਮੁਰੀਦੁ ਸੁਬਾ ਕੇ ਵੇਲੇ ਲਕੜੀਆਂ ਚੁਣਨਿ ਆਇਆ ਥਾ॥ ਤਿਸ ਕਾ ਨਾਉਂ ਸੇਖੁ ਕਮਾਲੁ ਥਾ॥ [1]ਸੋ ਪੀਰ ਕੇ ਮੁਦਬਰਖਾਨੇ ਕੀਆਂ ਲਕੜੀਆਂ ਚੁਣਨਿ ਗਇਆ ਥਾ॥[1] ਦੇਖੈ ਤਾਂ [2]ਅਕੇ ਕੋਲਿ[2] ਬਾਬਾ ਅਤੈ ਮਰਦਾਨਾ ਦੋਵੇਂ ਬੈਠੇ ਹਨਿ॥ ਤਾਂ ਮਰਦਾਨੈ ਰਬਾਬੁ ਵਜਾਇਆ॥ ਸਬਦੁ ਗਾਵਣਿ ਲਾਗਾ॥ ਸਲੋਕੁ ਦਿਤੋਸੁ ਰਾਗੁ ਆਸਾ ਵਿਚ॥

ਸਲੋਕ

[3]ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥੨॥[3]

ਜਬ ਏਹੁ ਸਲੋਕੁ ਕਮਾਲਿ ਫਕੀਰ ਸੁਣਿਆਂ][4][ਤਬਿ ਲਕੜੀਆਂ ਛੋਡਿ ਕਰਿ ਆਇ ਗਇਆ॥ ਅਰਜੁ ਰਖੀਅਸੁ ਜੀਉ ਇਸ ਰਬਾਬੀ ਕਉ ਹੁਕਮੁ ਕੀਜੈ ਜੋ ਇਹੁ ਬੈਤੁ ਫਿਰਿ ਆਖੈ॥ ਮਰਦਾਨੈ ਨੂ ਹੁਕਮੁ ਹੋਆ ਜੋ ਇਹੁ ਸਲੋਕ ਫਿਰਿ ਦੇਹਿ॥ ਤਾਂ ਮਰਦਾਨੇ ਸਲੋਕੁ ਫਿਰਿ ਦਿਤਾ॥ ਕਮਾਲਿ ਸਿਖਿ ਲੈਇਆ॥ ਜੋ ਕੁਛ ਲਕੜੀਆਂ ਚੁਣੀਆਂ ਥੀਆਂ ਸੋਈ ਘਿਨਿ ਕਰਿ ਸਲਾਮੁ ਕੀਤੋਸੁ॥ ਪਟਣਿ ਆਇਆ ਲਕੜੀਆਂ ਸੁਟਿ ਕਰਿ ਜਾਇ ਆਪਣੇ ਪੀਰ ਕਉ ਸਲਾਮੁ ਕੀਤੀਅਸੁ॥ ਤਾਂ ਆਖਿਓਸੁ ਪੀਰ ਸਲਾਮਤਿ ਮੈਨੂੰ ਏਕੁ ਖੁਦਾਇ ਦਾ ਪਿਆਰਾ ਮਿਲਿਆ ਹੈ॥ ਤਾਂ ਪੀਰੁ ਕਹਿਆ॥ ਕਮਾਲਿ ਕਿਥਹੁੰ ਮਿਲਿਓ॥ ਤਾਂ ਕਮਾਲਿ ਕਹਿਆ॥ ਪੀਰ ਸਲਾਮਤਿ ਮੈਂ ਲਕੜੀਆਂ ਚੁਣਨਿ ਗਇਆ ਥਾ॥ ਉਸ ਕੈ ਨਾਲਿ ਇਕੁ ਰਬਾਬੀ ਹੈ ਅਤੇ ਨਾਉ ਨਾਨਕੁ ਹੈਸੁ॥ ਆਪਣੇ ਸਲੋਕ ਆਖਦਾ ਹੈ॥ ਤਬ ਪੀਰ ਆਖਿਆ ਬਚਾ ਕੋਈ ਤੈਂ ਬੀ ਬੈਤੁ ਸਿਖਿਆ॥ ਤਬ ਕਮਾਲਿ ਆਖਿਆ ਜੀਵੈਂ ਪੀਰ ਸਲਾਮਤਿ ਹਿਕੁ ਬੈਤੁ ਮੈਨੋ ਭੀ ਹਾਸਲੁ ਥੀਆ ਹੈ॥ ਪੀਰ ਆਖਿਆ ਅਲਾਇ ਡੇਖਾਂ ਕੇਹਾ ਹੈ॥ ਤਾਂ ਕਮਾਲਿ ਆਖਿਆ ਜੀ ਉਹੁ ਆਖਦਾ ਹੈ ਜੋ

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥੨॥

---

1. ਮੁਦਬਰਖਾਨਾ, (ਫਾ. ਮੁਤਬਖ ਖਾਨਾ, ਯਾਨੀ ਲੰਗਰ) ਤੋਂ ਬੇਖਬਰ, ਹਾ.ਨੁ., ਸੈ.ਹ-ਲ. ਦੇ ਉਤਾਰਕਾਂ ਨੇ ਇਸ ਵਾਕ ਦੀ ਮੁਰੰਮਤ ਕਰ ਕੇ ਬਣਾ ਦਿੱਤਾ: 'ਬਲਾ ਫਕੀਰ ਥਾ ਖੁਦਾਇ ਕਾ ਖਬਰਦਾਰ ਥਾ'।
2. ਹਾ.ਨੁ., ਸੈ.ਹ-ਲ.: ਜੰਗਲ ਵਿਚ।
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1291.
4. ਹਾ.ਨੁ., ਸੈ.ਹ-ਲ. ਵਾਧੂ ਪਾਠ: 'ਸੁਣਿ ਕਰ ਕਮਾਲ ਆਇ ਗਇਆ ਅਗੇ ਆਵੈ ਤਾਂ ਦੇਖੇ ਤਾਂ ਬਾਬਾ ਅਤੇ ਮਰਦਾਨਾ ਬੈਠੇ ਹੈਨ ਆਇ ਕਰ ਸਿਰ ਨਿਵਾਇਕੇ ਬਹਿ ਗਇਆ', ਬੇਲੋੜਾ ਦਖਲ ਹੈ।
5. ਹਾ.ਨੁ., ਸੈ.ਹ-ਲ.: ਪਾਠ ਲੋਪ।

Scanned by CamScanner

ਤਾਂ ਪੀਰ ਆਖਿਆ॥ ਬਚਾ ਕਿਛੁ ਸਮਝਿਓ ਕਿ ਨਾ ਇਸ ਬੈਤ ਦਾ ਬਿਆਨੁ॥ ਤਾਂ ਕਮਾਲਿ ਆਖਿਆ ਪੀਰ ਸਲਾਮਤਿ ਤੈਨੋ ਸਭ ਕੁਛੁ ਰੋਸਨ ਹੈ॥ ਤਾਂ ਪੀਰ ਆਖਿਆ॥ ਬਚਾ ਜਿਨ੍ਹਾਂ ਦਾ ਆਖਿਆ ਹੋਆ ਇਹੁ ਬੈਤੁ ਹੈ ਤਿਸ ਦਾ ਦੀਦਾਰੁ ਦੇਖਾਹੈ॥ ਓਹੁ ਖੁਦਾਇ ਦਾ ਫਕੀਰੁ ਹੈ॥ ਮੈਨੂੰ ਭੀ ਲੈ ਚਲੁ॥ ਓਸਿ ਤਾਂ ਖੁਦਾਇ ਦੀਆਂ ਗਲਾਂ ਕਰੀਆਂ ਹਨਿ॥

ਤਬਿ ਸੇਖੁ ਬਿਰਾਹਮੁ ਸੁਖਵਾਸਣਿ ਚੜਿ ਚਲਿਆ॥ ਕਮਾਲੁ ਨਾਲਿ ਲੀਤਾ॥ ਆਂਵਦਾ ਆਂਵਦਾ ਕੋਹ ਤਿਹੁ ਉਪਰਿ ਆਇਆ॥ ਜਾ ਦੇਖੈ ਤਾਂ ਬਾਬਾ ਬੈਠਾ ਹੈ॥ ਤਬ ਸੇਖੁ ਬਿਰਾਹਮੁ ਜਾਇ ਖੜਾ ਹੋਆ॥ ਆਖਿਓਸੁ ਨਾਨਕ ਸਲਾਮਾਅਲੇਕਮ॥ ਤਬਿ ਗੁਰੂ ਬਾਬੈ ਨਾਨਕ ਕਹਿਆ॥ ਅਲੇਖਮ ਅਸਲਾਮ ਪੀਰ ਜੀ ਸਲਾਮਤਿ॥ ਆਈਐ ਖੁਦਾਇ ਅਸਾ ਨੋ ਮਿਹਰਵਾਨੁ ਹੋਆ॥ ਤੁਸਾਡਾ ਦੀਦਾਰ ਪਾਇਆ॥ ਤਬ ਇਨੋ ਉਨੋ ਦਸਤਪੋਸੀ ਕਰਿ ਬਹਿ ਗਏ॥

ਤਬ ਪੀਰ ਪੁਛਣਾ ਕੀਤੀ॥ ਜੋ ਨਾਨਕ ਤੇਰਾ ਇਕੁ ਬੈਤੁ ਸੁਣਿ ਕਰਿ ਹੈਰਾਨੁ ਹੋਆ ਹਾਂ॥ ਅਸਾਂ ਆਖਿਆ ਜਿਸੁ ਇਹੁ ਬੈਤੁ ਆਖਿਆ ਹੈ ਤਿਸ ਦਾ ਦੀਦਾਰੁ ਦੇਖਾਹੈ॥ ਤਬਿ ਬਾਬੇ ਆਖਿਆ ਜੀਓ ਅਸਾਨੂ ਨਿਵਾਜਸ ਹੋਈ ਹੈ ਜੋ ਤੁਸਾਡਾ ਦੀਦਾਰੁ ਪਾਇਆ॥ ਤਬ ਪੀਰ ਕਹਿਆ ਨਾਨਕ ਇਸ ਬੈਤ ਦਾ ਬੇਆਨੁ ਦੇਹਿ॥ ਤੂ ਜੋ ਆਖਦਾ ਹੈਂ ਹਿਕ ਹੈ ਨਾਨਕ ਦੂਜਾ ਕਾਹੈ ਕੂੰ॥

ਪਰੁ ਏਕੁ ਸਾਹਿਬੁ ਤੈ ਦੁਇ ਹਦੀ॥
ਕੇਹੜਾ ਸੇਵੀ ਤੇ ਕੇਹੜਾ ਰਦੀ॥

ਤੂ ਆਖਦਾ ਹੈ ਕਿ ਹਿਕੋ ਜੋ ਇਕੋ ਹਿਕੁ ਹੈ ਪਰ ਹਿੰਦੂ ਆਖਦੇ ਹਨ ਜੋ ਆਸਾਂ ਵਿਚਿ ਸਹੀ ਹੈ ਅਤੈ ਮੁਸਲਮਾਨ ਆਖਦੇ ਹਨਿ ਜੋ ਅਸਾਂ ਹੀ ਵਿਚਿ ਸਹੀ ਹੈ॥ ਆਖੁ ਵੇਖਾਂ ਕਿਸੁ ਵਿਚਿ ਸਹੀ ਕਰੇਹਾਂ॥ ਅਰੁ ਕਿਸੁ ਵਿਚਿ ਅਣਸਹੀ ਕਰੇਹਾਂ॥ ਤਬ ਬਾਬੇ ਨਾਨਕ ਕਹਿਆ ਜੀ ਹਿਕੋ ਸਾਹਿਬੁ ਹਿਕਾ ਹਦਿ॥ ਹਿਕੋ ਸੇਵਿ ਤੇ ਦੂਜਾ ਰਦਿ॥

ਸਲੋਕੁ

[1]ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥[1]

ਜਬ ਇਹੁ ਸਲੋਕ ਬਾਬੇ ਦਿਤਾ ਤਬ ਪੀਰੁ ਪੁਛਣਾ ਕੀਤਾ

[2]ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥੧੦੩॥[2]

ਤਬ ਫਿਰਿ ਗੁਰੂ ਬਾਬੇ ਜਬਾਬੁ ਦਿਤਾ

[3]ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥[3]

---

1. ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 509.
ਯਾਦੋਂ ਲਿਖੀਆਂ ਤੁਕਾਂ ਦਾ ਪ੍ਰੇਰਕ ਸਲੋਕ ਮਹਲਾ ੩ ਦਾ ਸ਼ੁੱਧ ਪਾਠ :
ਦੂਜਾ ਕਾਹੇ ਸੇਵੀਐ ਜੰਮੈ ਤੇ ਮਰਿ ਜਾਇ॥
ਏਕੋ ਸਿਮਰਹੁ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ॥
2. ਸਲੋਕ ਫਰੀਦ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1383.
3. ਸਲੋਕ ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1383.

Scanned by CamScanner

[1]ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥੧॥[1]

ਜਾ ਏਹੁ ਜਬਾਬੁ ਬਾਬੈ ਦਿਤਾ ਤਾਂ ਪੀਰ ਪੁਛਣਾ ਕੀਤਾ

ਸਲੋਕ

[2]ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥[2]

ਤਬ ਬਾਬੈ ਜਬਾਬੁ ਦਿਤਾ

ਸਲੋਕ

[3]ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥੧॥[3]

(ਵਾਰ ਮਾਰੂ, ਮਹਲਾ ੧)

ਤਾਂ ਫਿਰਿ ਪੀਰ ਪੁਛਣਾ ਕੀਤਾ

ਸਲੋਕ

[4]ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥[4]

ਤਾਂ ਫਿਰਿ ਬਾਬੇ ਜਬਾਬੁ ਦਿਤਾ

ਸਲੋਕ

[5]ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥[5]
[6]ਸੇਵਾ ਕਰੈ ਜੁ ਕੰਤੁ ਕੀ ਕੰਤੁ ਤਿਸੀ ਕਾ ਹੋਇ ॥
ਨਾਨਕ ਸਭੇ ਸਹੀਆਂ ਛੋਡਿ ਕਰਿ ਕੰਤਿ ਤਿਸੀ ਪਹਿ ਹੋਇ ॥[6]

ਜਾਂ ਬਾਬੇ ਇਹੁ ਜਬਾਬੁ ਦਿਤਾ ਤਾਂ ਫਿਰਿ ਪੀਰਿ ਆਖਿਆ ॥ ਨਾਨਕ ਮੈਨੂ ਏਕੁ ਕਾਤੀ ਲੋੜੀਦੀ ਹੈ ॥ ਓਹੁ ਕਾਤੀ ਮੈਨੂ ਦੇਹਿ ਜਿਸ ਦਾ ਕੁਠਾ ਆਦਮੀ ਹਲਾਲੁ ਹੋਵੈ ॥ ਇਹ ਜੋ ਕਾਤੀ ਹੈ ਤਿਸ ਦੇ ਨਾਲਿ ਜਨਾਵਰੁ ਕੁਸਦੇ ਹੈਂ ਅਤੈ ਆਦਮੀ ਦੇ ਗਲਿ ਵਹੈ ਤਾਂ [ਮੁਰਦਾਰੁ][7] ਹੋਵੈ ॥ ਮੈਨੂ ਓਹੁ ਕਾਤੀ ਦੇਇ ਜਿਸਦਾ ਕੁਠਾ ਮਾਣੂ ਹਲਾਲੁ ਹੋਵੈ ॥ ਤਬ ਬਾਬੇ ਜਬਾਬੁ ਦਿਤਾ ਪੀਰ ਜੀ ਲਈਐ

ਸਲੋਕ

[8]ਸਚ ਕੀ ਕਾਤੀ ਸਚੁ ਸਭੁ ਸਾਰੁ ॥
ਘਾੜਤ ਤਿਸ ਕੀ ਅਪਰ ਅਪਾਰ ॥
ਸਬਦੇ ਸਾਣ ਰਖਾਈ ਲਾਇ ॥
ਗੁਣ ਕੀ ਥੇਕੈ ਵਿਚਿ ਸਮਾਇ ॥[8]

---

1. ਸਲੋਕ ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 594.
2. ਸਲੋਕ ਫਰੀਦ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1380.
3. ਸਲੋਕ ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1088.
4. ਸਲੋਕ ਫਰੀਦ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1384.
5. ਸਲੋਕ ਫਰੀਦ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1384.
6. ਅਪ੍ਰਮਾਣਕ ਬਾਣੀ।
7. ਪਾਠ, ਹਾ.ਨੁ., ਸੈ.ਹ-ਲ. ਦਾ : ਪੁਰਾਤਨ. : ਹਲਾਲੁ।
8. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 956.

Scanned by CamScanner

[1]ਤਿਸ ਦਾ ਕੁਠਾ ਹੋਵੈ ਸੇਖੁ॥
ਲੋਹੂ ਲਬੁ ਨਿਕਥਾ ਵੇਖੁ॥
ਹੋਇ ਹਲਾਲੁ ਲਗੈ ਹਕਿ ਜਾਇ॥
ਨਾਨਕ ਦਰਿ ਦੀਦਾਰਿ ਸਮਾਇ॥੨॥[1]

ਜਾਂ ਇਹੁ ਕਾਤੀ ਬਾਬੈ ਦਿਤੀ ਤਾਂ ਪੀਰ ਸਿਰੁ ਫੇਰਿਆ ਆਖਿਓਸੁ॥ ਵਾਹ ਵਾਹ [2]ਖੁਦਾਇ ਸਹੀ ਕਰਣੈ ਵਾਲਾ ਹੈ[2]॥ ਖੁਦਾਇ ਕਾ ਪਿਆਰਾ ਹੈ॥ ਖੁਦਾਇ ਵਡੀ ਨਿਵਾਜਸ ਕੀਤੀ ਹੈ॥ [3]ਨਾਨਕਾ ਖੁਦਾਇ ਕੇ ਪਿਆਰਿਆਂ ਕਉ ਪੁਛਣਾ ਸੋ ਗੁਸਤਾਕੀ ਹੈ॥ ਤਬ ਬਾਬੇ ਸਲੋਕ ਦਿਤਾ

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥
ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ॥
ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ॥
ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ॥[3]

ਤਾਂ ਫਿਰਿ ਪੀਰ ਕਹਿਆ॥ ਨਾਨਕ ਹਿਕ ਖੁਦਾਇ ਕੀ ਵਾਰ ਸੁਣਾਇ॥ ਅਸਾ ਨੋ ਏਹ ਮਖਸੂਦੁ ਹੈ ਜੋ ਵਾਰ ਦੁਹੁ ਬਾਝੂ ਹੋਂਦੀ ਨਾਹੀਂ॥ ਅਤੇ ਤੂ ਹਿਕੋ ਹਿਕੁ ਆਖਦਾ ਹੈਂ॥ ਵੇਖਾਂ ਖੁਦਾਇ ਦਾ ਸਰੀਕੁ ਤੂ ਕਵਣ ਕਰਸੀ॥ ਤਬ ਬਾਬੇ ਆਖਿਆ ਮਰਦਾਨਿਆਂ ਰਬਾਬੁ ਵਜਾਇ॥ ਤਾਂ ਮਰਦਾਨੇ ਰਬਾਬੁ ਵਜਾਇਆ॥ ਰਾਗੁ ਆਸਾ ਕੀਤਾ॥ ਬਾਬੇ ਸਲੋਕੁ ਦਿਤਾ

[4]ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥[4]
[5]ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥[5]
[4]ਮ: ੧॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥[4]
ਪਉੜੀ॥
[6]ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥੧॥[6]

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 956.
2. ਪਾਠ, ਹ.ਨੁ., ਸੈ.ਹ-ਲ. ਦਾ।
3. ਪਾਠ, ਹਾ.ਨੁ., ਸੈ.ਹ-ਲ. ਦਾ। ਸਲੋਕ ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1288.
4. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 462-63.
5. ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 463.
6. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 463.

Scanned by CamScanner

ਪਉੜੀਆਂ ਨਉਂ ਹੋਈਆਂ ਏਤੁ ਪਰਥਾਇ][1][॥ ਤਬ ਫਿਰਿ ਪੀਰੁ ਉਠਿ ਖੜਾ ਹੋਆ॥ ਆਇ ਦਸਤਪੋਸੀ ਕੀਤਅਸੁ॥ ਆਖਿਓਸੁ ਨਾਨਕ ਤੁਧੁ ਖੁਦਾਇ ਪਾਇਆ ਹੈ॥ ਤੁਧੁ ਅਰੁ ਖੁਦਾਇ ਵਿਚ ਭੇਦ ਨਾਂਹੀ॥ ਪਰ ਤੂ ਮਿਹਰਵਾਨ ਹੋਹੁ ਜੋ ਅਸਾਡੀ ਭੀ ਖੁਦਾਇ ਨਾਲਿ ਰਹਿ ਆਵੈ॥ ਤਬ ਬਾਬੇ ਆਖਿਆ ਸੇਖ ਬ੍ਰਹਮ ਤੇਰੀ ਖੇਪ ਖੁਦਾਇ ਨਿਬਾਹੈ॥ ਤਬ ਪੀਰ ਨੇ ਆਖਿਆ ਜੀ ਬਚਨ ਦੇਹਿ॥ ਤਬ ਬਾਬੇ ਕਹਿਆ ਜਾਹ ਬਚਨੁ ਹੈ॥ ਤਬ ਸੇਖੁ ਉਠਿ ਖੜਾ ਹੋਆ॥ ਬਾਬੇ ਸੇਖ ਵਿਦਾ ਕੀਤਾ ਬਾਬਾ ਭੀ ਉਠਿ ਰਵਿਆ॥

33.

[ਕੋਹੜੀ ਫ਼ਕੀਰ ਨਿਸਤਾਰਾ]

ਦਿਪਾਲਪੁਰ ਪਾਸਦੋ ਕੰਙਣਪੁਰ ਵਿਚਦੋ ਕਾਸੂਰ ਵਿਚਦੋ ਪਟੀ ਵਿਚਦੋ ਗੋਇੰਦਵਾਲ ਆਇ ਰਹਣ ਲਾਗਾ॥ ਤਾਂ ਕੋਈ ਰਹਿਣ ਦੇਵੈ ਨਾਹੀਂ॥ ਤਬ ਇਕ ਫਕੀਰੁ ਥਾ॥ ਤਿਸਕੀ ਝੁਗੀ ਵਿਚਿ ਜਾਇ ਰਹਿਆ॥ ਓਹੁ ਫਕੀਰ ਕੋਹੜੀ ਥਾ॥ ਤਾਂ ਬਾਬਾ ਜਾਇ ਖੜਾ ਹੋਆ॥ ਆਖਿਓਸੁ ਏ ਫ਼ਕੀਰ ਰਾਤਿ ਰਹਣਿ ਦੇਹਿ॥ ਤਬ ਫਕੀਰ ਅਰਜੁ ਕੀਤਾ॥ ਆਖਿਓਸੁ ਜੀ ਮੇਰਿਅਹੁ ਪਾਸਹੁ ਜਨਾਵਰ ਨਸਦੇ ਹੈਨਿ॥ ਪਰੁ ਖੁਦਾਇ ਦਾ ਕਰਮੁ ਹੋਆ ਹੈ ਜੋ ਆਦਮੀ ਦੀ ਸੂਰਤਿ ਨਦਰਿ ਆਈ ਹੈ॥ ਤਾਂ ਉਥੈ ਰਹਿਆ॥ ਫਕੀਰੁ ਲਾਗਾ ਵਿਰਲਾਪ ਕਰਣਿ॥ ਤਬਿ ਬਾਬਾ ਬੋਲਿਆ ਸਬਦੁ ਰਾਗੁ ਧਨਾਸਰੀ ਵਿਚਿ ਮ: ੧॥

ਸਬਦੁ

[2]ਜੀਉ ਤਪਤੁ ਹੈ ਬਾਰੋ ਬਾਰ॥
ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ॥੧॥
ਬਹੁਤਾ ਬੋਲਣੁ ਝਖਣੁ ਹੋਇ॥
ਵਿਣੁ ਬੋਲੇ ਜਾਣੈ ਸਭੁ ਸੋਇ॥੧॥ਰਹਾਉ॥
ਜਿਨਿ ਕਨ ਕੀਤੇ ਅਖੀ ਨਾਕੁ॥
ਜਿਨਿ ਜਿਹਵਾ ਦਿਤੀ ਬੋਲੇ ਤਾਤੁ॥
ਜਿਨਿ ਮਨੁ ਰਾਖਿਆ ਅਗਨੀ ਪਾਇ॥
ਵਾਜੈ ਪਵਣੁ ਆਖੈ ਸਭ ਜਾਇ॥੨॥
ਜੇਤਾ ਮੋਹੁ ਪਰੀਤਿ ਸੁਆਦ॥
ਸਭਾ ਕਾਲਖ ਦਾਗਾ ਦਾਗ॥
ਦਾਗ ਦੋਸ ਮੁਹਿ ਚਲਿਆ ਲਾਇ॥
ਦਰਗਾਹ ਬੈਸਣ ਨਾਹੀ ਜਾਇ॥੩॥
ਕਰਮਿ ਮਿਲੈ ਆਖਣੁ ਤੇਰਾ ਨਾਉ॥
ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥[2]

1. ਹਾ.ਨੁ., ਸੈ.ਹ-ਲ. ਵਾਧੂ ਸੂਚਨਾ : 'ਇਤੁ ਪਰਥਾਇ ਆਸਾ ਦੀ ਵਾਰ ਹੋਈ। ਪਉੜੀਆਂ ਨੌ ਹੋਈਆਂ ਸੋ ਲਿਖਿਆ ਨਹੀਂ, ਲਿਖਣੀਆਂ ਹੈਨ'। ਬੇਲੋੜੀ ਕਾਤਬੀ ਸੂਚਨਾ ਹੋਣ ਕਾਰਨ ਰੱਦ।
2. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 661-62.

Scanned by CamScanner

[1]ਜੇ ਕੋ ਡੂਬੈ ਫਿਰਿ ਹੋਵੈ ਸਾਰ॥
ਨਾਨਕ ਸਾਚਾ ਸਰਬ ਦਾਤਾਰ॥੪॥੩॥੫॥[1]

ਤਬੁ ਗੁਰੂ ਮਿਹਰਬਾਨੁ ਹੋਆ॥ ਆਖਿਓਸੁ ਮਰਦਾਨਿਆਂ ਰਬਾਬੁ ਵਜਾਇ॥ ਤਾਂ ਮਰਦਾਨੇ ਰਬਾਬੁ ਵਜਾਇਆ॥ ਰਾਗੁ ਗਉੜੀ ਕੀਤੀ॥ ਬਾਬੇ ਸਬਦ ਉਠਾਇਆ

[2]ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥
ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ॥੧॥
ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ॥੧॥ਰਹਾਉ॥
ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ॥
ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ॥੨॥
ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥
ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ॥੩॥[2]
ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ॥
ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ॥੪॥
ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ॥
ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ॥੫॥
ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ॥
ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ॥੬॥
ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ॥੭॥
ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥੮॥
ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ॥
ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ॥੯॥
ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ॥
ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ॥੧੦॥੧॥[2]

ਤਬ ਦਰਸਨ ਕਾ ਸਦਾ ਕੋੜ੍ਹ ਦੂਰਿ ਹੋਇ ਗਇਆ ਦੇਹੀ ਹਛੀ ਹੋਈ॥ ਆਇ ਪੈਰੇ ਪਇਆ ਨਾਉਂ ਧਰੀਕੁ ਹੋਆ ਗੁਰੂ ਗੁਰੂ ਲਗਾ ਜਪਣਿ॥ ਤਬਿ ਬਾਬਾ ਉਥਹੁ ਰਵਦਾ ਰਹਿਆ॥

34.

[ਕਿੜੀਆਂ ਪਠਾਣਾਂ]

ਸੁਲਤਾਨਪੁਰ ਵਿਚਦੋ ਵੈਰੋਵਾਲ ਜਲਾਲਾਵਾਦ ਵਿਚਦੋ ਕਿੜੀਆਂ ਪਠਾਣਾਂ ਦੀਆਂ ਵਿਚਿ ਆਇ ਨਿਕਲਿਆ॥ ਓਥੈ ਪਠਾਣ ਲੋਕ ਮੁਰੀਦ ਕੀਤਿਆਸੁ॥ ਤਬ ਓਹੁ ਪਠਾਣ ਲੋਕ ਲੈ ਲੈ ਸਰੋਦਿ ਦਰ ਤੇ ਲਾਗੇ ਵਜਾਵਣਿ॥ ਆਖਨਿ ਦਮਸਾਹ ਨਾਨਕ॥ ਤਬ ਮਰਦਾਨੇ ਨੂੰ ਹੁਕਮੁ ਹੋਆ॥ ਰਬਾਬੁ ਵਜਾਇ॥ ਤਾਂ ਮਰਦਾਨੇ ਰਬਾਬ ਵਜਾਇਆ ਰਾਗੁ ਤਿਲੰਗ ਕੀਤਾ॥ ਬਾਬੈ ਸਬਦੁ ਉਠਾਇਆ ਰਾਇਸਾ ਮ: ੧॥

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 662.
2. ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 234.

Scanned by CamScanner

[1]ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ॥੧॥
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ਰਹਾਉ॥
ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥
ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥੨॥
ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ॥੩॥
ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ॥
ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ॥੪॥
ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥
ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥੫॥
ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥੬॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥੭॥
ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥
ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥੮॥
ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥੯॥
ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ॥
ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥੧੦॥੧॥[1]

ਤਬ ਪਠਾਣ ਲੋਕ ਮਰੀਦ ਹੋਇ ਲਾਗੈ ਦਮਸਾਹ ਨਾਨਕ ਕਰਣਿ॥ ਤਬ ਗੁਰੂ ਬਾਬਾ ਓਥਹੁੰ [2]ਰਵਦਾ ਰਹਿਆ[2]॥

35.

[ਸੈਦਪੁਰ ਦੀ ਬੰਦ]

ਫਿਰ][3][ਵਟਾਲੇ ਵਿਚਿਦੋ ਸੈਦਪੁਰਿ ਸੰਡੇਆਲੀ[4] ਜਾਇ ਨਿਕਲੇ॥ ਅਗੈ ਪਠਾਣਾਂ ਦੀ ਘਰੀਂ ਵੀਵਾਹ ਹੋਦੇ ਹਿਨਿ॥ ਅਰੁ ਬਾਬੇ ਨਾਲਿ ਕੁਛੁ ਫਕੀਰ ਭੀ ਥੇ ਪਰੁ ਖੁਧਿਆਰਥੂ ਥੇ॥ ਉਥੇ ਬਾਬਾ ਜਾਇ ਬੈਠਾ ਤਾਂ ਖਬਰ ਕਿਸੈ ਨ ਲਧੀ॥ ਅਤੈ ਫਕੀਰੁ ਭੁਖ ਆਜਜੁ ਕੀਤੇ॥ ਤਬਿ ਬਾਬਾ ਉਠਿ ਖੜਾ ਹੋਆ॥ ਫਕੀਰ ਨਾਲੇ ਲੀਤੇ॥ ਨਾਲੇ ਮਰਦਾਨਾ ਲੀਤਾ॥ ਜਾਇ ਸੁਆਲੁ ਪਾਇਆ॥ ਪਰੁ ਸੁਆਲੁ ਕਿਨੈ ਮੰਨਿਓ ਨਾਹੀਂ॥ ਤਬ ਬਾਬਾ ਬਹੁਤ ਕਰੋਪਿ ਹੋਆ॥ ਆਖਿਓਸੁ ਮਰਦਾਨਿਆਂ ਰਬਾਬੁ ਵਜਾਇ॥ ਤਾਂ ਮਰਦਾਨੈ ਰਬਾਬੁ ਵਜਾਇਆ॥ ਰਾਗੁ ਤਿਲੰਗੁ ਕੀਤਾ॥ ਬਾਬੇ ਸਬਦੁ ਉਠਾਇਆ ਕਹਰ ਵਿਚੋਂ ਸਬਦੁ[5] ਮ ੧॥

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 724-25.
2. ਹਾ.ਨੁ., ਸੈ.ਹ-ਲ. : ਰਵਦੇ ਰਹੇ।
3. ਪੁਰਾਤਨ. ਫਿਰਦੇ ਫਿਰਦੇ; ਸੰਪਾਦਕੀ ਦਖ਼ਲ ਹੋਣ ਕਾਰਨ ਹੱਦ।
4. ਹਾ.ਨੁ., ਸੈ.ਹ-ਲ., ਖ਼ਾ.ਹ-ਲ. : ਸਰਿਆਲੀ।
5. ਹਾ.ਨੁ., ਸੈ.ਹ-ਲ. : ਸਬਦ ਕੀਤਾ।

Scanned by CamScanner

[1]ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥[1]

ਜਾਂ ਏਹੁ ਸਬਦੁ ਬਾਬੈ ਕੀਤਾ ਤਾਂ ਇਕੁ ਬਿਰਾਮਣੁ ਮੇਵੈ ਕੀ ਚੰਗੇਰਿ ਘਿੰਨਿ ਆਇਆ ॥ ਆਇ ਮਿਲਿਆ ॥ ਆਖਿਓਸੁ ਮਿਹਰਵਾਨ ਏਹੁ ਜੋ ਸਬਦੁ ਗਜਬ ਕਾ ਕੀਤਾ ਹੈ ਸੋ ਫੇਰੀਐ ॥ ਤਬ ਬਾਬੇ ਆਖਿਆ ॥ ਸੁਆਮੀ ਹੁਣਿ ਫਿਰਣ ਤੇ ਰਹਿਆ ॥ ਹੁਣਿ ਵਗੀ ਹੈ ॥ ਪਰੁ ਤੂੰ ਆਇ ਮਿਲਿਆ ਹੈਂ ਸੋ ਬਖਸਿਆ ਹੈਂ ॥ [ਬਾਹਰ ਕੋਸ ਏਕ][2] ਏਥਹੁ ਇਕ ਟੋਬਾ ਹੈ ॥ ਤੂ ਓਥੈ ਆਪਣਾ ਕੁਟੰਬੁ ਲੈਕਰਿ ਜਾਹਿ ॥ ਏਥੈ ਰਹਿਣਾ ਨਾਹੀਂ ॥ ਜੇ ਏਥੈ ਰਹੈਂਗਾ ਤਾਂ ਮਾਰੀਆਹਿੰਗਾ ॥

ਤਬ ਓਥਹੁ ਬਾਮਣੁ ਟਬਰ ਲੈਇ ਕਰਿ [ਬਾਹਰ][2] ਗਇਆ ॥ ਉਜਾੜਿ ਵਿਚਿ ਜਾਇ ਬੈਠਾ ॥ ਜਿਥੈ ਕੁਦਰਤਿ ਨਾਲ ਸੁਬਾਹ ਹੋਈ ਤਿਥੈ ਮੀਰੁ ਬਾਬਰੁ ਪਾਤਸਾਹੁ ਪਇਆ ॥ ਜਿਉ ਪਇਆ ਤਿਉ ਸੈਦ ਪੁਰ ਮਾਰਿਓਸੁ ॥ ਆਸਿ ਪਾਸਿ ਗਿਰਾਉ ਸਭ ਮਾਰੇ ॥ ਹਿੰਦੂ ਮੁਸਲਮਾਨਿ ਸਭਿ ਕਤਲਾਮ ਕੀਤੇ ॥ ਘਰ ਲੁਟੇ ਢਾਹੇ ॥ ਇਜੇਹੀ ਮਾਰੁ ਬਾਬੇ ਦੈ ਸਬਦਿ ਕੀਤਾ ਪਾਠਣਾਂ ਜੋਗੁ ॥ ਮਹਾਂ ਪੁਰਖਾਂ ਦਾ ਗਜਬੁ ਹੋਆ ॥ ਖੁਦਾਇ ਮੰਨੇ ਫਕੀਰਾਂ][4][ਫਕੀਰਾਂ ਮੰਨਿਆ ਖੁਦਾਇ ॥ ਫਕੀਰਾਂ ਦਾ ਅਰਾਧਿਆ[5] ਖੁਦਾਇ ਸੁਣਦਾ ਹੈ ਜੋ ਕੁਛੁ ਫਕੀਰਾਂ ਦੈ ਦਿਲਿ ਹੋਂਦੀ ਹੈ ਸਾਈ ਕਰਦਾ ਹੈ ॥

ਪਰੁ ਸੋ ਫਕੀਰ ਕਵਣ ਹੈ ॥ ਜਿ ਮਿਹਰ ਮੁਹਬਤਿ [ਵਿਚਿ ਹੈਨਿ][6] ॥ ਕਮ ਸੁਆਲ [ਹਨਿ][6] ॥ ਸਿਦਕ ਸਬੂਰੀ ਵਿਚ ਹਨਿ ॥ ਪੰਚਭੂ ਆਤਮਾ ਵਸਿ [ਕੀਤੇ ਹੈਨਿ][6] ॥ [ਦੂਰ ਅੰਦੇਸੀ ਭੀ ਨਹੀਂ ਕਰਿਦੇ][6] ਫਿਰਕਵਾਨਿ ਮੋਮ ਦਿਲ ਸਾਦਿਕ ਹੈਂ ॥ ਖੁਦਾਇ ਦੇ ਦਰਵੇਸ ਹੈਂ ॥ ਸਿ ਫਕੀਰ ਉਹੁ ਹੈਂ ॥ ਇਸ ਗ੍ਰਿਹਿ ਬੰਦੇ ਨੂੰ ਭੀ ਲੋੜੀਦੀ ਹੈ ॥ ਜੋ

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 722-23.
2. ਪਾਠ ਹਾ.ਨੁ., ਸੈ.ਹ-ਲ. ਦਾ; ਪੁਰਾਤਨ. : ਪਰੁ ਬਾਰਾ ਕੋਸ।
3. ਪਾਠ ਹਾ.ਨੁ., ਸੈ.ਹ-ਲ. ਦਾ; ਪੁਰਾਤਨ. : ਬਾਰਹ ਕੋਸ ਲੈ।
4. ਪੁਰਾਤਨ. : ਨੂੰ; ਇਸ ਸੰਪਾਦਕੀ ਮੁਦਾਖ਼ਲਤ ਤੋਂ ਸਾਰੇ ਨੁਸਖ਼ੇ ਨਾਬਰ ਹਨ।
5. ਹਾ.ਨੁ., ਸੈ.ਹ-ਲ. : ਆਖਿਆ।
6. ਹਾ.ਨੁ., ਸੈ.ਹ-ਲ. ਵਿਚ ਕਾਤਬੀ ਮੁਰੰਮਤਾਂ ਕਾਰਨ ਪਾਠ-ਸਮੂਹ ਲੋਪ।

Scanned by CamScanner

ਕੋ ਚਹੁ ਵਰਨਾ ਵਿਚਿ ਫਕੀਰੀ ਕਾ ਭੇਖੁ ਕਰੈ ਹਿੰਦੂ ਮੁਸਲਮਾਨ ਚੋਰ ਜਾਰੁ ਵਟਵਾੜਾ ਤਿਸ ਕੀ ਸੇਵਾ ਕਰਣੀ॥ ਕਰਮ ਨਾਹੀਂ ਬੀਚਾਰਣਾ॥

ਤਬ ਬਾਬਾ ਅਤੇ ਮਰਦਾਨਾ ਬੰਦਿ ਵਿਚਿ ਆਏ ਸੈਦਪੁਰ ਕੀ॥ ਤਬ ਮੀਰ ਖਾਨ ਮੁਗਲ ਕੈ ਹਥਿ ਚੜੇ॥ ਤਬ ਮੀਰ ਖਾਨਿ ਮੁਗਲਿ ਆਖਿਆ॥ ਇਨ ਗੋਲਿਆਂ ਤਾਈਂ ਲੈ ਚਲਹੁ॥ ਤਬ ਬਾਬੇ ਦੇ ਸਿਰਿ ਪੰਡ ਮਿਲੀ॥ ਅਤੇ ਮਰਦਾਨੇ ਨੂੰ ਘੋੜਾ ਪਕੜਾਇਆ॥ ਤਬ ਬਾਬਾ ਬੋਲਿਆ

ਸਬਦੁ ਮਾਰੂ ਮਹਲਾ ੧

[1]ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥੧॥
ਤੇਰੇ ਲਾਲੇ ਕਿਆ ਚਤੁਰਾਈ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ॥੧॥ਰਹਾਉ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥੩॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ॥੪॥੬॥[1]

ਤਾਂ ਮਰਦਾਨੈ ਅਰਜੁ ਕੀਤਾ॥ ਆਖਿਓਸੁ ਜੀ ਇਨਾਂ ਦੇ ਬਾਬਿ ਕਿਆ ਵਰਤੀ॥ ਜੋ ਪੈਰਾਂ ਤੈ ਉਬਾਹਣੀਆ ਹੈਨਿ ਅਤੈ ਰੋਂਦੀਆਂ [2] ਹੈਨਿ॥ ਤਬਿ ਬਾਬੇ ਆਖਿਆ ਮਰਦਾਨਿਆਂ ਰਬਾਬੁ ਵਜਾਇ॥ ਤਾਂ ਮਰਦਾਨੈ ਆਖਿਆ ਜੀ ਮੇਰੇ ਹਥਿ ਘੋੜਾ ਹੈ॥ ਤਾਂ ਬਾਬੇ ਆਖਿਆ ਵਾਹਿਗੁਰੂ ਕਰਿਕੈ[3] ਘੋੜਾਂ ਹਥਹੁ ਛੋਡਿ ਦਿਹਿ॥ ਤਾਂ ਮਰਦਾਨਿ ਘੋੜਾ ਛੋਡਿ ਦਿਤਾ॥ ਰਬਾਬੁ ਵਜਾਇਆ॥ ਰਾਗੁ ਤਿਲੰਗ ਕੀਤਾ ਬਾਬਾ ਬੋਲਿਆ

ਸਬਦੁ ਮ: ੧॥

[4]ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥
ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ਰਹਾਉ॥
ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥
ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥੨॥
ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥
ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥੩॥
ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥
ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥੪॥
ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥
ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥੫॥[4]

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੯੯੧.
2. ਹਾ.ਨੁ., ਸ਼ੈ.ਹ-ਲ. ਵਾਧੂ ਪਾਠ : ਕੁਰਲਾਂਦੀਆਂ ਜਾਂਦੀਆਂ।
3. ਹਾਂ.ਨੁ. : ਆਖ ਕੇ।
4. ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੭੨੫.

'ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥
ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥੬॥
ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥
ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥
ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥
ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥
ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥
ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥੯॥
ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥
ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥੧੦॥
ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥
ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥੧੧॥
ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥
ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥
ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥
ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥੧੪॥
ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥
ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥
ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥
ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥
ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ॥
ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ॥੧੭॥
ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥
ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥
ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ ॥੧੯॥
ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ ॥
ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ ॥੨੦॥
ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ ॥
ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥੨੧॥
ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥[1]

ਜਬ ਬਾਬੇ ਏਹੁ ਸਬਦੁ ਬੋਲਿਆ ਤਾਂ ਮੀਰਖਾਨੁ ਮੁਗਲੁ ਆਇ ਗਇਆ ॥ ਜਾਂ ਆਇ ਕੈ ਦੇਖੈ ਤਾਂ ਪੰਛ ਸਿਰ ਤੇ ਉਪਰਿ ਹਥੁ ਭਰਿ ਚਲੀ ਜਾਂਦੀ ਹੈ ਅਤੇ ਘੋੜਾ ਪਿਛੈ ਲਗਾ ਜਾਂਦਾ ਹੈ॥ ਤਬ ਸੁਲਤਾਨ ਬਾਬਰ ਪਾਤਿਸਾਹ ਨੂੰ ਖਬਰਿ ਕੀਤੀ ॥ ਆਖਿਓਸੁ ਜੀ ਇਕੁ ਫਕੀਰੁ ਜੋ ਬੰਦਿ ਵਿਚਿ ਆਇਆ ਹੈ ਤਿਸ ਦੇ ਸਿਰ ਤੇ ਉਪਰਿ

1. ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 725-26.

Scanned by CamScanner

ਹਥ ਭਰ ਪੰਡ ਜਾਂਦੀ ਹੈ॥ ਅਤੇ ਉਸ ਦੇ ਇਕ ਡੂਮ ਹੈ ਤਿਸ ਦੇ ਪਿਛੈ ਘੋੜਾ ਜਾਂਦਾ ਹੈ॥ ਅਰੁ ਰਬਾਬੁ ਵਜਾਇਦਾ ਜਾਂਦਾ ਹੈ॥ ਖੁਦਾਇ ਦੀ ਬੰਦਗੀ ਕਰਦਾ ਹੈ॥ ਤਾਂ ਪਾਤਿਸਾਹਿ ਆਖਿਆ ਜੋ ਐਸਿਆਂ ਫਕੀਰਾਂ ਹੋਂਦਿਆਂ ਸਹਰੁ ਮਾਰਣਾ ਨਾਹ ਥਾ॥ ਤਾਂ ਮੀਰ ਆਖਿਆ ਜੀ ਕਰਮੁ ਕਰਿਕੈ ਦੇਖਹੁ॥

ਤਬ ਡੇਰੇ ਜਾਇ ਪਾਏ ਕੋਹਾਂ ਦੁਹੁ ਉਪਰਿ॥ ਤਬ ਚਕੀਆਂ ਮਿਲੀਆਂ॥ ਆਖਿਓਨੈ ਜੋ ਦਾਣਾ ਦਲਹੁ ਸਰਕਾਰ ਕਾ॥ ਪਾਠਾਣੀ ਅਤੇ ਖਤਰਾਣੀਆਂ ਅਤੇ ਬਾਮਣੀਆਂ ਸਭੇ ਇਕਠੀਆਂ ਬਹਾਲੀਆਂ ਅਤੈ ਚਕੀਆਂ ਅਗੈ ਮਿਲੀਆਂ॥ ਤਬ ਬਾਬੇ ਨੂੰ ਭੀ ਇਕ ਚਕੀ ਮਿਲੀ ਤਾਂ ਬਾਬੇ ਕੀ ਚਕੀ ਆਪੇ ਫਿਰੇ॥ ਬਾਬਾ ਬੈਠਾ ਗਾਲਾ ਹੀ ਪਾਵੈ॥ ਤਦਿ ਪਾਤਿਸਾਹੁ ਆਇ ਗਇਆ॥ ਤਬ ਬਾਬਾ ਬੋਲਿਆ ਸਬਦੁ

ਰਾਗ ਆਸਾ ਮਹਲਾ ੧ ਅਸਟਪਦੀਆ ਘਰੁ ੩॥

[1]ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ੍ ਹਦੂਰਿ॥੧॥
ਆਦੇਸੁ ਬਾਬਾ ਆਦੇਸੁ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥੧॥ਰਹਾਉ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥੨॥
ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ॥
ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ॥
ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥
ਇਕਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥
ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥੭॥੧੧॥[1]

ਤਦਹੁ ਪਾਤਿਸਾਹਿ ਪੁਛਿਆ ਬਾਬਰੁ॥ ਤਦੋਂ ਬਾਬਾ ਬਿਸਮਾਦ ਕੇ ਘਰਿ ਆਇਆ॥ ਤਦਹੁ ਕਰਾਮਾਤ ਲਗਾ ਮੰਗਣਿ॥ ਉਤ ਮਹਿਲਿ ਸਬਦੁ ਹੋਆ ਰਾਗੁ ਤਿਲੰਗ ਵਿਚਿ ਮ: ੧॥

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 417.

Scanned by CamScanner

[1]ਜਿਸ ਤੂੰ ਰਖਹਿ ਮਿਹਰਿਵਾਨੁ ਕੋਈ ਨ ਸਕੈ ਮਾਰੇ॥
ਤੇਰੀ ਉਪਮਾ ਕਿਆ ਗਨੀ ਤਉ ਅਗਨਤ ਉਧਾਰੇ॥੧॥
ਰਖਿ ਲੇਹਿ ਪਿਆਰੇ ਰਾਖਿ ਲੇਹ ਮੈ ਦਾਸਰਾ ਤੇਰਾ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸਚਾ ਠਾਕੁਰੁ ਮੇਰਾ॥ਰਹਾਉ॥
ਜੈ ਦੇਉ ਨਾਮਾ ਤੈ ਰਾਖੇ ਲੀਏ ਤੇਰੇ ਭਗਤਿ ਪਿਆਰੇ॥
ਜਿਨ ਕਉ ਤੈ ਆਪਣਾ ਨਾਮੁ ਦੀਆ ਸੇ ਤੈ ਪਾਰਿ ਉਤਾਰੇ॥੨॥
ਨਾਮਾ ਸੈਨੁ ਕਬੀਰੁ ਤਿਲੋਚਨੁ ਤਉ ਰਾਖਿ ਲੀਏ ਤੇਰੇ ਨਾਮ ਸੰਗਿ ਬਨਿਆ॥
ਰਵਦਾਸੁ ਚਮਿਆਰੁ ਧਾਨਾ ਤਉ ਰਾਖਿ ਲੀਆ॥
ਤੇਰਿਆ ਭਗਤਾ ਸੰਗਿ ਗਨਿਆ॥੩॥
ਨਾਨਕੁ ਕਰਤਾ ਬੇਨਤੀ ਕੁਲ ਜਾਨਿ ਕੀ ਹੀਨਾ॥
ਸੰਸਾਰ ਸਾਗਰ ਤੇ ਕਾਢਿ ਕੈ ਆਪੁਨਾ ਕਰਿ ਲੀਨਾ॥੪॥[1]

ਜਾਂ ਬਾਬੇ ਏਹੁ ਸਬਦੁ ਆਖਿਆ ਤਾਂ ਪਤਿਸਾਹਿ ਬਾਬਰਿ ਆਇ ਪੈਰ ਚੁਮੇ॥ ਆਖਿਓਸੁ ਇਸੁ ਫਕੀਰ ਦੇ ਮੁਹ ਵਿਚਿ ਖੁਦਾਇ ਨਦਰਿ ਆਂਵਦਾ ਹੈ॥ ਤਬ ਲੋਕ ਹਿੰਦੂ ਮੁਸਲਮਾਨ ਸਭ ਸਲਾਮਾਂ ਲਗੇ ਕਰਣਿ॥

ਤਾਂ ਪਾਤਿਸਾਹਿ ਆਖਿਆ ਏ ਦਰਵੇਸ ਕੁਛ ਕਬੂਲ ਕਰੁ॥ ਤਾਂ ਗੁਰੂ ਬਾਬੇ ਆਖਿਆ॥ ਅਸਾਡੇ ਕੰਮਿ ਕੁਛੁ ਨਾਹੀਂ॥ ਪਰੁ ਏਹ ਜੋ ਬੰਦਿ ਹੋਈ ਹੈ ਸੈਦਪੁਰ ਕੀ ਸੋ ਛੋਡਿ ਦੇਹਿ॥ ਅਤੈ ਇਨਾਂ ਕਾ ਜੋ ਕਛੁ ਗਇਆ ਹੈ ਸੋ ਫਿਰਿ ਦੇਹਿ॥ ਤਬਿ ਬਾਬਰਿ ਪਾਤਿਸਾਹਿ ਹੁਕਮੁ ਕੀਤਾ ਜੋ ਬੰਦ [ਹੈ ਸੋ][2] ਛੋਡ ਦੇਹੁ ਅਤੈ ਵਸਤੁ ਫਿਰਿ ਦੇਹੁ॥ ਤਾਂ ਸੈਦਪੁਰ ਕੀ ਬੰਦਿ ਦਰੋਬਸਤੁ ਛੋਡਿ ਦਿਤੀ॥ ਤਬ ਬਾਬੇ ਬਿਨਾਂ ਜਾਵਨਿ ਨਾਹੀਂ॥

ਤਬ ਬਾਬਾ ਤੀਸਰੈ ਦਿਨਿ ਸੈਦਪੁਰ ਫਿਰਿ ਆਇਆ॥ ਜਾਂ ਆਇ ਕਰਿ ਦਿਖੈ ਤਾਂ ਕੀ ਵੇਖੈ ਸਭ ਕਤਲਾਮ ਪਏ ਹੈਨਿ॥ ਤਬ ਬਾਬੈ ਆਖਿਆ ਮਰਦਾਨਿਆਂ ਨੂੰ ਇਹ ਕਿਆ ਵਰਤੀ॥ ਤਾਂ ਮਰਦਾਨੈ ਆਖਿਆ ਜੀ ਪਾਤਿਸਾਹ ਜੋ ਤੁਧੁ ਭਾਣਾ ਸਾਈ ਵਰਤੀ॥ ਤਬ ਬਾਬੈ ਆਖਿਆ ਮਰਦਾਨਿਆਂ ਰਬਾਬੁ ਵਜਾਇ॥ ਮਰਦਾਨੈ ਰਬਾਬੁ ਵਜਾਇਆ॥ ਰਾਗੁ ਆਸਾ ਕੀਤਾ॥ ਬਾਬੈ ਸਬਦੁ ਉਠਾਇਆ ਮ ੧॥

[3]ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ॥੧॥
ਇਹੁ ਜਗੁ ਤੇਰਾ ਤੂ ਗੋਸਾਈ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ॥੧॥ਰਹਾਉ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥੨॥[3]

1. ਇਹ ਗੁਰਬਾਣੀ ਨਹੀਂ।
2. ਹਾ.ਨੁ., ਸੈ.ਹ-ਲ. ਪਾਠ ਲੋਪ।
3. ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 417.

[1]ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ੀ ਤੁਪਕ ਤਾਣਿ ਚਲਾਈ ਓਨ੍ੀ ਹਸਤਿ ਚਿੜਾਈ ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥
ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥
ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥੬॥
ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥[1]

ਤਬ ਬਾਬਰਵਾਣੀ ਪੂਰੀ ਹੋਈ ਲਾਇ ਕਰ ਘਰ ਆਇਆ ॥ ਤਿਤੁ ਮਹਿਲੇ ਬਾਬੈ ਸਬਦੁ ਕੀਤਾ ਰਾਗੁ ਸੋਰਠਿ ਵਿਚਿ

ਸੋਰਠਿ ਮਹਲਾ ੫

[2]ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥
ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥
ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ਰਹਾਉ॥
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥
ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥
ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥
ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥
ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥
ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥[2]

ਤਬਿ ਬਾਬਾ ਸੈਦਪੁਰ ਵਿਚਿ ਆਇਆ ॥ ਤਾ ਲੋਕ ਹਿੰਦੂ ਮੁਸਲਮਾਨ ਲਾਗੇ ਮੁਰਦੇ ਦਬਣਿ ਜਲਾਵਣਿ ॥ ਘਰਿ ਘਰਿ ਲਗੇ ਰੋਵਣਿ ਪਿਟਣਿ ॥ ਓਹੁ ਓਹੁ ਲਗੇ ਲਗੇ ਕਰਣਿ ॥ ਤਬ ਗੁਰੂ ਬਾਬਾ ਬਿਸਮਾਦ ਵਿਚਿ ਆਇਆ ॥ ਤਿਸੁ ਮਹਿਲੇ ਸਬਦ ਹੋਆ ਰਾਗੁ ਆਸਾ ਕਾਫੀ ਘਰੁ ੨ ॥

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 417-18.
2. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 624-25.

Scanned by CamScanner

[1]ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥੧॥ਰਹਾਉ॥
ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ॥੨॥
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥੪॥
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ॥੫॥
ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ॥
ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ॥੬॥
ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ॥੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ॥੧੦॥੧੩॥[1]

ਤਬ ਇਕ ਦਿਨਿ ਮਰਦਾਨੈ ਅਰਜੁ ਕੀਤਾ॥ ਆਖਿਓਸੁ ਜੀ ਇਹ ਤਾਂ ਇਕਸੈ ਵਿਗਾੜਿਆ ਅਤੈ ਇਤਨੇ ਕਿਉਂ ਮਾਰੇ॥ ਤਬ ਗੁਰੂ ਬਾਬੈ ਆਖਿਆ॥ ਮਰਦਾਨਿਆਂ ਓਸ ਦਰਖਤ ਤਲੈ ਜਾਇ ਸਉਂ॥ ਜਾਂ ਓਠਹਿਗਾ ਤਾਂ ਜਬਾਬੁ ਦੇਹਗੇ॥

ਤਬ ਮਰਦਾਨਾ ਜਾਇ ਸੁਤਾ॥ ਤਾ ਏਕ ਬੂੰਦ ਚਿਕਣਾਈ ਕੀ ਪਈ ਥੀ ਸੀਨੇ ਉਪਰਿ ਰੋਟੀ ਖਾਂਦਿਆਂ॥ ਜਿਉ ਸੁਤਾ ਥਾ ਤਿਉ ਕੀੜੀਆਂ ਆਇ ਲਗੀਆਂ॥ ਇਕ ਜੋ ਕੀੜੀ ਲੜੀ ਸੁਤੇ ਹੋਏ ਨੋ ਤਾਂ ਹਥਿ ਨਾਲਿ ਸਭੇ ਮਲਿ ਸਟੀਆਂ॥ ਤਾਂ ਬਾਬੈ ਆਖਿਆ ਕਿਆ ਕੀਤੋ ਵੇ ਮਰਦਾਨਿਆਂ॥ ਤਾਂ ਮਰਦਾਨੇ ਆਖਿਆ ਜੀ ਕੋਈ ਹਿਕ ਜੋ ਲੜੀ ਸਭੇ ਮਰਿ ਗਈਆਂ॥ ਤਾਂ ਬਾਬਾ ਹਸਿਆ॥ ਆਖਿਓਸੁ ਮਰਦਾਨਿਆਂ ਇਵੇ ਹੀ ਮਰਦੀ ਆਈ ਇਕਸ ਦਾ ਸਦਕਾ॥ ਤਾਂ ਮਰਦਾਨਾ ਆਇ ਪੈਰੀਂ ਪਇਆ॥ ਤਬ ਸੈਦਪੁਰ ਕਾ ਲੋਕੁ ਬਹੁਤੁ ਨਾਉਂ ਧਰੀਕ ਹੋਆ॥ ਤਬ ਸ਼ਾਹੂ ਕਲਾਲੁ ਬੰਦਿ ਵਿਚਿ ਥਾ ਓਨਿ ਲਿਖਿ ਲਇਆ ਖਰੜ ਖਾਨ ਪੁਰ ਕਾ ਥਾ ਪਰੁ ਸੰਗਤਿ ਵਿਚਿ [ਗਾਵਿਆ ਬਾਣੀ][2]॥ ਤਦ ਕਾ ਉਦਾਸੀ ਹੋਆ॥ ਤਦਹੂ ਬਾਬਾ ਓਥਹੁੰ ਰਵਦਾ ਰਹਿਆ॥

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 418.
2. ਪਾਠ ਸਿ.ਹ-ਲ., ਪੰ.ਹ-ਲ. ਦਾ: ਪੁਰਾਤਨ. : ਗਵਿਆਛਣੀ।

Scanned by CamScanner

36.

[ਗੋਸ਼ਟ ਮੀਆ ਮਿੱਠਾ]

ਪਸਰੂਰਿ ਵਿਚਿਦੋ ਮੀਯੇ ਮਿਠੇ ਦੇ ਕੋਟਲੇ ਵਿਚਿ ਆਇ ਨਿਕਲੇ॥ ਕੋਸ ਅਧ ਉਪਰਿ ਓਥੈ ਬਾਗ ਵਿਚਿ ਜਾਇ ਬੈਠੇ॥ ਤਬ ਮੀਏ ਮਿਠੇ ਨੂੰ ਅਗਾਹ ਹੋਈ॥ ਆਪਣਿਆਂ ਮੁਰੀਦਾਂ ਵਿਚਿ ਆਖਿਓਸੁ ਜੋ ਨਾਨਕੁ ਭਲਾ ਫਕੀਰੁ ਹੈ। ਪਰੁ ਜੋ ਆਸਾਨੋ ਮਿਲੈਗਾ ਤਾਂ ਇਉ ਤਾਰਿ ਲੈਹਿੰਗਿ ਜਿਉਂ ਦੁਧ ਉਪਰਹੁ ਮਲਾਈ ਤਾਰਿ ਲਈਦੀ ਹੈ॥ ਤਬ ਬਾਬੈ ਆਖਿਆ॥ ਮਰਦਾਨਿਆਂ ਸੁਣਿ ਮਿਠਾ ਕਿਆ ਆਖਿਆ ਹੈ॥ ਤਾਂ ਮਰਦਾਨੇ ਆਖਿਆ ਜੀ ਤੇਰਾ ਜੰਤੁ ਹੈ ਵਜਾਇਆ ਵਜਦਾ ਹੈ॥ ਤਬ ਗੁਰੂ ਬਾਬਾ ਬੋਲਿਆ॥ ਮਰਦਾਨਿਆਂ ਜਾਂ ਮਿੱਠਾ ਅਸਾਨੂੰ ਮਿਲੇਗਾ ਤਾਂ ਇਉ ਨਿਚੋੜਿ ਲੈਹਿੰਗੇ ਜਿਉਂ ਨਿੰਬੂ ਵਿਚਹੁ ਰਸੁ [1]ਨਿਚੋੜਿ ਲਈਦਾ[1] ਹੈ॥

ਤਬ ਮੀਆਂ ਮਿਠਾ ਉਠਿ ਖੜਾ ਹੋਆ ਆਖਿਓਸੁ॥ ਚਾਲਹੁ ਯਾਰੋ ਨਾਨਕ ਦਾ ਦੀਦਾਰੁ ਕਰੇਹਾਂ॥ ਤਾਂ ਮੁਰੀਦਾਂ ਆਖਿਆ॥ ਤੁਸਾਂ ਅਗੇ ਆਵਾਜੁ ਕੀਤਾ ਆਹਾ॥ ਜੋ ਨਾਨਕੁ ਅਸਾ ਨੂੰ ਮਿਲੈਗਾ ਤਾਂ ਇਉਂ ਤਾਰਿ ਲੈਹਿੰਗੇ ਜਿਉ ਦੁਧੁ ਉਪਰਹੁ ਮਲਾਈ ਤਾਰਿ ਲਈਦੀ ਹੈ॥ ਤਾਂ ਮੀਆ ਮਿਠਾ ਬੋਲਿਆ ਜੋ ਓਥਹੁ ਆਵਾਜੁ ਆਇਆ ਹੈ ਜਿਉ ਨਿੰਬੂ ਵਿਚਹੁ ਰਸੁ [1]ਨਿਚੋੜਿ ਲਈਦਾ[1] ਹੈ ਤਿਉਂ ਜਾਂ ਮਿਲੈਗਾ ਤਾਂ ਇਉ ਨਿਚੋੜਿ ਲੈਹਿੰਗੈ॥ ਤਾਂ ਦੁਧ ਕਾ ਕੁਛ ਨ ਜਾਵੇਗਾ ਮਲਾਈ ਉਤਾਰੀ ਅਤੇ ਨਿੰਬੂ ਨਿਚੋੜਿਆਂ ਫੋਗੂ ਹੋਵੈਗਾ॥ ਤਬ ਮੀਆਂ ਮਿਠਾ ਦੀਦਾਰੁ ਦੇਖਣਿ ਆਇਆ॥ ਆਇ ਦੁਆਇ ਸਲਾਮ ਕਰਿ ਕੈ ਬੈਠਿ ਗਇਆ ਗੋਸਟ ਮਹਲਾ ੧॥ ਤਬ ਮੀਆ ਮਿਠਾ ਬੋਲਿਆ ਸਲੋਕੁ

[2]ਅਵਲ ਨਾਉ ਖੁਦਾਇ ਕਾ ਦੂਜਾ ਨਬੀ ਰਸੂਲੁ॥
ਨਾਨਕ ਕਲਮਾ ਜੇ ਪੜਹਿ ਤਾ ਦਰਗਹ ਪਵਹਿ ਕਬੂਲੁ॥[2]

ਤਬ ਬਾਬੈ ਜਬਾਬੁ ਦਿਤਾ

[2]ਅਵਲਿ ਨਾਉ ਖੁਦਾਇ ਕਾ ਦਰਿ ਦਰਵਾਨ ਰਸੂਲੁ॥
ਸੇਖਾ ਨੀਅਤਿ ਰਾਸਿ ਕਰਿ ਤਾਂ ਦਰਗਹਿ ਪਵਹਿ ਕਾਬੂਲੁ॥੧॥[2]

ਤਾ ਬਾਬੈ ਆਖਿਆ ਸੇਖ ਮਿਠਾ ਉਸ ਦਰ ਦੁਇ ਦੀ ਠਉੜ ਨਾਹੀਂ॥ ਜੋ ਕੋਈ ਰਹਦਾ ਹੈ ਸੋ ਹਿਕੋ ਹੋਆ ਰਹਦਾ ਹੈ॥ ਤਾਂ ਸੇਖਿ ਮਿਠੈ ਆਖਿਆ ਜੋ ਨਾਨਕ॥ ਬਿਨੁ ਤੇਲੁ ਦੀਵਾ ਜਲਦਾ ਹੈ॥

ਸਲੋਕ

[3]ਸਿਰੀਰਾਗੁ ਮਹਲਾ ੧ ਘਰੁ ੫॥
ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥੧॥
ਬਿਨੁ ਤੇਲ ਦੀਵਾ ਕਿਉ ਜਲੈ॥੧॥ਰਹਾਉ॥[3]

ਤਬ ਬਾਬੇ ਜਬਾਬੁ ਦਿਤਾ ਸਲੋਕ

---

1. ਹਾ.ਨੁ., ਸੈ.ਹ-ਲ.: ਨਿਚੋੜੀਦਾ; ਪੁਰਾਤਨ.: ਨਿਚੋੜਿ ਲੀਚਦਾ।
2. ਇਹ ਸੈਦੋ ਦੀ ਤੁਕਬੰਦੀ ਹੈ।
3. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 25.

Scanned by CamScanner

[1]ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥
ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥੩॥
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥[1]

ਤਾਂ ਸੇਖਿ ਮਿਠੈ ਅਰਜੁ ਕੀਤਾ ॥ ਆਖਿਓਸੁ ਜੀ ਓਹੁ ਕਵਨੁ ਕੁਰਾਨੁ ਹੈ ਜਿਤੁ ਪੜੈ ਕਬੂਲੁ ਪਵੈ ॥ ਅਤੇ ਜੀ ਓਹੁ ਕਵਨ ਕਤੇਬ ਹੈ ਜਿਤੁ ਕਾਮਾਏ ਤੇ ਸਹੀ ਥੀਵੈ ॥ ਅਤੈ ਉਹੁ ਕਵਨ ਦਰਵੇਸੀ ਹੈ ਜਿਤੁ ਦਰ ਕੀ ਲਾਇਕ ਥੀਵੈ ॥ ਅਤੈ ਉਹੁ ਕਵਨ ਰੋਜਾ ਹੈ ਜਿਤੁ ਦਿਲੁ ਰਹੈ ਜਾਇ ਨਾਹੀ ਅਤੈ ਓਹੁ ਕਵਨੁ ਨਿਵਾਜ ਹੈ ਜਾ ਕੇ ਗੁਜਾਰੇ ਤੇ ਨਜਰਿ ਗੁਜਹੇ ॥ ਤਬ ਬਾਬੈ ਜਬਾਬੁ ਦੇਤਾ ॥ ਆਖਿਓਸੁ ਮਰਦਾਨਿਆਂ ਰਬਾਬੁ ਵਜਾਇ ॥ ਤਾ ਮਰਦਾਨੈ ਰਬਾਬੁ ਵਜਾਇਆ ॥ ਬਾਬੈ ਸਬਦੁ ਕੀਤਾ ਰਾਗੁ ਮਾਰੂ ਵਿਚਿ ਮ: ੧

[2]ਅਲਹ ਅਗਮ ਖੁਦਾਈ ਬੰਦੇ ॥
ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥੧॥
ਸਚੁ ਨਿਵਾਜ ਯਕੀਨ ਮੁਸਲਾ ॥
ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥
ਸਰਾ ਸਰੀਅਤਿ ਲੇ ਕੰਮਾਵਹੁ ॥
ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥
ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰ ਰੋਜਾ ਪੈ ਖਾਕਾ ॥
ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥
ਸਚੁ ਕਮਾਵੈ ਸੋਈ ਕਾਜੀ ॥
ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥[2]

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 25-26.
2. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 1083-84.

Scanned by CamScanner

[1]ਸਭੇ ਵਖਤ ਸਭੇ ਕਰਿ ਵੇਲਾ ॥
ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥
ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥੮॥
ਅਵਲਿ ਸਿਫਤਿ ਦੂਜੀ ਸਾਬੂਰੀ ॥
ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥
ਸਗਲੀ ਜਾਨਿ ਕਰਹੁ ਮਉਦੀਫਾ ॥
ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥
ਹਕੁ ਹਲਾਲੁ ਬਖੋਰਹੁ ਖਾਣਾ ॥
ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥
ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥
ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥੧੪॥
ਕੁਦਰਤਿ ਕਾਦਰ ਕਰਣ ਕਰੀਮਾ ॥
ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥[1]

ਤਬ ਸੇਖ ਮਿਠੈ ਆਖਿਆ ॥ ਜੀ ਤੁਸਾਂ ਜੋ ਹਿਕ ਨਾਵੈ ਦੀ ਸਿਫਤਿ ਕੀਤੀ ਸੋ ਹਿਕੁ ਨਾਮੁ ਕੈਸਾ ਹੈ ॥ ਤਬ ਬਾਬੇ ਆਖਿਆ ॥ ਸੇਖ ਮਿਠਾ ਹਿਕ ਨਾਵੈ ਦੀ ਕੀਮਤਿ ਕਿਸ ਨਉ ਆਈ ਹੈ ॥ ਤਾਂ ਸੇਖਿ ਮਿਠੇ ਆਖਿਆ ਜੀ ਮਿਹਰ ਕਰਿ ਦਸਿ ॥ ਤਬ ਗੁਰੂ ਬਾਬੇ ਸੇਖ ਮਿਠੇ ਕੀ ਬਾਂਹ ਪਕੜੀ ਗੋਸੈ ਲੈ ਗਇਆ ॥ ਤਬ ਬਾਬੇ ਆਖਿਆ ਸੇਖ ਮਿਠਿਆ ਇਕੁ ਨਾਮੁ ਖੁਦਾਇ ਕਾ [2]ਸੁਣੁ ਤਾਂ[2] ॥ ਤਾਂ ਬਾਬਾ ਬੋਲਿਆ ਅਲਹ ॥ ਆਖਣਿ ਨਾਲਿ ਦੂਸਰਾ ਭਸਮ ਹੋਇ ਗਇਆ ॥ ਤਬ ਸੇਖ ਮਿਠਾ ਦੇਖਿ ਕਰਿ ਹੈਰਾਣੁ ਹੋਆ ॥ ਜਾਂ ਦੇਖੈ ਤਾਂ ਇਕੁ ਮੁਠੀ ਭਸਮ ਕੀ ਹੈ ॥ ਤਬਿ ਫਿਰਿ ਆਵਾਜ ਆਇਆ ॥ ਹੈ ਅਲਹ ॥ ਇਤਨਿ ਕਹਣੈ ਨਾਲਿ ਉਠੀ ਖੜਾ ਹੋਆ ॥ ਤਬ ਸੇਖ ਮਿਠੈ ਆਇ ਪੈਰ ਚੁਮੇ ॥ ਤਬ

1. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1084.
2. ਹਾ.ਨੁ., ਸੈ.ਹ-ਲ. : ਸੁਣਤਾ ਹੈਂ। ਇਸ ਦਖਲ ਨਾਲ ਵਾਕ ਦਾ ਨਿਸਚੇਜਨਕ ਰੂਪ ਸਾਧਾਰਨ ਵਿਚ ਬਦਲ ਜਾਂਦਾ ਹੈ, ਇਸ ਦਾ ਮੂਲ ਸ਼ੁੱਧ ਰੂਪ 'ਸੁਣ ਤਾਂ' ਅਰਥ ਭਰਪੂਰ ਉੱਕਰੀ ਹੈ।

Scanned by CamScanner

ਬਾਬਾ ਬਿਸਮਾਦ ਕੇ ਘਰ ਵਿਚਿ ਬੋਲਿਆ॥ ਤਬ ਬਾਬੈ ਮੀਆ ਮਿਠਾ ਵਿਦਾ ਕੀਤਾ॥ ਗੁਰੂ ਬਾਬਾ ਓਥਹੁੰ ਰਵਦਾ ਰਹਿਆ॥

37.

[ਦੁਨੀ ਚੰਦ ਨਿਸਤਾਰਾ]

ਤਬ ਰਾਵੀ ਨਦੀ ਦੇ ਕਿਨਾਰੇ ਲਹੌਰਿ ਆਇ ਨਿਕਲਿਆ॥ ਤਬ ਲਹੌਰ ਦੇ ਪਰਗਣੇ ਦਾ ਕਰੋੜੀ [1]ਦੁਨੀ ਚੰਦੁ ਧੁਪੜ[1] ਖਤ੍ਰੀ ਥਾਂ ਤਿਸ ਕੇ ਪਿਤਾ ਕਾ ਸਰਾਧੁ ਥਾ॥ ਉਸ ਸੁਣਿਆਂ ਜੋ ਨਾਨਕੁ ਤਪਾ ਆਇਆ ਹੈ॥ ਤਬ ਓਹੁ ਆਇ ਕਰਿ ਬਾਬੇ ਜੀ ਕਉ ਭਾਉ ਕਰਿ ਕੈ ਲੈ ਗਇਆ॥ ਤਬ ਗੁਰੂ ਜਾਇ ਬੈਠਾ॥ ਤਬ ਓਸ ਬਸਤੁ [ਬਾਹਰ ਤੇ][2] ਅਣਾਈ ਫੁਰਮਾਇਸਿ ਕੀਤੀ॥ ਦੁਧੁ ਦਹੀ ਲਕੜੀਆਂ [[3]]॥ ਤਾਂ ਅੰਨੁ ਤਈਆਰੁ ਹੋਆ ਬ੍ਰਮਣ ਜੇਵੈ॥ ਤਬ ਬਾਬੇ ਜੀ ਕਉ ਭੀ ਬੁਲਵਣਿ ਆਇਆ॥ ਤਦਹੁ ਗੁਰੂ ਜੀ ਪੁਛਿਆ ਤੇਰੈ ਕਿਆ ਹੋਆ ਹੈ॥

ਤਦ ਉਸ ਕਹਿਆ ਜੀ ਮੇਰੇ ਪਿਤਾ ਕਾ ਸਰਾਧੁ ਹੈ॥ ਤਿਸ ਕੇ ਨਾਉਂ ਕੇ ਬ੍ਰਮਣ ਜਿਵਾਇ ਹੈਨਿ॥ ਤਬ ਬਾਬਾ ਬੋਲਿਆ ਤੇਰੇ ਪਿਤਾ ਜੀ ਨੂੰ ਅਜੁ ਤੀਸਰਾ ਦਿਨੁ ਹੋਆ ਹੈ ਕਿਛੁ ਨਾਹੀ ਖਾਧਾ ਅਤੈ ਤੂ ਆਖਦਾ ਹੈ ਜੋ ਮੈਂ ਸਉ ਮਨੁਖੁ ਜਿਵਾਇਆ ਹੈ॥ ਤਬ ਦੁਨੀ ਚੰਦੁ ਬੇਨਤੀ ਕੀਤੀ॥ ਆਖਿਓਸ ਜੀ ਓਹੁ ਕਿਥੇ ਹੈ॥ ਤਬ ਬਾਬੇ ਆਖਿਆ ਓਹੁ ਇਕ ਮਾਲ[4] ਵਿਚਿ ਹੈ ਪਇਆ ਹੋਆ ਕੋਹਾਂ ਪੰਜਾਂ ਉਪਰਿ॥ ਬਘਿਆੜ ਕਾ ਜਨਮੁ ਹੈ ਪਰੁ ਤੂੰ ਜਾਇ ਪਰਸਾਦੁ ਲੇ ਕਰਿ॥ ਪਰੁ ਡਰਣਾ ਨਾਹੀ ਤੇਰੇ ਜਾਣੈ ਨਾਲਿ ਉਸ ਕੀ ਬੁਧਿ ਮਾਨੁਖ ਕੀ ਹੋਇ ਆਵੈਗੀ॥ ਪਰਸਾਦੁ ਖਾਵੈਗਾ ਅਰ ਬਾਤਾਂ ਭੀ ਕਰੈਗਾ॥

ਤਬ ਦੁਨੀ ਚੰਦੁ ਪਰਸਾਦੁ ਲੈ ਗਇਆ॥ ਜਾਇ ਪੈਰੀ ਪਉਣਾ ਕਹਿਓਸੁ॥ ਪਰਸਾਦੁ ਆਗੈ ਰਖਿਓਸੁ॥ ਤਬ ਇਸੁ ਪੁਛਿਆ ਆਖਿਆ ਪਿਤਾ ਜੀ ਤੂੰ ਇਤੁ ਜਨਮਿ ਕਿਉ ਆਇਆ॥ ਤਬ ਇਸਿ ਆਖਿਆ [5]ਗੁਰੂ ਪੂਰੈ ਬਿਨਾ ਇਤੁ ਜਨਮਿ ਆਇਆ[5]॥ ਮੈਂ ਏਕ ਅਚਾਰੀ ਕਾ ਸਿਖੁ ਥਾ॥ ਓਸ ਮੇਰੇ ਪਾਸਹੁ ਸਗਉਤੀ ਮਛੀ ਛਡਾਈ ਥੀ॥ ਜਬ ਮੇਰੇ ਕਾਲ ਕਾ ਸਮਾਂ ਹੋਆ॥ ਤਾਂ ਮੈਂ ਦੁਖੀ ਹੋਆ ਤਾਂ ਮੇਰੇ ਪਾਸਿ ਸਗਉਤੀ ਰਿੰਨਦੇ ਸੇ॥ ਮੈਨੂੰ ਵਾਸਨਾ ਆਈ॥ ਮੇਰੀ ਮਨਸਾ ਉਹਾਂ ਗਈ॥ ਤਿਸ ਕਾ ਸਦਕਾ ਏਤੁ ਜਨਮਿ ਆਇਆ॥ ਤਬ ਉਹੁ ਉਠਿ ਚਲਿਆ॥ ਅਤੈ[6] ਉਹੁ ਭਜਿ ਗਇਆ॥

ਤਦਹੁ ਦੁਨੀ ਚੰਦ ਆਇ ਪੈਰੀ ਪਇਆ॥ ਤਬ ਗੁਰੂ ਬਾਬੇ ਜੀ ਕਉ ਘਰਿ ਲੇ ਗਇਆ॥ ਉਸ ਦੇ ਦਰ ਉਪਰਿ ਸਤ ਧਜਾ ਬੰਧੀਆ ਥੀਆ॥ ਲਾਖ ਲਾਖ ਕੀ ਇਕ ਧਜ ਥੀ॥ ਤਬ ਬਾਬੈ ਪੁਛਿਆ ਏਹ ਧਜਾ ਕਿਸ ਕੀਆਂ ਹੈਨਿ॥ ਤਬ ਦੁਨੀ ਚੰਦ

1. ਹਾ.ਨ., ਮੈਕ-ਅ. ਪਾਠ ਨਹੀਂ।
2. ਪਾਠ ਹਾ.ਨ., ਮੈਕ-ਅ. ਦਾ; ਪੁਰਾਤਨ : ਬਾਹ ਰੀਤ।
3. ਹਾ.ਨ., ਮੈਕ-ਅ. ਵਾਧੂ ਪਾਠ : ਸਭੁ ਬਸਤੁ।
4. ਹਾ.ਨ., ਮੈਕ-ਅ. : ਮਲਿ/ਮਾਲਿ।
5. ਹਾ.ਨ., ਮੈਕ-ਅ. ਪਾਠ ਨਹੀਂ।
6. ਹਾ.ਨ., ਮੈਕ-ਅ. ਪਾਠ ਨਹੀਂ।

Scanned by CamScanner

ਆਖਿਆ॥ ਜੀ ਇਹਿ ਧਜਾ ਮੇਰੀਆਂ ਹੈਨਿ॥ ਤਦਹੂ ਬਾਬੈ ਇਕ ਸੂਈ ਦਿਤੀ॥ ਆਖਿਓਸੁ ਜੋ ਅਸਾਡੀ ਅਮਾਨ ਰਾਖੁ ਅਸੀਂ ਆਗੈ ਮੰਗਿ ਲੈਹਿੰਗੈ॥ ਤਬ ਦੁਨੀ ਚੰਦੁ ਸੂਈ ਤ੍ਰੀਮਤਿ ਪਾਸਿ ਲੈ ਗਇਆ॥ ਆਖਿਓਸੁ ਇਹ ਸੂਈ ਰਖੁ ਗੁਰੂ ਦਿਤੀ ਹੈ ਅਤੇ ਆਖਿਆ ਹੈਸੁ ਜੋ ਅਗੈ ਮੰਗਿ ਲੈਹਿੰਗੈ॥ ਤਦਹੁ ਤ੍ਰੀਮਤਿ ਆਖਿਆ॥ ਏ ਪਰਮੇਸਰ ਕੇ ਇਹ ਸੂਈ ਤੇਰੈ ਸਾਥਿ ਚਲੈਗੀ ਆਗੈ॥ ਤਾਂ ਦੁਨੀ ਚੰਦ ਆਖਿਆ ਕਿਆ ਕਰੀਐ॥ ਤਾਂ ਤ੍ਰੀਮਤ ਆਖਿਆ ਜਾਹਿ ਦੇ ਆਉ॥ ਤਬ ਦੁਨੀ ਚੰਦ ਸੂਈ ਫੇਰਿ ਲੈ ਆਇਆ ਬਾਬੇ ਪਾਸਿ॥ ਆਇ[1] ਆਖਿਓਸੁ ਇਹ ਸੂਈ ਮੇਰੇ ਪਾਸਿ ਅਗੈ ਚਲਣੈ ਕੀ ਨਾਹੀ ਫੇਰਿ ਲੇਵਹੁ॥

ਤਬ ਗੁਰੂ ਬਾਬੇ ਆਖਿਆ ਇਹ ਧਜਾ ਕਿਉਂ ਕਰਿ ਪਹੁੰਚਾਵਹਿੰਗਾ॥ ਜੋ ਸੂਈ ਨਹੀਂ ਪਹੁੰਚਾਇ ਸਕਦਾ॥ ਤਬ ਦੁਨੀ ਚੰਦ ਉਠਿ ਆਇ ਮੱਥਾ ਟੇਕਿਆ॥ ਆਖਿਓਸੁ ਜੀ ਓਹੁ ਬਾਤ ਕਰਿ ਜਿਤੁ ਆਗੈ ਪਹੁੰਚੈ॥ ਤਦਹੁ ਗੁਰੂ ਆਖਿਆ ਪਰਮੇਸਰ ਕੇ ਨਾਮ ਤੂੰ[2] ਦੇਹਿ॥ ਅਤੀਤਾ ਅਭਿਆਗਤਾ ਦੈ ਮੁਹਿ ਪਾਇ ਇਉਂ ਸਾਥਿ ਪਹੁੰਚੈਗੀ॥

ਤਬ ਦੁਨੀ ਚੰਦ ਸਤ ਲਖ ਕੀਆ ਧਜਾ ਲੁਟਾਇ ਦੂਰਿ ਕੀਤੀਓਸੁ॥ ਹੁਕਮੁ ਮੰਨਿਆ॥ ਹੁਕਮੁ ਗੁਰੂ ਕਾ ਐਸਾ ਹੈ ਜੋ ਕੋਈ ਮੰਨੈਗਾ ਤਿਸ ਕੀ ਗਤਿ ਹੋਵੈਗੀ॥ ਤਦਹੁੰ ਦੁਨੀ ਚੰਦ ਨਾਉ ਧਰੀਕੁ ਹੋਆ ਗੁਰੂ ਗੁਰੂ ਲਗਾ ਜਪਿਣਾ॥ ਤਬ ਬਾਬੇ ਆਖਿਆ॥ ਮਰਦਾਨਿਆ ਰਬਾਬੁ ਵਜਾਇ॥ ਤਾਂ ਮਰਦਾਨਿ ਰਬਾਬੁ ਵਜਾਇਆ॥ ਰਾਗੁ ਆਸਾ ਕੀ ਵਾਰ ਕੀਤੀ ਪਉੜੀਆਂ ੧੫ ਪਰਥਾਇ ਦੁਨੀ ਚੰਦ ਕੇ ਕੀਤੀਆਂ॥

38.
[ਬ੍ਰਾਹਮਣ ਦੀ ਸੁਚ ਰਸੋਈ]

ਤਬ ਬਾਬਾ ਜੀ ਘਰਿ ਆਇਆ ਤਲਵੰਡੀ ਵਿਚਿ [3]ਕੋਈ ਦਿਨੁ ਰਹ[3]॥ ਇਕ ਦਿਨ ਇਕ ਬ੍ਰਾਮਣੁ ਅਚਾਰੀ ਆਇਆ ਖੁਧਿਆਰਥੁ॥ ਤਾਂ ਆਇ ਅਸੀਲ ਬਚਨੁ ਕੀਤੋਸੁ॥ ਬਾਬਾ ਜੀ ਪਰਸਾਦ ਵਿਚਿ ਬੈਠਾ ਥਾ॥ ਤਬ ਗੁਰੂ ਆਖਿਆ ਆਵਹੁ ਮਿਸਰ ਜੀ॥ ਪਰਸਾਦੁ ਤਈਆਰ ਹੈ॥ ਤਾਂ ਪੰਡਿਤ ਕਹਿਆ ਮੈਂ ਇਹੁ ਪਰਸਾਦੁ ਨਾਹੀਂ ਖਾਂਦਾ॥ ਮੈਂ ਆਪਣੇ [ਹਥ][4] ਕਰਿ ਖਾਵਾਂਗਾ॥ ਜਬ ਹਥੁ ਭਰਿ ਧਰਤੀ ਉਖਣਾਂਗਾ ਅਤੇ ਚਉਂਕਾ ਦੇਵਾਂਗਾ॥ ਅਤੇ ਜਾਇ ਕੈ ਗਿਠ ਭਰਿ ਧਰਤੀ ਉਖਣਾਂਗਾ ਤਾਂ ਚੁਲਾ ਕਰਾਂਗਾ॥ ਲਕੜੀਆਂ ਧੋਇ ਕਰ[5] ਚਾੜਾਂਗਾ॥ ਏਹ ਰਸੋਈ ਕੀ ਧਰਤੀ ਕੈਸੀ ਹੈ॥ ਤਾਂ ਮੈਂ ਨਾਹੀ ਖਾਂਦਾ॥ ਤਬ ਬਾਬੈ ਆਖਿਆ ਇਸ ਪੰਡਿਤ ਕਉ ਰਸੋਈ ਕੋਰੀ ਦੇਵਹੁ॥ ਤਬ ਕੋਈ ਰਸੋਈ ਮਿਲੀ॥ ਪੰਡਤੁ ਬਾਹਰਿ ਲੈ ਗਇਆ॥ ਜਾਇ ਲਗਾ ਚਉਂਕਾ ਬਣਾਵਣਿ॥ ਧਰਤੀ ਖੋਦਣਿ ਜਿਥੈ ਧਰਤੀ ਖੋਦੈ ਓਥੈ ਹਡੀਆਂ ਨਿਕਲਿਨਿ॥ ਤਬ ਚਾਰਿ ਪਹਿਰਿ

---

1. ਹਾ.ਨੁ., ਸੈ.ਹ-ਲ. ਪਾਠ ਲੋਪ।
2. *ਉਹੀ*।
3. *ਉਹੀ*।
4. ਪਾਠ, ਹਾ.ਨੁ., ਸੈ.ਹ-ਲ. ਦਾ।
5. ਹਾ.ਨੁ., ਸੈ.ਹ-ਲ. ਪਾਠ ਲੋਪ।

Scanned by CamScanner

ਖੋਦਦਾ ਫਿਰਿਆ॥ ਜਾਂ ਭੁਖਾ ਆਜਜੁ ਹੋਆ [1]ਤਾਂ ਆਖਿਓਸੁ ਬਾਬੇ ਤੇ ਜਾਵਾਂ[1]॥ ਤਾਂ ਆਇ ਪੈਰੀ ਪਇਆ ਆਖਿਓਸੁ॥ ਜੀ ਓਹ ਪਰਸਾਦੁ ਮੈਨੂੰ[2] ਮਿਲੈ ਮੈਂ ਭੁਖਾ ਮੁਆ ਹਾਂ॥ ਤਦਹੁੰ ਗੁਰੂ ਆਖਿਆ॥ ਸੁਆਮੀ ਓਹੁ ਵਖਤੁ ਗਇਆ [3]ਪਰਸਾਦ ਕਾ[3]॥ ਪਰੁ ਜਾਹਿ ਵਾਹਿਗੁਰੂ ਕਹਿ ਕੈ ਧਰਤੀ ਖੋਦੁ ਰਸੋਈ ਕਰੁ ਖਾਹਿ॥ ਤਬ ਬਾਬਾ ਬੋਲਿਆ ਸਬਦੁ ਰਾਗ ਬਸੰਤ ਵਿਚਿ ਮ: ੧॥

[4]ਸੁਇਨੇ ਕਾ ਚਉਕਾ ਕੰਚਨ ਕੁਆਰ॥
ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ॥
ਗਰੁੜਾ ਖਾਣਾ ਦੁਧ ਸਿਉ ਗਾਡਿ॥੧॥
ਰੇ ਮਨ ਲੇਖੈ ਕਬਹੂ ਨ ਪਾਇ॥
ਜਾਮਿ ਨ ਭੀਜੈ ਸਾਚ ਨਾਇ॥੧॥ਰਹਾਉ॥
ਦਸ ਅਠ ਲੀਖੇ ਹੋਵਹਿ ਪਾਸਿ॥
ਚਾਰੇ ਬੇਦ ਮੁਖਾਗਰ ਪਾਠਿ॥
ਪੁਰਬੀ ਨਾਵੈ ਵਰਨਾਂ ਕੀ ਦਾਤਿ॥
ਵਰਤ ਨੇਮ ਕਰੇ ਦਿਨ ਰਾਤਿ॥੨॥
ਕਾਜੀ ਮੁਲਾਂ ਹੋਵਹਿ ਸੇਖ॥
ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾ ਕੀ ਸੰਧਿ॥
ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥
ਜੇਤੇ ਜੀਅ ਲਿਖੀ ਸਿਰਿ ਕਾਰ॥
ਕਰਣੀ ਉਪਰਿ ਹੋਵਗਿ ਸਾਰ॥
ਹੁਕਮੁ ਕਰਹਿ ਮੂਰਖ ਗਾਵਾਰ॥
ਨਾਨਕ ਸਾਚੇ ਕੇ ਸਿਫਤਿ ਭੰਡਾਰ॥੪॥੩॥[4]

39.

[ਇਕ ਵੈਰਾਗੀ ਬਾਲਕ]

ਤਬ ਏਕ ਦਿਨਿ ਗੁਰੂ ਕੀ ਆਗਿਆ ਹੋਈ ਜੋ ਪਿਛਲੈ ਪਹਰਿ ਰਾਤਿ ਕਉ ਕੀਰਤਨ ਹੋਵੈ॥ ਤਾਂ ਇਕੁ ਲੜਕਾ ਬਰਸਾ ਸਤਾਂ ਕਾ ਘਰ ਤੇ ਉਠਿ ਆਵੈ॥ ਆਇ ਗੁਰੂ ਜੀ ਕੇ ਪਿਛੈ ਖੜਾ ਹੋਵੇ॥ ਜਬ ਆਰਤੀ ਕੀਰਤਿ ਹੋਵੈ ਤਾਂ ਉਠਿ ਜਾਵੈ॥ ਤਬ ਬਾਬੈ ਇਕ ਦਿਨਿ ਕਹਿਆ ਅਜੁ ਏਹੁ ਲੜਕਾ ਪਕੜਿ ਰਖਣਾ॥ ਜਬ ਮਥਾ ਟੇਕ ਕਰਿ[5] ਚਲਿਆ ਤਾਂ ਸੰਗਤਿ ਪਕੜਿ ਰਖਿਆ॥ ਆਣਿ ਹਾਜਰੁ ਕੀਤਾ॥ ਤਬ ਬਾਬੈ ਪੁਛਿਆ॥ ਆਖਿਆ ਏ ਲੜਕੇ ਤੂੰ ਜੋ ਇਤੁ ਵਖਤਿ ਉਠਿ ਅਵਦਾ ਹੈ ਸੋ ਕਿਉ ਆਂਵਦਾ ਹੈਂ॥ ਅਜੇ[6] ਤੇਰਾ ਵਖਤੁ ਖੇਡਣ ਸਉਣ ਦਾ ਹੈ॥ ਤਦਹੁੰ ਉਸਿ ਲੜਕੈ ਆਖਿਆ ਜੀ॥

1. ਹਾ.ਨੁ., ਸੈ.ਹ-ਲ. ਪਾਠ ਲੋਪ।
2. *ਉਹੀ*।
3. *ਉਹੀ*।
4. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 1168-69.
5. ਹਾ.ਨੁ., ਸੈ.ਹ-ਲ. ਪਾਠ ਲੋਪ।
6. *ਉਹੀ*।

Scanned by CamScanner

ਇਕ ਦਿਨਿ [ਮੇਰੇ ਤਾਈਂ][1] ਮੇਰੀ ਮਾਤਾ ਕਹਿਆ ਜੋ ਬੇਟਾ ਤੂ ਅਗਿ ਬਾਲੁ ਤਾਂ ਮੈਂ ਆਗਿ ਲਗਾ ਬਾਲਨਿ॥ ਜਾਂ ਲਕੜੀਆਂ ਪਾਈਆਂ ਤਾਂ ਪਹਿਲੇ ਨਿਕੜੀਆਂ ਕਉ ਲਗੀ॥ ਤਾਂ ਪਿਛਹੁ ਵਡੀਆਂ ਕਉ ਲਾਗੀ॥ ਤਦਹੁ ਮੈਂ ਭਉ ਕੀਤਾ ਜੋ ਮਤਾਂ ਅਸੀਂ ਨਿਕੜੇ ਚਲਿ ਜਹਿਂ ਵਡੇਰੇ ਹੋਣਿ ਮਿਲਹਿ ਕਿ ਨ ਮਿਲਹਿ [2]ਲਕੜੀਆਂ ਕੀ ਨਿਆਈ॥ ਤਾਂ ਮੈ ਆਖਿਆ ਜੋ[4] ਗੁਰੂ ਜਪਿ ਲੇਹਿ॥ ਤਹਿ ਸੰਗਤਿ ਹੈਰਾਨੁ ਹੋਇ ਰਹੀ ਸੁਣਿ ਕੈ॥ ਤਬ ਬਾਬੇ ਦੀ ਖੁਸ਼ੀ ਹੋਈ ਲੜਕਾ ਪੈਰੀ ਪਇਆ॥ ਤਾਂ ਗੁਰੂ ਬਾਬੈ ਤਿਤੁ ਮਹਿਲਿ ਸਬਦੁ ਬੋਲਿਆ ਸਿਰੀ ਰਾਗੁ ਵਿਚ ਮ: ੧

[3]ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ॥
ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ॥
ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ॥੧॥
ਅੰਧੇ ਤੂੰ ਬੈਠਾ ਕੰਧੀ ਪਾਹਿ॥
ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ॥੧॥ਰਹਾਉ॥
ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥
ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥
ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥੨॥
ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ॥
ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ॥
ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ॥੩॥
ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ॥
ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ॥
ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ॥੪॥੪॥੭੪॥[3]

ਤਦਹੁ ਬਾਬਾ ਰਵਦਾ ਰਹਿਆ ਘਰ ਤੇ॥

40.

[ਕਰੋੜੀਆ]

ਤਬ ਬਾਬਾ ਦਰੀਆਉ ਉਪਰ ਬਹਿ ਗਇਆ ਤਲਵੰਡੀ ਕੇ ਨਜੀਕ ਇਕ ਥਾਂਉ॥ ਉਥੇ ਬਹੁਤ ਗਉਗਾ ਚਲਿਆ॥ ਜੋ ਕੋਈ ਸੁਨੈ ਸੋ ਸਭ ਆਵੈ॥ ਲੋਕ ਆਖਣ ਜੋ ਕੋਈ ਖ਼ੁਦਾਇ ਦਾ ਫਕੀਰ ਪੈਦਾ ਹੋਇਆ ਹੈ ਨਾਨਕ ਨਾਉਂ ਹੈਸੁ ਆਪਣੇ ਖ਼ੁਦਾਇ ਨਾਲ ਰਤਾ ਹੈ॥ ਲੋਕ ਬਹੁਤ ਜੁੜਿਆ ਮੁਰੀਦ ਭੀ ਹੋਵਨ॥ ਜੋ ਆਵੈ ਸੋ ਪਰਚਾ ਜਾਵੈ॥ ਜੋ ਬਾਬਾ ਸਲੋਕ ਕਰਦਾ[4] ਥਾ ਸੋ ਪਰਗਟ ਹੋਏ॥ ਇਹੁ ਸਲੋਕ ਕੀਤੇ ਸੇ ਫਕੀਰ ਕਾਨਿਆ ਨਾਲ ਗਾਉਂਦੇ ਸੇ

[5]ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥[5]

---

1. ਪਾਠ, ਹਾ.ਨੁ., ਸੈ.ਹ-ਲ. ਦਾ।
2. ਹਾ.ਨੁ., ਸੈ.ਹ-ਲ. ਪਾਠ ਲੋਪ।
3. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 43.
4. ਹਾ.ਨੁ., ਸੈ.ਹ-ਲ.: ਕਹਦਾ।
5. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 953.

Scanned by CamScanner

ਤਬ ਨਾਨਕ ਕੇ ਘਰ ਏਕੋ ਨਾਮ ਵਖਾਣੀਐ॥ ਬਹੁਤ ਉਸਤਤ ਹੋਵਨ ਲਗੀ॥ ਖਰਾ ਬਹੁਤ ਗਉਗਾ[1] ਹੋਇਆ॥ ਜੋ ਕੋਈ ਹਿੰਦੂ ਮੁਸਲਮਾਨ ਜੋਗੀ ਸੰਨਿਆਸੀ ਬ੍ਰਹਮਚਾਰੀ ਤਪੀਏ ਤਪੀਸਰ ਦਿਗੰਬਰ ਬੈਸਨੋ ਉਦਾਸੀ ਗ੍ਰਸਤੀ ਬੈਰਾਗੀ ਖਾਨ ਖਨੀਨ ਉਮਰੇ ਉਮਰਾਉ ਕਰੋੜੀਏ ਜਿਮੀਦਾਰ ਭੂੰਮੀਏ ਜੋ ਕੋ ਆਵੈ ਸੋ ਪਰਚਾ ਜਾਵੈ॥ ਸਭੇ ਲੋਕ ਉਸਤਤਿ ਕਰਨ॥ ਤਬ ਜਿਥੈ ਬਾਬਾ ਰਹਿੰਦਾ ਸੀ ਉਸ ਗਿਰਾਉਂ ਪਾਸ ਇਕ ਕਰੋੜੀਆ ਰਹਿੰਦਾ ਸੀ॥ ਓਨ ਕਹਿਆ ਏਹ ਕਉਣ [2]ਹੈ॥ ਜੋ[2] ਪੈਦਾ ਹੋਇਆ ਹੈ॥ ਸੋ ਸਭ ਇਸ ਕਾ ਨਾਉ ਲੈਤੇ ਹੈਨ॥ ਹਿੰਦੂ ਤਾਂ ਖਰਾਬ ਕੀਏ ਥੇ ਪਰ ਮੁਸਲਮਾਨਾਂ ਕਾ[3] ਭੀ ਇਮਾਨ ਖੋਇਆ॥ ਕਿਆ ਈਮਾਨ ਮੁਸਲਮਾਨਾਂ ਕਾ ਜੋ ਹਿੰਦੂ ਉਪਰ ਈਮਾਨ ਕਰਤੇ ਹੈਂਨ॥ ਪਰ ਚਲਹੁ ਅਸੀਂ ਬੰਨ ਲੈ ਆਵਹਿੰ॥

ਜਾਂ ਚੜਿਆ ਘੋੜੇ ਉਪਰ ਤਾਂ ਘੋੜ ਫਰਕ ਪਇਆ॥ [4][ਉਸ ਦਿਨ ਤਾਂ ਨ ਗਿਆ][5] ਫਿਰ ਅਗਲੇ ਦਿਨ ਚੜਿਆ॥ ਤਾਂ ਆਂਵਦਾ ਆਂਵਦਾ ਰਾਹਿ ਵਿਚ ਅੰਧਾ ਹੋਇ ਗਇਆ॥ ਸੁਝਸ ਕਿਛ ਨਾਂਹੀ॥ ਤਾਂ ਬਹਿ ਗਇਆ॥ ਲੋਕਾਂ ਕਹਿਆ ਜੀ ਅਸੀਂ ਡਰਦੇ ਆਂਖ ਨਹੀਂ ਸਕਦੇ ਪਰ ਨਾਨਕ ਵਡਾ ਪੀਰ ਹੈ॥ ਤੁਸੀਂ ਉਸ ਕੀ ਬੰਦਗੀ ਸਿਮਰਣ ਕਰਹੁ॥ ਤਾਂ ਕਰੋੜੀਆ ਸਿਫਤ ਲਗਾ ਬਾਬੇ ਨਾਨਕ ਦੀ ਕਰਣ॥ ਅਤੇ ਪਾਸਲੇ[5] ਲੋਕ ਭੀ ਲੱਗੇ ਬਾਬੇ ਵਲ ਸਿਜਦਾ ਕਰਣ॥ [6][ਤਾਂ ਕਰੋੜੀਐ ਕਹਿਆ ਜੋ ਬਾਬਾ ਵਡਾ ਮਰਦ ਹੈ][6] ਤਾਂ ਕਰੋੜੀਆ ਅਸਵਾਰ ਹੋਇਆ ਤਾਂ ਪਟ ਘੋੜੇ ਉਪਰਹੁ ਢਹਿ ਪਇਆ॥ ਦਿਸੈ ਕਿਛੁ ਨਾਂਹੀ॥

ਤਬ ਲੋਕਾਂ ਕਹਿਆ ਦੀਵਾਨ ਜੀ ਤੂੰ ਭੁਲਦਾ ਹੈ ਜੋ ਘੋੜੇ ਚੜਦਾ ਹੈਂ॥ ਨਾਨਕ ਵਡਾ ਪੀਰ ਹੈ॥ ਤੂੰ ਪਿਆਦਾ ਹੋਇ ਕਰ ਚਲ ਜੋ ਤੂੰ ਬਖਸੀਐ॥ ਤਾਂ ਕਰੋੜੀ ਪਿਆਦਾ ਹੋਇ ਚਲਿਆ॥ ਜਿਥੈ ਬਾਬੇ ਦੀ ਦਰਗਾਹ ਦਿਸ ਆਈ ਤਾਂ ਤਿਥੈ ਖੜਾ ਹੋਇ ਕਰ ਲਗਾ ਸਲਾਮ ਕਰਣ॥ ਨੇੜੇ ਆਇਆ ਤਾਂ ਇਹੁ ਪੈਰੀ ਪਇਆ॥ ਬਾਬੇ ਬਹੁਤ ਖੁਸੀ ਕੀਤੀ॥ ਬਾਬੇ ਤਿੰਨ ਦਿਨ ਰਖਿਆ ਬਾਬਾ ਬਹੁਤ ਮਿਹਰਵਾਨ[7] ਹੋਆ॥ ਤਾਂ ਕਰੋੜੀਐ ਅਰਜ ਕੀਤੀ॥ ਬਾਬਾ ਜੀ ਤੇਰਾ ਹੁਕਮ ਹੋਵੈ ਤਾਂ ਇਕ ਚਕ ਬਨਾਵਾਂ ਤੇਰੇ ਨਾਂਵ ਕਾ॥ ਕਰਤਾਰ ਪੁਰ ਨਾਉਂ ਰਖੀਐ॥ ਧਰਮਸਾਲਾ ਪਾਈਐ॥ ਤਾਂ ਕਰੋੜੀਆ ਵਿਦਿਆ ਹੋਇਆ॥

41.
[ਭਾਗੀਰਥ, ਮਨਸੁਖ ਤੇ ਸਿਵਨਾਭ]

ਤਾਂ ਪਿਛਹੁ ਕਾਲੂ ਆਪਣੇ ਆਦਮੀ ਸਭ ਲੈਕਰ ਬਾਬੇ ਪਾਸ ਆਇਆ॥ ਬਾਬਾ ਟਿਕਿਆ॥ ਸੰਗਤ ਸਿਖ ਲਗੇ ਹੋਂਦੇ ਜਾਣ॥ ਬਾਬੇ ਉਹ ਭੇਖ ਉਤਾਰਿਆ॥ ਇਕ ਚਾਦਰ ਤੇੜ ਇਕ ਉਪਰ ਇਕ ਪਟਕਾ ਸਿਰ ਨਿਰੰਜਨ ਨਿਰੰਕਾਰ ਦਾ ਸਰੂਪ ਧਰਿਆ ਜਗਤ

---

1. ਸੈ.ਹ-ਲ.: ਗਲਗੁਲਾ।
2. ਪੰ.ਹ-ਨ., ਸੈ.ਹ-ਲ. ਪਾਠ ਲੋਪ।
3. ਉਹੀ।
4. ਪਾਠ ਪੰ.ਹ-ਨ., ਸੈ.ਹ-ਲ. ਦਾ।
5. ਪੁਰਾਤਨ.: ਪਾਸ।
6. ਪਾਠ ਪੰ.ਹ-ਨ., ਸੈ.ਹ-ਲ. ਦਾ।
7. ਪੁਰਾਤਨ.: ਖੁਸੀ।

Scanned by CamScanner

ਨਿਸਤਾਰਣ ਕੇ ਤਾਂਈ॥ ਜਗਤ ਵਿਚ ਡੋਰੀ ਉਭਰ ਗਈ ਜੋ ਵਾਹੁ ਵਾਹੁ ਨਾਨਕੁ ਜੀ ਵਾਹੁ ਵਾਹੁ ਵਡਾ ਭਗਤ ਪੈਦਾ ਹੋਆ ਹੈ॥

ਤਬ ਇਕ ਖਤਰੀ ਥਾ ਖਰਾ ਗਰੀਬ ਯਤੀਮ ਸਾ॥ ਉਸ ਕੇ ਘਰ ਇਕ ਕੁੜੀ ਸੀ ਘਰਹੁ ਖਰਾ ਆਜਜ ਸੀ॥ ਸਰ ਕਿਛ ਨਾ ਸੀ ਆਂਵਦਾ॥ ਉਨ ਬਾਬੇ ਪਾਸ ਆਇ ਅਰਦਾਸ ਕੀਤੀ ਅਜੀ ਗਰੀਬ ਨਿਵਾਜ ਮੇਰੇ ਤੇ ਸਰ ਕਿਛ ਨਾਹੀਂ ਆਂਵਦੀ॥ ਬੇਟੀ ਕੁਆਰੀ ਹੈ ਕਿਛ ਪਰਮੇਸਰ ਕੇ ਨਾਇ ਅੰਗੀਕਾਰ ਕਰ[1] ਖਸਮਾਨਾ ਹੋਵੈ॥ ਤਾਂ ਬਾਬੇ ਹੁਕਮ ਕੀਤਾ॥ ਜਿ ਕਿਛੁ ਵਸਤੁ ਤੈਨੂੰ ਚਾਹੀਦੀ ਹੈ ਸੋ ਤੂੰ ਲਿਖਾਇ ਲੈ ਆਉ॥ ਅਸੀਂ ਅਣਾਇ ਦੇਹਾਂਗੇ॥ ਉਨ ਖਤਰੀ ਵੀਵਾਹ ਦੀ ਵਸਤ ਸਭ ਲਿਖ ਆਂਦੀ॥ ਜਿਤਨੀ ਲੋੜੀਦੀ ਸੀ॥

ਤਾਂ ਬਾਬੇ ਹੁਕਮ ਕੀਤਾ ਭਾਗੀਰਥ ਆਣਦਿ ਨੋ॥ ਭਾਈ ਭਾਗੀਰਥਾ ਤੂੰ ਲਾਹੌਰ ਜਾਇ॥ ਜਿਤਨੀਆਂ ਵਸਤੂ ਲੋੜੀਦੀਆਂ ਹੈਨ ਅਤੇ ਲਿਖੀਆਂ ਹੈਨ ਸੋ ਸਭਿ ਲੈ ਕੇ ਤੁਧ ਆਵਣੀਆਂ॥ ਜੇ ਭਲਕੇ ਰਹਿਓਂ ਤਾਂ ਜਨਮ ਵਿਗੜੀਗਾ॥ ਉਹ ਭੈਮਾਨ ਹੋਕਰ ਉਠ ਦਉੜਿਆ॥ ਲਾਹੌਰ ਆਇਆ॥ ਇਕ ਸ਼ਾਹ ਬਾਣੀਏ ਨੂੰ ਮਿਲਿਆ ਆਖਿਓਸੁ॥ ਮੈਨੂੰ ਇਤਨੀਆਂ ਵਸਤੂ ਲੋੜੀਦੀਆਂ ਹੈਨ ਮੈਨੂੰ ਆਣ ਦੇਹਿ॥ ਤਬ ਉਨ ਬਾਣੀਏ ਕਹਿਆ ਅੱਜ ਰਹੁ ਭਲਕੇ ਨੂੰ ਸਭੇ ਵਸਤੂ ਹੋਇ ਆਵਣਗੀਆਂ॥

ਤਾਂ ਭਗੀਰਥ ਆਖਿਆ ਮੈ ਜਾਣਾ ਹੈ॥ ਰਹਿੰਦਾ ਨਾਹੀ॥ ਤਾਂ ਉਨ ਬਾਣੀਏ ਆਖਿਆ ਜੋ ਵਸਤੂ ਸਭ ਹੋਵਣਗੀਆਂ ਪਰ ਇਕ ਚੂੜਾ ਨਾ ਹੋਸੀਆ ਚੂੜੇ ਚੀਰੀਦੇ ਰੰਗੀਦੇ ਰਾਤ ਪਵੇਗੀ॥ ਅੱਜ ਤੂੰ ਰਹੁ ਭਾਗੀਰਥਾ॥ ਭਾਗੀਰਥ ਆਖਿਆ ਮੈਂ ਤ੍ਰਈ[2] ਕਾਲ ਰਹਾਂ ਨਾਹੀਂ॥ ਬਾਣੀਏ ਆਖਿਆ ਅਜ ਰਹੇ ਬਾਝ ਕੰਮ ਹੋਂਦਾ ਨਹੀਂ॥ ਤਬ ਉਨ ਬਾਣੀਏ ਆਖਿਆ ਤੂੰ ਸਾਮ ਸਾਮ ਰਹੁ ਜੇ ਕੰਮ ਚੂੜੇ ਦਾ ਤੈਂ ਕਰਣਾ ਹੈ॥ ਤਾਂ ਭਾਗੀਰਥ ਕਹਿਆ ਜੋ ਅਜ ਕੰਮ ਨਾਹੀਂ ਸਉਰਦਾ ਅਤੇ ਹੁਕਮ ਸਿਰ ਨਾ ਜਾਵੇ ਤਾਂ ਮੇਰਾ ਜਨਮ ਵਿਗੜੇਗਾ॥ ਤਾਂ ਉਨ ਬਾਣੀਏ ਆਖਿਆ ਭਾਈ ਕਿਸੇ ਕਾ ਸਾਹਿਬ ਹੋਂਦਾ ਹੈ ਕਰੜਾ ਤਾਂ ਉਹ ਚਾਕਰ ਕਹਿੰਦਾ ਹੈ ਜੋ ਮੇਰਾ ਸਾਹਿਬ ਖਿਝੇਗਾ ਮੇਰਾ ਵਜਹੁ ਕਟੈਗਾ॥ ਤੂੰ ਜੋ ਕਹਿੰਦਾ ਹੈਂ ਜੋ ਹੁਕਮ ਵਿਚ ਨਾ ਜਾਵੈਗਾ ਤਾਂ ਮੇਰਾ ਜਨਮ ਵਿਗੜੇਗਾ॥ ਸੋ ਤੇਰਾ ਸਾਹਿਬ ਕੈਸਾ ਹੈ ਜਿਸ ਕੇ ਕੋਪ ਤੇ ਤੇਰਾ ਜਨਮ ਵਿਗੜੇਗਾ॥

ਤਾਂ ਭਗੀਰਥ ਕਹਿਆ ਮੇਰਾ ਸਾਹਿਬੁ ਗੁਰੂ ਹੈ॥ ਜੇ ਹਉਂ ਉਸ ਦੇ ਹੁਕਮ ਸਿਰ ਨਾ ਜਾਵਾਂ ਤਾਂ ਮੇਰਾ ਜਨਮ ਵਿਗੜੈ॥ ਤਾਂ ਉਨ ਬਾਣੀਏ ਕਹਿਆ ਭਾਈ ਅਜ ਕਲੀਕਾਲ ਕੇ ਗੁਰੂ ਕਿਆ ਹੈਨ ਜਿਨ ਕੇ ਕਹੇ ਤੇਰਾ ਜਨਮ ਵਿਗੜੇ॥ ਤਾਂ ਭਾਗੀਰਥ ਆਖਿਆ॥ ਜੋ ਮੇਰਾ ਸਾਹਿਬ ਗੁਰੂ ਮਹਾਂ ਪੁਰਖ ਹੈ॥ ਤਾਂ ਉਨ ਬਾਣੀਏ ਕਹਿਆ ਜੋ ਰੇ ਘਰ ਬੂਠੇ ਕਲੀਕਾਲ ਮਹਿ ਮਹਾਂ ਪੁਰਖ ਕਹਾਂ ਹੈ॥ ਤਬ ਭਾਗੀਰਥ ਆਖਿਆ ਨਾਂ ਜੀ ਮੇਰਾ ਗੁਰੂ ਮਹਾਂ ਪੁਰਖ ਪੂਰਨ ਹੈ॥ ਮਹਾਂ ਪੁਰਖ ਹੈ॥ ਨਿਰੰਜਨ ਰੂਪ ਹੈ॥

ਤਬ ਉਨ ਬਾਣੀਏ ਕਹਿਆ ਚਲ ਹਉਂ ਤੇਰੇ ਸਾਥ ਚਲਦਾ ਹਾਂ॥ ਇਕ ਚੂੜਾ ਹੈ ਮੇਰੇ ਘਰ ਰੰਗਿਆ ਹੋਆ॥ ਤੂੰ ਆਪਣੇ ਪਾਸ ਗੂਹ ਬੰਧ ਰਖ॥ ਜਉ ਤੇਰਾ ਗੁਰੂ

---

1. ਹਾ.ਨੁ., ਸੈ.ਹ-ਲ.: ਕਰੀਏ।
2. ਬੀ 6.: ਤੀਹੇ; , ਸੈ.ਹ-ਲ.: ਤ੍ਰੈਹੇ।

ਮਹਾਂ ਪੁਰਖ ਹੋਇਗਾ ਤਾਂ ਤੇਰਾ ਭੀ ਗੁਰੂ ਅਤੇ ਮੇਰਾ ਭੀ ਗੁਰੂ॥ ਅਰ ਜੇ ਮਹਾਂ ਪੁਰਖ ਨਾ ਹੋਆ ਤਾਂ ਵਸਤੂ ਦੇਵਾਂਗਾ ਅਰ ਮੁਲ ਲੇਵਾਂਗਾ॥

ਤਾਂ ਭਾਗੀਰਥ ਅਰ ਬਾਣੀਆਂ ਦੋਨੋਂ ਚਲੇ॥ ਗੁਰੂ ਬਾਬੇ ਕੋਲ ਆਏ॥ ਤਾਂ ਬਾਬੇ ਅਗੋਂ ਕਹਿਆ ਭਾਗੀਰਥਾ ਜਿਧਰ ਜਾਹਿ ਤਿਧਰ ਬਹਿ ਰਹੇਂ॥ ਜਬਾਬ ਨ ਲੈ ਆਵਹਿ॥ ਅਜੇ ਉਹ ਆਂਵਦੇ ਸੇ ਰਾਹਿ ਵਿਚ ਉਨ ਵਾਕ ਸੁਣ ਪਾਇਆ ਤਾਂ ਉਸ ਬਾਣੀਏ ਕੇ ਕਪਾਟ ਖੁਲ੍ਹ ਗਏ॥ ਜੋ ਏ ਮਹਾਂ ਪੁਰਖ ਅੰਤਰਜਾਮੀ ਹੈ॥ ਆਇ ਪੈਰੀਂ ਪਏ॥ ਤਬ ਉਸ ਬਾਣੀਏ ਕੀ ਨਿਸਾ ਭਈ ਦਰਸ਼ਨ ਦੇਖਣੇ ਨਾਲ॥ ਪੈਰੀਂ ਪਉਂਦੋ ਨਿਹਾਲ ਹੋਇ ਗਇਆ॥ ਤੀਨ ਬਰਸ ਬਾਬੇ ਕੋਲ ਰਹਿਆ॥ ਫੇਰ ਬਾਬੇ ਵਿਦਿਆ ਕੀਤਾ॥ ਗੁਰੂ ਬਾਬੇ ਦੀ ਬਾਣੀ ਬਹੁਤ ਸਿਖਆਸੁ॥ [1]ਸਿਖਿ ਪੋਥੀਆਂ[1] ਲੀਤੀਓਸੁ॥ ਗੁਰੂ ਪਾਸਹੁ ਵਿਦਿਆ ਹੋਆ॥ ਵਿਦਿਆ ਹੋਇ ਘਰਿ ਆਇਆ ਲਹੌਰ ਵਿਚ॥

ਓਨ ਵਪਾਰੀ ਸਾਹ ਲੋਕ ਬੁਲਾਏ॥ ਹਟ ਦੀ ਵਸਤੂ ਸਭ ਸਉਂਪੀ॥ ਆਪ ਸਮੁੰਦਰ ਜਹਾਜ ਕਰ ਚਲਿਆ॥ ਜਹਾਂ ਰਾਜਾ ਸਿਵਨਾਭਿ[2] ਰਹਿੰਦਾ ਥਾ ਉਸ ਨਗਰੀ ਜਾਹਿ ਰਹਿਆ॥ ਵਾਪਾਰ ਲਗਾ ਕਰਣ॥ ਵਡੀ ਰਾਤ ਤਾਈਂ ਕੀਰਤਨ ਕਰੈ॥ ਜਿਥੈ ਪਹਿਰ ਰਾਤ ਰਹੈ ਤਿਥੈ ਉਠ ਕਰ ਠੰਢੈ ਪਾਣੀ ਨਾਲ ਨਾਵੇ॥ ਗੁਰੂ ਬਾਬੇ ਦੀ ਆਗਿਆ ਹੈ ਜੋ ਠੰਢੈ ਪਾਣੀ ਨਾਲ ਨਾਵੈਗਾ ਪਹਿਰ ਰਾਤ ਰਹਿੰਦੀ ਅਤੈ ਗੁਰੂ ਕਾ ਨਾਉਂ ਜਪਹਿਗੇ ਉਨ ਕਉ ਪਰਮੇਸਰ ਕੇ ਦਰ ਅੰਮ੍ਰਿਤ ਪੀਐਗਾ॥ ਅਜੂਨੀ ਸੰਭੂ ਸੰਗ ਸਮਾਵੈਗਾ॥ ਜਹਾਂ ਗੁਰੂ ਬਾਬੇ ਕਾ ਨਿਵਾਸ ਹੈ॥ ਤਹਾਂ ਉਹ ਰਖੀਅਹਿੰਗੇ॥

ਅਰ ਬੇਦ[3] ਕਹਿਤਾ ਹੈ॥ ਜੋ ਪਹਿਰ ਰਾਤ ਸਿਉਂ ਨਾਵੈਗਾ ਤਿਓ ਕਉ ਸਵਾ ਮਣ ਸੋਨੇ ਕਾ ਪੁੰਨ ਹੋਵੈਗਾ॥ ਜੋ ਚਉ ਘੜੀਆਂ ਰਾਤ ਨੂੰ ਨਾਵੈਗ ਸਵਾ ਮਣ ਪਾਣੀ ਕਾ ਪੁੰਨ ਹੋਵੈਗਾ॥ ਜੋ ਦਿਨ ਚੜੇ ਨਾਵੈਗਾ ਤਿਸ ਨੂੰ ਪੁੰਨ ਨਾ ਪਾਪ॥ ਏਹ ਤਾਂ ਬੇਦ[3] ਕਹਿਤਾ ਹੈ॥ ਅਰ ਬਾਬੇ ਦੀ ਆਗਿਆ ਹੈ ਜੋ ਮੇਰਾ ਸਿਖ ਪ੍ਰਾਤਕਾਲ ਨਾਵੈਗਾ ਸਿਰ ਪਾਣੀ ਠੰਢਾ ਪਾਵੈਗਾ ਤਿਸ ਕੀ ਪਰਮ ਗਤ ਹੋਵੈਗੀ॥ ਜੀਵਦਾ ਭੀ ਮੁਕਤਾ ਅਰ ਮੁਆ ਵੀ ਮੁਕਤਾ॥

ਅਰ ਓਹ ਬਾਣੀਆਂ ਪਹਿਰ ਰਾਤ ਰਹਿੰਦੀ ਨਾਵੈ ਪਾਣੀ ਠੰਢੈ ਨਾਲ॥ ਨਾਇ ਕਰ ਜਪ ਪੜੈ॥ ਅਰ ਪੋਥੀ ਸਬਦ ਪੜ ਕੇ ਪ੍ਰਾਤਕਾਲ ਹੋਂਦੇ ਨੂੰ ਪਰਸਾਦਿ ਜੇਂਵ ਕੈ ਜਾਇ ਸੰਸਾਰ ਕੀ ਕੀ ਪ੍ਰਕ੍ਰਿਤਿ ਕਰੇ॥ ਰਾਤੀਂ ਆਵੈ ਤਾਂ ਗੁਰੂ ਕਾ ਸਬਦ ਗਾਵੈ॥ ਅਰ ਉਸ ਵਲ ਕੇ ਲੋਕ ਦਿਨ ਚੜੇ ਇਸਨਾਨ ਕਰਹਿ॥ ਦੁਆਦਸ ਟਿਕੇ ਚੜਾਵਹਿ ਅਰ ਆਇਤਵਾਰ ਅਮਾਵਸ ਇਕਾਦਸੀ ਬਰਤ ਕਰਹਿਂ॥ ਦੇਹੁਰੇ ਕੀ ਪੂਜਾ ਕਰਹਿ॥ ਠਾਕਰ ਦੁਆਰੇ ਭੀ ਜਾਂਹਿ॥ ਓਹ ਬਾਣੀਆਂ ਨਾ ਵਰਤ ਨਾ ਪੂਜਾ ਨਾ ਅਮਾਵਸੁ ਨਾ ਆਇਤਵਾਰ॥ ਉਨ ਕੀ ਕਾਈ ਪ੍ਰਕ੍ਰਿਤ ਨ ਕਰੇ॥ ਇਸ ਵੱਲ ਕੇ ਜੇ ਹਿੰਦੂ ਜਾਂਹਿ

1. ਪਾਠ ਪੰ.ਹ-ਲ., ਸੈ.ਹ-ਲ. ਦਾ; ਬੀ 6. : ਪੋਥੀਆਂ ਸਿਖਿ।
ਇਸ ਕਾਤਬੀ ਸ਼ਬਦ-ਪਲਟੇ ਨੇ ਭਾਈ ਵੀਰ ਸਿੰਘ ਅਤੇ ਉਸ ਦੇ ਪਾਛੂ ਸੰਪਾਦਕਾਂ ਨੂੰ 'ਸਿਖਿ' ਨੂੰ ਲਿਖ ਉਠਾਲਣ ਲਈ ਪਰੇਰਤ ਕੀਤਾ। ਹਟਵਾਣੀਆਂ ਸਿੱਖੀ ਜੀਵਨ-ਜਾਚ ਅਤੇ ਬਾਣੀ ਸਿੱਖ ਸਕਦਾ ਸੀ, ਉਹ ਕਾਤਬ ਨਹੀਂ ਸੀ।
2. ਪੰ.ਹ-ਨ., ਸੈ.ਹ-ਲ. : ਸਿਉ ਨਾਭ (ਹੰਦਾਲੀ ਟਕਸਾਲ ਦੇ ਸ਼ਬਦਜੋੜ)।
3. ਅਰਥਾਤ, ਵੇਦਕ-ਗੀਤ।

Scanned by CamScanner

ਤਿਸ ਕੋ ਓਹ ਭ੍ਰਸਟ ਕਰ ਘਤਨ॥ ਤਬ ਲੋਕਉ ਉਸ ਬਾਣੀਏ ਕੀ ਚਰਚਾ ਚਲਾਈ॥ ਤਬ ਚਲੀ ਚਲੀ ਬਾਤ ਰਾਜੈ ਸਿਵਨਾਭਿ[1] ਪਾਸ ਚਲ ਪਈ ਜੋ ਜੀ ਇਕ ਜੋ ਬਾਣੀਆ ਹੈ ਹਿੰਦੂ ਕਹਾਂਵਦਾ ਹੈ ਅਰ ਕਰਮ ਭ੍ਰਸਟ ਕਰਦਾ ਹੈ॥ ਤਬ ਰਾਜੇ ਕਹਿਆ॥ ਜੋ ਰੇ ਉਸ ਬਾਣੀਏ ਕਉ ਬੁਲਾਇ ਲੇ ਆਵਹੁ ਮੈਂ ਉਸ ਕਉ ਪੂਛਹੁ॥ ਜੋ ਰੇ ਉਹ ਕਿਉ ਐਸੀ ਬਾਤ ਕਰਤਾ ਹੈ ਹਿੰਦੂ ਜਨਮ ਹੋਇ ਕੈ॥ ਤਬ ਰਾਜੇ ਕੇ ਦੂਤ ਉਸ ਬਾਣੀਏ ਕਉ ਬੁਲਾਇ ਲੈ ਆਏ॥ ਤਬ ਓਹ ਬਾਣੀਆਂ ਰਾਮ ਰਾਮ ਕਰ ਕੈ ਸਿਰ ਨਿਵਾਇ ਕਰ ਨਲੀਏਰ ਦੇ ਮਿਲਿਆ॥ ਤਬ ਰਾਜੇ ਪੁਛਿਆ ਜੋ ਰੇ ਬਾਣੀਏ ਤੂੰ ਹਿੰਦੂ ਜਨਮ ਹੈਂ ਤੂੰ ਬਰਤ ਨੇਮ ਪੂਜਾ ਨਹੀਂ ਕਰਤਾ ਸੋ ਕਿਉਂ ਨਹੀਂ ਕਰਤਾ॥

][2][ਜੋ ਜੀ ਜਿਸ ਕਾਰਣ ਤੁਮ ਬਰਤ ਨੇਮ ਸੰਜਮ ਕਰਤੇ ਹੋ ਸੋ ਵਸਤ ਮੈਂ ਪਾਈ ਹੈ॥ ਕਿਆ ਵਰਤ ਨੇਮ ਕਰਉ॥ ਤਬ ਰਾਜੇ ਪੁਛਿਆ ਕਉਣ ਵਸਤ ਤੈਂ ਪਾਈ ਹੈ ਜਿਸ ਤੇ ਤੇਰਾ ਸੰਤੋਖ ਹੂਆ ਹੈ॥ ਕਹੇ ਜੀ ਮੈਂ ਮਹਾਂਪੁਰਖ ਕਾ ਦਰਸ਼ਨ ਕੀਆ ਹੈ ਜਿਸ ਕੇ ਦਰਸਨ ਮੁਕਤਿ ਪਾਈ ਹੈ॥ ਤਬ ਰਾਜੇ ਕਹਿਆ॥ ਤੇਰੀ ਨਿਸਾ ਹੋਈ ਹੈ ਉਸ ਕੇ ਦਰਸਨ॥ ਤਬ ਬਾਣੀਏ ਕਹਿਆ ਜੀ ਪਰਮੇਸਰ ਮਿਲਿਆ ਤਾਂ ਨਿਸਾ ਦੀ ਕਿਆ ਚਲੀ ਹੈ॥ ਤਬ ਰਾਜੇ ਕਹਿਆ ਰੇ ਬਾਣੀਏ ਕਲਜੁਗ ਮੈਂ ਐਸਾ ਕਉਣ ਹੈ ਮਹਾਂਪੁਰਖ ਜਿਸ ਕੇ ਦਰਸਨ ਮੁਕਤਿ ਪਾਈਐ॥

ਕਹੈ ਜੀ ਐਸਾ ਬਾਬਾ ਨਾਨਕ ਹੈ ਜਿਸ ਕੈ ਨਾਮ ਲੀਐ ਮੁਕਤਿ ਪਾਈਤੀ ਹੈ॥ ਤਬ ਉਨ ਬਾਣੀਐਂ ਬਾਬੇ ਨਾਨਕ ਜੀ ਕੀ ਬਾਣੀ ਪ੍ਰਗਟ ਕਰੀ॥ ਤਬ ਰਾਜੇ ਸਿਵਨਾਭਿ[1] ਬਾਣੀ ਸੁਣੀ ਸੁਣਿ ਕੈ ਤ੍ਰਿਪਤ ਹੋਇ ਗਇਆ॥ ਰੋਮ ਰੋਮ ਮਗਨ ਹੋਇ ਗਇਆ॥ ਗੁਰੂ ਬਾਬੇ ਦੀ ਬਾਣੀ ਜੋ ਸੁਣੀ ਰਾਜੇ ਸਮਝੀ॥ [3][ਤਾਂ ਉਨਿ ਕਹਿਆ ਰੇ ਬਾਣੀਐ ਜਿਸ ਕੇ ਇਹ ਬਚਨ ਹੈਨਿ ਉਹ ਮੇਰਾ ਗੁਰੂ ਹੈ ਤਬ ਰਾਜਾ ਸਿਵ ਨਾਭ ਗੁਰੂ ਬਾਬੇ ਨਾਨਕ ਕਾ ਸਿਖ ਹੋਆ॥ ਤਉ ਰਾਜੈ ਕਹਿਆ][3] ਜੁ ਹੋ ਭਾਈ ਬਾਣੀਏ ਤੂੰ ਮੇਰੇ ਤਾਂਈ ਆਪਨੇ ਨਾਲ ਲੈ ਚਲ ਜਹਾਂ ਗੁਰੂ ਬਾਬਾ ਨਾਨਕ ਹੈ॥ ਮੈਂ ਦਰਸਨ ਦੇਖਉਂ॥ ਤਬ ਉਨ ਬਾਣੀਐ ਕਹਿਆ ਜੀ ਇਉਂ ਤੂੰ ਚਲੈ ਤਾਂ ਕਿਆ ਜਾਪੈ ਤੂੰ ਪਹੁੰਚ ਸਕਹਿ ਕਿ ਨਾ ਸਕਹਿ॥ ਪਰ ਤੂੰ ਜੀਅ ਵਿਚ ਅਰਾਧ ਤੇਰੇ ਤਾਈਂ ਈਹਾਂ ਹੀ ਮਿਲੈਗਾ॥ ਤਬ ਰਾਜੇ ਸਿਵਨਾਭਿ[1] ਕਹਿਆ ਜਿਸ ਧਰਤੀ ਗੁਰੂ ਬਾਬਾ ਨਾਨਕ ਰਹਿਤਾ ਹੈ ਸੋ ਧਰਤੀ ਤੂੰ ਕਹੁ।

ਕਹੈ ਜੀ ਲਾਹੌਰ ਤੇ ਕੋਸ ਪੰਦਰਾਂ ਕਰਤਾਰਪੁਰ ਬੰਨਿਆ ਹੈ ਪੰਜਾਬ ਕੀ ਧਰਤੀ ਮਾਂਹਿ॥ ਊਹਾਂ ਗੁਰੂ ਬਾਬਾ ਨਾਨਕ ਰਹਿਤਾ ਹੈ॥ ਸਥਾਨ ਤਲਵੰਡੀ ਰਾਇ ਭੋਇ ਭਟੀ ਕੀ ਰਾਵੀ ਕੇ ਪਾਰ॥ ਨਾਮ ਸੁਥਾਨ ਰਾਵੀ ਦੇ ਉਰਾਰ ਕਰਤਾਰਪੁਰ ਬੰਨ੍ਹਿਆਂ ਹੈ॥ ਊਹਾਂ ਮਹਾਂਪੁਰਖ ਰਹਿਤਾ ਹੈ॥ ਸਭਨੀ ਥਾਂਈ ਹੈ॥ ਜਹਾਂ ਜਹਾਂ ਅਰਾਧੀਐ ਤਹਾਂ ਤਹਾਂ ਹਾਜਰ ਹੈ॥ ਤਬ ਰਾਜੇ ਕਹਿਆ ਤਉ ਚਲੋ ਲਾਹੌਰ ਕਉ ਜੋ ਜਾਇ ਕਰ ਦਰਸਨ ਕਰਉ॥ ਤਬ ਉਨ ਬਾਣੀਐ ਕਹਿਆ ਜੋ ਜੀ ਮਹਾਂ ਪੁਰਖ ਕਾ ਸੁਭਾਊ ਹੈ ਚਲ ਕੈ ਕੋਈ ਨਾਂਹੀ ਅਪੜਿਆ॥ ਕਹੈ ਜੀ ਤੂੰ ਆਪਨੇ ਆਤਮੇ ਅੰਦਰ ਅਰਾਧ ਗੁਰੂ ਬਾਬਾ ਅੰਤਰਜਾਮੀ

---

1. ਪੰ.ਹ-ਨ., ਸੈ.ਹ-ਲ.: ਸਿਉ ਨਾਭ।
2. ਪੰ.ਹ-ਨ., ਸੈ.ਹ-ਲ. ਵਾਧੂ ਪਾਠ: ਤਬ ਉਨਿ ਬਾਣੀਐ ਕਹਿਆ।
3. ਪਾਠ ਪੰ.ਹ-ਨ., ਸੈ.ਹ-ਲ. ਦਾ।

Scanned by CamScanner

ਹੈ॥ ਤੁਝ ਕਉ ਈਹਾਂ ਹੀ ਮਿਲੈਗਾ॥ ਤਬ ਰਾਜੇ ਸਿਵਨਾਭਿ ਏਹੁ ਬਾਤ ਮੰਨ ਲੀਤੀ॥ ਤਬ ਉਹ ਬਾਣੀਆ ਵਿਦਾ ਹੋਆ॥ ਉਨ ਬਾਣੀਐ ਚਲਤੀ ਵੇਰੀ ਕਹਿਆ ਜਿ ਰਾਜਾ ਜੀ ਤੂੰ ਧੰਨ ਹੈ ਗੁਰੂ ਬਾਬਾ ਨਾਨਕ ਤੈਨੂੰ ਮਿਲੇਗਾ ਪਰ ਤੂੰ ਲਖ ਸਕਹਿੰਗਾ ਨਾਹੀ॥ ਕਿਆ ਜਾਪੈ ਕਿਤ ਰੂਪ ਤੁਝ ਕਉ ਆਇ ਦਰਸਨ ਦੇਇਗਾ॥ ਜੋਗੀ ਕੇ ਰੂਪ ਕਿ ਬ੍ਰਹਮਣ ਕੇ ਰੂਪ ਕਿ ਡੰਡੀਧਾਰੀ ਕੇ ਰੂਪ ਕਿ ਦਿਗੰਬਰ ਕੇ ਰੂਪ ਕਿ ਖਤ੍ਰੀ ਕੇ ਰੂਪ ਕਿ ਬੈਰਾਗੀ ਕੇ ਰੂਪ ਕਿ ਸੰਨਿਆਸੀ ਕੇ ਰੂਪ ਬ੍ਰਹਮਚਾਰੀ ਕੇ ਰੂਪ ਕਿ ਕਲੰਦਰ ਕੇ ਰੂਪ ਕਿ ਹਿੰਦੂ ਕੇ ਰੂਪ ਕਿ ਮੁਸਲਮਾਨ ਕੇ ਰੂਪ ਅਤੇ ਸਭੇ ਰੂਪ ਉਸਦੇ ਹੈਨ॥ ਇਉਂ ਨਾ ਜਾਣੀਐ ਤੇਰੇ ਤਾਂਈ ਕਿਤ ਰੂਪ ਦਰਸਨ ਦੇਵੈਗਾ॥ ਓਹ ਅਬਿਨਾਸੀ ਪੁਰਖ ਹੈ॥ ਤੂੰ ਸਮਝਤਾ ਰਹੀਐ॥

ਤਬ ਓਹ ਬਾਣੀਆਂ ਊਹਾਂ ਤੇ ਜਹਾਜ ਭਰ ਕੇ ਚਲਿਆ॥ ਰਾਜੇ ਕਉ ਪਿਛੈ ਬਹੁਤ ਉਦਾਸੀ ਹੋ ਰਹੀ ਗੁਰੂ ਬਾਬੇ ਕੇ ਦਰਸਨ ਕੀ॥ ਸਦਾ ਸਦਾ ਚਿਤਵਨੀ ਕਰੈ ਸੋਵਤੇ ਬੈਠਤੇ ਉਠਤੇ ਅਠ ਪਹਰ ਗੁਰੂ ਬਾਬੇ ਦੀ ਚਾਹ ਵਿਚ ਰਹੇ ਅਉਰ ਠਉਰ ਮਨ ਠਹਰਾਵੈ ਨਹੀਂ ਨਿਤਾਪ੍ਰਤਿ ਬਾਬੇ ਹੀ ਕੀ ਚਾਹ ਵਿਚ ਰਹੇ॥ ਤਬ ਰਾਜੇ ਜੀਆ ਨਾਲ ਕੀਤਾ ਜੋ ਕਾਈ ਗਲ ਪਿਛੈ ਬਾਬਾ ਨਾਨਕ ਲਖਿਆ ਜਾਵੈ॥ ਹੋਰਤ ਗਲੇ ਨਹੀਂ ਹੱਥ ਆਵਣਦਾ॥ ਇਤ ਗਲ ਹਥ ਆਵੈ ਜੋ ਭਲੀਆਂ ਸਰੂਪੀਆਂ ਇਸਤ੍ਰੀਆਂ ਬੁਲਾਈਆਂ॥ ਉਨਾਂ ਕਉ ਰਾਜੇ ਕਹਿ ਛਡਿਆ ਜੋ ਕੋਈ ਚਹੁ ਵਰਨਾਂ ਵਿਚ ਫਕੀਰ ਉਦਾਸੀ ਆਵੈ ਤਿਸ ਕੀ ਖ਼ੂਬ ਸੇਵਾ ਕਰਨੀ ਅਰ ਉਸ ਕੋ ਮੋਹ ਲੈ ਜਾਣਾ॥ ਮਤਲਬ ਏਹ ਜੋ ਗੁਰੂ ਬਾਬਾ ਨਾਨਕ ਮੋਹਿਆ ਨਾ ਜਾਵੈਗਾ॥ ਅਬ ਰਾਜੇ ਭਲੀਆਂ ਸਰੂਪੀਆਂ ਚੇਰੀਆਂ ਪੈਦਾ ਕੀਤੀਆਂ॥ ਉਨ ਕਉ ਕਹਿਆ ਜੋ ਕੋਈ ਆਵੈ ਤਿਸ ਕੀ ਸੇਵਾ ਕਰਹੁ॥ ਕੋਈ ਸੰਨਿਆਸੀ ਬ੍ਰਹਮਚਾਰੀ ਜੋਗੀ ਦਿਗੰਬਰ ਵੈਸ਼ਨੋ ਹਿੰਦੂ ਮੁਸਲਮਾਨ ਹੋਵੈ ਫਕੀਰ ਦਰਵੇਸ਼ ਹੋਵੈ ਅਤੀਤ ਬੈਰਾਗੀ ਹੋਵੈ ਤਿਸ ਕੀ ਸੇਵਾ ਕਰਹੁ॥ ਐਸੀ ਸੇਵਾ ਕਰਹੁ ਕਿ ਉਸਕਾ ਧਰਮ ਛੁਟ ਜਾਇ॥ ਰਾਜੇ ਕੇ ਜੀਅ ਏਹ ਵਰਤੀ ਜਿ ਕੋਈ ਪੂਰਾ ਹੋਇਗਾ ਸੋ ਤਿਸ ਕਾ ਧਰਮ ਰਹੇਗਾ ਅਰ ਜੋ ਕਲੀ ਕਾਲ ਕਾ ਹੋਇਗਾ ਤਿਸ ਕਾ ਧਰਮ ਨਾ ਰਹੇਗਾ॥ ਕਲਿ ਮਹਿ ਪੂਰਾ ਬਾਬਾ ਨਾਨਕ ਹੈ ਅਵਰ ਕੋਈ ਨਾਹੀਂ॥ ਪਾਈਐ ਤਾਂ ਇਸ ਹੀ ਬਾਤ ਪਾਈਐ ਨਾਤਰ ਹੋਰ ਬਾਤ ਨਹੀਂ ਪਾਵਣੇ ਕੀ॥ ਬਾਬਾ ਨਾਨਕ ਅੰਤਰਜਾਮੀ ਪੂਰਨ ਪੁਰਖ ਹੈ ਰਾਜੇ ਕੇ ਅਰਾਧਨੇ ਕਰਕੈ ਆਵੈਗਾ॥ ਤਬ ਉਹ ਬਾਣੀਆਂ ਊਹਾਂ ਤੇ ਪੰਜਾਬ ਕੀ ਧਰਤੀ ਜਾਇ ਪਹੁਤਾ॥

ਦੂਜੀ ਉਦਾਸੀ ਦੱਖਣ ਦੀ

42.
[ਸੈਦੋ ਸੀਹੇ ਤੇ ਵਰਣ]

ਦੁਤੀਆ ਉਦਾਸੀ ਕੀਤੀ ਦੱਖਣ ਕੀ॥ ਅਹਾਰੁ ਤਲੀ ਭਰਿ[1] ਰੇਤ ਕੀ ਕਰਹਿ॥ ਤਦਹੁ ਪੈਰੀ ਖੜਾਵਾਂ ਕਾਠ ਕੀਆਂ [2]॥ ਹਥਿ ਆਸਾ॥ ਸਿਰਿ[3] ਰਸੇ ਪਲੇਟੇ॥ [4]ਬਾਹਾਂ ਜਾਂਘਾਂ ਰਸੇ ਪਲੇਟੇ[4] ਮਥੇ ਟਿਕਾ ਬਿੰਦੁਲੀ ਕਾ॥ ਤਦਹੁੰ ਨਾਲਿ ਸੈਦੋ ਜਟੁ ਜਾਤ ਘੇਹੋ ਥਾ॥

---

1. ਹਾ.ਨੁ., ਖਾ.ਹ-ਲ., ਸੈ.ਹ-ਲ. ਪਾਠ ਲੋਪ।
2. ਖਾ.ਹ-ਲ. ਵਾਧੂ ਪਾਠ : ਸਿਰ ਟੋਪੀ।
3. ਖਾ.ਹ-ਲ. : ਜੰਘੀਂ।
4. ਹਾ.ਨੁ., ਖਾ.ਹ-ਲ., ਸੈ.ਹ-ਲ. ਪਾਠ ਲੋਪ।

Scanned by CamScanner

ਤਦਹੁ ਬਾਬਾ ਧਨਾਸਰੀ ਦੇਸਿ ਜਾਇ ਨਿਕਲਿਆ॥ ਤਬ ਕੋਈ ਦਿਨ ਊਹਾ ਰਹੈ॥ ਤਬ ਰਾਤਿ ਕੈ ਸਮੈਂ [1]ਸੈਦੋ ਅਤੈ ਸੀਹੋ ਜਾਤ ਘੇਹੋ[1] ਦੋਵੈ ਦਰੀਆਇ ਜਾਵਨਿ॥ ਸੇਵਾ ਕਰਨਿ ਪਹਿਰੁ ਰਾਤਿ ਰਹਦੀ ਨੂੰ ਜਾਵਨਿ॥ ਅਤੈ ਮਨਿ ਵਿਚਿ ਧਾਰਨਿ [2]ਜੋ ਗੁਰੂ ਖੋਆਜੇ ਤੇ ਪਾਈ ਹੈ[2]॥ ਤਉ ਗੁਰੂ ਉਤੈ ਥਾਇ ਪਾਈ ਹੈ॥ ਇਕ ਸਮੇ ਓਨਾਂ ਆਖਿਆ ਜੋ ਅਸੀ ਭੀ ਸੇਵਾ ਕਰਾ [3]ਤਿਤ ਦਰੁ॥ ਏਕ ਦਿਨ[3] ਇਕ ਰਾਤਿ ਕਉ ਦੇਖਨਿ ਤਾ ਇਕੁ ਮਰਦੁ ਚਲਿਆ ਆਂਵਦਾ ਹੈ॥ ਹਥਿ ਮਛੀ ਹੈਸੁ॥ ਤਾਂ ਓਸੁ ਮਰਦ ਪੁਛਿਆ ਤੁਸੀ ਕਉਣ ਹਉ॥ ਤਦਹੁ ਸੈਦੋ ਅਤੇ ਸੀਹੋਂ[4] ਬੋਲਿਆ ਜੋ ਅਸੀ ਗੁਰੂ ਨਾਨਕ ਕੇ ਸਿਖ ਹਾਂ॥ ਤਬ ਰਾਤਿ ਕੈ ਸਮੈ ਉਸ ਮਰਦ ਪੁਛਿਆ ਤੁਸੀ ਕਹਾਂ ਚਲੇ ਹਉ॥ ਤਬ ਸੈਦੋ ਬੋਲਿਆ ਜੋ ਜੀ ਅਸੀ ਨਿਤਾਪ੍ਰਤ ਪਹਰੁ ਰਾਤਿ ਨੁ ਖੋਆਜੇ ਦੀ ਸੇਵਾ ਕਰਣਿ ਜਾਂਦੇ ਹਾਂ ਜੋ ਅਸਾਡੇ ਗੁਰੂ ਖੋਆਜੇ ਤੇ ਹੀ ਪਾਇਆ ਹੈ॥ [5][ਅਸੀਂ ਭੀ ਖੁਆਜੇ ਹੀ ਪਾਸ ਜਾਂਦੇ ਹਾਂ][5]

ਤਬ ਸੈਦੋ ਪੁਛਿਆ ਜੀ ਤੁਸੀ ਕਉਣ ਹਉ ਕਿਥੈ ਜਾਵਹੁਗੇ॥ ਤਬ ਓਹੁ ਮਰਦੁ ਬੋਲਿਆ ਜੋ ਮੈਂ ਖੁਆਜਾ ਹਾਂ ਗੁਰੂ ਪਾਸਿ ਜਾਂਦਾ ਹਾਂ ਨਿਤਾਪ੍ਰਤਿ ਇਤੁ ਸਮੈ ਜਾਂਦਾ ਹਾਂ ਸੇਵਾ ਕਰਣਿ॥ ਅਜੁ ਮਛਲੀ ਭੇਟਿ ਲੈ ਚਲਿਆ ਹਾਂ॥ ਤਬ ਸੈਦੋ ਸੀਹੋਂ[4] ਆਇ ਪੈਰੀ ਪਏ॥ ਆਖਿਓਨੈ ਜੀ ਅਸੀਂ ਆਖਦੇ ਹਾਂ ਜੋ ਗੁਰੂ ਤੁਸਾਂ ਤੇ ਪਾਇਆ ਹੈ ਅਤੇ ਤੁਸੀਂ ਆਖਦੇ ਹਉ ਜੋ ਅਸੀ ਨਿਤਾਪ੍ਰਤ ਸੇਵਾ ਕਰਣਿ ਜਾਂਦੇ ਹਾਂ ਅਜੁ ਗੁਰੂ ਜੀ ਕੀ ਭੇਟਿ ਮਛੁਲੀ ਲੈ ਚਲੇ ਹਾਂ॥ ਤਦਹੁ ਖੁਆਜੇ ਖਿਦਰਿ ਆਖਿਆ ਏ ਸਾਹਿਬ ਕੇ ਲੋਕੁ ਮੈਂ ਪਾਣੀ ਹਾਂ ਅਤੈ ਓਹੁ ਪਉਣੁ ਗੁਰੂ ਹੈ॥ ਮੈ ਕਈ ਵਾਰ ਉਸ ਤੇ ਉਪਜਿਆ ਹਾਂ॥ ਅਰੁ ਕਈ ਵਾਰ ਉਸ ਮਹਿ ਸਮਾਇ ਗਇਆ ਹਾਂ॥

ਤਬ ਸੈਦੋ ਅਤੇ [4]ਸੀਹੋ ਜਾਤਿ ਘੇਹੋਂ[4] ਦੋਵੈ ਸਿਖ ਆਇ ਗੁਰੂ ਪਾਸਿ ਪੈਰੀ ਪਏ॥ ਤਦਹੁ ਗੁਰੂ ਪੁਛਿਆ ਅਜੁ ਤੁਸੀ ਇਸ ਵਖਤੇ ਕਿਉਂ ਆਏ ਆਗੇ ਦਿਨਿ ਚੜੇ ਆਵਤੇ॥ ਤਬ ਸੈਦੋ ਘੇਹੋ ਦੁਹੀ ਬੇਨਤੀ ਕਰਿ ਸੁਣਾਈ ਖੁਆਜੇ ਮਿਲੇ ਕੀ॥ ਤਬ ਬਾਬਾ ਬੋਲਿਆ ਸਲੋਕੁ ਮ: ੨॥

[6]ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥[6]

---

1. ਹਾ.ਨੁ., ਸੈ.ਹ-ਲ. ਸੈਦੋ ਤੇ ਘੇਹੋ ਦੋਵੇ।
2. ਹਾ.ਨੁ., ਸੈ.ਹ-ਲ. ਪਾਠ ਲੋਪ।
3. ਹਾ.ਨੁ., ਖਾ.ਹ-ਲ., ਸੈ.ਹ-ਲ. ਪਾਠ ਲੋਪ।
4. ਹਾ.ਨੁ. : ਘੇਹੋ।
5. ਪਾਠ ਹਾ.ਨੁ., ਸਿ.ਹ-ਲ., ਸੈ.ਹ-ਲ. ਦਾ।
6. ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 146.

[1]ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥
ਮ: ੨॥ ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥[1]

ਤਬਿ ਗੁਰੂ ਬਾਬਾ ਧਨਾਸਰੀ ਦੇਸਿ ਕੋਈ ਦਿਨੁ ਰਹਿਆ॥ ਓਥੈ ਬਹੁਤੁ ਲੋਕ ਨਾਉ ਧਰੀਕ ਹੋਏ॥ ਗੁਰੂ ਗੁਰੂ ਲਗੈ ਜਪਣਿ॥

43.

[ਅਨਭੀ ਸਰੇਵੜਾ]

ਤਬ ਇਕ ਸਰੇਵੜੇ ਕਾ ਮਟੁ ਥਾ॥ ਉਸ ਕੀ [2]ਲੋਕੁ ਬਹੁਤੁ ਪੂਜਾ[2] ਕਰੈ॥ ਤਬ ਉਸ ਸੁਣਿਆ ਜੋ ਗੁਰੂ ਆਇਆ ਹੈ॥ ਤਾ ਉਹੁ ਆਪਣੇ ਸਿਖ ਮੇਲਿ ਕਰਿ ਲੈ ਆਇਆ॥ ਆਇ ਦਰ ਕੈ ਬਾਹਰਵਾਰਿ ਵਿਛਾਵਣਿ ਕੀਤੇ॥ ਬਾਹਰ ਬੈਠਾ॥ ਅਰੁ ਗੁਰੂ ਜੋਗੁ ਆਖਿ ਭੇਜਿਓਸੁ ਜੋ ਬਾਹਰਿ ਆਉ॥ ਤਬ ਗੁਰੂ ਬਾਬਾ ਬਾਹਰਿ ਆਇਆ॥ ਤਦਹੁੰ ਅਨਭੀ ਸਰੇਵੜੈ ਪੁਛਿਆ ਗੁਰੂ ਬਾਬੇ ਜੋਗੁ ਜੋ ਤੂ ਅੰਨੁ ਨਵਾਂ ਪੁਰਾਣਾ ਖਾਵਤਾ ਹੈ ਅਤੈ ਚਣਿ ਭੂਨੇ ਖਾਵਤਾ ਹੈ ਅਤੈ ਪਾਣੀ ਠੰਢਾ ਪੀਵਤਾ ਹੈ [3]ਬਿਨੁ ਛਾਣਿਆ[3] ਬਨਿ ਝੂਣਿ ਝੂਣਿ ਖਾਂਦਾ ਹੈ ਅਤੇ ਗੁਰੂ ਕਹਾਂਵਦਾ ਹੈ ਸੋ ਤੈ ਕਿਆ ਗੁਣੁ ਪਾਇਆ ਹੈ ਜੋ ਨਿਤਾਪ੍ਰਤਿ ਜੀਆ ਮਾਰਦਾ ਹੈ॥ ਤਬ ਗੁਰੂ ਬਾਬਾ ਬੋਲਿਆ ਰਾਗੁ ਮਾਝ ਕੀ ਵਾਰ ਪਉੜੀ

[4]ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥
ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥
ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥
ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ॥੨੫॥
ਸਲੋਕ ਮ: ੧
ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥[4]

1. ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 146.
2. ਹਾ.ਨੁ., ਖਾ.ਹ-ਲ., ਸੈ.ਹ-ਲ. : ਪੂਜਾ ਲੋਕ ਬਹੁਤ। ਕਾਤਬੀ ਸ਼ਬਦ ਪਲਟਾ।
3. ਹਾ.ਨੁ., ਸੈ.ਹ-ਲ. ਪਾਠ ਲੋਪ।
4. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 149.

Scanned by CamScanner

[1]ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥
ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥੧॥
ਮ: ੨॥ ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ॥
ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ॥
ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ॥
ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ॥੨॥[1]

ਜਬ ਗੁਰੂ ਬਾਬੇ ਇਹੁ ਸਲੋਕੁ ਆਖਿਆ ਤਾਂ ਅਨਭੀ ਸਰੇਵੜਾ ਆਇ ਪੈਰੀ ਪਇਆ॥ ਨਾਉ ਧਾਰੀਕੁ ਹੋਆ॥ ਗੁਰੂ ਗੁਰੂ ਲਗਾ ਜਪਣਿ॥ ਤਿਤੁ ਮਹਲਿ ਬਿਸਮਾਦਿ ਵਿਚਿ ਧਨਾਸਰੀ ਦੇਸ ਏਹ ਵਾਰੁ ਹੋਈ ਸਾਪੂਰਨ ਮਾਝ ਕੀ॥ ਤਦਹੁੰ ਸੈਦੋ ਘੇਹੋ ਲਿਖੀ ਸੰਪੂਰਨੁ ਪੜਣੀ॥ ਤਬ ਧਨਾਸਰੀ ਦੇਸਿ ਬਹੁਤੁ ਨਾਉ ਧਰੀਕ ਹੋਏ॥ ਇਕ ਮੰਜੀ ਊਹਾ ਭੀ ਹੈ॥ ਤਦਹੁੰ ਬਾਬਾ ਜੀ ਓਥਹੁੰ ਰਵਦੇ ਰਹੇ॥

44.

[ਕਉਡਾ ਰਾਖਸ]

ਤਦਹੁੰ ਸਮੁੰਦ੍ਰ ਕੀ ਬਰੇਤੀ ਕੇ ਅਧ[2] ਵਿਚਿ ਭਖ ਬਿਲਾਇਤ ਹੈ॥ ਊਹਾ ਰਾਕਸੁ ਆਦਮੀ ਭਖਦਾ ਥਾ॥ ਧਨਸਾਰੀ ਦੇਸ ਕਾ॥ ਤਹਾਂ ਬਾਬਾ ਜਾਇ ਪ੍ਰਗਟਿਆ ਨਾਲ [3]ਸੈਦੋ ਸੀਹੋ ਜਟ ਜਾਤ ਘੇਹੋ ਥੇ[3]॥ ਤਬ ਰਾਕਸੁ ਆਇਆ॥ ਦੇਖਿ ਕਰਿ ਕੜਾਹਾ

1. ਮਹਲਾ ੧ ਤੇ ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 149-50.
2. ਖ.ਹ-ਲ.: ਮਧਿ।
3. ਹਾ.ਨੁ., ਖਾ.ਹ-ਲ., ਸੈ.ਹ-ਲ.: ਅਤੇ ਘੇਹੋ ਅਤੇ ਸੀਹੋ।

Scanned by CamScanner

ਤਪਾਇਆ ॥ ਤਬ[1] ਬਾਬੇ ਜੋਗੁ ਪਕੜਿ ਲੈ ਗਇਆ ॥][2][॥ ਤਬ ਸੈਦੋ ਅਤੇ ਸੀਹੋ ਲਗੈ ਬੈਰਾਗੁ ਕਰਣਿ ॥ ਆਖਿਓਨੈ ਜੋ ਅਸਾਡੇ ਜੀਅੜੇ ਭੀ ਕੜਾਹੇ ਵਿਚਿ ਤਲੀਅਨਿਗੈ ॥ ਤਬ ਬਾਬਾ ਤਪਤੇ ਕੜਾਹੇ ਵਿਚਿ ਜਾਇ ਬੈਠਾ ॥ ਤਦਹੁੰ ਬਿਸਮਾਦ ਕੈ ਘਰਿ ਆਇਆ ॥ ਤਿਤੁ ਮਹਲਿ ਸਬਦੁ ਹੋਆ ਰਾਗ ਮਾਰੂ ਵਿਚ

[3]ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥[3]

[4]ਤਬੁ ਰਾਖਸ ਕੀ ਭੁਖ ਵਿਲਾਇ ਗਾਈ[4] ॥ ਰਾਕਸੁ ਕੜਾਹਾ ਤਪਤਿ ਰਹਿਆ ॥ ਕੜਾਹਾ ਤਪੈ ਨਾਹੀ ਸੀਤਲ ਹੋਇ ਗਇਆ ॥ ਤਬ ਆਇ ਪੈਰੀ ਪਇਆ ॥ ਆਖਿਓਸੁ ਜੀ ਮੇਰੀ ਮੁਕਤਿ ਕਰੁ ॥ ਤਬ ਸੀਹੋ ਪਹੁਲ ਦਿਤੀ ॥ ਨਾਉ ਧਰੀਕੁ ਹੋਆ ॥ ਮੁਕਤਿ ਕਉ ਚਲਿਆ ॥ ਮੁਕਤਿ ਭਇਆ ॥

45.

[ਮਖਦੂਮ ਬਹਾਵਦੀ]

ਤਦਹੁ ਬਾਬਾ ਰਵਦਾ ਰਹਿਆ ਸਮੁੰਦ੍ਰ ਕੀ ਬਰੇਤੀ ਵਿਚਿ ॥ ਅਗੇ ਮਖਦੂਮ[5] ਬਹਾਵਦੀ ਸਮੁੰਦ੍ਰ ਵਿਚਿ ਮੁਸਲੇ ਉਪਰਿ ਪਇਆ ਖੇਲਦਾ ਥਾ ॥ ਤਬ ਗੁਰੂ ਭੀ ਜਾਇ ਪ੍ਰਗਟਿਆ ॥ ਤਬ ਮਖਦੂਮ ਬਹਾਵਦੀ ਦੇਖਿ ਕਰਿ ਸਲਾਮੁ ਪਾਇਆ ॥ ਆਖਿਓਸੁ ਸਲਾਮਾਅਲੇਕ ਦਰਵੇਸੁ ॥ ਤਬ ਬਾਬੈ ਜਬਾਬੁ ਦਿਤਾ ॥ ਆਖਿਓਸੁ ਅਲੇਕਮ ਸਲਾਮ ਮਖਦੂਮ ਬਹਾਵਦੀ ਕੁਰੇਸੀ ॥ ਤਬ ਦਸਤਪੋਸੀ ਲੇਕਰਿ ਬੈਠਿ ਗਇਆ ॥ ਤਬ ਮਖਦੂਮ ਬਹਾਵਦੀ ਆਖਿਆ ਨਾਨਕ ਦਰਵੇਸ ਚਲੁ ਸਮੁੰਦ੍ਰ ਕੀ ਸੈਲੁ ਕਰਿ ਆਵਹਾਂ ॥

ਤਬ ਬਾਬੈ ਆਖਿਆ ਮਖਦੂਮ ਬਹਾਵਦੀ ॥ ਕਦੇ ਸੈਲੁ ਕਰਦੇ ਨੂ ਕਛੁ ਨਦਰਿ ਭੀ ਆਇਓ ॥ ਤਬ ਮਖਦੂਮ ਬਹਾਵਦੀ ਆਖਿਆ ਨਾਨਕ ਇਕ ਦਿਨਿ ਇਕ ਮੁਨਾਰਾ ਨਦਰਿ ਆਇਆ ॥ ਤਬ ਬਾਬੇ ਆਖਿਆ ਜਾਹਿ ਉਸ ਕੀ ਖਬਰਿ ਲੈ ਆਉ ॥ ਤਬ ਮਖਦੂਮ ਬਹਾਵਦੀ ਆਖਿਆ ਬਚਨ ਹੋਵੈ ਜੀ ॥

ਤਬ ਮਖਦੂਮ ਬਹਾਵਦੀ ਮੁਸਲਾ ਸਮੁੰਦ੍ਰ ਵਿਚਿ ਪਾਇਆ ॥ ਖੇਡਦਾ ਖੇਡਦਾ

---

1. ਹਾ.ਨ੍ਰ., ਖਾ.ਹ-ਲ., ਸੈ.ਹ-ਲ. : ਤਦਹੁੰ।
2. ਪੁਰਾਤਨ. : 'ਦੇਖਿ ਕਰਿ ਹਸਿਆ'; ਬਾਕੀ ਸਾਰੇ ਨੁਸਖ਼ੇ ਬੇਮੁੱਖ ਹਨ।
3. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1002.
4. ਪਾਠ, ਹਾ.ਨ੍ਰ., ਸਿ.ਹ-ਲ., ਸੈ.ਹ-ਲ. ਦਾ; ਪੁਰਾਤਨ. : ਤਦਹੁ ਭੁਖ ਵੇਲਗਾਈ।
5. ਹਾ.ਨ੍ਰ., ਸੈ.ਹ-ਲ. : 'ਮਖਡੂਮ' ਸਮੁੱਚੇ ਪਾਠ ਵਿਚ।

Scanned by CamScanner

ਜਾਇ ਨਿਕਲਿਆ॥ ਜਾਂ ਦੇਖੈ ਤਾਂ ਇਕ ਮੁਨਾਰਾ ਹੈ॥ ਤਬ ਮਖਦੂਮ ਬਹਾਵਦੀ ਉਥੈ ਗਇਆ॥ ਅਗੇ ਜਾਵੈ ਤਾਂ ਬੀਸ ਮਰਦ ਬੈਠੇ ਹਨਿ॥ ਓਥੈ ਜਾਇ ਸਲਾਮ ਪਾਇਓਸੁ॥ ਦਸਤਪੰਜਾ ਲੈਕਰਿ ਬੈਠਿ ਗਇਆ॥ ਜਬ ਰਾਤ ਪਈ ਤਬ ਇਕੀਸ ਭਾਂਡੇ ਖਾਣਿ ਕੇ [1]ਅਰਸ ਤੇ[1] ਉਤਰੇ॥ ਤਦਹੁ ਖਾਣਾ ਫਕੀਰਾਂ ਖਾਧਾ॥ ਚਾਰੇ ਪਹਰ ਖੁਦਾਇ ਕੀ ਬੰਦਗੀ ਕਰਦੇ ਰਹੇ॥ ਜਬ ਦਿਨੁ ਚੜਿਆ ਤਬ ਓਹ ਬੀਸ ਮਰਦ ਚਲਦੇ ਰਹੈ॥

ਤਬ ਮਖਦੂਮ ਬਹਾਵਦੀ ਓਹੁ ਦਿਨੁ ਭੀ ਓਥੈ ਹੀ ਰਹਿਆ॥ ਜਬ ਪਹਰੁ ਦਿਨ ਚੜਿਆ ਤਬ ਇਕੁ ਬੋਹਿਥਾ ਆਇ ਨਿਕਲਿਆ॥ ਫਿਰਿ ਓਹੁ ਲਗਾ ਡੁਬਣਿ॥ ਤਬ ਮਖਦੂਮ ਬਹਾਵਦੀ ਖੁਦਾਇ ਆਗੈ ਹਥ ਖੜੇ ਕੀਤੇ ਜੋ ਏਹੁ ਬੋਹਿਥਾ [2]ਮੈਂ ਖੜਿਆ ਨਾ ਡੂਬੇ[2]॥ ਤਬ ਬੋਹਿਥਾ ਡੁਬਣੈ ਤੇ ਰਹਿ ਗਇਆ॥ ਜਬ ਰਾਤਿ ਪਈ ਤਬ ਓਹਿ ਮਰਦ ਫਿਰਿ ਆਏ॥ ਆਇ ਰਾਤਿ ਇਕਠੇ ਰਹੇ॥ ਤਬ ਅਗਾਸ[3] ਤੇ ਖਾਣਾ ਉਤਰੈ ਨਾਹੀ॥ ਤਬ ਰਾਤਿ ਭੀ ਫਕੀਰ ਖੁਦਾਇ ਦਾ ਜ਼ਿਕਰੁ ਕਰਦੇ ਰਹੇ॥ ਜਬ ਸੁਬਾਹ ਹੋਈ ਤਬ ਓਹੁ ਮਰਦ ਫਿਰਿ ਚਲਦੇ ਰਹੇ॥

ਤਬ ਮਖਦੂਮ ਬਹਾਵਦੀ ਓਹੁ ਦਿਨੁ ਭੀ ਉਥੈ ਰਹਿਆ॥ [4]ਤਬ ਓਹੁ ਮਰਦ ਉਠਿ ਗਏ[4]॥ ਜਬ ਦੂਸਰਾ ਦਿਨੁ ਹੋਆ ਤਬ ਓਹੁ ਮੁਨਾਰਾ ਲਗਾ ਢਹਣਿ॥ ਤਬ ਮਖਦੂਮ ਬਹਾਵਦੀ ਭੀ ਹਥਾਂ ਜੋੜੇ॥ ਆਖਿਅਸੁ ਜੋ ਮੈਂ ਬੈਠਿਆਂ ਮੁਨਾਰਾ ਨਾ ਢਹੈ[5]॥ ਤਬ ਮੁਨਾਰਾ ਢਹਣਿ ਤੇ ਰਹਿ ਗਇਆ॥ ਜਬ ਰਾਤਿ ਪਈ ਤਬ ਭੀ ਓਹੁ ਮਰਦ ਆਏ॥ ਰਾਤ ਇਕਠੇ ਮਿਲਿ ਬੈਠੇ॥ ਤਬ ਫਿਰਿ ਖਾਣਾ ਅਰਸ ਤੇ ਉਤਰੇ ਨਾਹੀ॥ ਤਦਹੁ ਉਨਾ ਯਾਰਾ[6] ਆਖਿਆ ਜੋ ਕਿਸਿ ਬਦਬਖਤ ਖੁਦਾਇ ਕੇ ਕੀਤੇ ਵਿਚਿ ਫੇਰੁ ਪਾਇਆ ਹੈ॥

ਤਬ ਆਪੋ ਵਿਚੀ ਲਗੇ ਵਿਚਾਰੁ ਕਰਣਿ ਪੁਛਣਿ॥ ਤਬ ਮਖਦੂਮ ਬਹਾਵਦੀ ਆਖਿਆ ਜੋ ਮੈਂ ਬੋਹਿਥਾ ਅਤੈ ਮੁਨਾਰਾ ਰਖਿਆ ਹੈ॥ ਤਬ ਓਨਾਂ ਮਰਦਾਂ ਪੁਛਿਆ ਏ ਦਰਵੇਸ॥ ਤੇਰਾ ਨਾਉਂ ਕਿਆ ਹੈ॥ ਤਬ ਮਖਦੂਮ ਬਹਾਵਦੀ ਆਖਿਆ ਮੇਰਾ ਨਾਉਂ ਮਖਦੂਮ ਬਹਾਵਦੀ ਪੀਰੁ ਹੈ॥ ਤਬ ਓਨਾਂ[7] ਮਰਦਾਂ ਆਖਿਆ ਏ ਦਰਵੇਸ ਏਥੇ ਪੀਰਾਂ ਪਾਤਿਸਾਹਾਂ ਕੀ ਠਉੜਿ ਨਾਹੀਂ॥ ਪੀਰ ਪਾਤਿਸਾਹ ਦੁਨੀਆਂ ਵਿਚਿ ਸੋਂਹਦੇ ਹੈਨ॥ ਅਤੈ ਖੁਦਾਇ ਕੇ ਰਾਹ ਕਾ ਦਰੁ ਨੀਵਾਂ ਹੈ॥ ਅਤੈ ਪੀਰਾਂ ਪਾਤਸਾਹਾਂ ਕਾ ਸਿਰੁ ਉਚਾ ਹੈ॥

ਤਬ ਮਖਦੂਮ ਬਹਾਵਦੀ ਸਲਾਮਾਅਲੇਕ ਕਰਿ ਕੈ ਮੁਸਲਾ [8]ਚਲਾਇੰਦਾ ਰਹਿਆ[8]॥ ਆਣਿ ਮੁਸਲਾ ਸਮੁੰਦ੍ਰ ਵਿਚ ਪਾਇਓਸੁ॥ ਮੁਸਲੇ ਉਪਰਿ ਚੜਿ ਬੈਠਾ॥

---

1. ਹਾ.ਨੁ., ਸੈ.ਹ-ਲ. ਪਾਠ ਲੋਪ।
2. ਹਾ.ਨੁ., ਸੈ.ਹ-ਲ.: ਡੂਬੈ ਨਾਹੀ।
3. ਹਾ.ਨੁ., ਸੈ.ਹ-ਲ.: ਅਰਸ।
4. ਹਾ.ਨੁ., ਸੈ.ਹ-ਲ. ਪਾਠ ਲੋਪ।
5. ਹਾ.ਨੁ., ਸੈ.ਹ-ਲ.: ਢਹੇ ਨਾਹੀ।
6. ਹਾ.ਨੁ., ਸੈ.ਹ-ਲ.: ਮਰਦਾਂ।
7. ਹਾ.ਨੁ., ਸੈ.ਹ-ਲ. ਪਾਠ ਲੋਪ।
8. ਹਾ.ਨੁ., ਸੈ.ਹ-ਲ.: ਚਲਾਇਆ ਜਾਂਦਾ ਰਿਹਾ।

Scanned by CamScanner

ਪਰੁ ਮੁਸਲਾ ਚਲੇ ਨਾਹੀ॥ ਚਾਰਿ ਪਹਰ ਦਿਨੁ ਦਰੀਆਉ ਵਿਚਿ ਬੈਠਾ ਰਹਿਆ॥ ਜਾਂ ਦਿਨੁ ਲਗਾ ਲਹਣਿ॥ ਤਾਂ ਓਹੁ ਮਰਦ ਭੀ ਆਏ ਤਬ ਦੇਖਨਿ ਤਾਂ ਸਮੁੰਦ੍ਰ ਵਿਚਿ ਬੈਠਾ ਹੈ॥ ਤਬ ਓਨਾਂ ਮਰਦਾਂ ਪੁਛਿਆ ਜੋ ਏ ਦਰਵੇਸ ਤੂੰ ਕਿਉਂ ਬੈਠਾ ਹੈਂ॥ ਤਬ ਮਖਦੂਮ ਬਹਾਵਦੀ ਆਖਿਆ ਜੋ ਮੇਰਾ ਮੁਸਲਾ ਨਹੀਂ ਚਲਦਾ॥ ਤਬ ਓਨਾਂ ਸਿਖਾਂ ਆਖਿਆ ਸਤਿਗੁਰੂ ਨਾਨਕ ਨਾਉਂ [ਅਰਾਧ][1] ਲਿਖੁ ਜੋ ਤੇਰਾ ਮੁਸਲਾ ਚਾਲੇ॥

ਤਬ ਸਤਿਗੁਰੂ ਨਾਨਕੁ [ਅਰਾਧਿਆ][2] ਲਿਖਿਆ॥ ਤਬ ਮਖਦੂਮ ਬਹਾਵਦੀ ਕਾ ਮੁਸਲਾ ਚਲਿਆ॥ ਤਬ ਬਾਬੇ ਪਾਸਿ ਆਇਆ॥ ਸਲਾਮੁ ਕਰਿ ਕੈ ਬੈਠਿ ਗਇਆ॥ ਤਬ ਬਾਬੇ ਪੁਛਿਆ ਕਿਆ ਡਿਠੋ ਮਖਦੂਮ ਬਹਾਵਦੀ॥ ਤਬ ਮਖਦੂਮ ਬਹਾਵਦੀ ਆਖਿਆ ਜੀ ਤੂ ਸਭ ਕੁਛ ਜਾਣਦਾ ਹੈਂ॥ ਤੇਰਿਆਂ ਦਾਸਾਂ ਦਾ ਸਦਕਾ ਤਉ ਤਾਈਂ ਆਇ ਪਹੁੰਚਿਆ ਹਾਂ॥ ਤਬ ਬਾਬਾ ਬੋਲਿਆ ਸਲੋਕ ਮ ੧

[3]ਸਉ ਓਲਾਮੇੑ ਦਿਨੈ ਕੇ ਰਾਤੀ ਮਿਲਨਿੑ ਸਹੰਸ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥[3]

ਤਬ ਬਾਬਾ ਬੋਲਿਆ॥ ਆਖਿਓਸੁ ਮਖਦੂਮ ਬਹਾਵਦੀ ਕਰਮ ਕਰੰਗੁ ਹੈ॥ ਓਥੇ ਹੰਸਾ ਦਾ ਕਮ ਨਾਹੀ ਹੈ॥ ਜੋ ਓਥੈ ਬਹਨਿ॥ ਤਦਹੁੰ ਮਖਦੂਮ ਬਹਾਵਦੀ ਆਇ ਪੈਰ ਚੁਮੇ॥ ਤਿਤੁ ਮਹਿਲੁ ਸਬਦੁ ਹੋਆ ਰਾਗੁ ਸ੍ਰੀ ਰਾਗ ਵਿਚਿ ਮ ੧

[4]ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥੧॥
ਦੁਨੀਆ ਕੈਸਿ ਮੁਕਾਮੇ॥
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥੧॥ਰਹਾਉ॥
ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥
ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥੨॥
ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥੩॥
ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥੪॥
ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥
ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥੫॥
ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥੬॥
ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥੭॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥੧੭॥[4]

ਤਬ ਮਖਦੂਮ ਬਹਾਵਦੀ ਮੁਸਲਾ ਹਥਹੁੰ ਸਟਿ ਪਾਇਆ॥ ਤਦਹੁੰ ਮਖਦੂਮ

---

1. ਪਾਠ ਹਾ.ਨੁ., ਸੈ.ਹ-ਲ. ਦਾ।
2. *ਉਹੀ*।
3. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 790.
4. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 64.

Scanned by CamScanner

ਬਹਾਵਦੀ ਨੂੰ ਹੁਕਮੁ ਹੋਆ ਜੋ ਜਾਹਿ ਤੂ ਪੀਰੁ ਕਰਿ॥ ਤਬ ਮਖਦੂਮ ਬਹਾਵਦੀ ਆਖਿਆ ਜੀ ਮੈ ਕਿਸ ਨੂੰ ਪੀਰ ਕਰਾਂ॥ ਤਬ ਬਾਬੈ ਬਚਨੁ ਕੀਤਾ ਜਿਸ ਨੂੰ ਸੇਖ ਫਰੀਦ ਕੀਤਾ ਹੈ॥ ਤਬ ਮਖਦੂਮ ਬਹਾਵਦੀ ਸਲਾਮੁ ਕੀਤਾ॥ ਦਸਤ ਪੰਜਾ ਲੀਆ॥ ਬਾਬੇ ਵਿਦਾ ਕੀਤਾ॥

46.

[ਸਿੱਧਾਂ ਨਾਲ ਗੋਸ਼ਟ]

ਬਾਬਾ ਭੀ[1] ਉਥਹੁ ਰਵਦਾ ਰਹਿਆ॥ ਸਮੁੰਦਰ ਕੇ ਅਧ ਵਿਚਿ ਗਇਆ॥ ਅਗੇ ਮਛਿੰਦਰ ਅਤੇ ਗੋਰਖੁ ਨਾਥ ਬੈਠੇ ਥੇ ਤਬ ਮਛਿੰਦਰ ਡਿਠਾ॥ ਦੇਖਿ ਕਰਿ ਆਖਿਓਸੁ ਗੋਰਖਨਾਥ ਏਹ ਕਉਣੁ ਆਂਵਦਾ ਹੈ ਦਰੀਆਉ ਵਿਚਿ॥ ਤਬ ਗੋਰਖਨਾਥ ਆਖਿਆ ਜੀ ਏਹੁ ਨਾਨਕ ਹੈ॥ ਤਬ ਬਾਬਾ ਜਾਇ ਪ੍ਰਗਟਿਆ॥ ਆਦੇਸੁ ਆਦੇਸੁ ਕਰਿ ਕੈ ਬੈਠਿ ਗਇਆ॥ ਤਬ ਮਛੰਦ੍ਰ ਪੁਛਿਆ॥ ਆਖਿਓਸੁ ਨਾਨਕ ਸੰਸਾਰੁ ਸਾਗਰੁ ਕੇਹਾ ਕੁ ਡਿਠੋ॥ ਕਿਤੁ ਬਿਧਿ ਦਰੀਆਉ ਤਰਿਓ॥ ਤਬ ਬਾਬਾ ਬੋਲਿਆ ਸਬਦੁ ਰਾਗ ਰਾਮਕਲੀ ਵਿਚਿ ਮ ੧

[2]ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥੧॥
ਕਿਨ ਬਿਧਿ ਸਾਗਰੁ ਤਰੀਐ॥
ਜੀਵਤਿਆ ਨਹ ਮਰੀਐ॥੧॥ਰਹਾਉ॥
ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥
ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ॥੨॥
ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ॥੩॥
ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥
ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥੪॥
ਇਨ ਬਿਧਿ ਸਾਗਰੁ ਤਰੀਐ॥
ਜੀਵਤਿਆ ਇਉ ਮਰੀਐ॥੧॥ਰਹਾਉ ਦੂਜਾ॥੩॥[2]

ਤਿਤੁ ਮਹਲਿ ਸਬਦ ਹੋਆ ਰਾਮਕਲੀ ਵਿਚਿ ਮ ੧

[3]ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ॥
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ॥੧॥
ਬਾਬਾ ਗੋਰਖੁ ਜਾਗੈ॥
ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ॥੧॥ਰਹਾਉ॥
ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥੨॥
ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥
ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥੩॥[3]

1. ਹਾ.ਨ., ਸ਼ੈ.ਹ-ਲ. ਪਾਠ ਲੋਪ।
2. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 877.
3. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 877.

[1]ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥੪॥੪॥[1]

ਤਬ ਫੇਰਿ ਮਛਿੰਦ੍ਰ ਬੋਲਿਆ॥ ਆਖਿਓਸੁ ਨਾਨਕ ਜੋਗੁ ਲੈ ਜੋ ਡੋਲਣੈ ਤੇ ਰਹੈਂ ਭਵਜਲੁ ਸੁਖਾਲਾ ਤਰਹਿੰ॥ ਤਦਹੂੰ ਗੁਰੂ ਬੋਲਿਆ॥ ਸਬਦੁ ਰਾਗੁ ਰਾਮਕਲੀ ਵਿਚ ਮ ੧

[2]ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥
ਵਸਗਤਿ ਪੰਚ ਕਰੇ ਨਹ ਡੋਲੈ॥
ਐਸੀ ਜੁਗਤਿ ਜੋਗ ਕਉ ਪਾਲੇ॥
ਆਪਿ ਤਰੈ ਸਗਲੇ ਕੁਲ ਤਾਰੇ॥੧॥
ਸੋ ਅਉਧੂਤੁ ਐਸੀ ਮਤਿ ਪਾਵੈ॥
ਅਹਿਨਿਸਿ ਸੁੰਨਿ ਸਮਾਧਿ ਸਮਾਵੈ॥੧॥ਰਹਾਉ॥
ਭਿਖਿਆ ਭਾਇ ਭਗਤਿ ਭੈ ਚਲੈ॥
ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ॥
ਧਿਆਨ ਰੂਪਿ ਹੋਇ ਆਸਣੁ ਪਾਵੈ॥
ਸਚਿ ਨਾਮਿ ਤਾੜੀ ਚਿਤੁ ਲਾਵੈ॥੨॥
ਨਾਨਕੁ ਬੋਲੈ ਅੰਮ੍ਰਿਤ ਬਾਣੀ॥
ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ॥
ਆਸਾ ਮਾਹਿ ਨਿਰਾਸੁ ਵਲਾਏ॥
ਨਿਹਚਉ ਨਾਨਕ ਕਰਤੇ ਪਾਏ॥੩॥
ਪ੍ਰਣਵਤਿ ਨਾਨਕੁ ਅਗਮੁ ਸੁਣਾਏ॥
ਗੁਰ ਚੇਲੇ ਕੀ ਸੰਧਿ ਮਿਲਾਏ॥
ਦੀਖਿਆ ਦਾਰੂ ਭੋਜਨੁ ਖਾਇ॥
ਛਿਅ ਦਰਸਨ ਕੀ ਸੋਝੀ ਪਾਇ॥੪॥੫॥[2]

ਤਬ ਗੋਰਖ ਨਾਥ ਬੇਨਤੀ ਕੀਤੀ॥ ਆਖਿਓਸੁ ਜੀ ਗੁਰ ਪੀਰੀ[3] ਤੁਸਾਡੀ ਰਹੁਰਾਸਿ ਹੈ॥ ਆਦਿ ਜੁਗਾਦਿ ਚਲੀ ਆਈ ਹੈ॥ ਤਬ ਬਾਬੈ ਆਖਿਆ ਕਵਨੁ ਗੁਰੂ ਕਰਹੁ ਗੋਰਖਨਾਥਿ॥ ਤਬ ਗੋਰਖਨਾਥਿ ਆਖਿਆ ਜੀਉ ਐਸਾ ਕਉਣੁ ਹੈ ਜੋ ਤੁਮਾਰੇ ਮਥੇ ਹਥੁ ਰਖੈ॥ ਪਰੁ ਓਹੋ ਈ ਤੁਮਰਾ ਗੁਰੂ ਜੋ ਤੁਮਾਰੇ ਅੰਗ ਤੇ ਪੈਦਾ ਹੋਵੈ॥ ਤਬ ਬਾਬੈ ਆਖਿਆ ਭਲਾ ਹੋਵੈ॥ ਤਦਹੁ ਬਾਬਾ ਰਵਦਾ ਰਹਿਆ॥ ਗੋਸਟਿ ਮਛਿੰਦ੍ਰ ਨਾਲਿ ਸੰਪੂਰਨ ਹੋਈ॥ ਬਾਣੀ ਸੈਦੋ ਜਟ ਜਾਤ ਘੇਹੋ ਲਿਖੀ॥

47.

[ਸਿਵਨਾਭ ਪ੍ਰਾਣ ਸੰਗਲੀ]

ਤਬ ਸਿੰਘਲਾਦੀਪ ਕੀ ਸੁਰਤਿ ਹੋਈ॥ ਜਾਇ ਸਮੁੰਦ੍ਰ ਅਸਗਾਹ ਵਿਚਿ ਖੜੇ ਹੋਇ॥ ਤਬ ਬਾਬੈ ਆਖਿਆ ਏਹਾ ਅਸਗਾਹ ਸਮੁੰਦ੍ਰ ਕਿਉਂ ਕਰਿ ਤਰੀਐ ਲੰਘੀਐ॥ ਤਦਹੁ ਸਿਖਾਂ ਬੇਨਤੀ ਕੀਤੀ॥ ਸੈਦੋ ਅਤੇ ਸੀਹੋ ਆਖਿਆ ਜੀ ਤੇਰੇ ਹੁਕਮ ਨਾਲਿ ਪਹਾੜ ਤਰਨਿ॥ ਤਬ ਗੁਰੂ ਬੋਲਿਆ ਆਖਿਓਸੁ ਜੋ ਏਹੁ ਸਲੋਕ ਪੜਦੇ ਆਵਹੁ॥

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 877.
2. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 877-78.
3. ਹਾ.ਨੁ., ਸੈ.ਹ-ਲ. : ਪੀਰ।

Scanned by CamScanner

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਤਬ ਬਾਬਾ ਬੋਲਿਆ ਆਖਿਓਸੁ ਜਿਸੁ ਸਿਖ ਦੈ ਮੁਹਿ ਏਹੁ ਸਲੋਕ ਹੋਵੈਗਾ ਅਤੈ ਓਹੁ ਪੜਦਾ ਜਾਵੈਗਾ ਅਤੈ ਓਸ ਦੈ ਪਿਛੈ ਜਿਤਨੀ ਸੁਣੈਗੀ ਤਿਤਨੀ ਸਭ ਭਵਜਲੁ ਪਾਰਿ ਲੰਘੈਗੀ॥ ਤਬ ਸਿਖ ਪੈਰੀ ਪਏ॥ ਆਖਿਓਨੈ ਜੀ ਜਿਸ ਨੁ ਤੁਧੁ ਭਾਵੈ ਤਿਸ ਨੂ ਪਾਰਿ ਉਤਾਰਿ॥

ਤਦਹੁ ਪਾਰਿ ਗਏ॥ ਸਿੰਘਲਾਦੀਪ[1] ਸਿਵਨਾਭਿ[2] ਰਾਜੇ ਕੈ ਗਇਆ॥ ਰਾਜੇ ਕੈ ਬਾਗਿ ਬਸੇਰਾ ਕੀਆ॥ ਸਮੁੰਦ੍ਰ ਕੇ ਪਾਰਿ ਤਬ ਰਾਜੇ ਸਿਉਨਾਭਿ ਕਾ ਨਉਲਖਾ ਬਾਗੁ ਸੁਕਾ ਪਇਆ ਥਾ ਸੋ ਹਰਿਆ ਹੋਆ॥ ਫੁਲੁ ਵਾਲੈ ਫੁਲੁ ਪੜਿਆ॥ ਪਤਾ ਵਾਲੈ ਪਤੁ ਪੜਿਆ॥ ਫਲ ਵਾਲੈ ਫਲੁ ਪੜਿਆ॥ ਤਬ ਮਘੋਰ ਬਗਵਾਨ ਦੇਖੈ ਤਾ ਬਾਗ ਬਰਸਾਂ ਕਾ ਸੁਕਾ ਪੜਿਆ ਥਾ ਸੋ ਹਰਿਆ ਹੋਆ ਹੈ॥ ਤਦਹੁ ਬਹੁਰਿ ਜਾਇ ਖਬਰਿ ਰਾਜੇ ਸਿਵਨਾਭਿ ਪਾਸਿ ਕੀਤੀਆਸੁ॥ ਆਖਿਓਸੁ ਜੀ ਬਾਹਰਿ ਆਉ॥ ਇਕਸ ਫਕੀਰ ਕੇ ਬੈਠਣਿ ਨਾਲਿ ਬਾਗ ਹਰਿਆ ਹੋਆ ਹੈ॥

ਤਬ ਰਾਜੈ ਸਿਵਨਾਭਿ ਚੇਰੀਆਂ ਭੇਜੀਆਂ ਪਦਮਣੀਆਂ॥ ਪਦਮਣੀਆ ਆਇ ਨਿਰਤਿ ਲਾਗੀਆਂ ਕਰਣਿ॥ ਅਨੇਕ ਰਾਗ ਰੰਗ ਕੀਤੇ॥ ਤਬ ਬਾਬਾ ਬੋਲਿਓ ਨਾਹੀਂ॥ ਧਿਆਨ ਵਿਚਿ ਹੀ ਰਹਿਆ॥ ਤਬ ਪਿਛਹੁ ਰਾਜਾ ਸਿਉਨਾਭੁ ਆਇਆ ਆਇ ਕੈ ਲਗਾ ਪੁਛਣਿ॥ ਆਖਿਓਸੁ ਗੁਸਾਂਈ ਤੇਰਾ ਨਾਮੁ ਕਿਆ ਹੈ॥ ਕਵਨ ਜਾਤਿ ਹੈ॥ ਤੁਮ ਜੋਗੀ ਹਉ॥ ਕਿਰਪਾ ਕਰੀਐ ਤਾਂ ਭੀਤਰਿ ਮਹਲੀ ਚਲਹੁ॥ ਤਬ ਬਾਬਾ ਬੋਲਿਆ ਸਬਦੁ ਰਾਗ ਮਾਰੂ ਵਿਚਿ ਮ ੧

[3]ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥
ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥੧॥
ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥
ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥੧॥ਰਹਾਉ॥[3]

ਤਬ ਰਾਜੇ ਪੁਛਿਆ ਜੀ ਤੁਮ ਬ੍ਰਹਮਣ ਹਉ॥ ਤਬ ਬਾਬਾ ਪਉੜੀ ਦੂਜੀ ਬੋਲਿਆ

[4]ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥
ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥੨॥[4]

ਤਬ ਫਿਰਿ ਰਾਜੇ ਪੁਛਿਆ॥ ਜੀ ਤੁਮ ਖਤ੍ਰੀ ਹਉ॥ ਤਬ ਬਾਬਾ ਤੀਜੀ ਪਉੜੀ ਬੋਲਿਆ

[5]ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥
ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ॥੩॥
ਦੋਵੈ ਸਿਰੇ ਸਤਿਗੁਰੂ ਨਿਬੇੜੇ
ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ॥
ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ॥੪॥[5]

---

1. ਹਾ.ਨ.: ਸਿੰਘਲਾਦੀਪ।
2. ਹਾ.ਨੁ., ਸੈ.ਹ-ਲ.: ਸਿਉਨਾਭ: ਇਹ ਸ਼ਬਦ-ਜੋੜ *ਜਨਮਸਾਖੀ ਬਾਲਾ* ਵਾਲੇ ਹਨ।
3. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 992.
4. *ਉਹੀ*।
5. *ਉਹੀ*।

Scanned by CamScanner

ਤਬ ਰਾਜੇ ਸਿਵਨਾਭਿ ਪੁਛਿਆ ਜੀ ਤੁਮ ਗੋਰਖਨਾਥ ਹਉ॥ ਤਦਹੁੰ ਬਾਬਾ ਬੋਲਿਆ ਪਉੜੀ ਪੰਜਵੀਂ

> [1]ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥
> ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥੫॥੧੧॥[1]

ਜਬ ਗੁਰੂ ਭੋਗੁ ਪਾਇਆ ਤਾਂ ਰਾਜਾ ਆਇ ਪੈਰੀ ਪਇਆ॥ ਬੇਨਤੀ ਕੀਤੀਆਸੁ ਆਖਿਓਸੁ ਜੀ ਮਿਹਰਿ ਕਰ ਕੈ ਘਰਿ ਚਲਹੁ॥ ਤਬ ਬਾਬੈ ਆਖਿਆ ਮੈ ਪਿਆਦਾ ਨਾਹੀ ਚਲਦਾ॥ ਤਦਹੁੰ ਰਾਜੈ ਸਿਵਨਾਭਿ ਆਖਿਆ ਜੀ ਤੇਰਾ ਦਿਤਾ ਸਭ ਕਿਛੁ ਹੈ॥ ਹੁਕਮੁ ਹੋਵੈ ਤਾ ਘੋੜੇ ਹਾਥੀ ਚੜੀਐ ਅਤੇ ਜੀ ਤਖਤ ਰਵਾਂ ਚੜੀਐ॥ ਤਬ ਗੁਰੂ ਬਾਬੇ ਆਖਿਆ ਜੋ ਹੋ ਰਾਜਾ ਅਸੀ ਮਨੁੱਖ ਦੀ ਅਸਵਾਰੀ ਕਰਦੇ ਹਾਂ॥ ਤਬ ਰਾਜੇ ਆਖਿਆ ਜੀ ਮਨੁੱਖ ਭੀ ਬਹੁਤਿ ਹੈਨਿ ਚੜਿ ਚਲੀਐ॥

ਤਬ ਬਾਬੇ ਆਖਿਆ ਹੋ ਰਾਜਾ ਓਹੁ ਮਨੁਖੁ ਹੋਵੈ ਜੋ ਰਾਜ-ਕੁੰਇਰੁ ਹੋਵੈ ਅਤੈ ਨਗਰ ਦਾ ਰਾਜਾ ਹੋਵੈ॥ ਤਿਸ ਕੀ ਪਿਠਿ ਉਪਰਿ ਚੜ੍ਹਾਂ॥ ਤਬ ਰਾਜੇ ਆਖਿਆ ਪਾਤਿਸਾਹ ਜੀ॥ ਤੇਰਾ ਕੀਤਾ ਰਾਜਾ ਮੈਂ ਹਾਂ॥ ਚੜਿ ਚਲੀਐ॥ ਤਬ ਬਾਬਾ ਰਾਜੈ ਕੀ ਪਿਠਿ ਉਪਰਿ ਚੜਿਆ॥ ਤਬ ਲੋਕ ਲਗੈ ਆਖਣਿ ਜੋ ਰਾਜਾ ਕਮਲਾ ਹੋਆ ਹੈ॥ ਤਬ ਚੜਿ ਕਰਿ ਗਇਆ॥ ਜਾਇ ਬੈਠਾ॥

ਤਬ ਰਾਣੀ ਚੰਦਕਲਾ ਅਤੈ ਰਾਜਾ ਸਿਵਨਾਭ ਹਥਿ ਜੋੜਿ ਖੜੈ ਹੋਏ॥ ਲਗੇ ਬੇਨਤੀ ਕਰਣਿ ਜੋ ਜੀ ਪਰਸਾਦ ਦਾ ਹੁਕਮੁ ਹੋਵੈ॥ ਤਦਹੁ ਬਾਬੈ ਆਖਿਆ ਜੋ ਹਮਾਰੈ ਬਰਤੁ ਹੈ॥ ਤਬ ਰਾਜੈ ਆਖਿਆ ਜੀ ਅਸਾਡਾ ਭਲਾ ਕਿਉਂਕਰਿ ਹੋਵੈ॥ ਤਬ ਗੁਰੂ ਆਖਿਆ ਜੋ ਮਨੁਛ ਕਾ ਮਾਸੁ ਹੋਵੈ॥ ਤਾਂ ਅਹਾਰੁ ਕਰਾਂ॥ ਤਬ ਰਾਜੈ ਸਿਵਨਾਭਿ ਆਖਿਆ ਜੀ ਤੇਰਾ ਸਦਕਾ ਆਦਮੀ ਭੀ ਬਹੁਤੁ ਹੈਨਿ॥ ਤਬ ਬਾਬੇ ਆਖਿਆ ਹੋ ਰਾਜਾ॥ ਓਹੁ ਆਦਮੀ ਹੋਵੈ ਜੋ ਰਾਜੇ ਦੈ ਘਰਿ ਪੁਤ੍ਰ ਹੋਵੈ ਅਤੈ ਰਾਜਕੁੰਇਰੁ ਹੋਵੈ ਅਤੇ ਬਾਰਹ ਬਰਸਾਂ ਦਾ ਹੋਵੈ॥ ਤਿਸਦਾ ਮਾਸੁ ਅਹਾਰੁ ਕਰਾਹਾ॥ ਤਬ ਰਾਜਾ ਅਤੈ ਰਾਣੀ ਚਿੰਤਾਵਾਨ ਹੋਏ॥

ਤਬ ਰਾਜੇ ਆਖਿਆ ਹੋ ਪਰਮੇਸਰ ਕੀ ਜੇ ਕਿਸੇ ਰਾਜੇ ਦੇ ਘਰਿ ਪੁਤ੍ਰ ਹੈ॥ ਤਾ ਰਾਣੀ ਕਹਿਆ ਤੇਰੇ ਕਹੇ ਸਿਉ ਕਿਉਂ ਕਰਿ ਦੇਵੈਗਾ॥ ਜਬ ਉਸ ਸਾਥਿ ਜੁਧ ਕੀਚੈ॥ ਜਬ ਓਹੁ ਜੀਤੀਐ ਤਾਂ ਪੁਤ੍ਰ ਦੇਵੈ ਅਤੈ ਇਥੈ ਹੁਣਿ ਚਾਹੀਐ॥ ਤਬ ਰਾਣੀ ਆਖਿਆ ਹੋ ਰਾਜਾ ਅਸਾਡੇ ਘਰਿ ਤਾਂ ਇਕੋ ਪੁਤ੍ਰ ਹੈ ਉਸ ਕੀ ਜਨਮਪਤ੍ਰੀ ਦੇਖ॥ ਤਬ ਜਨਮ ਪਤ੍ਰੀ ਦੇਖੀ॥ ਜਬ ਦੇਖਨਿ ਤਾਂ ਬਾਰਹ ਬਰਸਾਂ ਕਾ ਹੋਆ ਹੈ॥ ਤਬ ਰਾਜੈ ਕਹਿਆ ਬੇਟਾ ਤੇਰਾ ਸਰੀਰੁ ਗੁਰੂ ਕੇ ਕੰਮਿ ਆਂਵਦਾ ਹੈ॥ ਤੇਰੀ ਕਿਆ ਮਨਸਾ ਹੈ॥ ਤਾਂ ਲੜਕਾ ਬੋਲਿਆ ਪਿਤਾ ਜੀ॥ ਇਸ ਤੇ ਕਿਆ ਭਲਾ ਹੈ ਜੋ ਮੇਰਾ ਸਰੀਰੁ ਗੁਰੂ ਦੈ ਕੰਮਿ ਆਵੈ॥

ਤਬ ਰਾਜੈ ਆਖਿਆ ਜੁ ਇਸ ਨੂ ਸਤ ਦਿਨ ਵੀਵਾਹ ਕੀਤੇ ਹੋਏ ਹੈਨਿ ਇਸ ਕੀ ਇਸਤ੍ਰੀ ਭੀ ਪੁਛੀ ਚਾਹੀਐ॥ ਤਬ ਰਾਣੀ ਅਤੇ ਰਾਜਾ ਆਇ ਨੁਹੁ ਕੈ ਪਾਸਿ ਜਾਇ ਬੈਠੇ॥ ਤਬ ਰਾਜਾ ਬੋਲਿਆ॥ ਆਖਿਓਸੁ ਬੇਟਾ ਤੇਰੇ ਭਰਤੇ ਕਾ ਸਰੀਰੁ ਗੁਰੂ ਦੈ ਕੰਮਿ ਆਂਵਦਾ ਹੈ॥ ਤੇਰੀ ਕਿਆ ਰਜਾਇ ਹੈ॥ ਤਬ ਓਹੁ ਲੜਕੀ ਬੋਲੀ ਪਿਤਾ

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 992.

Scanned by CamScanner

ਗੁਰ ਉਪਰਿ ਹੋਵੈ ॥ [1]ਇਸ
ਜੀ ਏਸ ਦਾ ਸਰੀਰੁ ਗੁਰੂ ਦੇ ਕੰਮਿ ਆਵੈ ਅਤੈ ਮੇਰਾ ਰੰਡੇਪਾ
ਤੇ ਹੋਰ ਕਿਆ ਭਲਾ ਹੈ[1] ॥
ਤਦ ਰਾਜਾ ਸਿਉਨਾਭੁ[2] ਬੋਲਿਆ ॥
ਤਬ ਚਾਰੇ ਗੁਰੂ ਪਾਸਿ ਆਇ ਖੜੇ ਹੋਏ ॥ ਹੇ ਰਾਜਾ ਇਉਂ ਮੇਰੇ
ਆਖਿਓਸੁ ਜੀ ਏਹ ਲੜਕਾ ਹਾਜਰੁ ਹੈ ॥ ਤਬ ਬਾਬੇ ਆਖਿਆ ॥ ਇਸ ਕੈ ਪੈਰ ਪਕੜੈ
ਕੰਮਿ ਨਾਹੀ ਪਰੁ ਮਾਤਾ ਇਸ ਕੀ ਬਾਂਹਾ ਪਕੜੈ ਅਤੇ ਇਸਤ੍ਰੀ ਤਬ ਰਾਜੈ ਸਿਉਨਾਭਿ
ਅਤੇ ਤੂ ਹਥੈ ਛੁਰੀ ਲੈਕਰਿ ਜਬਹਿ ਕਰਹਿੰ ਤਾ ਮੇਰੈ ਕੰਮ ਹੈ ॥ ਗਿਨਿ ਕਰਿ
ਗੁਰੂ ਕਾ ਹੁਕਮੁ ਮੰਨਿਆ ॥ ਹਥਿ ਛੁਰੀ ਲੈਕਰਿ ਬੇਟਾ ਜਬਹਿ ਕੀਤਾ ॥ ਤਿੰਨੇ ਅਖੀ ਮੀਟਿ
ਆਣਿ ਆਗੈ ਰਾਖਿਆ ॥ ਤਬ ਬਾਬਾ ਬੋਲਿਆ ॥ ਹੇ ਰਾਜਾ ਤੁਸੀਂ ਅਤੈ ਰਾਜੇ ਕੀ ਨੁਹੁੰ
ਕਰਿ ਵਾਹਿਗੁਰੂ ਆਖਿ ਕਰਿ ਮੁਹਿ ਪਾਵਹੁ ॥ ਤਬ ਰਾਜਾ ਅਤੈ ਰਾਣੀ ਤਾ ਚਾਰੇ ਬੈਠੇ ਹਨ ॥
ਤਿਹਾਂ ਅਖੀ ਮੀਟੀਆਂ ਵਾਹਿਗੁਰੂ ਕਹਿ ਕੇ ਜਾਂ ਮੁਹਿ ਪਾਇਆ ਤਬ ਰਾਜਾ ਬਿਆਕੁਲ ਹੋਇ
ਪਰ ਜਾਂ ਅਖੀ ਖੋਲਨ ਤਾਂ ਗੁਰੂ ਬਾਬਾ ਨਾਹੀ ॥ ਸਿਰ ਤੇ ਨੰਗਾ ਗੁਰੂ ਗੁਰੂ
ਗਇਆ ॥ ਉਦਿਆਨੁ ਪਕੜਿਆ ॥ ਪੈਰਾਂ ਤੈ ਉਬਾਹਣਾ ਦਿਤੋਸੁ ॥ ਚਰਨੀ
ਕਰਦਾ ਫਿਰੇ ॥ ਤਬ ਬਾਰਹ ਮਹੀਨਿਆਂ ਪਿਛੈ ਆਇ ਦਰਸਨੁ ਸੈਦੋ ਜਟ ਜਾਤਿ
ਲਾਇਓਸੁ ਜਨਮ ਮਰਣੁ ਰਾਜੇ ਸਿਉਨਾਭਿ ਕਾ ਕਟਿਆ ਸਿਖੁ ਹੋਆ ॥ ਗੁਰੂ ਗੁਰੂ ਲਾਗਾ
ਘੋਹੋ ਪਾਹੁਲਿ ਹੁਕਮ ਨਾਲਿ ਦਿਤੀ ਸਾਰਾ ਸਿੰਘਲਾਦੀਪ ਸਿਖੁ ਹੋਆ ॥
ਜਪਣਿ ॥ ਸਾਰਾ ਖੰਡੁ ਬਖਸਿਆ ਰਾਜੇ ਸਿਵਨਾਭ ਕੈ ਪਿਛੈ ॥

ਸਿੰਘਲਾਦੀਪ ਕੀ ਸੰਗਤਿ ਕੀ ਰਹੁਰਾਸਿ ॥

ਜਬ ਰਾਤਿ ਪਵੈ ਤਾਂ ਸਭੈ ਇਕਠੇ ਆਇ ਬਹਿਨਿ ਧਰਮਸਾਲਾ ॥ ਤਬ ਇਕੁ ਸਿਖੁ ਪਰਸਾਦੁ
ਰਾਤੀ ਕਹਿ ਜਾਵੈ ॥ ਭਲਕੇ ਇਕਠੇ ਜਾਇ ਖਾਵਨਿ ॥ ਜਿਸ ਸਿਖ ਦੈ ਪਰਸਾਦੁ ਹੋਵੈ
ਤਿਸ ਕੇ ਇਕੀਸ ਮਣੁ ਲੂਣੁ ਰਸੋਈ ਪਵੈ ॥ ਤਿਤੁ ਮਹਿਲ ਗੁਹਜੀ ਬਾਣੀ ਪਰਗਾਸ ਹੋਈ ॥

ਸ੍ਰੀ ਸਤਿਗੁਰੂ ਪ੍ਰਸਾਦਿ ॥

ਲਿਖਤੰ ਪ੍ਰਾਣ ਸੰਗਲੀ[3] ॥ ਸੁੰਨ ਮਹਲ ਕੀ ਕਥਾ ॥ ਨਿਰੰਕਾਰੁ ਕਾ ਧਿਆਨੁ ॥ ਗੁਹਜੀ
ਬਾਣੀ ਬਾਬੈ ਕਾ ਬੋਲਣਾ ॥ ਪ੍ਰਾਨ ਪਿੰਡ ਕਾ ਮਾਥੰਤ ॥ ਤਦਹੁ ਬਾਬਾ ਪਉਣੁ ਅਹਾਰ
ਕਰਦਾ ਥਾ ॥ ਸਮੁੰਦ੍ਰ ਕੇ ਪਾਰਿ ਹੋਈ ॥ ਸਿੰਘਲਾਦੀਪ ਰਾਜੇ ਸਿਉਨਾਭ ਕੀ ਧਰਤੀ ਹੋਈ ॥
ਤਦਹੁ ਨਾਲਿ ਸੈਦੋ ਅਤੈ ਸੀਹੋਂ ਥੇ ਸਿਖ ਤਬ ਪ੍ਰਾਣ ਸੰਗਲੀ ਹੋਈ ॥
ਤਿਤੁ ਮਹਲਿ ਪ੍ਰਾਨ ਸੰਗਲੀ ਹੋਈ ॥ [4][ਦੋਹੀਂ ਕੀਚੀਓਨ ਪੋਥੀ][4] ਪਰੁ ਲੈ ਕਿਨੈ
ਨ ਸਕੀਆ ॥ ਓਥੈ ਹੀ ਛਡੀ ॥ ਸੈਦੋ ਘੇਹੋ ਲਿਖਾਈ ਚਰਣ ਮਝਾਰ ਕੈ ॥ ਗੋਰਖ ਹਟੜੀ
ਪਾਸਿ ॥ ਗੋਰਖ ਹਟੜੀ ਕੈ ਪਾਸਿ ਇਕੁ ਚਉਕੁ ਹੈ ਦੋ ਕੋਹ ਕਾ ॥ ਉਸ ਮੜੀ ਤੈ ਚਾਰਿ
ਕੋਸ ਹੈ ॥ ਤਿਸ ਵਿਚਿ ਅਲਿਪਤੁ ਰਹਿਣ ਲਗਾ ॥ ਪਰਗਟਿ ਕੀਤੀ ਨਾਹੀ ਅਨਾਹਦ

---

1. ਸੈ.ਹ-ਲ. ਪਾਠ ਲੋਪ।
2. ਇਸ ਪ੍ਰਸੰਗ ਵਿਚ ਸਿਵਨਾਭ/ਸਿਉਨਾਭ ਦੋਵੇਂ ਤਰ੍ਹਾਂ ਦੇ ਸ਼ਬਦਜੋੜ ਵਰਤੇ ਹਨ।
3. 'ਪ੍ਰਾਣ ਸੰਗਲੀ' ਸੈਦੋ ਦੀ ਰਚਨਾ ਹੈ ਜਿਸ ਨੂੰ ਬਾਬੇ ਦੇ ਨਾਂ ਹੇਠ ਪ੍ਰਚੱਲਤ ਕਰਨ ਦੇ ਆਸ਼ੇ ਨਾਲ, ਇਸ ਨੂੰ ਪਰਗਟ ਨਾ ਕਰ ਕੇ ਰਾਜੇ ਸਿਵਨਾਭ ਕੋਲ ਗੁਪਤ ਰੱਖਣ ਵਾਲਾ ਸਾਂਗ ਰਚਿਆ ਹੈ।
4. ਮੂਲ ਵਿਗੜੇ ਪਾਠ : 'ਦੇਹੀ ਕੀ ਚੀਨ ਮਥੀ' ਦਾ ਸੰਭਾਵੀ ਬਦਲ। 'ਪਰੁ ਲੈ ਕਿਨੈ ਨ ਸਕੀਆ' ਦਾ ਪ੍ਰਸੰਗਕ ਅਤੇ ਪ੍ਰੇਰਤ ਪੁਨਰ ਨਿਰਮਾਣ।

Scanned by CamScanner

ਬਾਣੀ॥ ਪਰੁ ਅਧ ਵਿਚਿ ਨ ਪਾਈਐਗੀ[1]॥ ਰਾਜੇ ਸਿਉਨਾਭਿ ਜੋਗੁ ਮਿਲੀ॥ ਬਚਨੁ ਹੋਆ ਜੋ ਇਕ ਆਦਮੀ ਆਵੈਗਾ ਜੰਬੂ ਦੀਪ ਤੇ॥ ਉਸ ਜੋਗੁ ਲਿਖਿ ਦੇਵਣੀ॥ ਸਲੋਕ ੧੫॥[2] ਸੈਦੋ ਥੈ ਸੰਪੂਰਣ ਥੀ॥ [3]ਦੁਏ ਉਦਾਸੀ ਹੋਏ[3]॥ ਬਾਬੈ ਆਪਣੇ ਨਾਲਿ ਰਖੇ॥ ਰਾਜੇ ਸਿਉਨਾਭਿ ਜੋਗੁ ਇਕ ਮੰਜੀ ਮਿਲੀ॥ ਰਾਜੇ ਸਿਉਨਾਭਿ ਜੋਗੁ ਗੁਰੂ ਦੀ ਖੁਸੀ ਹੋਈ॥ ਓਥਹੁ ਰਵਦੇ ਰਹੇ॥

48.

[ਬਾਢੀ ਦੀ ਝੁੱਗੀ ਢਾਹੀ]

ਏਕਸੁ ਬਾਢੀ ਕੈ ਆਇ ਰਾਤਿ ਰਹੈ॥ ਉਨਿ ਸੇਵਾ ਭਾਉ ਬਹੁਤੁ ਕੀਤਾ॥ ਮੰਜੀ ਡਾਹਿ ਦਿਤੀਅਸੁ॥ ਬਾਬਾ ਰਾਤਿ ਸੁਤਾ॥ ਭਲਕੇ ਹਥ ਨਾਲਿ ਝੁਗੀ ਦੀ ਲਕੜੀ ਪਕੀੜਅਸੁ ਅਤੇ ਪਸਵਾੜੇ ਨਾਲਿ ਮੰਜੀ ਭੰਨੀਅਸੁ॥ ਜਬ ਬਾਹਿਰ ਆਇਆ ਤਾਂ ਸੈਦੋ ਸਿਖਿ ਬੇਨਤੀ ਕੀਤੀ॥ ਆਖਿਉਸ ਜੀ ਸਾਰੇ ਸਹਰ ਵਿਚਿ ਕੋਈ ਜਾਗਾ ਨਾਹੀ ਸਾ ਦੇਂਦਾ ਇਸ ਬਾਢੀ ਠਉੜਿ ਦਿਤੀ॥ ਤਿਸ ਕੀਆ ਵਸਤੂ ਭੀ ਗਵਾਈਆ॥ ਇਕ ਝੁਗੀ ਅਤੈ ਮੰਜੀ ਥੀ ਸੋ ਭੀ ਢਾਹਿ ਭੰਨਿ ਚਲਿਓਹਿ॥ ਉਸ ਕੈ ਬਾਬਿ ਕਿਆ ਵਰਤੀ॥ ਤਬ ਬਾਬੈ ਆਖਿਆ ਸੈਦੋ ਉਸ ਕਾ ਭਾਉ ਥਾਇ ਪਇਆ ਹੈ॥ ਤਬ ਓਹੁ ਘਰਿ ਜਾਵੈ ਤਾਂ ਓਹੁ ਚਾਰੇ ਪਾਵੈ ਧਰਤਿ ਵਿਚਿ ਡੁਬ ਗਏ ਹੈਨਿ॥ ਸੋ ਉਨ ਕੈ ਤਲੈ ਚਾਰੇ ਤਾਵੜੇ ਮਾਲ ਕੇ ਹੈਨਿ॥ ਅਰੁ ਉਸ ਝੁਗੀ ਕੇ ਮਹਲਿ ਉਸਾਰੇ ਹੈਨ॥ ਅਤੈ ਉਸ ਮੰਜੀ ਕੇ ਪਲੰਘ ਹੋਇ ਹੈਨ॥ ਤਬ ਸੈਦੋ ਅਤੇ ਸੀਹੋ ਪੈਰੀ ਪਏ॥ ਤਬ ਘਰਿ ਆਏ॥ ਕੋਈ ਦਿਨੁ ਘਰਿ ਰਹੇ॥ ਤਬ ਫੇਰਿ ਰਵੇ॥

ਤ੍ਰਿਤੀਆ ਉਦਾਸੀ ਤੀਜੀ ਉਦਾਸੀ

49.

[ਕਸ਼ਮੀਰ ਬ੍ਰਹਮਦਾਸ ਪੰਡਤ]

ਤ੍ਰਿਤੀਆ ਉਦਾਸੀ ਉਤਰ ਖੰਡ ਕੀ ਉਦਾਸੀ ਕਰਣਿ ਲਗੈ॥ ਤਿਤੁ ਉਦਾਸੀ ਅਕ ਦੀਆਂ ਖਖੜੀਆਂ ਅਤੈ ਫੁਲ ਅਹਾਰੁ ਕਰਦਾ ਥਾ ਪਰਿ ਸੁਕੇ॥ ਅਤੈ ਪੈਰੀ ਚਮੜਾ ਅਤੈ ਸਿਰਿ ਚਮੜਾ॥ ਸਾਰੀ ਦੇਹ ਲਪੇਟਿਅਸੁ॥ ਅਤੈ ਮਾਥੈ ਟਿਕਾ ਕੇਸਰ ਕਾ॥ ਤਦਹੁ ਨਾਲਿ ਹਸੂ ਲੁਹਾਰੁ ਅਤੇ ਸੀਹਾਂ ਛੀਂਬਾ ਥੇ॥ ਤਬ ਬਾਬਾ ਕਸਮੀਰ ਗਇਆ॥ ਕੋਈ ਦਿਨੁ ਓਥੈ ਭੀ ਰਹਿਆ॥ ਲੋਕੁ ਬਹੁਤੁ ਨਾਉ ਧਰੀਕ ਹੋਏ॥

ਤਬ ਕਸਮੀਰ ਕਾ ਪੰਡਿਤੁ ਬ੍ਰਿਹਮਦਾਸੁ ਥਾ॥ ਉਸ ਸੁਣਿਆ ਜੋ ਇਕ ਫਕੀਰੁ ਆਇਆ ਹੈ॥ ਤਬ ਉਸ ਕੈ ਸਾਥਿ ਦੁਇ ਉਠ ਪੁਰਾਣਾ ਕੇ ਚਲਨਿ ਅਤੈ ਗਲਿ ਵਿਚਿ ਠਾਕੁਰ ਹੈ॥ ਆਇ ਰਾਮ ਰਾਮ ਕੀਤਿਓਸੁ॥ ਕਰਿ ਕੈ ਬੈਠਿ ਗਇਆ॥ ਤਬ ਭੇਖੁ ਦੇਖਿ ਕੈ ਆਖਿਓਸੁ ਤੂ ਕੇਹਾ ਸਾਧੂ ਹੈ॥ ਤੈ ਚਮੜੇ ਕਿਉ ਪਹਰੇ ਹਨਿ॥ ਅਤੈ ਰਸੇ ਕਿਉ ਪਲੇਟੇ ਹੈਨਿ॥ ਅਤੈ ਤੁਸੀ ਕਿਰਿਆ ਕਰਮੁ ਕਿਉ ਛੋਡਿਆ ਹੈ ਅਤੈ ਮਾਸੁ ਮਛੁਲੀ

---

1. 'ਸੈਦੋ ਥੈ ਸੰਪੂਰਣ ਥੀ' ਦਾ ਦਾਅਵਾ ਕਰਨ ਉਪਰੰਤ 'ਅਧ ਵਿਚਿ ਨ ਪਾਈਐਗੀ' ਦੀ ਮਜਬੂਰੀ ਦੱਸ ਕੇ ਨਮੂਨੇ ਮਾਤਰ ਪਹਿਲੇ ਧਿਆਇ ਦੇ 15 ਬੰਦ ਦਰਜ ਕਰ ਰਿਹਾ ਹੈ।
2. ਬੀ6 ਅਤੇ ਸਿ.ਹ-ਲ. ਵਿਚ 21 ਬੰਦ ਮਿਲਦੇ ਹਨ; ਹਾ.ਹ-ਨ. ਅਤੇ ਸੈ.ਹ-ਲ. ਵਿਚ ਇਕ ਬੰਦ।
3. ਇਹ ਕੇਵਲ ਗੋਰਖ ਦਾਸ ਦੇ ਚਸ਼ਮਦੀਦ ਗਵਾਹ 'ਬਾਲਾ' ਦਾ ਸਾਹਿਤਕ ਤੋੜ ਹੈ, ਸੈਦੋ ਅਤੇ ਸੀਹੋਂ।

Scanned by CamScanner

ਕਿਉਂ ਲਗੇ ਹਉ॥ ਤਬ ਬਾਬਾ ਬੋਲਿਆ ਪਉੜੀ ਰਾਗੁ ਮਲਾਰਿ ਵਿਚਿ॥ ਤਿਤੁ ਮਹਲਿ ਵਾਰ ਹੋਈ

ਸਲੋਕ ਮਹਲਾ ੩

[1]ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ॥
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ॥
ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ॥
ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ॥
ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ॥
ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ॥
ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥
ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ॥
ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ॥੧॥
ਮਹਲਾ ੧॥ ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ॥
ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ॥੨॥
ਪਉੜੀ॥ ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥
ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ॥
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ॥
ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥੧॥

ਸਲੋਕ ਮ: ੧॥

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥
ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥
ਮ: ੧॥ ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥੨॥
ਪਉੜੀ॥ ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ॥
ਬੈਠਾ ਤਾੜੀ ਲਾਇ ਕਵਲੁ ਛਪਾਇਆ॥
ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥
ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ॥
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ॥
ਨਾ ਤਿਸੁ ਭੁਖ ਪਿਆਸ ਰਜਾ ਧਾਇਆ॥
ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥
ਸਚੇ ਹੀ ਪਤੀਆਇ ਸਚਿ ਸਮਾਇਆ॥੨॥[1]

ਵਾਰ ਸੰਪੂਰਨ ਹੋਈ ਮਲਾਰ ਕੀ ੨੭॥

1. *ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ* 1278-79.

Scanned by CamScanner

ਤਾਂ ਬ੍ਰਹਮ ਦਾਸੁ ਪੰਡਤੁ ਆਇ ਪੈਰੀ ਪਇਆ॥ ਤਾਂ ਆਖਿਓਸੁ ਜੀ ਜਾਂ ਏਹ ਵਸਤੁ ਨਹੀਂ ਸੀ ਤਬ ਪਰਮੇਸੁਰੁ ਕਹਾਂ ਥਾ॥ ਤਦਹੁੰ ਬਾਬਾ ਬੋਲਿਆ॥ ਸਬਦੁ ਰਾਗੁ ਮਾਰੂ ਵਿਚਿ ਸੋਲਹਾ ਮ ੧

[1]ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥੨॥
ਨਾ ਤਦਿ ਸੁਰਗੁ ਮਛੁ ਪਇਆਲਾ॥
ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
ਅਵਰੁ ਨ ਦੀਸੈ ਏਕੋ ਸੋਈ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥੪॥
ਨਾ ਤਦਿ ਜਤੀ ਸਤੀ ਬਨਵਾਸੀ॥
ਨਾ ਤਦਿ ਸਿਧ ਸਾਧਿਕ ਸੁਖਵਾਸੀ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ॥੫॥
ਜਪ ਤਪ ਸੰਜਮ ਨਾ ਬ੍ਰਤ ਪੂਜਾ॥
ਨਾ ਕੋ ਆਖਿ ਵਖਾਣੈ ਦੂਜਾ॥
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ॥੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ॥
ਗੋਪੀ ਕਾਨੁ ਨ ਗਊ ਗੋੁਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥੭॥
ਕਰਮ ਧਰਮ ਨਹੀ ਮਾਇਆ ਮਾਖੀ॥
ਜਾਤਿ ਜਨਮੁ ਨਹੀ ਦੀਸੈ ਆਖੀ॥
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥੮॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥
ਨਾ ਤਦਿ ਗੋਰਖੁ ਨਾ ਮਾਛਿੰਦੋ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ॥੯॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥
ਦੇਉ ਨ ਦੇਹੁਰਾ ਗਊ ਗਾਇਤ੍ਰੀ॥
ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ॥੧੦॥
ਨਾ ਕੋ ਮੁਲਾ ਨਾ ਕੋ ਕਾਜੀ॥
ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥੧੧॥
ਭਾਉ ਨ ਭਗਤੀ ਨਾ ਸਿਵ ਸਕਤੀ॥
ਸਾਜਨੁ ਮੀਤੁ ਬਿੰਦੁ ਨਹੀ ਰਕਤੀ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ॥੧੨॥[1]

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1035-36.

Scanned by CamScanner

[1]ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥
ਪਾਠ ਪੁਰਾਣ ਉਦੈ ਨਹੀ ਆਸਤ ॥
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥
ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥[1]

ਤਬ ਬ੍ਰਹਮਦਾਸੁ ਪੰਡਤੁ ਆਇ ਪੈਰੀ ਪਇਆ ॥ ਗਲ ਤੇ ਪਥਰੁ ਸੁਟਿ ਪਾਇਆ ॥ ਨਾਉ ਧਰੀਕੁ ਹੋਆ ॥

ਸੇਵਾ ਲਾਗਾ ਕਰਣਿ ॥ ਪਰੁ ਮਨ ਤੇ ਬਾਸਨਾ ਜਾਵਸੁ ਨਾਹੀ ॥ ਜੋ ਸੇਵਾ ਕਰੇ ਸੋ ਸਾਸੁ ਭਰਿ ਸਹਿਜਿ ਸੁਭਾਇ ਕਰੈ ॥ ਮਨ ਉਤੇ ਆਣੈ ਜੋ ਮੈ ਅਗੈ ਭੀ ਏ ਸੇਵਾ ਕਰਦਾ ਥਾ ॥ ਤਬ ਹਉਮੈ ਕਾ ਸਦਕਾ ਥਾਇ ਪਵੈ ਨਾਹੀ ॥ ਤਦਹੁੰ ਗੁਰੂ ਬਾਬੈ ਏਕ ਦਿਨਿ ਆਖਿਆ ਜੋ ਜਾਹਿ ਗੁਰੂ ਕਰੁ ॥ ਤਬ ਪੰਡਿਤ ਆਖਿਆ ਜੀ ਕਉਣੁ ਗੁਰੂ ਕਰਾਂ ॥ ਤਦਹੁੰ ਗੁਰੂ ਬਾਬੈ ਆਖਿਆ ਜੋ ਜਾਹਿ ਉਦਿਆਨ ਵਿਚਿ ਇਕੁ ਕੋਠਾ ਹੈ ਤਿਥੈ ਚਾਰਿ ਫਕੀਰ ਬੈਠੇ ਹੈਨਿ ਓਹ ਤੈਨੂੰ ਦਸਨਗੇ ॥

ਤਬ ਓਥਹੁੰ ਬ੍ਰਹਮਦਾਸੁ ਚਲਿਆ ॥ ਜਾਇ ਪੈਰੀ ਪਉਣਾ ਕਹਿਆ ॥ ਤਬ ਇਕ ਘੜੀ ਸਸਤਾਇ ਕੈ ਓਨਾਂ ਸਿਖਾਂ ਕਹਿਆ ਓਸ ਮੰਦਰ ਵਿਚਿ ਤੇਰਾ ਗੁਰੂ ਹੈ ॥ ਤਬ ਪੰਡਤੁ ਆਇਆ ਆਇ ਤਸਲੀਮ ਕੀਤੀਅਸੁ ॥ ਤਬ ਅਗੈ ਸੂਹੇ ਬਸਤ੍ਰ ਪੈਧੇ ਇਸਤ੍ਰੀ ਖੜੀ ਥੀ ॥ ਤਬ ਲੈ ਕਰਿ ਪੈਜਾਰ ਬੁਰੈ ਹਾਲਿ ਮਾਰਿਆ ॥ ਤਬ ਰੋਂਦਾ ਰੋਂਦਾ ਆਇਆ ॥ ਤਬ ਓਨਾਂ ਸਿਖਾਂ ਪੁਛਿਆ ਜੋ ਗੁਰੂ ਮਿਲਿਓ ॥ ਤਬ ਓਸ ਆਪਣੀ ਹਕੀਕਤ ਆਖਿ ਸੁਣਾਈ ॥ ਤਬ ਓਨੀ ਸਿਖੀਂ ਆਖਿਆ ਭਾਈ ਜੀ ਉਹੁ ਮਾਇਆ ਸੀ ਜਿਸ ਦੀ ਤੂ ਬਾਸਨਾ ਕਰਦਾ ਥਾ ॥ ਓਹੀ ਤੇਰਾ ਗੁਰੂ ਥੀ ॥

ਤਬ ਆਇ ਗੁਰੂ ਬਾਬੇ ਦੀ ਪੈਰੀ ਪਇਆ ॥ ਦੋਵੈਂ ਊਟ ਪੁਰਾਣਾਂ ਦੇ ਸੁਟਿ ਪਾਏ ॥ ਗੁਰੂ ਗੁਰੂ ਲਗਾ ਜਪਣਿ ॥ ਸੰਗਤੀ ਦੀ ਚਰਣ ਰੇਣਿ ਹੋਆ ॥

[2]ਤਬ ਬਾਣੀ ਹਸੁ ਲੁਹਾਰ ਅਤੇ ਸੀਹੇ ਛੀਬੇ ਲਿਖੀ[2]

ਤਬ ਬਾਬੇ ਸਲੋਕੁ ਆਖਿਆ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1035-36.
2. ਸੈ.ਹ-ਲ. : 'ਤਬ ਬਾਣੀ ਹਜਾਲ ਹੋਈ ਹਸੁ ਲੁਹਾਰ ਅਤੇ ਹਜਾਲੁ ਹੋਈ ਸੀਹੇ ਛੀਬੇ ਲਿਖੀ'; ਹਸੁ ਲੁਹਾਰ ਸੀਹੇ ਛੀਬਾ ਪ੍ਰਤੀਕ ਹਨ ਪਛੜੇ ਵਰਗ ਦੇ ਲੋਕਾਂ ਦਾ ਜੋ ਬਾਬੇ ਦੀ ਵਿਚਾਰਧਾਰਾ ਸਦਕਾ ਆਤਮਕ ਅਤੇ ਸਮਾਜਕ ਉੱਚ ਅਵਸਥਾ ਨੂੰ ਪਹੁੰਚੇ।

Scanned by CamScanner

ਸਲੋਕ ਮ ੧
[1]ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥
ਪਰਸ ਰਾਮੁ ਰੋਵੈ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥
ਐਸੀ ਦਰਗਹ ਮਿਲੈ ਸਜਾਇ॥
ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥
ਜਿਨਿ ਸੀਤਾ ਆਦੀ ਡਉਰੂ ਵਾਇ॥
ਰੋਵਹਿ ਪਾਂਡਵ ਭਏ ਮਜੂਰ॥
ਜਿਨ ਕੈ ਸੁਆਮੀ ਰਹਤ ਹਦੂਰਿ॥
ਰੋਵੈ ਜਨਮੇਜਾ ਖੁਇ ਗਇਆ॥
ਏਕੀ ਕਾਰਣਿ ਪਾਪੀ ਭਇਆ॥
ਰੋਵਹਿ ਸੇਖ ਮਸਾਇਕ ਪੀਰ॥
ਅੰਤਿ ਕਾਲਿ ਮਤੁ ਲਾਗੈ ਭੀੜ॥
ਰੋਵਹਿ ਰਾਜੇ ਕੰਨ ਪੜਾਇ॥
ਘਰਿ ਘਰਿ ਮਾਗਹਿ ਭੀਖਿਆ ਜਾਇ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ॥
ਪੰਡਿਤ ਰੋਵਹਿ ਗਿਆਨੁ ਗਵਾਇ॥
ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥
ਮੰਨੇ ਨਾਉ ਸੋਈ ਜਿਣਿ ਜਾਇ॥
ਅਉਰੀ ਕਰਮ ਨ ਲੇਖੈ ਲਾਇ॥੧॥[1]

ਜਬ ਬਾਬੇ ਦੀ ਖੁਸੀ ਹੋਈ॥ ਓਥਹੁ ਰਵਦੇ ਰਹੇ॥

50.

[ਸੁਮੇਰ ਤੇ ਅਚਲ ਪਰ ਸਿੱਧਾਂ ਨਾਲ ਗੋਸ਼ਟ]

ਸਵਾਲਾਖੁ[2] ਪਰਬਤੁ ਲੰਘਿ ਅਗੈ ਸੁਮੇਰਿ ਜਾਇ ਚੜਿਆ[3]॥ ਜਹਾਂ ਮਹਾਂਦੇਵ ਕਾ ਅਸਥਾਨੁ[4] ਥਾ॥ ਤਬ ਅਗੈ ਮਹਾਦੇਓ ਅਤੇ ਗੋਰਖ ਨਾਥ ਅਤੈ ਭਰਥਰੀ ਅਤੈ ਗੋਪੀ ਚੰਦ ਅਤੇ ਚਰਪਟੁ ਬੈਠੇ ਥੇ॥ ਤਬ ਬਾਬੇ ਜਾਇ ਆਦੇਸੁ ਕੀਤਾ॥ ਬਾਬਾ ਬੈਠਿ ਗਇਆ॥ ਤਦਹੁ ਸਿਧਾਂ ਡਿਬੀ ਦਿਤੀ॥ ਤਾਂ ਆਖਿਓਨੈ ਜਾਹਿ ਜੀ ਭਰ ਲੇਆਉ ਕਲਜੁਗੁ ਕੇ ਬਾਲਕੇ॥ ਤਦਹੁੰ ਬਾਬਾ ਡਿਬੀ ਭਰਣਿ ਗਇਆ॥ ਜਾ ਪਾਣੀ ਵਿਚਿ ਪਾਏ॥ ਤਾਂ ਹੀਰੇ ਮੋਤੀ ਵਿਚਿ ਲਗੇ ਪਵਣਿ॥ ਤਬ ਗੁਰੂ ਬਾਬੈ ਡਿਬੀ ਧਰਤੀ ਨਾਲਿ ਮਾਰੀ॥ ਤਬ ਠੀਕਰੀਆਂ ਹੋਇ ਗਈਆਂ॥ ਤਦਹੁੰ ਬਾਬੈ ਠੀਕਰੀ ਜੋੜੀਆਂ ਜੋੜਿ ਕੇ ਸਲੋਕ ਦਿਤਾ॥

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 953-54.
2. ਸ਼ਿਵਾਲਿਕ ਦਾ ਬਦਲਿਆ ਰੂਪ।
3. ਸੈ.ਹ-ਲ.: ਚੜੈ।
4. ਸੈ.ਹ-ਲ.: ਅਸਥਲੁ।

Scanned by CamScanner

[1]ਭੰਨੈ ਘੜੇ ਸਵਾਰੇ ਸੋਇ॥
ਨਾਨਕ ਸਚਿ ਬਿਨੁ ਅਵਰ ਨ ਕੋਇ॥੧॥[1]

ਤਬ ਮੰਤਰਾਂ ਕੀ ਕਲਾ ਦੂਰਿ ਹੋਈ॥ ਤਬ ਛਿਬੀ ਵਿਚਿ ਪਾਣੀ ਪਾਇਆ॥ ਤਬ ਪਾਣੀ ਪਾਇਆ॥ ਤਬ ਸਿਧਾਂ ਪਾਸਿ ਭਰਿ ਲੈ ਆਇਆ॥ ਤਬ ਸਭਨਾਂ ਸਿਧਾਂ ਪਾਣੀ ਪੀਤਾ॥ ਪਰੁ ਪਾਣੀ ਨਿਖੁਟੈ ਨਾਹੀ॥ ਤਬ ਮਹਾਂਦੇਉ ਪੁਛਿਆ ਤੂੰ ਗਿਰਹੀ ਹੈਂ ਕਿ ਉਦਾਸੀ ਹੈਂ॥ ਤਦਹੁ ਬਾਬੈ ਆਖਿਆ ਜੋ ਉਦਾਸੀ ਕੇ ਲਛਣੁ ਕਉਣ ਹੈਨਿ ਅਰੁ ਗਿਰਹੀ ਕੇ ਲਛਣ ਕਉਣ ਹੈਨਿ॥ ਤਬ ਮਹਾਂਦੇਉ ਬੋਲਿਆ

[2]ਸੋ ਗਿਰਹੀ ਜੋ ਨਿਗ੍ਰਹੁ ਕਰੈ॥
ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥
ਸੋ ਗਿਰਹੀ ਗੰਗਾ ਕਾ ਨੀਰੁ॥
ਬੋਲੈ ਈਸਰੁ ਸਤਿ ਸਰੂਪੁ॥
ਪਰਮ ਤੰਤ ਮਹਿ ਰੇਖ ਨ ਰੂਪੁ॥੨॥[2]

ਤਬ ਗੁਰੂ ਜਬਾਬੁ ਦਿਤਾ

[3]ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ॥
ਕੰਨ ਪੜਾਇ ਕਿਆ ਖਾਜੈ ਭੁਗਤਿ॥
ਆਸਤਿ ਨਾਸਤਿ ਏਕੋ ਨਾਉ॥
ਕਉਣੁ ਸੁ ਅਖਰੁ ਜਿਤੁ ਰਹੈ ਹਿਆਉ॥
ਧੂਪ ਛਾਵ ਜੇ ਸਮ ਕਰਿ ਸਹੈ॥
ਤਾ ਨਾਨਕੁ ਆਖੈ ਗੁਰੁ ਕੋ ਕਹੈ॥
ਛਿਅ ਵਰਤਾਰੇ ਵਰਤਹਿ ਪੂਤ॥
ਨਾ ਸੰਸਾਰੀ ਨਾ ਅਉਧੂਤ॥
ਨਿਰੰਕਾਰਿ ਜੋ ਰਹੈ ਸਮਾਇ॥
ਕਾਹੇ ਭੀਖਿਆ ਮੰਗਣਿ ਜਾਇ॥੭॥[3]

ਤਬ ਫਿਰਿ ਗੋਪੀ ਚੰਦੁ ਬੋਲਿਆ॥ ਗੋਪੀ ਚੰਦੁ ਉਦਾਸੀ ਥਾ॥ ਉਦਾਸ ਕੇ ਗੁਣ ਲੈ ਬੋਲਿਆ

ਮ: ੧॥

[4]ਸੋ ਉਦਾਸੀ ਜਿ ਪਾਲੇ ਉਦਾਸੁ॥
ਅਰਧ ਉਰਧ ਕਰੇ ਨਿਰੰਜਨ ਵਾਸੁ॥
ਚੰਦ ਸੂਰਜ ਕੀ ਪਾਏ ਗੰਢਿ॥
ਤਿਸੁ ਉਦਾਸੀ ਕਾ ਪੜੈ ਨ ਕੰਧੁ॥
ਬੋਲੈ ਗੋਪੀ ਚੰਦੁ ਸਤਿ ਸਰੂਪੁ॥
ਪਰਮ ਤੰਤ ਮਹਿ ਰੇਖ ਨ ਰੂਪੁ॥੪॥[4]

---

1. ਇਹ ਗੁਰਬਾਣੀ ਨਹੀਂ।
2. ਸਲੋਕ ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 952.
3. *ਉਹੀ*, ਪੰਨਾ 953.
4. *ਉਹੀ*, ਪੰਨਾ 952.

Scanned by CamScanner

ਤਬ ਬਾਬੈ ਜਬਾਬੁ ਦਿਤਾ

ਸਲੋਕੁ

ਤ੍ਰਿਹੁ ਕਾ ਮਾਰਿ ਮਿਲਾਵੈ ਮਾਨੁ ॥
ਪੰਚਾ ਮਹਿ ਰਹੈ ਪਰਧਾਨ ॥
ਪੰਚਾ ਕਾ ਜੇ ਜਾਣੈ ਭੇਉ ॥
ਸੋਈ ਕਰਤਾ ਸੋਈ ਦੇਉ ॥
ਅਗਮ ਨਿਗਮ ਜੋ ਵਾਚਿ ਸੁਣਾਵੈ ॥
ਬੰਧੈ ਨ ਉਗਰਹਿ ਘਰਿ ਮਹਿ ਆਣੈ ॥
ਸਤ ਸਤਾਈ ਦਉਦਹ ਚਾਰਿ ॥
ਤਾਕੇ ਆਗੈ ਖੜੇ ਦੁਆਰ ॥
ਅਠ ਅਠਾਈ ਬਾਰਹਬੀਸ ॥
ਤਾਕੈ ਆਗੈ ਕਢਹਿ ਖੜੇ ਹਦੀਸ ॥
ਉਚੀ ਨਦਰਿ ਸਰਾਫੀ ਹੋਇ ॥
ਨਾਨਕੁ ਕਹੈ ਉਦਾਸੀ ਸੋਇ ॥੧॥੪॥
ਸੋ ਉਦਾਸੀ ਜੋ ਰਹੈ ਉਦਾਸੁ ॥
ਰੂਪ ਬਿਰਖਿ ਗਗਨੰਤਰਿ ਵਾਸੁ ॥
ਅਹਿਨਿਸਿ ਰਹੈ ਜੋਗ ਅਭਿਆਸ ॥
ਪਰ ਸੰਗਿ ਅੰਗਿ ਨ ਲਾਵੈ ਪਾਸ ॥
ਜਿਸ ਘਟਿ ਦੂਤੀਆ ਦੁਬਿਧਾ ਦੁਰਮਤਿ ਮੈਲੁ ਨ ਹੋਈ ॥
ਨਾਨਕੁ ਕਹੈ ਉਦਾਸੀ ਸੋਈ ॥੧॥
ਗਿਆਨੁ ਖੜਗ ਲੈ ਮਨੁ ਸਿਉ ਲੂਝੈ ॥
ਮਰਮੁ ਦਿਸਾ ਪੰਚਾ ਕਾ ਬੂਝੈ ॥
ਮਨ ਸੁਰਤਿ ਕੀ ਪਾਵੈ ਗੰਠਿ ॥
ਤੀਰਥ ਪਰਸੈ ਤ੍ਰੈ ਸੈ ਸੰਠਿ ॥
ਜਨਿ ਇਹੁ ਮੈਲੁ ਮਨੈ ਕੀ ਖੋਈ ॥
ਨਾਨਕੁ ਕਹੈ ਉਦਾਸੀ ਸੋਈ ॥
ਦੇਹੀ ਅੰਤਰਿ ਅਠਿਸਠਿ ਹਾਟ ॥
ਅਉਘਟ ਘਾਟ ਬਿਖਮ ਹੈ ਵਾਟ ॥
ਐਸਾ ਮਾਰਗੁ ਸਤਿਗੁਰੂ ਬਤਾਇਆ ॥
ਦਹਦਿਸ ਦੇਖਿ ਸਹਜਿ ਘਰਿ ਆਇਆ ॥
ਅਠਸਠਿ ਗੰਠੀ ਖੋਲੈ ਕੋਈ ॥
ਨਾਨਕੁ ਕਹੈ ਉਦਾਸੀ ਸੋਈ ॥
ਕਹਾ ਸੁ ਦਇਆਲ ਗਗਨ ਕਾ ਭਵਣੁ ॥
ਅਹਿਨਿਸਿ ਸਦਾ ਮਨਾਏ ਸਉਣੁ ॥
ਐਸਾ ਸੂਰਾ ਪੂਰਾ ਕਉਣੁ ॥
ਬੰਧੈ ਅੰਮ੍ਰਤੁ ਪਾਣੀ ਪਉਣੁ ॥
ਜਿਨਿ ਇਹ ਗਗਨ ਮੰਡਲ ਕੀ ਗਊਆ ਚੋਈ ॥
ਨਾਨਕੁ ਕਹੈ ਉਦਾਸੀ ਸੋਈ ॥[1]

1. ਇਹ ਗੁਰਬਾਣੀ ਨਾਹੀਂ, ਇਸ ਦਾ ਸਰੋਤ 'ਰਤਨਮਾਲ' ਨਾਂ ਦੀ ਸੁਤੰਤਰ ਰਚਨਾ ਹੈ। ਵਧੀਕ ਸੂਚਨਾ ਲਈ ਵੇਖੋ, *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 2013, ਪੰਨੇ 213-14.

Scanned by CamScanner

[1]ਪ੍ਰਿਥਮੇ ਪੂਰਬ ਕਉ ਦ੍ਰਿਸਟਿ ਧਰੈ॥
ਦੁਤੀਆ ਦਖਣ ਕਉ ਗਉਣ ਕਰੈ॥
ਦਖਣ ਤੇ ਜਬ ਪਛਮ ਜਾਹਿ॥
ਤਾ ਹਟਿ ਪਟਣ ਕੀ ਸੋਝੀ ਪਾਹਿ॥
ਪਛਮ ਤੇ ਜੋ ਚੜੈ ਸੁਮੇਰਿ॥
ਆਵੈ ਪਰਦਖਣ ਕੈ ਫੇਰਿ॥
ਸਪਤ ਪੁਰੀ ਉਪਰਿ ਕਵਲਾਸਣੁ॥
ਤਹਾ ਪਾਰਬ੍ਰਹਮ ਕਾ ਆਸਣੁ॥
ਜਿਨਿ ਹੀਰੇ ਰਤਨੀ ਮਾਲਿ ਪਰੋਈ॥
ਨਾਨਕੁ ਕਹੈ ਉਦਾਸੀ ਸੋਈ॥[1]

ਤਬ ਗੋਰਖਨਾਥੁ ਬੋਲਿਆ॥ ਗੋਰਖੁਨਾਥ ਅਉਧੂ ਥਾ ਅਉਧੂਤਾਂ ਕਾ ਲਛਣ ਲੈ ਬੋਲਿਆ

ਸਲੋਕ

[2]ਸੋ ਅਉਧੂਤੀ ਜੋ ਧੂਪੈ ਆਪੁ॥
ਭਿਖਿਆ ਭੋਜਨੁ ਕਰੈ ਸੰਤਾਪੁ॥
ਅਉਹਠ ਪਟਣ ਮਹਿ ਭੀਖਿਆ ਕਰੈ॥
ਸੋ ਅਉਧੂਤੀ ਸਿਵ ਪੁਰਿ ਚੜੈ॥
ਬੋਲੈ ਗੋਰਖੁ ਸਤਿ ਸਰੂਪੁ॥
ਪਰਮ ਤੰਤ ਮਹਿ ਰੇਖ ਨ ਰੂਪੁ॥੩॥[2]

ਤਬ ਗੁਰੂ ਜਬਾਬੁ ਦਿਤਾ ਸਲੋਕ

[3]ਗੁਰ ਕਾ ਭਗਤੁ ਇੰਦ੍ਰੀ ਕਾ ਜਤੀ॥
ਹਿਰਦੇ ਕਾ ਮੁਕਤਾ ਮੁਖ ਕਾ ਸਤੀ॥
ਦ੍ਰਿਸਟਿ ਦਿਆਲ ਕਰਿ ਦੇਖੇ ਦਾਨੁ॥
ਜੋ ਘਟਿ ਨਿਵਿਆ ਸੋ ਨਿਵਿਆ ਜਾਨ॥
ਬਚਨਿ ਸਬਦ ਕਾ ਸਫਲ ਸੋ ਹੋਤਾ॥
ਨਾਨਕ ਕਹੈ ਸੋਈ ਅਵਧੂਤਾ॥
ਚੰਚਲ ਚਾਇ ਨ ਜਾਇ ਤਮਾਸੈ॥
ਜੂਐ ਜਾਇ ਨ ਖੇਲੈ ਪਾਸੈ॥
ਮੰਦੈ ਬੰਦੀ ਚਿਤ ਨ ਲਾਵੈ॥
ਗੁਰ ਕਾ ਦੀਆ ਅੰਗ ਹੰਢਾਵੈ॥
ਪਰ ਘਰ ਜਾਇ ਨ ਕੀਚੈ ਕਥਾ॥
ਐਸੀ ਸਤਗੁਰ ਕੇਰੀ ਨਥਾ॥
ਗੁਰ ਕੀ ਸਿਖ ਸੁਣ ਰੇ ਪੂਤਾ॥
ਨਾਨਕੁ ਕਹੈ ਸੋਈ ਅਵਧੂਤਾ॥੧॥[3]

---

1. ਇਸ ਦਾ ਪਾਠ ਪ੍ਰਾਣ ਸੰਗਲੀ, ਪਟਿਆਲਾ, 1999, ਪੰਨਾ 227 'ਤੇ ਪ੍ਰਾਪਤ ਹੈ।
2. ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 952.
3. ਇਹ ਗੁਰਬਾਣੀ ਨਹੀਂ।

Scanned by CamScanner

ਤਬ ਫਿਰਿ ਚਰਪਟੁ ਬੋਲਿਆ॥ ਚਰਪੁਟ ਜੋਗੀ ਥਾ॥ ਜੋਗ ਕਾ ਗੁਣੁ ਲੈ ਬੋਲਿਆ

ਸਲੋਕ

ਸੋ ਪਾਖੰਡੀ ਜਿ ਕਾਇਆ ਪਖਾਲੇ॥
ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ॥
ਸੁਪਨੈ ਬਿੰਦੁ ਨ ਦੇਈ ਝਰਣਾ॥
ਤਿਸੁ ਪਾਖੰਡੀ ਜਰਾ ਨ ਮਰਣਾ॥
ਬੋਲੈ ਚਰਪਟੁ ਸਤਿ ਸਰੂਪੁ॥
ਪਰਮ ਤੰਤ ਮਹਿ ਰੇਖ ਨ ਰੂਪੁ॥੫॥[1]

ਤਬ ਗੁਰੂ ਬੋਲਿਆ

ਸਲੋਕ

ਆਸਣੁ ਸਾਧਿ ਨਿਰਾਲਮੁ ਬਹੈ॥
ਪੰਚ ਤਤ ਨਿਗ੍ਰਹੁ ਕਰਿ ਗਹੈ॥
ਥੋੜੀ ਨਿੰਦ੍ਰਾ ਅਲਪ ਅਹਾਰੀ॥
ਸਾਧੂ ਕਾ ਪਿੰਡ ਸਦਾ ਬੀਚਾਰੀ॥
ਜਪ ਤ ਸੰਜਮ ਸੁਰਤਿ ਬਚਖਣ॥
ਨਾਨਕ ਕਹੈ ਜੋਗ ਕੈ ਲਛਣ॥੧॥੧੬॥
ਜਾ ਬੋਲੈ ਤਾ ਬ੍ਰਹਮ ਗਿਆਨੀ॥
ਅਹਿ ਨਿਸ ਜਾਗੈ ਰਹੈ ਧਿਆਨੀ॥
ਸੁੰਨਿ ਮੰਡਲ ਮਹਿ ਡੋਰੀ ਧਰੈ॥
ਗੁਰ ਪ੍ਰਸਾਦਿ ਕਬਹੂ ਨ ਮਰੈ॥
ਇਨ ਬਿਧਿ ਕੀਚੈ ਗੁਰ ਕੀ ਸੇਵਾ॥
ਜਾ ਕੈ ਬੰਦੇ ਸਗਲੇ ਦੇਵਾ॥
ਜਿਹਬਾ ਸਾਦੁ ਨ ਕੋਈ ਚਖਣ॥
ਨਾਨਕ ਕਹੈ ਸਾਧ ਕੈ ਲਛਣ॥੧॥੧੭॥
ਤਾਮਸ ਤ੍ਰਿਸਨਾ ਲੋਭ ਨਿਵਾਰੈ॥
ਪੰਚਿ ਅਗਨਿ ਘਟਿ ਭੀਤਰ ਜਾਰੈ॥
ਅਹਿਨਿਸ ਰਹੈ ਗਡੀਰੁ ਚੜਾਇ॥
ਸਹਜਿ ਉਪਜੈ ਦੁਰਮਤਿ ਜਾਏ॥
ਸਾਧ ਨਿਵਾਜੈ ਬੰਧੈ ਚੋਰਾ॥
ਗੁਰੁ ਬਿਨ ਮੰਤ੍ਰ ਨ ਜਪੀਐ ਹੋਰਾ॥
ਉਤਮ ਭਲੇ ਤਿਨਾ ਕੈ ਜਖਣ॥
ਨਾਨਕ ਕਹੈ ਜੋਗ ਕੈ ਲਛਣ॥੧॥੧੮॥
ਪੰਖਿ ਇੰਦ੍ਰੀ ਜੋ ਦ੍ਰਿੜੁ ਕਰ ਰਾਖੈ॥
ਜਿਹਬਾ ਮੁਖੋ ਅਸਤ ਨ ਭਾਖੈ॥
ਕੋਟ ਕੁਟੰਤਰ ਤਤੁ ਕਾ ਬੇਤਾ॥
ਸੁੰਨ ਮੰਡਲ ਮਹਿ ਰਾਖੈ ਚੇਤਾ॥
ਸਿੰਚਿ ਪਿਆਲੁ ਗਗਨਿ ਸਰ ਕਰੈ॥
ਜਾਇ ਤ੍ਰਿਬੇਣੀ ਮਜਨੁ ਕਰੈ॥[2]

---

1. ਸਲੋਕ ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 952-53.
2. ਇਹ ਗੁਰਬਾਣੀ ਨਹੀਂ।

[1]ਪੰਜ ਸਤ ਨਉਂ ਲਗਾ ਰਖਣਿ॥
ਨਾਨਕ ਕਹੈ ਜੋਗ ਕੈ ਲਛਣ॥੧॥੧੯॥
ਪੂਰਬਿ ਚੜੈ ਪਛਮ ਕਉ ਆਵੈ॥
ਰਵਿ ਸਸਿ ਦੋਊ ਇਕਤਿ ਮਿਲਾਵੈ॥
ਹਾਟ ਪਟਣ ਕੀ ਚੀਨੇ ਵਾਟੁ॥
ਫਿਰਿ ਬੂਝੈ ਅਵਘਟੁ ਘਾਟੁ॥
ਨਉਖੰਡਿ ਦੇਖੈ ਪੂਰਬ ਪਛਮ ਉਤਰ ਦਖਣ॥
ਨਾਨਕ ਕਹੈ ਜੋਗ ਕੈ ਲਛਣ॥੧॥੨੦॥
ਇਹ ਤਨ ਭਾਂਡਾ ਸੁਰਤ ਕਰਿ ਦੂਧੁ॥
ਤਿਸ ਪਾਈਐ ਸਚੁ ਸਮਾਇਣੁ ਸੂਧੁ॥
ਜੁਗਤਿ ਜਤਨ ਕਰਿ ਸਹਜਿ ਸਮਾਵੈ॥
ਜੁਗਤਿ ਵਿਹੂਣ ਵਿਕਲਿ ਜਾਇ॥
ਗਿਆਨੁ ਮਧਾਣਾ ਨੇਤ੍ਰਾ ਨਾਉਂ॥
ਇਨਿ ਬਿਧਿ ਜਪੀਐ ਕੇਵਲ ਨਾਉਂ॥
ਰੋਲਿ ਵਿਰੋਲਿ ਕਢਿ ਲੀਜੈ ਮਖਣੁ॥
ਨਾਨਕ ਕਹੈ ਜੋਗ ਕੈ ਲਛਣ॥੧॥੨੧॥[1]

ਤਬ ਫਿਰਿ ਭਰਥਰੀ ਬੋਲਿਆ॥ ਭਰਥਰੀ ਬੈਰਾਗੀ ਥਾ ਬੈਰਾਗ ਕਾ ਗੁਣੁ ਲੈ ਬੋਲਿਆ

ਸਲੋਕ

[2]ਸੋ ਬੈਰਾਗੀ ਜਿ ਉਲਟੇ ਬ੍ਰਹਮੁ॥
ਗਗਨ ਮੰਡਲ ਮਹਿ ਰੋਪੈ ਥੰਮੁ॥
ਅਹਿਨਿਸਿ ਅੰਤਰਿ ਰਹੈ ਧਿਆਨਿ॥
ਤੇ ਬੈਰਾਗੀ ਸਤ ਸਮਾਨਿ॥
ਬੋਲੈ ਭਰਥਰਿ ਸਤਿ ਸਰੂਪੁ॥
ਪਰਮ ਤੰਤ ਮਹਿ ਰੇਖ ਨ ਰੂਪੁ॥੬॥[2]

ਤਬ ਗੁਰੂ ਬਾਬੈ ਜਬਾਬ ਦਿਤਾ॥

ਤਬ ਭਰਥਰੀ ਆਖਿਆ ਨਾਨਕ॥ ਤੂੰ ਜੋਗੀ ਹੋਹੁ ਜੋ ਜੁਗੁ ਜੁਗੁ ਜੀਵਦਾ ਰਹੈ॥ ਤਬ ਬਾਬੈ ਆਖਿਆ ਜੋਗ ਕਾ ਕਵਣੁ ਰੂਪ ਹੈ॥ ਤਬ ਭਰਥਰੀ ਬੋਲਿਆ ਜੋਗ ਕਾ ਰੂਪ

ਮੁੰਦ੍ਰਾ ਖਿੰਥਾ ਝੋਲੀ ਡੰਡਾ॥
ਸਿੰਙੀ ਨਾਦ ਵਜੈ ਬ੍ਰਹਮੰਡਾ॥

ਤਬ ਬਾਬਾ ਬੋਲਿਆ ਸਬਦੁ ਰਾਗੁ ਆਸਾ ਵਿਚਿ

ਆਸਾ ਮਹਲਾ ੧

[3]ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ॥੧॥[3]

---

1. ਇਹ ਗੁਰਬਾਣੀ ਨਹੀਂ।
2. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 953.
3. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 359.

Scanned by CamScanner

[1]ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ॥੧॥ਰਹਾਉ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ॥੪॥੩॥੩੭॥[1]

ਤਦਹੁੰ ਸਿਧ ਬੋਲੇ॥ ਨਾਨਕ ਤੂ ਅਚਲ ਚਲੁ ਮੇਲਾ ਹੈ॥ ਦਰਸਨੁ ਸਿਧਾਂ ਕਾ ਮੇਲਾ ਹੈ॥ ਤਬ ਬਾਬੈ ਆਖਿਆ ਅਚਲੁ ਕਿਤਨਿਆਂ ਦਿਨਾਂ ਕੀ ਵਾਟ ਹੈ॥ ਤਬ ਸਿਧ ਬੋਲੇ॥ ਨਾਨਕ ਅਚਲੁ ਤਿਹੁੰ ਦਿਨਾ ਕਾ ਪੈਂਡਾ ਹੈ॥ ਅਸਾਡਾ ਹੈ ਜੋ ਪਉਣ ਕੀ ਚਾਲ ਚਲਦੇ ਹਾਂ॥ ਤਬ ਬਾਬੈ ਆਖਿਆ ਤੁਸੀਂ ਚਲਹੁ ਅਸੀ ਧੀਰੇ ਭਾਇ ਆਵਹਿੰਗੇ॥ ਤਬ ਸਿਧ ਉਥਹੁੰ ਚਲੇ॥ ਤਬ ਪਿਛਹੁੰ ਬਾਬਾ ਭੀ ਚਲਿਆ ਮਨਸਾ ਕੀ ਚਾਲ॥ ਇਕ ਪਲ ਮਹਿੰ ਗਇਆ॥ ਆਇ ਬੜ ਤਲੈ ਬੈਠਾ॥ ਪਿਛਹੁੰ ਸਿਧ ਆਏ॥ ਜਾਂ ਦੇਖਨਿ ਤਾਂ ਅਗੇ ਬੈਠਾ ਹੈ॥ ਤਬ ਸਿਧਾਂ ਪੁਛਿਆ ਏਹ ਕਦਿ ਕਾ ਆਇਆ ਹੈ॥ ਤਬ ਅਗਹੁ ਸਿਧਾਂ ਕਹਿਆ ਜੋ ਇਸ ਨੋਂ ਆਇਆਂ ਆਜੁ ਤੀਸਰਾ ਦਿਨੁ ਹੋਆ ਹੈ॥ ਤਬ ਸਿਧ ਹੈਰਾਨੁ ਹੋਇ ਗਏ॥

ਤਦਹੁੰ ਪਿਆਲੇ ਕਾ ਵਖਤੁ ਹੋਯਾ ਸੁਰਾਹੀ ਫਿਰੀ॥ ਤਬ ਬਾਬੈ ਪਾਸਿ ਭੀ ਲੈ ਆਏ॥ ਤਬ ਬਾਬੈ ਪੁਛਿਆ ਏਹੁ ਕਿਆ ਹੈ॥ ਤਬ ਸਿਧਾਂ ਆਖਿਆ ਏਹੁ ਸਿਧਾਂ ਕਾ ਪਿਆਲਾ ਹੈ॥ ਤਬ ਸਿਧਾਂ ਆਖਿਆ ਇਸ ਵਿਚਿ ਗੁੜ ਅਤੈ ਧਾਵੈ ਕੇ ਫੁਲ ਪਾਏ ਹੈਨਿ॥ ਤਬ ਬਾਬਾ ਬੋਲਿਆ ਸਬਦ ਰਾਗੁ ਆਸਾ

ਸਬਦ ਮ ੧

[2]ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥੧॥ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ॥੪॥੪॥੩੮॥[2]

ਤਬ ਸਿਧਾਂ ਆਦੇਸੁ ਆਦੇਸੁ ਕੀਤਾ॥ ਤਬ ਬਾਬਾ ਬੋਲਿਆ॥ ਆਦਿ ਪੁਰਖ ਕਉ ਆਦੇਸੁ॥ ਉਥਹੁੰ ਰਵਦਾ ਰਹਿਆ॥

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 360.
2. *ਉਹੀ*।

Scanned by CamScanner

ਚਉਥੀ ਉਦਾਸੀ

51.

[ਮਕਾ]

ਚਉਥੀ ਉਦਾਸੀ ਪਛਮ ਕੀ ਹੋਈ ॥ ਪੈਰ ਪਉਂਸਾ ਚੰਮ ਕੀਆਂ ਅਤੈ ਚੰਮ ਕੀ ਸੁਥਣਿ ॥ ਗਲ ਵਿਚ ਹਡੀਆਂ ਕੀ ਮਾਲਾ ॥ ਮੱਥੇ ਟਿਕਾ ਬਿੰਦੀ ਕਾ ॥ ਬਾਲਕਾਂ ਵਿਚ ਖੇਡੈ ॥ ਤਬ ਨੀਲੇ ਬਸਤ੍ਰ ਥੇ ॥ ਖੇੜਦਾ ਖੇੜਦਾ ਹਜ ਵਿਚਿ ਆਇ ਨਿਕਲਿਆ ॥ ਤਦਹੁ ਇਕ ਹਾਜੀ ਮਿਲਿਆ ॥ ਰਾਤਿ ਇਕਠੇ ਰਹੇ ॥ ਤਬ ਹਾਜੀ ਪੁਛਿਆ ॥ ਆਖਿਓਸੁ ਏ ਦਰਵੇਸ਼ ਤੇਰੈ ਕਾਸਾ ਲਕੜੀ ਚੰਮੜੀ ਭੈਗਣੀ[1] ਕੁਛੁ ਨਾਹੀ ॥ ਤੂੰ ਹਿੰਦੂ ਹੈਂ ਕਿ ਮੁਸਲਮਾਨੁ ਹੈ ॥ ਤਬ ਬਾਬਾ ਬੋਲਿਆ ਸਬਦੁ ਰਾਗੁ ਤਿਲੰਗ ਵਿਚਿ ਮ ੧

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥
ਮੈ ਦੇਵਾਨਾ ਭਇਆ ਅਤੀਤੁ ॥
ਕਰ ਕਾਸਾ ਦਰਸਨ ਕੀ ਭੂਖ ॥
ਮੈ ਦਰਿ ਮਾਗਉ ਨੀਤਾ ਨੀਤ ॥੧॥
ਤਉ ਦਰਸਨ ਕੀ ਕਰਉ ਸਮਾਇ ॥
ਮੈ ਦਰਿ ਮਾਗਤੁ ਭੀਖਿਆ ਪਾਇ ॥੧॥ਰਹਾਉ॥
ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥
ਘਿਅ ਪਟ ਭਾਂਡਾ ਕਹੈ ਨ ਕੋਇ ॥
ਐਸਾ ਭਗਤੁ ਵਰਨ ਮਹਿ ਹੋਇ ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥
ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥[2]

ਤਬ ਫਿਰਿ ਹਾਜੀ ਕਹਿਆ ॥ ਜੀ ਅਸੀਂ ਇਸ ਦੁਨੀਆ ਵਿਚਿ ਰਹੰਦੇ ਹਾਂ ॥ ਅਸਾਡਾ ਕਿਆ ਹਵਾਲੁ ਹੋਵੈਗਾ ॥ ਤਬ ਬਾਬਾ ਬੋਲਿਆ ਸਬਦੁ ਰਾਗੁ ਤਿਲੰਗ ਵਿਚਿ ਮ ੧

ੴ ਸਤਿਗੁਰ ਪ੍ਰਸਾਦਿ ॥
ਖਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥
ਬੰਦੇ ਚਸਮ ਦੀਦੰ ਫਨਾਇ ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥ਰਹਾਉ॥
ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥
ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥੨॥
ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥
ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥੩॥
ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥
ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥੧॥[3]

---

1. ਸਿਹ-ਬ, ਪਾਠ ਭੇਖ।
2. ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 721.
3. ਮਹਲਾ ੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 723.

ਤਬ ਓਥਹੁ ਚਲੇ॥ ਮਕੇ ਨੂੰ[1] ਰਵਦੇ ਰਹੇ॥ ਰਾਹ ਵਿਚਿ ਆਏ ਤਾਂ ਬਦਲੀ ਉਪਰਿ ਹੋਇ ਚਲੀ॥ ਤਬ ਹਾਜੀ ਡਿਠਾ॥ ਆਖਿਓਸੁ ਜੁ ਇਹਿ ਬਦਲੀ ਮੇਰੇ ਉਤੇ ਹੈ॥ ਤਾਂ ਆਖਣਿ ਲਾਗਾ॥ ਜੋ ਹਿੰਦੂ ਤਾ ਮਕੇ ਨੂ ਕੋਈ ਨਾਹੀ ਗਇਆ॥ ਤੂ ਮੇਰੇ ਨਾਲਿ ਚਲੁ ਨਾਹੀ॥ ਅਗੈ ਹੋਹੁ ਕਿ ਪਿਛੈ ਹੋਹੁ॥ ਤਬ ਬਾਬੈ ਆਖਿਆ॥ ਭਲਾ ਹੋਵੈ ਜੀ ਤੁਸੀ ਅਗੈ ਚਲਹੁ॥ ਤਬ ਉਹੁ ਆਗੈ ਹੋਇਆ॥ ਜਾ ਇਹੁ ਫਿਰਿ ਦੇਖੈ ਤਾਂ ਨਾ ਬਾਬਾ ਹੈ ਅਤੇ ਨਾ ਉਹੁ ਬਦਲੀ ਹੈ॥ ਤਬ ਹਾਜੀ ਲਗਾ ਹਥ ਫਾਟਣਿ॥ ਤਾਂ ਆਖਿਓਸੁ ਜੋ ਖੁਦਾਇ ਕਾ ਦੀਦਾਰੁ ਹੋਆ ਆਹਾ॥ ਪਰ ਝਲਿ ਨ ਸਕਿਆ॥ ਛਲਿ ਗਇਆ॥

ਤਬ ਬਾਬਾ ਮਕੇ ਵਿਚਿ ਜਾਇ ਵੜਿਆ॥ ਤਬ ਅਗੇ ਕਿਤਾਬਾਂ ਵਿਚਿ ਲਿਖਿਆ ਆਹਾ ਜੋ ਇਕਿ ਨਾਨਕ ਦਰਵੈਸੁ ਆਵੇਗਾ ਤਾ ਮਕੇ ਦੇ ਖੂਹਾਂ ਵਿਚਿ ਪਾਣੀ ਪੈਦਾ ਹੋਵੇਗਾ॥ ਤਬ ਬਾਬਾ ਮਕੇ ਵਿਚਿ ਜਾਇ ਵੜਿਆ॥ ਜਾਇ ਕਰਿ ਸੋਇ ਰਹਿਆ॥ ਪੈਰਿ ਮਕੇ ਦੀ ਤਰਫ ਕਰਿ ਕੈ ਸੁਤਾ॥ ਤਬ ਪੇਸ਼ੀ ਕੀ ਨਿਮਾਜ ਕਾ ਵਖਤੁ ਹੋਇਆ॥ ਤਬ ਕਾਜੀ ਰੁਕਨ ਦੀਨਿ ਨਿਮਾਜ ਕਰਣਿ ਆਇਆ॥ ਦੇਖੇ ਨਦਰਿ ਕਰਿ ਕੈ॥ ਆਖਿਓਸੁ ਏ ਬੰਦੇ ਖੁਦਾਇ ਕੇ ਤੂੰ ਜੋ ਪੈਰ ਖੁਦਾਇ ਕੇ ਘਰ ਵਲਿ ਕੀਤੇ ਹੈਨਿ ਅਤੈ ਕਾਬੈ ਕੀ ਤਰਫਿ ਸੋ ਕਿਉਂ ਕੀਤੇ ਹੈਨਿ॥

ਤਬ ਬਾਬੈ ਆਖਿਆ॥ ਜਿਤੁ ਵਲ ਖੁਦਾਇ ਅਤੈ ਕਾਬਾ ਨਹੀ ਤਿਤੁ ਵਲਿ ਮੇਰੈ ਪੈਰੁ ਘਸੀਟਿ ਕਰਿ ਛਡੁ॥ ਤਬ ਕਾਜੀ ਰੁਕਨਦੀਂ ਬਾਬੈ ਕੇ ਪੈਰ ਫੇਰੇ॥ ਜਿਤੁ ਵਲਿ ਬਾਬੈ ਦੇ ਪੈਰੁ ਫੇਰੇ ਤਿਤੁ ਵਲਿ ਮਿਹਰਾਬ ਕਾ ਮੁਹੁ ਫਿਰਿਦਾ ਜਾਵੈ॥ ਤਬ ਕਾਜੀ ਰੁਕਨਦੀਂ ਹੈਰਾਨੁ ਹੋਇ ਗਇਆ॥ ਪੈਰੁ ਚੁੰਮਿਅਸੁ ਅਰੁ ਆਖਿਓਸੁ ਏ ਦਰਵੇਸ ਤੇਰਾ ਨਾਉਂ ਕਿਆ ਹੈ॥ ਤਾ ਬਾਬਾ ਬੋਲਿਆ ਸ਼ਬਦੁ ਰਾਗੁ ਤਿਲੰਗ ਵਿਚਿ ਮ ੧

[2]ਰੋਜਾ ਬੰਦਗੀ ਕਬੂਲੁ॥
ਦਸ ਦੁਆਰੇ ਚੀਨਿ ਮਰਦਾ ਹੋਇ ਰਹੁ ਰੰਜੂਲੁ॥੧॥ਰਹਾਉ॥
ਮਾਰਿ ਮਨੂਆ ਦ੍ਰਿਸਟਿ ਬਾਧਹੁ ਦਉੜ ਤਲਬ ਦਲੀਲਿ॥
ਤੀਸ ਦਿਨ ਸਿਉ ਰੰਗੁ ਰਾਖਹੁ ਪਾਕ ਮਰਦ ਅਸੀਲਿ॥੧॥
ਸੁਰਤਿ ਕਾ ਤੂੰ ਰਾਖ ਰੋਜਾ ਨਿਰਤਿ ਤਜਹੁ ਚਾਉ॥
ਆਤਮੇ ਕਉ ਨਿਗਹ ਰਾਖਹੁ ਸਤੀ ਤੂੰ ਉਲਮਾਉ॥
ਤਜਿ ਸੁਆਦਿ ਸਹਜਿ ਬੇਕਾਰ ਰਸਨਾ ਅੰਦੇਸ ਮਨਿ ਦਲਗੀਰ॥
ਮਿਹਰ ਲੇ ਮਨ ਮਹਿ ਰਾਖਹੁ ਕੁਫਰੁ ਤਜਿ ਤਕਬੀਰ॥੩॥
ਕੰਮਿ ਲਹਰਿ ਬੁਝਾਇ ਮਨ ਤੇ ਹੋਇ ਰਹੁ ਠਹੂਰੁ॥
ਕਹੈ ਨਾਨਕ ਰਾਖੁ ਰੋਜਾ ਸਿਦਕ ਰਹੀ ਮਾਮੂਰ॥੪॥[2]

ਜਬ ਬਾਬੈ ਭੋਗੁ ਪਾਇਆ ਤਬ ਕਾਜੀ ਰੁਕਨਦੀਂ ਸਲਾਮੁ ਕੀਤਾ ਆਖਿਓਸੁ ਵਾਹੁ ਵਾਹੁ ਅਜੁ ਖੁਦਾਇ ਕੇ ਫਕੀਰਾਂ ਦਾ ਦੀਦਾਰ ਪਾਇਆ ਹੈ॥ ਤਬ ਜਾਇ ਪੀਰ ਪਤਲੀਏ ਪਾਸਿ ਕਹਿਓਸੁ ਜੋ ਨਾਨਕ ਦਰਵੇਸੁ ਆਇਆ ਹੈ॥

---

1. ਸੈ.ਹ-ਲ. : ਕਉ।
2. ਇਹ ਗੁਰਬਾਣੀ ਨਹੀਂ।

Scanned by CamScanner

ਤਬ ਪਤਲੀਆ ਪੀਰੁ ਦੀਦਾਰ ਦੇਖਣਿ ਨੂੰ ਆਇਆ॥ ਆਇ ਸਲਾਮੁ ਪਾਇਸੁ॥ ਦਸਤਪੰਜਾ ਲੇਕਰਿ ਬੈਠਿ ਗਇਆ॥ ਖੁਦਾਇ ਦੀ ਸਿਫਤਿ ਲਗੇ ਕਰਣਿ॥ ਤਬ ਕਾਜੀ ਰੁਕਨਦੀਂ ਪੁਛਿਆ॥ ਆਖਿਓਸੁ ਜੀ ਏਹ ਜੋ ਤੀਸ ਹਰਫ ਪੜਦੇ ਹੈਨਿ॥ ਕੁਛ ਇਸ ਵਿਚਿ ਭੀ ਹਾਸਲੁ ਥੀਂਵਦਾ ਹੈ ਕਿ ਨਾਹੀ॥ ਤਬ ਬਾਬਾ ਬੋਲਿਆ॥

ਸ੍ਰੀ ਸਤਿਗੁਰ ਪ੍ਰਸਾਦਿ

ਗੋਸਟ ਮਹਲਾ ੧ ਕਾਜੀ ਰੁਕਨ ਦੀਨਿ ਕੈ ਪਰਥਾਇ ਹੋਈ॥ ਰਾਗੁ ਤਿਲੰਗ ਵਿਚਿ ਮਹਲਾ ੧॥ ਬਾਬੇ ਕਾ ਬੋਲਣਾ ਹੋਆ॥ ਸੇਖ ਰੁਕਨਦੀਂ ਮਕੇ ਕਾ ਕਾਜੀ ਥਾ॥ ਬਾਬਾ ਬੋਲਿਆ॥

[1]ਅਲਫ ਅਲਹ ਕਉ ਯਾਦ ਕਰਿ ਗਫਲਤ ਮਨਹੁ ਵਿਸਾਰਿ॥
ਸਾਸਿ ਪਲੇਟੈ ਨਾਮੁ ਬਿਨੁ ਧ੍ਰਿਗੁ ਜੀਵਨ ਸੰਸਾਰਿ॥੧॥
ਬੇ ਬਿਦਾਇਤ ਦੂਰ ਕਰ ਕਰਮ ਸਰੀਅਤਿ ਰਾਖੁ॥
ਸਭਸੁ ਕਿਸੇ ਨੂ ਨਿਵ ਚਲੁ ਮੰਦਾ ਕਿਸੈ ਨਾ ਆਖੁ॥੨॥
ਤੇ ਤੋਬਾ ਕਰ ਸਿਦਕ ਦਿਲ ਮਤੁ ਤੂ ਪਛੋਤਾਹਿ॥
ਤਨ ਵਿਨਸੈ ਮੁਖ ਗਡੀਐ ਤਬ ਤੂ ਕਹਾ ਕਰਾਇ॥੩॥
ਸੇ ਸਨਾਇਤਿ ਬਹੁਤ ਕਰਿ ਵਾਲੀ ਸਾਸ ਨ ਕਢ॥
ਹਟਹੁ ਹਟ ਵਿਕਾਇਆ ਬਹੁੜਿ ਨਾ ਲਹਿਸੈ ਅਢ॥੪॥[1]

ਤਬ ਕਾਜੀ ਰੁਕਨਦੀਂ ਬੋਲਿਆ ਜੋ ਨਾਨਕ ਦਰਵੇਸ ਇਹ ਜੋ ਹਿੰਦੂ ਮੁਸਲਮਾਨ ਬੇਦ ਕਤੇਬ ਪੜਦੇ ਹੈਨਿ ਸੋ ਸੋ ਖੁਦਾਇ ਪਾਇਨਗੇ ਕਿ ਨਾ ਪਾਨਿਗੇ॥ ਤਬ ਬਾਬਾ ਬੋਲਿਆ ਸਬਦੁ ਰਾਗੁ ਤਿਲੰਗ ਵਿਚਿ ਮ ੧

[2]ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ॥੧॥
ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥ਰਹਾਉ॥
ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ॥
ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥੨॥
ਅਸਮਾਨ ਮ੍ਯ੍ਯਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ॥
ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ॥੩॥
ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ॥
ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ॥੪॥੧॥[2]

ਤਬ ਕਾਜੀ ਰੁਕਨਦੀਂ ਆਖਿਆ ਜੋ ਜੀ ਏਹੁ ਭੀ ਨਾਹੀਂ ਪੜਦੇ ਅਤੈ ਬਦ ਅਮਲ ਕਮਾਂਵਦੇ ਹੈਨਿ॥ ਕਦੇ ਰੋਜਾ ਨਿਮਾਜ ਭੀ ਨਾਹੀਂ ਕਰਦੇ॥ ਅਤੇ ਸਰਾਬ ਪੀਦੇ ਹੈਨਿ॥ ਭੰਗ ਬੋਜਾ ਪੀਂਦੇ ਹੈਨਿ॥ ਇਨ੍ਹਾਂ ਦਾ ਰੋਜ ਕਿਆਮਤ ਕਉ ਕਿਆ ਹਵਾਲੁ ਹੋਵੈਗਾ॥ ਤਬ ਬਾਬਾ ਬੋਲਿਆ

1. ਇਸ ਸੀ-ਹਰਫ਼ੀ ਦੇ 30 ਪਦੇ ਹਨ।
2. ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 727.

Scanned by CamScanner

ਮਹਲਾ ੧

[1]ਹਜਰਤਿ ਜੋ ਫੁਰਮਾਇਆ ਫਤਬਾ ਮੰਝਿ ਕਤੇਬ॥
ਬੇਨਿਮਾਜਾ ਤੇ ਸਗ ਭਲੇ ਜੋ ਰਾਤੀ ਰਹਿਣ ਸੁਜਾਗ॥
ਦਿਤੀ ਬਾਂਗ ਨਾ ਜਾਗਣੀ ਸੁਤੇ [2]ਰਹੇ ਨਿਭਾਗ[2]॥
ਹਡ ਪਲੀਤੀ ਤਿਨ ਕੇ ਪੁਰ ਪੁਰ ਨਾਲਿ ਜਨਾਭ॥
ਸੁੰਨਤਿ ਫਰਜ ਨ ਮੰਨਨੀ ਨ ਮੰਨਨ ਅਮਰ ਕਤਾਬੁ[3]॥
ਦੋਜਕ ਅੰਦਰਿ ਸਾੜੀਅਨਿ ਜੋ ਸੀਖ ਚੜੇ ਕਬਾਬ॥
ਘਣੀ ਖੁਆਰੀ ਤਿਨ ਕਉ ਜੋ ਪੀਂਦੇ ਭੰਗ ਸਰਾਬੁ॥
ਸੂਅਰ ਸਰੈ ਮਨਾਹ ਹੈ ਬੋਜਾ ਬਾਗਨੀ ਨਾਹਿ॥
ਜਾਵਨਿ ਮਤੈ ਨਫਸਿ ਕੈ ਦੁਖੁ ਘਣਾ ਸਹਿਸੀ ਰੁਵਾਹ॥
ਰੋਜਿ ਕਿਆਮਤਿ ਦਿਨਸ ਕਉ ਪਉਸੀ ਹੂਲ ਕਵਾਹ॥
ਤਿਤੁ ਦਿਨਿ ਪਰਬਤ ਉਡਸਨਿ ਪਿਝੇ ਜਿਵੈ ਕਪਾਹੁ॥
ਕਾਜੀ ਹੋਰ ਨ ਬਹਿਸੀਉ ਬਹਸੀ ਆਪਿ ਇਲਾਹ॥
ਹਕਹੁ ਹੀ ਹਭ ਨਿਬਹਸੀ ਲੌਬਾਲੀ ਦਰਗਾਹ॥
ਤਲਬਾਂ ਪਉਸਨਿ ਆਕੀਆਂ ਕੀਤੇ ਜਿਨਾ ਗੁਨਾਹ॥
ਦੋਜਕਿ ਬੰਧਿ ਚਲਾਈਅਹਿ ਗਲਿ ਤਬਕ ਮੂਹ ਸਿਆਹ॥
ਅਮਲਾ ਬਾਲੇ ਤਿਤੁ ਦਿਨਿ ਹੋਸਨਿ ਬੇਪਰਵਾਹੁ॥
ਸੋਈ ਛੁਟੇ ਨਾਨਕਾ ਹਜਰਤਿ ਜਿਨਾ ਪਨਾਹ॥੧॥[1]

ਤਬ ਪੀਰੁ ਪਤਲੀਐ ਆਖਿਆ॥ ਜੀ ਅਸੀਂ ਦੁਨੀਆਂ ਕੇ ਮੁਕਾਮ ਵਿਚ ਖੜੇ ਹਾਂ॥ ਖੁਦਾਇ ਕਿਉਂ ਕਰਿ ਹਾਸਲੁ ਥੀਵੈਗਾ॥ ਤਬ ਬਾਬਾ ਬੋਲਿਆ॥ ਸਬਦੁ ਰਾਗ ਤਿਲੰਗ ਵਿਚਿ ਮ ੧

[4]ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥੧॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥੧॥ਰਹਾਉ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥੨॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ॥੩॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥੪॥੧॥[4]

ਜਬ ਬਾਬੈ ਏਹੁ ਸਬਦੁ ਬੋਲਿਆ ਤਬ ਕਾਜੀ ਰੁਕਨਦੀਂ ਅਤੈ ਪੀਰ ਪਤਲੀਐ ਆਇ ਦਸਤਪੋਸੀ ਕੀਤੀ॥ ਪੈਰ ਚੁਮੈ॥ ਵਾਹਿਗੁਰੂ ਕਹਣਿ ਨਾਲਿ ਪਾਣੀ ਪੂਹੇ ਵਿਚਿ ਪੈਦਾ ਹੋਆ॥ ਬਾਬੇ ਦੀ ਖੁਸੀ ਹੋਈ॥ ਉਥਹੁ ਰਵਦੇ ਰਹੈ॥ ਘਰਿ ਆਇ॥

1. ਇਹ ਗੁਰਬਾਣੀ ਨਹੀਂ।
2. ਸੈ.ਹ-ਲ. : ਰਹਿਨ ਅਭਾਗ।
3. ਸੈ.ਹ-ਲ. : ਖੁਦਾਇ।
4. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 721.

Scanned by CamScanner

ਉਦਾਸੀ ਪੰਜਵੀਂ

52.

[ਸਿਧ ਗੋਸਟਿ ਗੋਰਖ ਹਟੜੀ]

ਬਾਬਾ ਗੋਰਖ ਹਟੜੀ ਗਇਆ॥ ਓਥੈ ਸਿਧਾ ਡਿਠਾ॥ ਸਿਧਾਂ ਪੁਛਣਾ ਕੀਤਾ ਜੋ ਤੂੰ ਕਉਣੁ ਖਤ੍ਰੀ[1] ਹੈ॥ ਤਬ ਬਾਬੇ ਭੀ ਆਖਿਆ ਨਾਨਕੁ ਆਖਦੇ ਹੈਨਿ॥ ਤਬ ਚਉਰਾਸੀਹ ਸਿਧ ਆਸਣਿ ਕਰਿ ਬੈਠੇ॥ ਤਦਹੁੰ ਸਿਧਾਂ ਆਖਿਆ ਭਗਤ ਕੁਛ ਜਸੁ ਕਰੁ॥ ਤਬ ਬਾਬਾ ਬੋਲਿਆ।

ਸ੍ਰੀ ਸਤਿਗੁਰ ਪ੍ਰਸਾਦਿ

ਗੋਸਿਟ ਮਹਲਾ ੧॥ ਰਾਗੁ ਰਾਮਕਲੀ ਵਿਚਿ ਸਿਧ ਗੋਸਟਿ ਹੋਈ॥
[2]ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ॥
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ॥
ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥੧॥
ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ਰਹਾਉ॥
ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥੨॥
ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥
ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ॥੩॥
ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥
ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥
ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥੪॥
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥੫॥[2]
ਪੜੀਆ ॥੭੩॥

ਤਬ ਸਿਧਾਂ ਪਿਆਲਾ ਦਿਤਾ ਪੰਜਾਂ ਸੇਰਾਂ ਕਾ॥ ਤਾ ਬਾਬੈ ਧਰਤੀ ਵਿਚਿ ਪਾਇਆ॥ ਤਬ ਸਿਧਿ ਆਫਿਰਿ ਗਏ॥ ਤਬ ਸਿਧੀ ਆਖਿਆ ਤੂ ਕੁਛ ਦੇਖੁ ਕੈ ਦਿਖਾਲੁ॥ ਤਦਹੁੰ ਬਾਬੈ ਆਖਿਆ ਭਲਾ ਹੋਵੈ ਜੀ ਜੋ ਕੁਛ ਕਰਹੁਗੇ ਤਾ ਦੇਖਹਗੇ॥ ਤਬ ਸਿਧ ਆਪਣਾ ਬਲੁ ਲਗੇ ਦਿਖਾਵਣਿ॥ ਕਿਸੈ ਮਿਰਗਛਾਲਾ ਉਡਾਈ॥ ਕਿਸਿ

---

1. ਸੈ.ਹ-ਲ.: ਪਾਠ ਲੋਪ।
2. ਪੂਰੇ ਪਾਠ ਲਈ ਵੇਖੋ, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 938-46.

Scanned by CamScanner

ਸਿਲਾ ਚਲਾਈ॥ ਕਿਸਿ ਅਗਿਨਿ ਹਕੀ॥ ਕਿਸਿ ਕੰਧਿ ਦਉੜਾਈ॥ ਤਬ ਬਾਬਾ ਬਿਸਮਾਦ ਸੁਮਾਰ ਵਿਚਿ ਆਇ ਗਇਆ॥ ਤਿਤੁ ਮਹਿਲਿ ਸਲੋਕ ਕੀਤਾ

ਸਲੋਕ ਮ ੧

[1]ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥੧॥[1]

ਤਬ ਸਿਧੋਂ ਆਦੇਸੁ ਆਦੇਸੁ ਕੀਤਾ॥ ਤਬ ਬਾਬਾ ਬੋਲਿਆ॥ ਤਬ ਬਾਬਾ ਬੋਲਿਆ॥ ਆਦਿ ਪੁਰਖ ਕਉ ਆਦੇਸੁ॥ ਤਿਤੁ ਮਹਲਿ ਸਬਦੁ ਹੋਆ॥ ਰਾਗੁ ਗਉੜੀ ਵਿਚਿ ਅਸਟਪਦੀ ਮ ੧

[2]ਪ੍ਰਥਮੇ ਗਰਭ ਵਾਸ ਤੇ ਟਰਿਆ॥
ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ॥
ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ॥
ਸਰਪਰ ਗਵਨੁ ਕਰਹਿਗੇ ਬਪੁਰੇ॥੧॥
ਕਵਨੁ ਅਸਥਾਨੁ ਜੋ ਕਬਹੁ ਨ ਟਰੈ॥
ਕਵਨੁ ਸਬਦੁ ਜਿਤੁ ਦੁਰਮਤਿ ਹਰੈ॥੧॥ਰਹਾਉ॥
ਇੰਦ੍ਰ ਪੁਰੀ ਮਹਿ ਸਰਪਰ ਮਰਣਾ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
ਸਿਵ ਪੁਰੀ ਕਾ ਹੋਇਗਾ ਕਾਲਾ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥੨॥
ਗਿਰਿ ਤਰ ਧਰਣਿ ਗਗਨ ਅਰੁ ਤਾਰੇ॥
ਰਵਿ ਸਸਿ ਪਵਣੁ ਪਾਵਕੁ ਨੀਰਾਰੇ॥
ਦਿਨਸੁ ਰੈਣਿ ਬਰਤ ਅਰੁ ਭੇਦਾ॥
ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ॥੩॥
ਤੀਰਥ ਦੇਵ ਦੇਹੁਰਾ ਪੋਥੀ॥
ਮਾਲਾ ਤਿਲਕੁ ਸੋਚ ਪਾਕ ਹੋਤੀ॥
ਧੋਤੀ ਡੰਡਉਤਿ ਪਰਸਾਦਨ ਭੋਗਾ॥
ਗਵਨੁ ਕਰੈਗੋ ਸਗਲੋ ਲੋਗਾ॥੪॥
ਜਾਤਿ ਵਰਨ ਤੁਰਕ ਅਰੁ ਹਿੰਦੂ॥
ਪਸੁ ਪੰਖੀ ਅਨਿਕ ਜੋਨਿ ਜਿੰਦੂ॥
ਸਗਲ ਪਾਸਾਰੁ ਦੀਸੈ ਪਾਸਾਰਾ॥
ਬਿਨਸਿ ਜਾਇਗੋ ਸਗਲ ਆਕਾਰਾ॥੫॥
ਸਹਜ ਸਿਫਤਿ ਭਗਤਿ ਤਤੁ ਗਿਆਨਾ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ॥[2]

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 147.
2. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 237.

Scanned by CamScanner

[1]ਤਹਾ ਸੰਗਤਿ ਸਾਧ ਗੁਣ ਰਸੈ॥
ਅਨਭਉ ਨਗਰੁ ਤਹਾ ਸਦ ਵਸੈ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ॥
ਆਵਣੁ ਜਾਵਣੁ ਮਿਰਤੁ ਨ ਹੋਤਾ॥
ਤਹ ਸਦਾ ਅਨੰਦ ਅਨਹਤ ਆਖਾਰੇ॥
ਭਗਤ ਵਸਹਿ ਕੀਰਤਨ ਆਧਾਰੇ॥੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ॥
ਕਉਣੁ ਕਰੈ ਤਾ ਕਾ ਬੀਚਾਰੁ॥
ਕਹੁ ਨਾਨਕ ਜਿਸੁ ਕਿਰਪਾ ਕਰੈ॥
ਨਿਹਚਲ ਥਾਨੁ ਸਾਧਸੰਗਿ ਤਰੈ॥੮॥੪॥[1]

ਤਬ ਸਿਧੀ ਆਦੇਸੁ ਕੀਤਾ॥ ਤਬ ਬਾਬਾ ਬੋਲਿਆ॥ ਆਦਿ ਪੁਰਖ ਕਉ ਆਦੇਸੁ॥ ਤਬ ਗੁਰੂ ਬਾਬਾ ਘਰਿ ਆਇਆ॥

53.

[ਸ੍ਰੀ ਲਹਿਣਾ ਪ੍ਰੀਖਯਾ ਦਾਸੀ ਤੁਲਸਾ]

ਆਗਿਆ ਪਰਮੇਸਰ ਕੀ ਹੋਈ ਜੋ ਇਕੁ ਸਿਖੁ ਜਾਤਿ ਭਲਾ ਖਡੂਰ ਵਿਚਿ ਗੁਰੂ ਗੁਰੂ ਜਪੈ॥ ਅਤੈ ਹੋਰੁ ਸਾਰਾ ਖਡੂਰ ਦੁਰਗਾ ਨੂੰ ਮੰਨੈ॥ ਅਤੈ ਓਸ ਸਿਖ ਦੇ ਨਾਲਿ ਸਭ ਖੇਚਰੀ ਕਰਨਿ॥ ਤਿਹਣਾ ਦੈ ਮਹਲੈ ਰਹੈ ਤਿਸ ਦਾ ਪੁਜਾਰੀ ਲਹਿਣਾ ਰਹੈ॥ ਤਬ ਇਕ ਦਿਨਿ ਉਹੁ ਸਿਖੁ ਬੈਠਾ ਜਪੁ ਪੜਦਾ ਥਾ॥ ਤਬ ਗੁਰੂ ਅੰਗਦਿ ਜੀ ਸੁਣਿਆ ਸੁਣਿ ਕਰਿ ਪੁਛਿਆ ਜੋ ਏਹੁ ਸਬਦ ਕਿਸ ਦਾ ਹੈ॥ ਤਬ ਉਹੁ ਸਿਖੁ ਬੋਲਿਆ॥ ਆਖਿਓਸੁ ਜੀ ਏਹੁ ਸਬਦੁ ਗੁਰੂ ਨਾਨਕ ਦਾ ਹੈ॥ ਤਦਹੁੰ ਗੁਰੂ ਅੰਗਦ ਜੀ ਉਸ ਸਿਖ ਦੇ ਨਾਲਿ ਰਲਿ ਆਇਆ[2]॥ ਆਇ ਪੈਰੀ ਪਇਆ॥ ਦਰਸਨੁ ਦੇਖਣੇ ਨਾਲੇ ਹਥਹੁੰ ਪੈਰਹੁੰ ਘੁੰਗਰੂ ਤੋੜਿ ਸੁਟਿਅਸੁ॥ ਗੁਰੂ ਗੁਰੂ ਲਾਗਾ ਜਪਣਿ॥ ਟਹਲ ਕਰਣਿ ਆਵੈ॥ ਭਾਂਡੈ ਮਾਂਜੈ॥ ਪਖਾ ਫੇਰੈ॥

ਤਬ ਇਕ ਦਿਨ ਗੁਰੂ ਅੰਗਦ ਜੀ ਪਿਛਲੀ ਰਾਤਿ ਗਏ॥ ਜਾਂ ਦੇਖੈ ਤਾਂ ਸੂਹੇ ਬਸਤ੍ਰ ਪੈਧੇ ਬੈਠੀ ਇਸਤ੍ਰੀ ਚਿਕਦੀ ਹੈ॥ ਤਬ ਗੁਰੂ ਅੰਗਦ ਜੀ ਬੇਨਤੀ ਕੀਤੀ ਜੋ ਜੀ ਏਹ ਕਉਣੁ ਥੀ ਪਾਤਸਾਹ॥ ਤਬ ਬਾਬੈ ਆਖਿਆ ਅੰਗਦਾ ਏਹੁ ਦੁਰਗਾ ਥੀ ਸੋ ਅਠਵੈਂ ਦਿਹਾੜੈ ਗੁਰੂ ਕੀ ਸੇਵਾ ਕਰਣਿ ਆਂਵਦੀ ਹੈ॥ ਤਬ ਗੁਰੂ ਅੰਗਦ ਪੈਰੀ ਪਇਆ॥

ਤਬ ਆਗਿਆ ਪਰਮੇਸਰ ਕੀ ਨਾਲਿ ਇਕ ਦਿਨਿ ਬਾਬੇ ਕਾ ਪੈਰੁ ਹਲਦਾ ਥਾ॥ ਜਬ ਗੁਰੂ ਅੰਗਦੁ ਦੇਖੈ ਤਾਂ ਕਈ ਜੀਅ ਪੈਰਾਂ ਨਾਲਿ ਵਿਦਾ ਹੋਂਦੇ ਹੈਨਿ॥

ਤਦਹੁੰ ਗੁਰੂ ਅੰਗਦ ਨੂ ਹਿਕ ਦਿਨ ਸਾਹਰਿਓਂ ਕਪੜੇ ਆਏ॥ ਤਬ ਗੁਰੂ ਅੰਗਦ ਜੀ ਜੋੜਾ ਲਾਇਆ॥ ਤਬ ਗੁਰੂ ਬਾਬੇ ਜੀ ਦੀ ਆਗਿਆ ਹੋਈ ਜਾਹਿ ਘਾਸੁ ਲੈ ਆਉ॥ ਤਬ ਗੁਰੂ ਅੰਗਦੁ ਜੀ ਘਾਸੁ ਲੈ ਆਇਆ ਧਾਈਆਂ ਵਿਚਹੁੰ॥ ਤਬ ਕਪੜੇ ਸਭੇ ਚਿਕੜ ਨਾਲਿ ਭਰੇ॥ ਤਾਂ ਮਾਤਾ ਜੀ ਡਿਠਾ॥ ਤਬ ਬਾਬੇ ਨੂੰ ਕਲਪਣਿ ਲਾਗੀ॥ ਆਖਿਓਸੁ

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 237.
2. ਸੈ.ਹ-ਲ. : ਗਇਆ।

Scanned by CamScanner

ਨਾਨਕ ਤੈਂ ਇਹੁ ਭੀ ਗਵਾਇਆ ਸੰਸਾਰ ਦਿਹੁੰ ਕੰਮਹੁੰ ਪੁਤ੍ਰ ਪਰਾਇਆ ॥ ਜੋ ਕਪੜਿਆਂ ਉਪਰਿ ਚਕੜੁ ਪਾਇ ਲੈ ਆਇਆ ॥ ਤਬ ਬਾਬਾ ਹਸਿਆ ॥ ਆਖਿਓਸੁ ਮਾਤਾ ਏਹੁ ਚਿਕੜੁ ਨਾਹੀ ਇਹੁ ਚੰਦਨੁ ਹੈ ਦੀਨ ਦੁਨੀਆ ਕਾ ॥ ਤਬ ਮਾਤਾ ਜੀ ਚੁਪ ਕਰਿ ਰਹੀ ॥

ਤਬ ਬਾਬਾ ਜੀ ਜਾਇ ਸੁਤਾ ॥ ਰਸੋਈ ਕਾ ਵਖਤੁ ਹੋਇਆ ਤਬ ਬਾਂਦੀ ਲਗੀ ਜਗਾਵਣਿ ॥ ਤਬ ਬਾਬੇ ਦੇ ਚਰਣ ਜੀਭ ਨਾਲਿ ਚਟਿਅਸੁ ॥ ਚਟਣੇ ਨਾਲਿ ਜਬ ਦੇਖੈ ਤਾਂ ਬਾਬਾ ਜੀ ਸਮੁੰਦ੍ਰ ਵਿਚਿ ਖੜਾ ਹੈ ॥ ਸਿਖਾਂ ਦਾ ਬੋਹਿਥੁ ਨਾਲਿ ਧਕਾ ਦੇਂਦਾ ਹੈ ॥ ਕਢਦਾ ਹੈ ॥ ਤਬ ਮਾਤਾ ਭੀ ਆਇ ਗਈ ॥ ਤਾਂ ਮਾਤਾ ਆਖਿਓਸੁ ਨਾਨਕ ਜਾਗਿਆ ਹੈ ॥ ਤਬ ਬਾਂਦੀ ਆਖਿਓਸੁ ਨਾਨਕੁ ਏਥੈ ਨਾਹੀ ਮਾਤਾ ਜੀ ॥ ਸਮੁੰਦ੍ਰ ਵਿਚਿ ਖੜਾ ਹੈ ॥ ਤਾਂ ਮਾਤਾ ਬਾਂਦੀ ਜੋਗੁ ਲਗੀ ਮਾਰਣਿ ॥ ਆਖਿਓਸੁ ਏਹ ਭੀ ਲਗੀ ਮਸਕਰੀਆ ਕਰਣਿ ॥ ਤਬ ਬਾਬਾ ਜਾਗਿਆ ਤਾਂ ਮਾਤਾ ਆਖਿਆ ॥ ਬੇਟਾ ਇਹ ਭੀ ਗੋਲੀ ਲਗੀ ਮਸਕਰੀਆਂ ਕਰਣ ॥ ਆਖੈ ਜੁ ਨਾਨਕੁ ਸਮੁੰਦ੍ਰ ਵਿਚਿ ਖੜਾ ਹੈ ॥ ਤਬ ਬਾਬੇ ਆਖਿਆ ॥ ਮਾਤਾ ਜੀ ਕਮਲੀ ਗੋਲੀ [1]ਦੈ ਆਖਿਐ ਲਗਣਾ ਨਾਹੀ[1] ॥ ਤਬੁ ਬਾਂਦੀ ਕਮਲੀ ਹੋਇ ਗਈ ॥ ਪਰੁ ਦਰਸਨ ਕਾ ਸਦਕਾ ਸੰਗਤਿ ਰਲੀ ॥ ਤਬ ਲੋਕ ਬਹੁਤ ਨਾਉਂ ਧਰੀਕ ਹੋਏ ॥

54.

[ਲਹਿਣੇ ਤੋਂ ਅੰਗਦ]

ਤਦਹੁ ਆਗਿਆ ਨਾਲ ਗੋਰਖ ਨਾਥੁ ਆਇ ਗਇਆ[2] ਬਾਬੈ ਪਾਸ ॥ ਤਾਂ ਆਖਿਓਸੁ ਬਹੁਤੁ ਪਾਸਾਰਾ ਕੀਤੋਹੀ ॥ ਤਬ ਬਾਬੈ ਆਖਿਆ ਗੋਰਖ ਨਾਥੁ ਅਸਾਡੈ ਕੋਈ ਹੋਵੈਗਾ ਤਾਂ ਆਪੇ ਦੇਖਹੁਗੇ ॥

ਤਬ ਬਾਬਾ ਜੀ ਬਾਹਰਿ ਆਇਆ ॥ ਤਾਂ ਲੋਕ ਨਾਉ ਧਰੀਕ ਪਿਛੇ ਬਹੁਤ ਲਾਗੇ ॥ ਤਾਂ ਆਗਿਆ ਨਾਲਿ ਧਰਤੀ ਪੈਸਿਆਂ ਕੀ ਹੋਈ ॥ ਤਬ ਬਹੁਤ ਲੋਕ ਪੈਸੇ ਲੈ ਕਰਿ ਉਠਿ ਆਏ ॥ ਜੋ ਆਗੈ ਜਾਵਨਿ ਤਾਂ ਰੁਪਈਯੇ ਪਏ ਹੈਨਿ ॥ ਤਾਂ ਬਹੁਤ ਲੋਕ ਰੁਪਈਏ ਲੈਕਰਿ ਉਠਿ ਆਏ ॥ ਜਬ ਆਗੈ ਜਾਵਨਿ ਤਾਂ ਮੁਹਰਾਂ [3]ਪਈਆਂ ਹੈਨਿ[3] ॥ ਜੋ ਕੋਈ ਰਹਿਆ ਥਾ ਸੋ ਮੁਹਰਾਂ ਲੇਕਰਿ ਉਠਿ ਆਇਆ ॥ ਤਦ ਦੁਇ ਸਿਖ ਨਾਲਿ ਰਹੇ ॥ ਤਬ ਅਗੈ ਜਾਵਨਿ ਤਾਂ ਇਕੁ ਚਿਖਾ ਜਲਦੀ ਹੈ ॥ ਤਿਸ ਕੇ ਉਪਰਿ ਚਾਰਿ ਚਰਾਗਿ ਜਲਦੇ ਹੈਨਿ ॥ ਅਤੈ ਚਾਦਰ ਤਾਣੀ ਮੁਰਦਾ ਸੁਤਾ ਪਇਆ ਹੈ ॥ ਪਰੁ ਦੁਰਗੰਧ ਬਾਸੁ ਆਂਵਦੀ ਹੈ ॥ ਤਬ ਬਾਬੈ ਬਚਨੁ ਕੀਤਾ ॥ ਆਖਿਓਸੁ ਕੋਈ ਹੈ ਜੁ ਇਸ ਨੂ ਭਖੈ ॥ ਤਬ ਦੂਸਰਾ ਸਿਖੁ ਜੋ ਥਾ ਸੋ ਉਨਿ ਮੁਹੁ ਫੇਰਿ ਕਰਿ ਥੁਕੁ ਸੁਟੀ ॥ ਥੁਕੁ ਸੁਟਿ ਕਰਿ ਚਲਦਾ ਰਹਿਆ ॥ ਤਬ ਇਕ ਗੁਰੂ ਅੰਗਦੁ ਆਇ ਰਹਿਆ ॥ ਤਬ ਬਚਨੁ ਲੈ ਕਰਿ ਜਾਇ ਖੜਾ ਰਹਿਆ ॥ ਤਾਂ ਆਖਿਓਸੁ ਜੀ ਕਿਸ ਵਲਿ ਤੇ ਮੁਹੁ ਪਾਈ ॥ ਤਬ ਬਚਨੁ ਹੋਇਆ ਪੈਰਾਂ ਵਲ ਮੁਹੁ ਪਾਵਣਾ ॥ ਜਬ ਗੁਰੂ ਅੰਗਦ ਚਾਦਰ ਉਠਾਵੈ ਤਾਂ ਗੁਰੂ ਨਾਨਕ ਸੁਤਾ ਪਇਆ ਹੈ ॥

ਤਾਂ ਗੋਰਖ ਕਾ ਬਚਨੁ ਹੋਇਆ ॥ ਜੋ ਨਾਨਕ ਤੇਰਾ ਗੁਰੂ ਸੋਈ ਜੋ ਤੇਰੇ ਅੰਗ

---

1. ਸੈ.ਹ-ਲ. : ਕਮਲੀਆਂ ਰਮਲੀਆਂ ਦੇ ਆਖੇ ਲੱਗਦੀ ਹੈ।
2. ਸੈ.ਹ-ਲ. : ਆਇਆ।
3. ਸੈ.ਹ-ਲ. : ਦੀ ਧਰਤੀ ਹੈ।

ਤੇ ਪੈਦਾ ਹੋਵੈਗਾ॥ ਤਬ ਲਹਿਣੈ ਤੈ ਗੁਰੂ ਅੰਗਦੁ ਨਾਉਂ ਰਖਿਆ॥ ਤਾਂ ਗੋਰਖਨਾਥੁ ਵਿਦਾ ਹੋਇਆ॥ ਬਾਬਾ ਡੇਰੈ ਆਇਆ॥ ਤਾਂ ਲੋਕ ਬਹੁਤ ਪਛੋਤਾਵਣਿ ਲਗੈ ਜੋ ਪੈਸਿਆਂ ਵਾਲੈ ਆਖਦੇ ਹੈਨਿ ਜੇ ਅਗੈ ਜਾਂਦੇ ਤਾਂ ਰੁਪਈਐ ਲੈ ਆਂਵਦੇ॥ ਅਤੇ ਰੁਪਈਆਂ ਵਾਲੈ ਆਖਦੇ ਹੈਨਿ ਜੋ ਅਸੀਂ ਅਗੈ ਜਾਂਦੈ ਤਾਂ ਮੁਹਰਾਂ ਲੈ ਆਂਵਦੇ॥ ਤਬ ਬਾਬਾ ਬੋਲਿਆ ਸਬਦੁ ਰਾਗੁ ਸ੍ਰੀ ਰਾਗੁ ਵਿਚ ਮ ੧॥

[1]ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥੧॥
ਬਾਬਾ ਮਾਇਆ ਰਚਨਾ ਧੋਹੁ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ॥੧॥ਰਹਾਉ॥
ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ॥
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥੨॥
ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥
ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥੩॥
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥੪॥੩॥[1]

55.
[ਮਖਦੂਮ ਬਹਾਵਦੀ ਦਾ ਚਲਾਣਾ]

ਤਬ ਇਕ ਦਿਨ ਪਰਮੇਸਰ ਕੀ ਆਗਿਆ ਹੋਈ ਜੋ ਮਖਦੂਮ[2] ਬਹਾਵਦੀ ਮੁਲਤਾਨ ਕਾ ਪੀਰੁ ਮਸੀਤ ਕਉ ਆਇਆ ਥਾ॥ ਈਦਗਾਹ ਕੈ ਦਿਨਿ॥ ਮੁਰੀਦ ਲੋਕ ਬਹੁਤੁ ਨਾਲਿ ਆਏ ਥੇ ਨਮਾਜ ਗੁਜਾਰਣਿ॥ ਤਦਹੁ ਮਖਦੂਮ ਬਹਾਵਦੀ ਕੀ ਅਖੀ ਭਰਿ ਆਈਆ ਅੰਝੂ॥ ਲਗਾ ਬੈਰਾਗੁ ਕਰਣਿ॥ ਤਬ ਮੁਰੀਦਾਂ ਪੁਛਿਆ ਜੋ ਜੀਵੈ ਪੀਰ ਸਲਾਮਤਿ ਸੁ ਤੁਸੀ ਜੋ ਰੋਏ ਸੋ ਕਿਉਂ ਰੋਏ॥ ਤਬ ਮਖਦੂਮ ਬਹਾਵਦੀ ਆਖਿਆ॥ ਏ ਬੰਦਿਓ ਖੁਦਾਇ ਕਿਓ ਇਹ ਬਾਤਿ ਕਹਣੇ ਕੀ ਨਾਂਹੀ॥ ਤਾਂ ਮੁਰੀਦਾਂ ਆਖਿਆ ਜੀਵੈ ਪੀਰ ਸਲਾਮਤ ਮਿਹਰਿ ਕਰ ਕੈ ਆਖੀਐ॥ ਤਬ ਮਖਦੂਮ ਬਹਾਵਦੀ ਆਖਿਆ ਏ ਯਾਰੋ ਅਜ ਤੇ ਈਮਾਨੁ ਕਿਸੇ ਕਾ ਠਉੜ ਰਹੈਗਾ ਨਾਂਹੀ॥ ਸਭ ਬੇਈਮਾਨ ਹੋਇ ਜਾਵਨਿਗੇ॥ ਤਬ ਮੁਰੀਦਾ ਕਹਿਆ ਜੀ ਵੈ ਪੀਰ ਸਲਾਮਤ ਮਿਹਰ ਕਰ ਕੈ ਦਸੀਐ॥

ਤਬ ਮਖਦੂਮ ਬਹਾਵਦੀ ਆਖਿਆ॥ ਯਾਰੋ ਇਕ ਹਿੰਦੂ ਜਬ ਭਿਸਤ ਕਉ ਆਵੈਗਾ ਤਬ ਭਿਸਤ ਵਿਚਿ ਉਜਾਲਾ ਹੋਵੈਗਾ॥ ਤਬ ਜਿਤਨੇ ਸਿਆਣੇ ਥੇ ਤਿਤਿਨਿਆ ਕਾ ਇਮਾਨ ਠਉੜ ਨ ਰਹਿਆ॥ ਤਾਂ ਲਗੈ ਆਖਣਿ॥ ਜੀਵੈ ਪੀਰ ਸਲਾਮਤਿ ਜੋ ਪੜੇ ਲੋਕ ਆਖਦੇ ਹਿਨਿ ਜੋ ਹਿੰਦੂ ਕਉ ਭਿਸਤੁ ਲਿਖਿਆ ਨਾਹੀ ਅਤੈ

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 15.
2. ਹਾ.ਨੁ., ਸੈ.ਹ-ਲ.: ਮਖਦੂਮ; ਸਾਰੇ ਪ੍ਰਸੰਗ ਵਿਚ ਸਮਾਨ ਸ਼ਬਦਜੋੜ।

Scanned by CamScanner

ਤੁਸਾਂ ਇਉਂ ਆਖਿਆ ਹੈ॥ ਸੋ ਕਿਉ ਕਰਿ ਜਾਣੀਐ॥ ਤਬ ਮਖਦੂਮ ਬਹਾਵਦੀ ਆਖਿਆ ਜੋ ਤੁਸਾਂ ਵਿਚਿ ਕੋਈ ਭਲਾ ਪੜਿਆ ਸਿਆਣਾ ਹੋਵੈ ਸੋ ਲੈ ਆਵਹੁ॥ ਤਬ ਉਨ੍ਹਾਂ ਇਕੁ ਇਲਮਵਾਨ ਹਾਜਰੁ ਕੀਤਾ॥ ਤਬ ਮਖਮੂਦ ਬਹਾਵਦੀ ਇਕੁ ਸਲੋਕ ਲਿਖਿ ਦਿਤਾ ਜੋ

ਅਸਾ ਲਦਣੁ ਲਦਿਆ ਅਸਾਡੀ ਕਰਿ ਕਾਇ॥

ਅਤੈ ਮੂਹੋਂ ਆਖਿਓਸੁ ਜੋ ਨਾਨਕ ਨਾਉਂ ਹੈਸੁ ਦਰਵੇਸ ਕਾ॥ ਤਲਵੰਡੀ ਰਹੰਦਾ ਹੈ॥ ਜਬ ਮਾਂਗੈ ਤਾਂ ਦੇਵਣਾ॥ ਤਦਹੁੰ ਓਹੁ ਆਦਮੀ ਤਲਵੰਡ ਆਇਆ॥ ਕੋਹਾਂ ਦੋਹੁ ਉਪਰਿ ਆਇ ਬੈਠਾ॥ ਅਤੈ ਆਖਿਓਸੁ ਜੇ ਸਚੁ ਹੈ ਤਾ ਮੈਂ ਕਉ ਸਦਾਇ ਲਵੈਗਾ॥ ਤਬ ਬਾਬੈ ਭਸਮਾ ਸਿਖ ਭੇਜਿਆ॥ ਆਖਿਓਸੁ ਬਾਗ ਵਿਚਿ ਜੋ ਆਦਮੀ ਹੈ ਸੋ ਮੁਲਤਾਨ ਤੇ ਆਇਆ ਹੈ ਮਖਦੂਮ ਬਹਾਵਦੀ ਕਾ ਸੋ ਸਦਿ ਲੈ ਆਓ॥ ਤਬ ਓਹੁ ਗੁਰੂ ਪਾਸਿ ਲੇਇ ਆਇਆ॥ ਆਇ ਪੈਰਿ ਚੁਮਿਅਸੁ॥ ਕਾਗਦੁ ਗੁਰੂ ਮੰਗਿ ਲਇਆ ਮਖਦੂਮ ਬਹਾਵਦੀ ਕਾ ਲਿਖਿਆ ਪੜ੍ਹਿਆ॥ ਜੋ ਮਖਦੂਮ ਬਹਾਵਦੀ ਲਿਖਿਆ ਹੈ

ਜੋ ਅਸਾ ਲਦਣੁ ਲਦਿਆ ਅਸਾਡੀ ਕਰਿ ਕਾਇ॥

ਤਬ ਬਾਬੈ ਲਿਖਿਆ ਸਲੋਕੁ ਉਸ ਕੇ ਸਲੋਕ ਉਪਰ ਕੀਤਾ

[1]ਜੋ ਭਰਿਆ ਸੋ ਲਦਸੀ ਸਭਨਾਂ ਹੁਕਮੁ ਰਜਾਇ॥
ਨਾਨਕ ਤੇ ਮੁਖ ਉਜਲੇ ਚਲੇ ਹਕੁ ਕਮਾਇ॥੧॥[1]

ਤਬ ਬਾਬੈ ਮੁਕਤੁ ਮੁਕਤੁ ਮਖਦੂਮ ਬਹਾਵਦੀ ਕਉ ਲਿਖਿਆ॥ ਜੋ ਤੁਸੀ ਚਲਹੁ ਅਸੀ ਭੀ ਆਵਹੰਗੇ ਚਾਲੀਹ ਦਿਨਿ ਪਿਛੈ॥ ਤਿਤੁ ਮਹਲਿ ਸਬਦੁ ਹੋਇਆ ਰਾਗੁ ਸ੍ਰੀ ਰਾਗ ਵਿਚਿ ਮ ੧

[2]ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥੧॥ਰਹਾਉ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥੪॥੨੪॥[2]

ਤਬ ਓਹੁ ਆਦਮੀ ਮੁਲਤਾਨ ਗਇਆ॥ ਤਦਹੁੰ ਮਖਦੂਮ ਬਹਾਵਦੀ ਆਪਣਿਆਂ ਮੁਰੀਦਾਂ ਨਾਲਿ ਬਾਹਰਿ ਆਇਆ॥ [3]ਅਗਹੁੰ ਓਹੁ ਇਕੁ ਨਾਉ ਲੈ ਆਇਆ[3]॥ ਤਬ ਮਖਦੂਮ ਬਹਾਵਦੀ ਦੇਖਿ ਕਰਿ ਲਾਗਾ ਬੈਰਾਗੁ ਕਰਣਿ॥ ਤਬ ਮੁਰੀਦਾਂ ਪੁਛਿਆ ਜੀ ਤੁਸੀ ਕਿਉਂ ਰੋਇ॥ ਤਬ ਮਖਦੂਮ ਬਹਾਵਦੀ ਆਖਿਆ ਯਾਰੋ

1. ਇਹ ਗੁਰਬਾਣੀ ਨਹੀਂ।
2. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 23.
3. ਹਾ.ਨੁ., ਸੈ.ਹ-ਲ.: ਪਾਠ ਲੋਪ।

ਅਸਾ ਲਿਖਿਆ ਆਹਾ ਜੋ ਤੁਸੀ ਚਲਹੁ ਤ ਨਾਲ ਚਲਹੁ॥ ਇਕਠੇ ਖੁਦਾਇ ਕੀ ਦਰਗਾਹ ਜਾਵਹਿਂ॥ ਤਾਂ ਓਨਾ ਅਗਿਅਹੁ ਲਿਖਿਆ ਹੈ ਜੋ ਤੁਸੀ ਚਲਹੁ ਅਸੀ ਭੀ ਆਂਵਹਗੇ ਚਲੀਹ ਦਿਨ ਪਿਛਹੁ॥ ਤਾਂ ਯਾਰੋ ਅਸਾਂ ਓਨਾ ਚਾਲੀਹਾ ਦਿਨਾਂ ਕਾ ਫਿਕਰੁ ਹੈ॥ ਜੋ ਚਾਲੀਹ ਦਿਨ ਅੰਨੇਰੇ ਰਹਣਾ ਹੋਵੈਗਾ॥ ਏ ਯਾਰੋ ਉਨ੍ਹਾਂ ਦਿਨਾਂ ਨੂੰ ਮੈਂ ਰੋਂਦਾ ਹਾਂ ਜੋ ਕਿਉਂ ਕਰਿ ਗੁਦਰਾਨੁ ਹੋਵਨਿਗੇ॥ ਜੇ ਓਹੁ ਚਲਦੇ ਤਾ ਸੁਖਾਲੇ ਚਾਨਣੈ[1] ਨਾਲਿ ਜਾਂਦੇ॥ ਤਬ ਮਖਦੂਮ ਬਹਾਵਦੀ ਕਾ ਚਲਾਣਾ ਹੋਇਆ॥ ਤਦਹੁ ਮੁਰੀਦਾਂ ਲੋਕਾਂ ਦੈ ਦਿਲਿ ਕਰਾਰੁ ਆਇਆ॥

56.

[ਸ੍ਰੀ ਗੁਰੂ ਅੰਗਦ ਜੀ ਨੂੰ ਗੁਰਿਆਈ]

ਤਬ ਬਾਬਾ ਜੀ ਰਾਵੀ ਦੈ ਕਿਨਾਰੈ ਆਇਆ॥ ਤਦਹੁੰ ਪੈਸੇ ਪੰਜਿ ਬਾਬੇ ਜੀ ਗੁਰੂ ਅੰਗਦ ਜੀ ਕੈ ਅਗੈ ਰਾਖਿ ਕੇ ਪੈਰੀ ਪਇਆ॥ ਤਦਹੁੰ ਪਰਵਾਰ ਵਿਚਿ ਖਬਰਿ ਹੋਈ ਤਾਂ ਸਰਬਤਿ ਸੰਗਤਿ ਵਿਚਿ ਖਬਰਿ ਹੋਈ ਜੋ ਗੁਰੂ ਬਾਬਾ-ਚਲਾਣੈ ਦੈ ਘਰਿ ਹੈ॥ ਤਦਹੁੰ ਸੰਗਤਿ ਦਰਸਨਿ[2] ਆਈਆਂ॥ ਹਿੰਦੂ ਮੁਸਲਮਾਨ ਸਭਿ ਆਏ॥ ਤਦਹੁੰ ਗੁਰੂ ਅੰਗਦ ਹਥਿ ਜੋੜਿ ਖੜਾ ਹੋਆ॥ ਤਬ ਬਾਬੈ ਆਖਿਆ ਕੁਛੁ ਮੰਗੁ॥ ਤਬ ਗੁਰੁ ਅੰਗਦੁ ਜੀ ਆਖਿਆ ਜੀ ਪਾਤਿਸਾਹੁ ਤੁਧੁ ਭਾਵੈ ਤਾਂ ਏਹ ਜੋ ਸੰਗਤ ਨਾਲਹੁੰ ਤੁਟੀ ਹੈ ਸੋ ਲੜਿ ਲਾਈਐ ਜੀ॥ ਤਬ ਬਚਨ ਹੋਇਆ ਗੁਰੂ ਅੰਗਦ ਨੋ ਜੋ ਤੇਰਾ ਸਦਕਾ ਸਭਾ ਬਖਸੀ॥ ਤਬ ਗੁਰੂ ਅੰਗਦੁ ਪੈਰੀ ਪਇਆ॥ ਉਤ ਮਹਲਿ ਸਬਦੁ ਹੋਇਆ ਰਾਗ ਮਾਝ ਵਿਚ ਮਹਲਾ ੧

[3]ਓਤਿ ਪੋਤਿ ਸੇਵਕ ਸੰਗਿ ਰਾਤਾ॥
ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ॥
ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥੧॥
ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥
ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥
ਸੋਈ ਕਮਾਵੈ ਜੋ ਸਾਹਿਬ ਭਾਵੈ
ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥੨॥
ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ॥
ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ॥
ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ
ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥੩॥
ਅਪੁਨੈ ਠਾਕੁਰਿ ਜੋ ਪਹਿਰਾਇਆ॥
ਬਹੁਰਿ ਨ ਲੇਖਾ ਪੁਛਿ ਬੁਲਾਇਆ॥
ਤਿਸੁ ਸੇਵਕ ਕੈ ਨਾਨਕ ਕੁਰਬਾਣੀ
ਸੋ ਗਹਿਰ ਗਭੀਰਾ ਗਉਹਰੁ ਜੀਉ॥੪॥੧੮॥੨੫॥

---

1. ਸੈ.ਹ-ਲ.: ਚਾਨਣ ਚਾਨਣ।
2. ਹਾ.ਨੁ., ਸੈ.ਹ-ਲ.: ਪਾਠ ਲੋਪ।
3. ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 101-02.

Scanned by CamScanner

57.

[ਜੋਤੀ ਜੋਤ ਸਮਾਉਣਾ]

ਤਦਹੁ ਗੁਰੂ ਬਾਬਾ ਸਰੀਹ ਤਲੈ ਜਾਇ ਬੈਠਾ॥ ਸਰੀਹੁ ਸੁਕਾ ਖੜਾ ਥਾ॥ ਸੋ ਹਰਿਆ ਹੋਆ॥ ਪਾਤ ਫੁਲ ਪਏ॥ ਤਬ ਗੁਰੂ ਅੰਗਦ ਪੈਰੀ ਪਇਆ॥ ਤਬ ਮਾਤਾ ਜੀ ਬੈਰਾਗੁ ਲਗੀ ਕਰਣਿ॥ ਤਿਤੁ ਮਹਲਿ ਸਬਦੁ ਹੋਇਆ॥ ਭਾਈ ਬੰਧੁ ਪਰਵਾਰੁ ਸਭ ਲਗੇ ਰੋਵਣਿ॥ ਤਦਹੁ ਰਾਗ ਵਡਹੰਸੁ ਵਿਚਿ ਸਬਦੁ ਹੋਇਆ

ਰਾਗ ਵਡਹੰਸੁ ਮਹਲਾ ੧

[1]ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥
ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥
ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥
ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ॥
ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥੧॥
ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥
ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ॥
ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ॥
ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ॥
ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ॥
ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥੨॥
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ॥
ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ॥
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ॥
ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ॥
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ॥੩॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥
ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ॥
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ॥
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥੪॥੧॥[1]

ਤਬ ਸੰਗਤਿ ਲਗੀ ਸਬਦੁ ਗਾਵਣਿ[2] ਅਲਾਹਣੀਆ॥ ਤਬ[3] ਬਾਬਾ ਬਿਸਮਾਦ ਦੈ ਘਰਿ ਆਇਆ॥ ਤਿਤੁ ਮਹਲਿ ਹੁਕਮੁ ਹੋਇਆ॥ ਰਾਗੁ ਤੁਖਾਰੀ ਕੀਤਾ॥ ਬਾਬਾ ਬੋਲਿਆ ਬਾਰਹਮਾਹਾ॥ ਰਾਤਿ ਅੰਮ੍ਰਿਤ ਵੇਲਾ ਹੋਆ ਚਲਾਣੇ ਕੈ ਵਖਤਿ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ ੧

---

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 578-79.
2. ਸੈ.ਹ-ਲ.: ਪੜਣਿ।
3. ਹਾ.ਨੁ., ਸੈ.ਹ-ਲ.: ਪਾਠ ਲੋਪ।

ਸਤਿਗੁਰ ਪ੍ਰਸਾਦਿ॥
[1]ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ॥
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥
ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ॥
ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥੧॥
ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥
ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ॥
ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ॥
ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥੨॥
ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥
ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥
ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ॥
ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥੩॥
ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥
ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥
ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥੪॥
ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥੫॥
ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥
ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥

---

1. ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1107-08.

Scanned by CamScanner

‘ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥
ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥
ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥੯॥
ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥
ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥
ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥੧੧॥
ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ ਤਤਿ ਜਲਾਇਆ ॥
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥
ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥
ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥
ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥[1]

1. ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1108-09.

Scanned by CamScanner

[1]ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥੧੪॥
ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥੧੫॥
ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥
ਅਨਦਿਨੁ ਰਹਸੁ ਭਇਆ ਆਪੁ ਗਵਾਇਆ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥
ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ॥੧੬॥
ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥੧੭॥੧॥[1]

ਤਿਤੁ ਮਹਲਿ ਜੋ ਸਬਦੁ ਹੋਆ ਸੋ ਪੋਥੀ ਜੁਬਾਨਿ[2] ਗੁਰੂ ਅੰਗਦ ਜੋਗ ਮਿਲੀ॥ ਤਦਹੁੰ ਪੁਤ੍ਰਾਂ ਆਖਿਆ ਅਸਾਡਾ ਕਿਆ ਹਵਾਲ ਹੋਵੈਗਾ॥ ਤਬ ਗੁਰੂ ਬੋਲਿਆ॥ ਬਚਨੁ ਆਖਿਆ ਜੋ ਬੇਟਾ ਗੁਰੂ ਕਿਆਂ ਕੁਤਿਆਂ ਨੂੰ ਭੀ ਕਮੀ ਨਾਂਹੀ॥ ਰੋਟੀਆਂ ਕਪੜੇ ਬਹੁਤੁ ਹੋਵਨਿਗੇ ਅਤੈ ਗੁਰੂ ਗੁਰੂ ਜਪਹੁਗੈ ਤਾਂ ਜਨਮ ਸਵਰੇਗਾ॥ ਤਬ ਹਿੰਦੂ[3] ਮੁਸਲਮਾਨ ਨਾਉ ਧਰੀਕ ਲਗੇ ਆਖਣਿ॥ [3]ਮੁਸਲਮਾਨ ਲਗੇ ਆਖਣਿ[3] ਅਸੀਂ ਦਬਹਿੰਗੇ॥ ਅਤੇ ਹਿੰਦੂ ਲਗੇ ਆਖਣਿ ਜੋ ਅਸੀ ਜਲਾਹਾਂਗੇ॥

ਤਬ ਬਾਬੇ ਆਖਿਆ ਜੋ ਤੁਸੀ ਦੁਹਾਂ ਵਲੀ ਫੁਲ ਰਖਹੁ॥ ਦਾਹਣੀ ਵਲਿ ਹਿੰਦੂਆਂ ਕੇ ਰਖਹੁ ਅਤੈ ਬਾਵੀ ਵਲਿ ਮੁਸਲਮਾਨਾਂ ਕੇ ਰਖਹੁ॥ ਜਿਸ ਦੇ ਭਲਕੇ ਹਰੇ ਰਹਿਨਗੇ॥ ਜੇ ਹਿੰਦੂਆ ਕੇ ਹਰੇ ਰਹਨਿ ਤਾਂ ਜਾਲਹਿੰਗੈ ਅਤੈ ਜੋ ਮੁਸਲਮਾਨਾਂ ਕੇ ਹਰੇ ਰਹਿਨਗੇ ਤਾਂ ਦਬਹਿੰਗੇ॥ ਤਬ ਬਾਬੈ ਸੰਗਤਿ ਨੂੰ ਹੁਕਮੁ ਕੀਤਾ ਕੀਰਤਨੁ ਪੜ੍ਹਹੁ॥ ਤਬ ਸੰਗਤਿ ਲਗੀ ਕੀਰਤਨੁ ਪੜਣਿ॥੧॥ ਰਾਗ ਗਉੜੀ ਪੂਰਬੀ ਮਹਲਾ ੧॥

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

[4]ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥[4]

1. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 1109-10.
2. ਸੈ.ਹ-ਲ.: ਜੁਬਾਂ।
3. ਹਾ.ਨੁ., ਸੈ.ਹ-ਲ.: ਪਾਠ ਲੋਪ।
4. ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 12.

Scanned by CamScanner

[1]ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ਰਹਾਉ॥
ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥
ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥੨॥
ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥
ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥੪॥੧॥

ਰਾਗੁ ਆਸਾ ਮਹਲਾ ੧
ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥੧॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥੧॥ਰਹਾਉ॥
ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥੨॥੨॥[1]

ਧਨਾਸਰੀ ਰਾਗ ਹੋਯਾ॥ ਆਰਤੀ ਗਾਵੀ॥ ਤਿਤ ਮਹਿਲ ਕੀਰਤਨੁ ਹੋਆ ਸਬਦੁ॥ ਤਬ ਸਲੋਕ ਪੜਿਆ

[2]ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥[2]

ਜਬ ਸਲੋਕ ਪੜਿਆ॥ ਤਬਿ ਬਾਬੈ ਚਾਦਰ ਉਪਰਿ ਲੈ ਕਰਿ ਸੁਤਾ॥ ਸੰਗਤਿ ਮਥਾ ਟੇਕਿਆ॥ ਜਬ ਚਾਦਰ ਉਠਾਵਨਿ ਤਾ ਕੁਛੁ ਨਾਹੀ॥ ਤਦਹੁੰ ਫੁਲ ਦੁਹਾਂ ਕੇ ਹਰੇ ਰਹੈ॥ ਹਿੰਦੂ ਆਪਣੇ ਲੈ ਗਏ ਅਤੈ ਮੁਸਲਮਾਨ ਆਪਣੇ ਲੈ ਗਏ॥ ਸਰਬਤਿ ਸੰਗਤਿ ਪੈਰੀ ਪਈ॥ ਬੋਲਹੁ ਵਾਹਿਗੁਰੂ॥੧॥ ਸੰਮਤਿ ੧੫੯੫[3] ਮਿਤੀ ਅਸੂ ਸੁਦੀ ੧੦ ਬਾਬਾ ਨਾਨਕੁ ਜੀ ਸਮਾਣੇ ਕਰਤਾਰਿ ਪੁਰਿ॥

ਬੋਲਣਾ ਹੋਆ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ॥

ਸਾਖੀ ਸੰਪੂਰਨ ਹੋਈ॥ [ਭੂਲ][4] ਬਖਸਿ ਲੈਣਾ॥ ਅਭੂਲ ਗੁਰੂ ਬਾਬਾ ਜੀ॥

1. ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 12.
2. ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8.
3. ਸੈ.ਹ-ਲ.: 1596, ਕਿਸੇ ਹੋਰ ਕਲਮ ਦੀ ਕੀਤੀ ਸੋਧ।
4. ਪਾਠ ਖਾ.ਹ-ਲ., ਸਿ.ਹ-ਲ. ਦਾ।

Scanned by CamScanner

ਜ਼ਮੀਮਾ 1

ਵਿਥਿਆ ਘੋਏ ਜੱਟ ਦੀ

ਸੈਦੋਂ ਵਿਰੋਧੀ ਹੰਦਾਲੀ ਭੜਥਾ

ਜਨਮ ਸਾਖੀ ਪਰੰਪਰਾ ਵਿਚ ਘੋਏ ਜੱਟ ਦਾ ਦਾਖ਼ਲਾ ਵਿਚਾਰ ਗੋਚਰਾ ਮੁੱਦਾ ਹੈ। ਸਭ ਤੋਂ ਪਹਿਲਾਂ ਇਸ ਦਾ ਪਰਵੇਸ਼ ਭਾਈ ਸੂਰਤ ਸਿੰਘ ਦੀ ਰਚੀ ਤੇ ਭਾਈ ਮਨੀ ਸਿੰਘ ਦੇ ਨਾਂ ਨਾਲ ਜੁੜੀ *ਗਿਆਨ ਰਤਨਾਵਲੀ* ਜਨਮ ਸਾਖੀ ਦੀ ਲਿੱਥੋ ਛਾਪ ਵਿਚ ਕਰਵਾਇਆ ਗਿਆ, ਜੋ 'ਸੰਸਕ੍ਰਿਤ ਬੁੱਕ ਡੀਪੂ'[1] ਲਾਹੌਰ, ਨੇ ਬੰਬਈ ਤੋਂ ਛਪਵਾਈ ਹੋਣ ਦੇ ਮੰਤਵੀ ਦਾਅਵੇ ਨਾਲ, 1892 ਈ. ਵਿਚ ਪ੍ਰਕਾਸ਼ਤ ਕੀਤੀ। ਇਸ ਤੋਂ ਪਹਿਲਾਂ, ਸਿਰਫ਼ ਇਕ ਸਾਲ ਦੇ ਵਕਫ਼ੇ ਨਾਲ 1891 ਈ. ਵਿਚ ਪ੍ਰਕਾਸ਼ਕ 'ਚਿਰਾਗ ਦੀਨ ਤੇ ਸਰਾਜ ਦੀਨ'[2], ਦੀ ਲਾਹੌਰੋਂ ਪ੍ਰਕਾਸ਼ਤ, ਇਸੇ ਨਾਂ ਦੀ ਜਨਮ ਸਾਖੀ ਦੀ ਲਿੱਥੋ ਛਾਪ ਵਿਚ ਇਹ ਨਹੀਂ ਸੀ, ਅਤੇ ਉਸ ਵਿਚ ਦਰਜ ਬਾਬੇ ਦੀ ਜਨਮ ਮਿਤੀ ਵਿਸਾਖ ਵਾਲੀ, ਮੂਲ ਲਿਖਤ ਦੀ ਅਨੁਸਾਰੀ ਸੀ। ਪਰ 1892 ਈ. ਵਾਲੀ ਛਾਪ ਵਿਚ, ਨਾ ਕੇਵਲ ਘੋਏ ਨਾਲ ਸੰਬੰਧਤ ਲੰਬੀ ਸਾਖੀ ਦਾਖ਼ਲ ਕੀਤੀ ਗਈ, ਜਨਮ ਮਿਤੀ ਨੂੰ ਕੱਤਕ ਮਿਤੀ ਵਿਚ ਕੋਝੇ ਅਤੇ ਆਪ-ਹੁਦਰੇ ਢੰਗ ਨਾਲ ਬਦਲਿਆ ਗਿਆ : ਅਖੇ, "ਸ੍ਰੀ ਗੁਰੂ ਗ੍ਰੰਥ ਪੰਥ ਦੇ ਹਜ਼ੂਰ ਚਿੱਠੀਆਂ ਪਾ ਕੇ ਕਤਕ ਮਹੀਨਾ ਸਿਧ ਹੋਯਾ"[3]... ਯਾਨੀ ਲਾਟਰੀ ਨਿਕਲੀ ਹੰਦਾਲੀਆਂ ਵਾਲੀ ਮਿਤੀ ਦੀ, ਜਿਸ ਨੂੰ ਸਰਵ ਪ੍ਰਵਾਣਿਤ ਹੋਣ ਕਾਰਨ, ਸਮੂਹ ਸਿੱਖਾਂ ਅਤੇ ਸਿੰਘਾਂ ਨੂੰ ਮੰਨਣ ਅਤੇ ਮਨਾਉਣ ਦੀਆਂ ਹਦਾਇਤਾਂ ਵੀ ਕੀਤੀਆਂ ਗਈਆਂ; ਜਿਨ੍ਹਾਂ ਦੀ ਪਾਲਣਾ ਬਾਬੇ ਦੇ ਤਥਾ-ਕਥਿਤ ਅਨੁਯਾਈ ਪਰ ਬਾਲੇ ਦੇ ਭਾਈ, ਹੁਣ ਤਕ, ਬਿਨਾਂ ਛਿੱਕ ਮਾਰੇ, ਸਿਦਕ ਦਿਲੀ ਨਾਲ ਕਰਦੇ ਆ ਰਹੇ ਹਨ। ਅਤੇ ਇਸ ਨਾਲ ਹੋ ਗਿਆ ਸਿੱਖ ਅਤੇ ਸਾਖੀ ਪਰੰਪਰਾ 'ਤੇ ਗੈਣੀ ਹੰਦਾਲੀਅਤ ਦਾ ਪਰਛਾਵਾਂ ਪੱਕਾ।

ਹੰਦਾਲੀ ਚਾਲਬਾਜ਼ਾਂ ਨੂੰ ਇਹ ਐਸਾ ਪੜਾ ਕਰਨ ਦੀ ਕੀ ਲੋੜ ਜਾਂ ਮਜਬੂਰੀ ਆ ਬਣੀ ? ਇਹ ਸਵਾਲ ਪ੍ਰਸੰਗ ਦਾ ਤਲਬਗਾਰ ਹੈ। 1883 ਈ. ਵਿਚ *ਪੁਰਾਤਨ ਜਨਮ ਸਾਖੀ* ਦੇ ਪੁਨਰ-ਪ੍ਰਗਟਾਵੇ ਨੇ ਹੰਦਾਲੀਆਂ ਲਈ ਸੰਕਟ ਖੜਾ ਕਰ ਦਿੱਤਾ, ਜਿਨ੍ਹਾਂ ਨੇ ਇਸ ਨੂੰ ਨੇਸਤੋਨਾਬੂਦ (ਨਾ ਹੋ, ਨਾ ਸੀ) ਕਰਨ ਵਿਚ ਕੋਈ ਕਸਰ ਬਾਕੀ

---

1. W.H. McLeod, *The Principal Janam Sakhis*, Oxford 1980, p. 39.
2. *Ibid*, p. 39.
3. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ*, ਪੰਨਾ 330.

ਨਹੀਂ ਸੀ ਛੱਡੀ। ਲਾਹੌਰ ਵਾਲੇ ਹੰਦਾਲੀ ਅੱਡੇ ਨੇ ਭਾਵੇਂ 1871 ਈ. ਤੋਂ ਲਗਾਤਾਰ *ਬਾਲਾ ਜਨਮ ਸਾਖੀ* ਦਾ ਪ੍ਰਚਾਰ ਅਤੇ ਪ੍ਰਕਾਸ਼ਨ ਅਰੰਭਿਆ ਹੋਇਆ ਸੀ ਅਤੇ ਇਸ ਵਾਲੀ ਮਿਤੀ ਨੂੰ ਸਮਾਜਕ, ਅਤੇ ਸਰਕਾਰੀ ਛੁੱਟੀ ਦੇ ਰੂਪ ਵਿਚ ਮਾਨਤਾ ਦਿਵਾਉਣ ਵਿਚ ਵੀ ਸਫਲਤਾ ਹਾਸਲ ਕਰ ਲਈ ਸੀ। ਪਰ ਜਦੋਂ 1885 ਈ. ਵਿਚ ਸਿਦਕਵਾਨ ਅਤੇ ਜਾਗਰੂਕ ਸਿੱਖ ਪ੍ਰੋ. ਗੁਰਮੁਖ ਸਿੰਘ ਨੇ 'ਲਾਹੌਰ ਖਾਲਸਾ ਦੀਵਾਨ' ਜੱਥੇਬੰਦ ਕਰਨ ਉਪਰੰਤ 1885 ਈ. ਵਿਚ ਆਪਣੇ ਜਤਨਾਂ ਨਾਲ ਲੱਭੇ *ਪੁਰਾਤਨ* ਦੇ ਹਾਫ਼ਜ਼ਾਬਾਦੀ ਨੁਸਖ਼ੇ ਦਾ ਸੰਪਾਦਨ ਅਤੇ ਪ੍ਰਕਾਸ਼ਨ ਕਰਵਾਇਆ, ਹੰਦਾਲੀ ਨਜ਼ਰਾਂ ਵਿਚ ਇਹ ਉਸ ਦਾ ਪਹਿਲਾਂ ਗੁਨਾਹ ਸੀ; ਦੂਜਾ, ਇਕ ਮਾਸਕ ਪੱਤਰ *ਸੁਧਾਰਾਰਕ* (ਸੁਧਾਰ ਦਾ ਸੂਰਜ) ਨਾਂ ਹੇਠ ਕੱਢਣਾ ਸ਼ੁਰੂ ਕੀਤਾ, ਜਿਸ ਦੇ 1886 ਈ. ਵਾਲੇ ਪਹਿਲੇ ਅੰਕ ਵਿਚ, ਬਾਲਾ-ਬਲੱਫ਼, ਕੱਤਕ ਵਾਲੀ ਮਿਤੀ ਅਤੇ 'ਜਨਮ ਸਾਖੀ ਬਾਲਾ' ਦੀਆਂ ਧੱਜੀਆਂ ਉਡਾਈਆਂ ਗਈਆਂ, ਅਤੇ ਹੀਣੀ ਹੰਦਾਲੀਅਤ ਨੂੰ ਨੰਗਾ ਕੀਤਾ ਗਿਆ ਸੀ। ਇਸ ਨਾਲ ਤਾਂ ਹੰਦਾਲੀ ਅੱਡੇ 'ਤੇ ਖ਼ਤਰੇ ਦੀ ਘੰਟੀ ਖੜਕ ਗਈ।

ਇਸ ਤੋਂ ਅਗਲੀ ਮਹੱਤਵਪੂਰਨ ਘਟਨਾ ਸੀ; ਲਾਹੌਰ ਦੇ ਸਰਗਰਮ ਖ਼ਾਲਸਾ ਦੀਵਾਨ ਦੇ ਜਤਨਾਂ ਨਾਲ 1891 ਈ. *ਗਿਆਨ ਰਤਨਾਵਲੀ* ਜਨਮ ਸਾਖੀ ਦਾ ਪ੍ਰਕਾਸ਼ਨ, ਜੋ ਭਾਈ ਮਨੀ ਸਿੰਘ ਦੇ ਨਾਂ ਨਾਲ ਜੁੜੀ ਹੋਣ ਕਰਕੇ ਸਿੱਖ ਸਮੁਦਾਇ ਨੂੰ ਵੱਧ ਪ੍ਰਭਾਵਤ ਕਰ ਸਕਦੀ ਸੀ। ਇਸ ਦੀ ਲਿੱਥੋ ਛਾਪ ਨੇ ਤਾਂ ਹੰਦਾਲੀਆਂ ਲਈ ਸੰਕਟ ਹੀ ਖੜਾ ਕਰ ਦਿੱਤਾ। ਇਸ ਦਾ ਤੁਰਤ ਹੰਦਾਲੀ ਜਵਾਬ ਸੀ, 'ਸੰਸਕ੍ਰਿਤ ਬੁੱਕ ਡੀਪੂ', ਲਾਹੌਰ ਵੱਲੋਂ, 1892 ਈ. ਵਿਚ ਛਾਪੀ, ਘੋਏ ਜੱਟ ਵਾਲੀ ਨਵੀਂ ਹੰਦਾਲੀ ਘਾੜਤ ਨਾਲ ਫੁਲਾਈ ਹੋਈ *ਗਿਆਨ ਰਤਨਾਵਲੀ* ਜਿਸ ਵਿਚ ਵਿਸਾਖ ਵਾਲੀ ਸ਼ੁੱਧ ਮੂਲ ਮਿਤੀ ਨੂੰ ਕੱਤਕ ਵਿਚ ਬਦਲਿਆ ਗਿਆ। ਇਸ ਬਦਲੀ ਲਈ ਪ੍ਰਕਾਸ਼ਕ ਜ਼ਿੰਮੇਵਾਰ ਨਹੀਂ ਜਿਵੇਂ ਕਿਰਪਾਲ ਸਿੰਘ[1] ਹੋਰੀਂ ਸਮਝਣਾ ਪਸੰਦ ਕਰਦੇ ਹਨ, ਇਹ ਲਾਹੌਰ ਦੇ ਸਰਗਰਮ ਹੰਦਾਲੀ ਅੱਡੇ ਦੀ ਕਰਤੂਤ ਹੈ; ਅਤੇ ਇਹ ਛਪੀ ਵੀ ਬੰਬਈ ਵਿਚ ਨਹੀਂ, ਲਾਹੌਰ ਵਿਚ ਹੀ ਲੁਕੇ-ਛੁਪੇ ਰੂਪ ਵਿਚ ਛਾਪੀ ਗਈ - ਲਿੱਥੋ ਛਾਪ ਲਈ ਗੁਰਮੁਖੀ ਦੇ ਮਾਹਰ ਕਾਤਬ ਲਾਹੌਰ ਵਿਚ ਹੀ ਮਿਲ ਸਕਦੇ ਸਨ। ਫੋਰੈਂਸਿਕ ਤਕਨੀਕੀ ਸਹਾਇਤਾ ਨਾਲ ਪ੍ਰੈੱਸ ਅਤੇ ਕਾਤਬ ਦਾ ਖੁਰਾ ਵੀ ਨੱਪਿਆ ਜਾ ਸਕਦਾ ਹੈ, ਪਰ ਸਾਡੇ ਲਈ ਇੰਨਾ ਹੀ ਕਾਫ਼ੀ ਹੈ ਕਿ ਇਹ ਲਾਹੌਰ ਦੇ ਬੌਧਕ ਹਲਕਿਆਂ ਵਿਚ ਚੱਲ ਰਹੀ ਨਵੀਂ ਹਵਾ ਤੋਂ ਕੀਤਾ ਗਿਆ ਓਹਲਾ ਹੈ।

ਗਿਆਨ ਰਤਨਾਵਲੀ ਦੇ ਪਾਠ ਵਿਚ ਬਾਲੇ ਦਾ ਪਰਵੇਸ਼ ਤਾਂ ਇਸ ਦੇ ਮੂਲ ਲੇਖਕ ਸੂਰਤ ਸਿੰਘ ਨੂੰ ਵਰਗਲਾ ਕੇ ਪਹਿਲਾਂ ਹੀ ਕਰਵਾਇਆ ਜਾ ਚੁੱਕਾ ਸੀ। ਇਸ ਦੀਆਂ ਪਹਿਲੀਆਂ ਦੋ ਉਦਾਸੀਆਂ ਵਾਲਾ ਬਾਲਾ-ਮੁਕਤ ਬਿਰਤਾਂਤ ਅਤੇ ਵਿਸਾਖ ਵਾਲੀ ਮਿਤੀ, ਹੱਥ-ਲਿਖਤ ਨੁਸਖ਼ਿਆਂ ਵਿਚ ਅਜੇ ਵੀ ਉਸੇ ਰੂਪ ਵਿਚ ਪ੍ਰਾਪਤ ਹੈ, ਜੋ ਮੁੱਢਲੀ ਸਾਖੀ ਪਰੰਪਰਾ ਦੇ ਅਨੁਸਾਰ ਹੋਣ ਕਾਰਨ, ਪ੍ਰੋ. ਗੁਰਮੁਖ ਸਿੰਘ ਦੀ ਚਲਾਈ ਮੁਹਿੰਮ ਨੂੰ ਇਸ ਤੋਂ ਤਕੜਾ ਬਲ ਤੇ ਸਹਾਰਾ ਮਿਲਦਾ ਸੀ, ਜਿਸ ਤੋਂ ਬਚਣ ਦਾ

1. *ਕਿਰਤੇਕਤ*, ਪੰਨਾ 330.

Scanned by CamScanner

ਉਪਾਉ ਸੀ, ਉਪਰੋਕਤ 1892 ਵਾਲੀ *ਗਿਆਨ ਰਤਨਾਵਲੀ* ਦੀ ਲਿੱਥੋ ਛਾਪ, ਜਿਸ ਵਿਚ 'ਗਿਆਨ ਦੇ ਰਤਨਾਂ' ਦੇ ਨਾਲ-ਨਾਲ ਹੀਣੀ-ਹੰਦਾਲੀਅਤ ਵਾਲੇ ਕਚਕੜੇ ਵੀ ਪਰੋਏ ਗਏ। ਇਸ ਨਾਲ ਵਿਸਾਖ ਮਿਤੀ ਵਾਲੀ ਪਰੰਪਰਾ ਦੇ ਕਿਲੇ ਦਾ ਆਖ਼ਰੀ ਬੁਰਜ ਢਹਿ ਢੇਰੀ ਹੋ ਗਿਆ; ਸੂਰਤ ਸਿੰਘ ਦੇ 'ਬੁਰਜ ਗਿਆਨੀਆਂ' ਉਪਰ ਹੰਦਾਲੀ ਜਿੱਤ ਮੁਕੰਮਲ ਹੋਈ; ਹੁਣ, ਹਰ ਪਾਸੇ ਹੋ ਗਿਆ 'ਬਾਲਾ ਕੱਤਕ ਮਿਤੀ' ਦਾ ਬੋਲ ਬਾਲਾ।

'ਬਾਲਾ ਭਾਈਆਂ' ਨੇ ਜਿਸ ਢੰਗ ਨਾਲ ਪ੍ਰੋ. ਗੁਰਮੁਖ ਸਿੰਘ ਅਤੇ ਉਸ ਨਾਲ ਸਹਿਮਤੀ ਰੱਖਣ ਵਾਲਿਆਂ ਨੂੰ 'ਤਨਖ਼ਾਹੀਆ' ਵਾਲੇ ਕਲੰਕ ਦਾ ਟਿੱਕਾ ਦਿੱਤਾ, ਉਹ ਸਮੇਂ[1] ਦੀ ਸ਼ਰਮਨਾਕ ਘਟਨਾ ਅਤੇ 'ਬਾਲਾ ਭਾਈਆਂ' ਦੇ ਆਪਣੇ ਮੱਥੇ ਦਾ ਕਲੰਕ ਹੈ। 1898 ਈ. ਵਿਚ ਪ੍ਰੋ. ਗੁਰਮੁਖ ਸਿੰਘ ਦੇ ਅਕਾਲ ਚਲਾਣੇ ਅਤੇ ਉਸ ਦੇ ਮਾਸਕ ਪੱਤਰ *ਸੁਧਾਰਾਰਕ* (ਸੁਧਾਰ ਦਾ ਸੂਰਜ) ਦੇ ਬੰਦ ਹੋਣ ਨਾਲ ਹੰਦਾਲੀ ਧੜੇ ਵਾਲਿਆਂ ਨੂੰ ਸੁਖ ਦਾ ਸਾਹ ਆਉਣ ਲੱਗ ਪਿਆ। ਤਾਂ ਵੀ, ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਚਰਿਤਰਘਾਤ ਅਤੇ ਗੁਰ-ਇਤਿਹਾਸ ਵਿਚ ਵਿਗਾੜ ਪਾਉਣ ਵਾਲੀਆਂ ਗਤੀ-ਵਿਧੀਆਂ ਵਾਲੀ ਮੁਹਿੰਮ ਬਰਾਬਰ ਜਾਰੀ ਰੱਖੀ। ਕਰਮ ਸਿੰਘ ਹੋਰਾਂ ਦੇ *ਕੱਤਕ ਕਿ ਵਿਸਾਖ* ਵਾਲੇ ਲਾਜਵਾਬ ਆਲੋਚਨਾਤਮਕ ਵਿਸ਼ਲੇਸ਼ਣ ਨੂੰ ਦਫ਼ਨਾਉਣ ਦੀ ਘਿਨਾਉਣੀ ਕਾਰਵਾਈ, ਜਿਸ ਲਈ ਵੇਲੇ ਦੀ ਉੱਘੀ ਸਿੱਖ ਹਸਤੀ ਭਾਈ ਵੀਰ ਸਿੰਘ ਜ਼ਿੰਮੇਵਾਰ ਸੀ, ਇਸ ਲਈ ਕੀਤੀ ਗਈ ਕਿ ਉਸ ਨੇ ਗੁਰਮੁਖ ਸਿੰਘ ਹੋਰਾਂ ਵਾਲੀ 'ਗਿਆਨ ਪਰਗਾਸ ਮਸ਼ਾਲ' ਆਪ ਸੰਭਾਲ ਲਈ ਸੀ ਅਤੇ ਉਸ ਦੀ ਲਾਜਵਾਬ ਖੋਜ ਦੇ ਸਿੱਟਿਆਂ ਦੇ ਪ੍ਰਸਾਰਨ ਨਾਲ ਬਾਲੇ ਦੀ ਅਸਲੀਅਤ ਅਤੇ ਹੰਦਾਲੀਆਂ ਦੀ ਕਰਤੂਤ ਨੰਗੀ ਹੁੰਦੀ ਸੀ। ਵਿਵੇਕ ਦੇ ਸਥਾਈ ਦੁਸ਼ਮਣਾਂ ਦੇ ਟੱਬਰ ਵਿਚ ਜੇ, ਕੁਦਰਤ ਦੀ ਗ਼ਲਤੀ ਨਾਲ, ਕੋਈ ਅਕਲਾਂ ਵਾਲਾ ਵਿਵੇਕਵਾਨ ਜੰਮ ਪਵੇ ਤਾਂ ਉਸ ਦੀ ਪ੍ਰੋ. ਗੁਰਮੁਖ ਸਿੰਘ ਅਤੇ ਕਰਮ ਸਿੰਘ ਹੋਰਾਂ ਵਰਗੀ ਹੀ ਗਤ ਜਾਂ ਦੁਰਗਤ ਬਣਦੀ ਹੈ, ਅਤੇ ਬਾਕੀਆਂ ਨੂੰ ਅਜਿਹੇ 'ਕੁਕਰਮ' ਤੋਂ ਬਚਣ ਅਤੇ ਸਬਕ ਸਿੱਖਣ ਦੀ ਤਾੜਨਾ ਵੀ ਨਾਲ-ਨਾਲ ਕੀਤੀ ਜਾਂਦੀ ਹੈ।

ਹੰਦਾਲੀਅਤ ਨਾਲ 'ਸੋਧੀ' *ਗਿਆਨ ਰਤਨਾਵਲੀ* ਵਿਚ ਮਿਤੀ ਦੀ ਆਪ-ਹੁਦਰੀ ਤਬਦੀਲੀ ਦੇ ਇਲਾਵਾ, ਇਸ ਵਿਚ ਘੋਏ ਜੱਟ ਦੀ ਸਾਖੀ ਦਾ ਦਾਖ਼ਲਾ ਸਮਾਧਾਨ ਮੰਗਦਾ ਹੈ। ਇਹ ਘੋਹਾ ਜੱਟ ਕੀ ਬਲਾ ਹੈ, ਜਿਸ ਦਾ ਸਾਖੀ ਪਰੰਪਰਾ ਵਿਚ ਪਰਵੇਸ਼ ਜ਼ਰੂਰੀ ਸਮਝਿਆ ਗਿਆ ? ਇਹ ਸਵਾਲ ਵੀ ਤਫ਼ਸੀਲ ਮੰਗਦਾ ਹੈ। 'ਘੋਹਾ' ਹੰਦਾਲੀ ਨੌਸਰਬਾਜ਼ਾਂ ਵੱਲੋਂ ਘੜਿਆ ਗਿਆ 'ਸੈਦੋ ਜੱਟ' ਦੇ ਗੋਤ 'ਘੇਹੋ' ਦਾ ਗਿਣਿਆ-ਮਿਥਿਆ ਵਿਰੂਪ ਤਥਾ ਮੌਜੂ ਹੈ; ਇੰਨਾ ਕੁ ਬਦਲਿਆ ਜਿਸ ਨਾਲ ਓਹਲਾ ਬਣਿਆ ਰਹੇ ਪਰ ਉਸ ਦੀ ਸ਼ਨਾਖ਼ਤ ਬਾਰੇ ਭੁਲੇਖਾ ਵੀ ਨਾ ਰਹੇ।

ਇਸ ਦੀ ਵਿਥਿਆ ਜਾਣਨ ਲਈ ਪਹਿਲਾਂ ਉਸ ਬਾਰੇ ਸਾਖੀ ਦਾ ਸਾਰੰਸ਼ ਜਾਣਨਾ ਜ਼ਰੂਰੀ ਹੈ : ਦੀਪਾਲੂ ਸ਼ਹਿਰ (ਜ਼ਿਲਾ ਮਿੰਟਗੁਮਰੀ) ਦਾ ਨਿਵਾਸੀ 'ਸਾਧ' ਹੈ ਘੋਹਾ ਜੱਟ ਜੋ ਆਪਣੇ ਤਿੰਨ ਜਨਮਾਂ ਦੀ ਵਿਥਿਆ ਬਾਬੇ ਤੋਂ ਸੁਣਦਾ ਹੈ। ਪਹਿਲੇ ਜਨਮ ਵਿਚ ਉਹ ਬੀਰਮ ਦੇਉ ਦਾ ਭਰਾ ਨਰ ਸਿੰਘ ਸੀ; ਬੀਰਮ ਦੇਉ ਰਾਜੇ ਜਨਕ ਦਾ ਜਵਾਈ

1. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ*, ਅੰਮ੍ਰਿਤਸਰ, 2000, ਪੰਨੇ 219-20.

Scanned by CamScanner

ਬਣਿਆ ਤੇ ਨਰ ਸਿੰਘ ਭਗਤੀ ਵਿਚ ਹੀਣਾ ਸੀ ਅਤੇ ਬੀਰਮ ਦੇ ਸਰਾਪ ਕਾਰਨ ਦੂਜੇ ਜਨਮ ਮਾਝੇ ਦੇ ਤਰਖਾਣਾਂ ਦੇ ਘਰ ਜੰਮਿਆ, ਤੀਜੇ ਜਨਮ ਵਿਚ ਇਹ ਘੋਹਾ ਜੱਟ ਬਣਿਆ ਹੈ। ਅਤੇ ਹੁਣ, ਉਹਦੇ ਭਰਾ ਬੀਰਮ ਨੇ ਅਵਤਰਨਾ ਹੈ ਜੱਟ ਹੰਦਾਲ ਦੇ ਰੂਪ ਵਿਚ ਜੋ "ਭਾਰੀ ਸੰਤ ਤੇ ਵੱਡਾ ਗੁਰਮੁਖ" ਹੋਵੇਗਾ; ਇਹ ਬਾਬੇ ਦੇ ਮੁੱਖ-ਵਾਕ ਹਨ।[1]

ਇਹ ਘਾੜਤ ਬਾਅਦ ਵਿਚ ਬਾਰ-ਬਾਰ ਛਪਣ ਵਾਲੀ 'ਜਨਮ ਸਾਖੀ ਭਾਈ ਬਾਲਾ' ਦਾ ਸ਼ਿੰਗਾਰ ਵੀ ਬਣਾਈ ਗਈ, ਪਰ ਛੋਟੇ ਜਿਹੇ ਵਾਧੇ ਨਾਲ, ਇਸ ਵਿਚ ਘੋਹੇ ਨੂੰ ਤਿੰਨ ਜਨਮ ਮਾਝੇ ਦੇ ਤਰਖਾਣਾਂ ਤਥਾ ਸ਼ੂਦਰਾਂ ਦੇ ਘਰ ਜਨਮ ਲੈਣਾ ਪਿਆ।[2] ਅੰਤ ਨੂੰ ਉਹ ਘੋਹਾ ਜੱਟ ਬਣਿਆ ਅਤੇ ਇਸ ਦਾ ਜਨਮਾਂ-ਜਨਮਾਂਤਰਾਂ ਦਾ ਭਰਾ ਬੀਰਮ ਦੇਵ - ਜਨਕ ਦਾ ਜਵਾਈ - ਬਣਿਆ ਹੰਦਾਲ। ਹੁਣ, ਘੋਹਾ ਅਤੇ ਹੰਦਾਲ ਜੱਟ ਭਰਾ। ਹੰਦਾਲ ਨੂੰ ਤਿਆਗ, ਨਕਾਰ ਕੇ ਭੱਜੇ ਕਿੱਧਰ ਭੱਜਦਾ ਹੈ ? ਘੋਹਾ ਤਥਾ ਸੈਦੋ ਘੋਹੋ !

ਘੋਹੋ ਜੱਟਾਂ ਦੀ ਪ੍ਰਸਿੱਧ ਗੋਤ ਹੈ। ਇਸ ਦਾ ਧਾਰਕ ਵਿਅਕਤੀ ਵਿਸ਼ੇਸ਼ ਬਾਰੇ ਮਿੱਥ ਘਾੜੇ ਨੇ ਕੋਈ ਓਹਲਾ ਨਹੀਂ ਰਹਿਣ ਦਿੱਤਾ; ਘੋਏ ਦੇ ਕਹਿਣ 'ਤੇ ਬਾਬੇ ਨੇ ਉਸ ਨੂੰ ਸੈਦੋ ਨਾਲ ਮਿਲਾਇਆ ਹੈ, "ਭਲਾ ਭਾਈ ਤੇਰਾ ਉਸ ਦਾ ਭੀ ਮੇਲ ਕਰਾਈਐਂਗੇ।" ਕੋਈ ਸ਼ੱਕ ਨਹੀਂ ਰਹਿੰਦਾ ਕਿ ਇਸ ਘਾੜਤ ਦਾ ਨਿੰਦਿਆ ਨਿਸ਼ਾਨਾ *ਸਾਖੀ ਬਾਬੇ ਨਾਨਕ ਜੀ ਕੀ* ਦਾ ਰਚਣਹਾਰ, 'ਸੈਦੋ ਜੱਟ ਜਾਤ ਘੋਹੋ' ਹੈ, ਜਿਸ ਨੇ ਆਪਣੀ ਰਚਨਾ ਨੂੰ ਹੰਦਾਲੀਆਂ ਦੀਆਂ ਘਾੜਤਾਂ ਤੋਂ - 'ਰੰਘੜੀ', 'ਬਾਲਾ' ਅਤੇ 'ਲਾਲੋ' ਤਰਖਾਣ ਸਮੇਤ - ਮੁਕਤ ਰੱਖਣ ਦੀ ਗੁਸਤਾਖ਼ੀ ਕੀਤੀ ਸੀ; ਸਾਖੀ 42 ਵਿਚ, ਹੰਦਾਲੀਆਂ ਦੇ ਖਿਜਰੀਏ, ਜਿੰਦਪੀਰੀਏ ਹੋਣ ਦੇ ਦਾਅਵੇ 'ਤੇ ਜੋ ਵਿਅੰਗ ਕੱਸਿਆ ਹੈ[3], ਉਸ ਤੋਂ ਬੁਖਲਾ ਕੇ ਹੰਦਾਲੀਆਂ ਨੇ ਉਸ ਦੀ ਸਿਰਜੀ ਸਾਖੀ ਦੇ, ਸੰਭਾਵੀ ਹੀਣੀ ਹੰਦਾਲੀਅਤ ਦੇ ਵਿਨਾਸ਼ੀ ਪ੍ਰਭਾਵ ਨੂੰ ਖ਼ਤਮ ਕਰਨ ਹਿਤ ਮਾਝੇ ਵਿੱਚੋਂ ਮੁੱਢਲੀ ਸਾਖੀ ਪਰੰਪਰਾ ਦੀ ਆਮ ਕਰਕੇ, ਅਤੇ ਇਸ ਦੀ ਖ਼ਾਸ ਕਰਕੇ ਘੋਰ ਤਬਾਹੀ ਕਰਵਾਈ। ਪਰ ਜਦੋਂ ਵਿਦੇਸ਼ੀ ਨੇਕ ਬਖ਼ਤਾਂ ਨੇ ਇਸ ਨੂੰ 1883 ਈ. ਵਿਚ ਮੁੜ ਉਜਾਗਰ ਕਰਨ ਵਾਲੀ ਹਿਮਾਕਤ ਕੀਤੀ ਤਾਂ ਲਾਹੌਰ ਦਾ ਹੰਦਾਲੀ-ਅੱਡਾ ਚੌਕਸ ਹੋ ਗਿਆ। ਉੱਕਤ ਘਾੜਤ ਘੜ ਕੇ, ਸੂਰਤ ਸਿੰਘ ਦੀ ਰਚੀ ਭਾਈ ਮਨੀ ਸਿੰਘ ਦੇ ਨਾਂ ਨਾਲ ਪ੍ਰਚੱਲਤ ਜਨਮਸਾਖੀ *ਗਿਆਨ ਰਤਨਾਵਲੀ* - ਜਿਸ ਵਿਚ ਬਾਲੇ ਦਾ ਪ੍ਰਵੇਸ਼ ਪਹਿਲਾਂ ਹੀ ਕਰਵਾਇਆ ਜਾ ਚੁੱਕਾ ਸੀ - ਵਿਚ ਦਰਜ ਕਰਵਾਈ। ਉਸ ਵਿਚਲੇ ਵਿਸਾਖ ਵਾਲੇ ਪ੍ਰਕਾਸ਼ ਦਿਵਸ ਨੂੰ ਕੱਤਕ ਵਿਚ ਬਦਲ ਕੇ, 1892 ਈ. ਬੰਬਈ ਤੋਂ ਛਪਵਾਈ ਹੋਣ ਦੇ ਭੁਲਾਂਦਰੇ ਨਾਲ, ਲਾਹੌਰੋਂ ਪ੍ਰਕਾਸ਼ਤ ਕੀਤੀ, ਜਿਥੇ ਹੁਣ *ਸਾਖੀ ਬਾਬੇ ਨਾਨਕ ਜੀ ਕੀ (ਪੁਰਾਤਨ)* ਦਾ ਪੁਨਰ-ਉੱਥਾਨ ਹੋ ਰਿਹਾ ਸੀ।

ਨੀਝਵਾਨਾਂ ਨੂੰ ਪਰੇਸ਼ਾਨ ਕਰ ਸਕਣ ਵਾਲਾ ਨੁਕਤਾ - ਸੈਦੋ ਦੇ ਇਸ ਦੁਨੀਆਂ

---

1. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ*, ਪਟਿਆਲਾ, 1990, ਪੰਨੇ 390-91.
2. *ਬਾਲੇ ਵਾਲੀ ਜਨਮ ਸਾਖੀ*, ਅੰਮ੍ਰਿਤਸਰ, 1912, ਪੰਨੇ 426-27.
3. *ਪੁਰਾਤਨ ਜਨਮ ਸਾਖੀ*, ਅੰਮ੍ਰਿਤਸਰ, 1952, ਪੰਨੇ 78-79.

Scanned by CamScanner

ਨੂੰ ਛੱਡਣ ਤੋਂ ਲਗ ਭਗ ਸਵਾ ਦੋ ਸੌ ਸਾਲ ਬਾਅਦ ਹੰਦਾਲੀਆਂ ਨੂੰ ਉਸ ਦੇ ਭੂਤ ਤੋਂ ਕਿਹੜਾ ਖ਼ਤਰਾ ਦਿੱਸਿਆ, ਕਿ ਉਸ ਨੂੰ ਨਿੰਦਣ ਲਈ ਉੱਕਤ ਘਾੜਤ ਦੀ ਲੋੜ ਪਈ, ਵੀ ਸਮਾਧਾਨ ਮੰਗਦਾ ਹੈ। ਹੰਦਾਲੀਆਂ ਨੂੰ ਸੈਦੋ ਤੋਂ ਨਹੀਂ ਉਸ ਦੀ ਸਿਰਜਣਾ ਤੋਂ ਜ਼ਰੂਰ ਡਰ ਲੱਗਦਾ ਸੀ। 1657-1660 ਈ. ਦੀ ਅਵਧੀ ਵਿਚ ਰਚੀ ਤੇ ਸੰਪੰਨ ਹੋਈ, ਉਸ ਦੀ ਪ੍ਰਤਿਕਿਰਿਅਕ ਅਤੇ ਹੰਦਾਲੀ ਏਜੰਡੇ ਦੇ ਵਿਪਰੀਤ ਭੁਗਤਣ ਵਾਲੀ 'ਸਾਖੀ' ਦੀ ਗੁਣਵੱਤਾ ਅਤੇ ਇਸ ਤੋਂ ਨਿਕਲਣ ਵਾਲੇ ਸੰਭਾਵੀ ਨਤੀਜਿਆਂ ਤੋਂ, ਇਨ੍ਹਾਂ ਦੇ ਲੇਖਕ ਗੋਰਖ ਦਾਸ ਸਮੇਤ ਲਾਹੌਰੀ ਹੰਦਾਲੀ ਅੱਡੇ ਦੇ ਨਿਰਦੇਸ਼ਕ ਅਤੇ ਜੰਡਿਆਲੀਏ ਸਰਪ੍ਰਸਤ, ਸਾਰੇ ਚੰਗੀ ਤਰ੍ਹਾਂ ਸੁਚੇਤ ਤੇ ਖ਼ਬਰਦਾਰ ਸਨ। ਇਹ ਵੀ, ਕਿ ਜਿਵੇਂ ਬਿਗੜੈਲਾਂ ਦਾ ਇਹ ਲਾਣਾ, ਮਾਇਆ ਦੇ ਜ਼ੋਰ ਨਾਲ, ਕੇਸੋ ਦਾਸ[1] ਰਾਹੀਂ ਮੀਣਾ ਟਕਸਾਲ ਨੂੰ ਸੰਨ੍ਹ ਲਾਉਣ ਵਿਚ ਸਫਲ ਰਿਹਾ ਸੀ, 'ਸੈਦੋ ਘੇਹੋ' ਉਨ੍ਹਾਂ ਤੋਂ ਕੀਲ ਨਾ ਹੋਇਆ, ਜਿਸ ਦੇ ਡਰ ਨਾਲ ਉਨ੍ਹਾਂ ਦੀਆਂ ਅਗਲੀਆਂ ਪੁਸ਼ਤਾਂ ਵੀ ਭੈ-ਭੀਤ ਰਹੀਆਂ। ਇਸ ਦੌਰਾਨ ਦਰਬਾਰ ਸਾਹਿਬ ਕੰਪਲੈਕਸ ਵਿਚ, ਭਾਈ ਮਨੀ ਸਿੰਘ ਦੇ ਸਮੇਂ ਤੋਂ ਲੈ ਕੇ, ਸਥਾਈ ਰੂਪ ਵਿਚ ਕਾਰਜਸ਼ੀਲ ਰਹੀ, ਇਨ੍ਹਾਂ ਦੀ ਸਥਾਪਤ ਕੀਤੀ 'ਬਾਲਾ ਲਾਬੀ' ਗੁਰ-ਇਤਿਹਾਸ ਨੂੰ ਵਿਗਾੜਨ ਅਤੇ ਗੁਰੂ ਸਾਹਿਬਾਨ ਦੇ ਚਰਿਤਰ ਘਾਤ ਕਰਨ ਵਾਲੀਆਂ ਘਾੜਤਾਂ ਘੜਨ ਅਤੇ ਹਰ ਨਵੇਂ ਉੱਭਰ ਰਹੇ ਅਤੇ ਸੰਭਾਵੀ ਆਗੂਆਂ ਅਤੇ ਲੇਖਕਾਂ ਨੂੰ ਪ੍ਰੇਰ ਕੇ, ਵਰਗਲਾ ਕੇ, ਹੰਦਾਲੀ ਲਿਖਤਾਂ ਦੇ ਸਚਿੱਤਰ ਨੁਸਖ਼ਿਆਂ ਦੀ ਭੇਟਾ ਅਤੇ ਮਾਇਆ ਦੇ ਖੁੱਲ੍ਹੇ ਗੱਫਿਆਂ ਨਾਲ ਜਿੱਤ ਕੇ, ਉਨ੍ਹਾਂ ਰਾਹੀਂ ਹੰਦਾਲੀ ਪ੍ਰਦੂਸ਼ਣ ਫੈਲਾਉਣ ਵਾਲੀ ਕਾਰਵਾਈ ਕਰਨ ਵਿਚ ਲਗਾਤਾਰ ਮਸਰੂਫ਼ ਰਹੀ। ਪਰ ਸੈਦੋ ਇਨ੍ਹਾਂ ਦੇ ਬਹੁਤ ਨੇੜੇ ਵਿਚਰਦਾ ਹੋਇਆ ਵੀ ਇਨ੍ਹਾਂ ਦੇ ਮਾਇਆ-ਜਾਲ ਤੋਂ ਬਚਿਆ ਹੀ ਨਹੀਂ ਰਿਹਾ, ਸਗੋਂ ਹੰਦਾਲੀਅਤ ਦੀ ਅਣਦੇਖੀ ਕਰ ਕੇ ਇਨ੍ਹਾਂ ਤੋਂ ਨਾਬਰ ਹੋਣ ਦੇ ਸ਼ਕਤੀਸ਼ਾਲੀ ਸੰਕੇਤ ਵੀ ਛੱਡ ਗਿਆ। ਸਿੱਟੇ ਵਜੋਂ, ਹੰਦਾਲੀ ਬਿਗੜੈਲ ਸੈਦੋ ਅਤੇ ਉਸ ਦੀ ਰਚਨਾ ਤੋਂ ਇਉਂ ਡਰਦੇ ਰਹੇ ਜਿਵੇਂ ਕਾਂ ਗੁਲੇਲ ਤੋਂ ਡਰਦਾ ਹੈ। ਡਰਦੇ ਵੀ ਕਿਉਂ ਨਾ, ਸੈਦੋ ਆਪਣੀ ਦਲੇਰੀ ਤੇ ਵਿਚਾਰ ਦੀ ਸ਼ਕਤੀ ਕਾਰਨ ਇਕੱਲਾ ਹੀ ਵੀਹਾਂ ਵਰਗਾ ਸੀ।

ਹੁਣ, ਜਦੋਂ *ਸਾਖੀ ਬਾਬੇ ਨਾਨਕ ਜੀ ਕੀ* (ਪੁਰਾਤਨ) ਦੇ ਪੁਨਰ-ਉੱਥਾਨ ਦੇ ਨਾਲ-ਨਾਲ ਇਸ ਦੇ ਨਾਮਵਰ ਲੇਖਕ ਦੇ ਉਜਾਗਰ ਹੋਣ ਦਾ ਸਬੱਬ ਬਣਦਾ ਨਜ਼ਰ ਆ ਰਿਹਾ ਸੀ, ਤਾਂ ਹੰਦਾਲੀ ਕਾਵਾਂ ਨੇ ਸੈਦੋ ਨੂੰ ਠੂੰਗਾ ਮਾਰਨ ਦਾ ਸੁਪਨ-ਅਭਿਆਨ ਚਲਾ ਦਿੱਤਾ; ਘੇਹੋ ਜੱਟ ਵਾਲੀ ਵਾਰਤਾ ਇਸ ਦਾ ਉੱਤਰਫਲ ਹੈ। ਏਦਾਂ ਕਰਦਿਆਂ ਉਹ ਲੋੜੋਂ ਵੱਧ ਚੁਸਤੀ ਵਰਤ ਗਏ, ਯਾਨੀ ਅੱਤ ਕਰ ਗਏ। ਪਰ ਇਸ ਦਾ ਅੰਤ-ਮਨੋਰਥ ਸੈਦੋ ਵਿਰੁੱਧ ਨਿਪੁੰਸਕ, ਗੁਸੈਲੀ, ਪ੍ਰਤਿਕਿਰਿਆ ਦਾ ਪ੍ਰਦਰਸ਼ਨ ਹੀ ਹੈ; ਆਪਣੀ 'ਸਾਖੀ' ਨੂੰ 'ਸੈਦੋ, ਘੇਹੜੀ ਅਤੇ ਲਾਲੋ ਤਰਖਾਣ' ਤੋਂ ਮੁਕਤ ਰੱਖਣ ਦੀ ਸਜ਼ਾ। ਜਵਾਬੀ ਹਮਲਿਆਂ ਵਿਚ ਉਸ ਦੇ ਜਿਉਂਦੇ-ਜੀਅ ਵੀ ਇਹ ਸੈਦੋ ਨਾਲ ਦੇਰ ਤਕ ਉਲਝਦੇ ਰਹੇ ਸਨ।[2]

---

1. ਬੇਦੀ, *ਸਾਖੀ ਮਹਲ ਪਹਿਲੇ ਕੀ*, ਅੰਮ੍ਰਿਤਸਰ, 2014, ਪੰਨੇ 225-36.
2. ਵਿਸਤਾਰ ਲਈ ਬੇਦੀ, *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 2013, ਪੰਨੇ 196-201.

Scanned by CamScanner

ਵਿਚਾਰ ਅਧੀਨ ਵਾਰਤਾ ਅਨੁਸਾਰ, ਪਿੱਛਲੇ ਜਨਮ ਦੇ ਵੱਡੇ ਭਾਈ ਸ੍ਰੀਗਮ (ਹੰਦਾਲ) ਦੇ ਸਰਾਪ ਕਾਰਨ ਘੋਹਾ ਤਿੰਨ ਜਨਮ ਪਿਉ ਤੋਂ ਵਿਛੜਿਆ ਰਿਹਾ, ਅਤੇ ਫੇਰ ਉਸ ਨੂੰ ਤਿੰਨ ਵਾਰ ਮਾਝੇ ਵਿਚ ਹੀ ਤਰਖਾਣਾਂ - ਗੋਰਖ ਬਾਣੀ ਅਨੁਸਾਰ ਸ਼ੂਦਰਾਂ - ਦੇ ਘਰ ਜਨਮ ਲੈਣਾ ਪਿਆ, ਯਾਨੀ ਹੰਦਾਲੀ ਅਵੱਗਿਆ ਦੀ ਕਰੜੀ ਸਜ਼ਾ ਭੁਗਤਣੀ ਪਈ। ਹੋਰ ਕਰੇ ਗੁਸਤਾਖੀ! ਗੁਨਾਹ ਤਾਂ ਉਸ ਦਾ ਨਰਕੀਂ ਸੁੱਟੇ ਜਾਣ ਦੇ ਲਾਇਕ ਸੀ, ਪਰ ਨਵ ਬਿਗੜੈਲਾਂ ਨੂੰ ਉਥੋਂ ਦਾ ਤਜਰਬਾ ਨਹੀਂ ਸੀ। ਗੋਰਖ ਦਾਸ ਤਾਂ ਆਪ ਵੀ ਨਰਕ ਵਾਸੀ ਹੀ ਹੋਵੇਗਾ, ਪਰ ਉਹ ਆਪਣੇ ਮਿੱਤਰ ਪਿਆਰੇ ਦੀ ਤਰਫ਼ਦਾਰੀ ਕਰ ਗਿਆ, ਜਿਸ ਦੀ ਹਾਨੀ-ਪੂਰਤੀ ਉਨ੍ਹਾਂ ਨੂੰ ਸਦੀਆਂ ਬਾਅਦ ਕਰਨੀ ਪਈ। ਨਵੀਨ ਹੰਦਾਲੀ ਘਾੜਤ 'ਕੌਲਾਂ ਮਿੱਥ', ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਤ ਕੀਤਾ ਗਿਆ ਸੀ, ਸੈਦੋ ਨਾਲ - ਕੌਲਾਂ ਨੂੰ ਮੁਜੰਗਾਂ ਨਿਵਾਸੀ ਦੱਸ ਕੇ - ਜੋੜਿਆ, ਜਿਸ ਦਾ ਮਨੋਰਥ ਸੈਦੋ ਨੂੰ ਇਹ ਚਿਤਾਰਨਾ ਸੀ ਕਿ ਇਹ ਉਧਾਲਾ ਤੇਰੇ ਪਿੰਡੋਂ ਤੇਰੀ ਮਿਲੀ-ਭੁਗਤ ਨਾਲ ਹੋਇਆ।

ਸਾਡੇ ਇਕ ਨਵੀਨ ਚਿੰਤਾਵਾਨ ਨੂੰ ਇਹ ਫ਼ਿਕਰ ਖਾ ਰਿਹਾ ਸੀ ਕਿ ਗੁਰੂ ਸਾਹਿਬ ਨੇ ਲਾਹੌਰ ਦੇ ਕਾਜ਼ੀ ਦੀ ਧੀ ਕੌਲਾਂ ਨਾਲ ਸੰਬੰਧ ਕਿਵੇਂ ਜੋੜਿਆ ? ਸਾਡੇ ਕੋਲ ਚਿੰਤਕਾਂ ਦੀ ਤਾਂ ਬਹੁਤ ਘਾਟ ਹੈ ਪਰ ਚਿੰਤਾਵਾਨਾਂ ਦੀ ਕਮੀ ਕੋਈ ਨਹੀਂ - ਸੈਦੋ ਦੀ ਵਿਚੋਲਗੀ ਉਨ੍ਹਾਂ ਦੀ ਸੰਤੁਸ਼ਟੀ ਲਈ ਕਾਫ਼ੀ ਹੈ।

ਸੈਦੋ ਆਪਣਾ ਬਚਾਅ ਆਪ ਕਰਨ ਵਿਚ ਸਮਰੱਥ ਸੀ। ਸੈਦੋ ਕੋਲ ਹੰਦਾਲੀ ਵਾਰ ਬੋਚਣ ਵਾਲੀ ਜ਼ਬਰਦਸਤ ਢਾਲ ਸੀ: ਵਿਚਾਰ ਦੀ ਸਵੱਛਤਾ, ਸੰਕਲਪ ਸ਼ਕਤੀ, ਗੁਰਮਤਿ ਅਤੇ ਸੱਚ ਦੀ ਨਿਰਛਲ ਪ੍ਰਤਿਬੱਧਤਾ, ਅਤਿਅੰਤ ਸੁਵਸਥ ਵਿਹਾਰਕਤਾ, ਹੀਣੀ ਹੰਦਾਲੀਅਤ ਦੇ ਯਥਾਰਥ ਦਾ ਨਿਜੀ ਅਨੁਭਵ, ਪ੍ਰਤਿਪੱਖੀਆਂ ਦੇ ਦਬਾਉ ਜਾਂ ਲਾਲਚ ਨੂੰ ਰੱਦਣ ਦੀ ਹਿੰਮਤ, ਉਨ੍ਹਾਂ ਦੀ ਗੱਲ ਨਾ ਮੰਨਣ ਦੀ ਦਲੇਰੀ, ਅਤੇ ਉਨ੍ਹਾਂ ਦੀਆਂ ਵਧੀਕੀਆਂ ਦਾ ਢੁੱਕਦਾ ਬਣਦਾ, ਸ਼ਾਇਸਤਾ ਮੋੜ ਕਰ ਸਕਣ ਦੀ ਅਪਾਰ ਯੋਗਤਾ; ਇਨ੍ਹਾਂ ਸ਼ਖ਼ਸੀ ਗੁਣਾਂ ਸਦਕਾ 'ਸੈਦੋ ਜੱਟ ਜਾਤ ਘੇਹੋ' ਆਪਣੇ ਸਮੇਂ ਦਾ ਸਰਬੋਤਮ, ਪ੍ਰਤਿਭਾਵਾਨ ਸਾਖੀਕਾਰ ਹੋ ਨਿਬੜਿਆ। ਇਹ ਵੱਖਰੀ ਗੱਲ ਹੈ ਕਿ ਸਾਡੇ ਆਪਣੇ ਵਿਚ ਵਿਆਪਕ ਦੁਰਬੋਧਤਾ ਦੇ ਧੰਦੂਕਾਰ ਵਿਚ ਦੇਰ ਤਕ ਲੁਕਿਆ ਰਹਿਣ ਕਰਕੇ ਸਮੇਂ-ਸਥਾਨ ਦੀ ਸੀਮਾ ਉਲੰਘ ਗਿਆ; ਇਸ ਦਾ ਸੁਖਦਾਈ ਪਹਿਲੂ ਇਹ ਹੈ ਕਿ ਉਹ ਬਾਲਾ-ਭਾਈਆਂ ਵੱਲੋਂ ਹੋਣ ਵਾਲੀ, ਪ੍ਰੋ. ਗੁਰਮੁਖ ਸਿੰਘ ਅਤੇ ਕਰਮ ਸਿੰਘ ਹੋਰਾਂ ਵਾਲੀ ਦੁਰਗਤ ਤੋਂ ਬਚ ਗਿਆ।

ਸਥਿਤੀ ਦਾ ਵਿਅੰਗ ਇਹ ਕਿ ਜਿਸ ਦੇ ਨਾਂ ਦੇ ਪ੍ਰਗਟਾਵੇ ਅਤੇ ਜਿਸ ਦੀ ਰਚਨਾ ਦੇ ਸਿੱਖ ਚੇਤਨਾ 'ਤੇ ਪੈਣ ਵਾਲੇ ਸੰਭਾਵੀ ਪ੍ਰਭਾਵ ਬਾਰੇ ਸੋਚ ਕੇ ਹੀ ਹੰਦਾਲ-ਕੇ ਕੰਬਦੇ ਰਹੇ ਸਨ, ਬਾਬੇ ਦੇ ਭੋਲੇ ਭਾਲੇ ਅਨੁਯਾਈ, ਜੋ 'ਬਾਲਾ ਜਨਮ ਸਾਖੀ' ਨਾਲ ਹੀ ਮਨੋਰੰਜਨ ਕਰਨ ਵਿਚ ਰੁੱਝੇ ਰਹਿੰਦੇ ਹਨ, ਲਾਈਲੱਗ ਸਿੱਖ ਗ੍ਰੰਥਕਾਰ, ਵੱਡੂ ਕਿਸਮ ਦੇ - ਨਮੋਸ਼ੀ ਦੇ ਕਾਰਨ - ਪੱਜਕਾਰ ਤੇ ਇਤਿਹਾਸਕਾਰ, ਉਸ ਦੀ 'ਸਾਖੀ' ਦੇ ਮਹਾਂ ਮਹਾਂ ਸੰਪਾਦਕ ਅਤੇ ਵਿਸ਼ਲੇਸ਼ਕ, ਅੱਜ ਤਕ, ਉਸ ਦੇ ਨਾਂ ਤੋਂ ਹੀ ਨਾਵਾਕਫ਼ ਹੀ ਚਲੇ ਆ ਰਹੇ ਹਨ। ਇਸ ਦੇ ਉਲਟ, ਹੰਦਾਲ-ਕਿਆਂ ਨੇ ਸਵਾ ਦੋ ਸੌ ਸਾਲ, 'ਸੈਦੋ

Scanned by CamScanner

ਜੱਟ ਜਾਤ ਘੇਹੋ' ਦੀ ਪ੍ਰਤਿਛਾਇਆ ਨੂੰ ਆਪਣੇ ਮਨ ਦੇ ਕਿਸੇ ਖੱਲ ਖੂੰਜੇ ਸਾਂਭੀ ਰੱਖਿਆ, ਉਸ ਦਾ ਨਾਂ ਵੀ ਨਹੀਂ ਭੁੱਲੇ - ਭਾਵੇਂ ਗ਼ਲਤ ਕਾਰਨਾਂ ਕਰਕੇ ਹੀ ਸਹੀ। ਇਨ੍ਹਾਂ ਸਤਰਾਂ ਦੇ ਲੇਖਕ ਸਮੇਤ ਉੱਕਤ ਬਾਲਾ-ਭਾਈਆਂ ਨੂੰ ਹੰਦਾਲੀਆਂ ਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਹੈ, ਕਿ ਉਨ੍ਹਾਂ ਨੇ ਸਾਖੀ ਦਾ ਰਚਿਆਰ 'ਸੈਦੋ' ਹੋਣ ਦਾ ਪ੍ਰਮਾਣਿਕ ਅਤੇ ਅਕੱਟ ਸਬੂਤ ਮੁਹੱਈਆ ਕਰਵਾਇਆ। ਸਾਡੇ ਸਤਿਕਾਰਯੋਗ ਕਿਰਪਾਲ ਸਿੰਘ[1] ਹੋਰਾਂ ਲਈ ਵੀ ਰੁੱਝੇ ਰਹਿਣ ਦਾ ਸਾਮਾਨ - ਹੰਦਾਲੀ ਨਿੰਦਣਯੋਗ ਲਿਖਤਾਂ ਦੇ ਰੂਪਾਂਤਰ - ਸਮੇਤ 'ਘੋਏ ਜੱਟ ਵਾਲੀ ਸਾਖੀ' ਦੇ ਪਿੱਛੇ ਛੱਡ ਗਏ, ਜੋ ਹੈਰਾਨੀ ਨਹੀਂ, ਉਨ੍ਹਾਂ ਦੇ "ਸ਼ੁੱਧ ਸਰੋਤਾਂ" ਵਾਲੇ ਛਾਣਨੇ ਵਿੱਚੋਂ ਵੀ ਆਸਾਨੀ ਨਾਲ ਪਾਰ ਹੋ ਗਈ, ਯਾਨੀ 'ਸ਼ੁੱਧ ਇਤਿਹਾਸਕ ਘਟਨਾ' ਸਿੱਧ ਹੋਈ। ਹੁਣ ਕੋਈ ਕੇਵਲ ਤੇ ਕੇਵਲ ਹੰਦਾਲੀਆਂ ਨੂੰ ਹੀ ਕਿਉਂ ਰੋਈ ਜਾਏ ?

'ਘੋਏ ਜੱਟ' ਵਾਲੀ ਵਾਰਤਾ ਤੋਂ ਵਧੀਕ ਲਾਹਾ, ਇਸ ਦੇ ਸਿੱਖ ਸਮਾਜ ਵਿਚ ਇਕ ਪੁਰਾਣੀ, ਡੂੰਘੀ, ਲੁਪਤ ਪਰ ਵਿਆਪਕ ਧਰਮ-ਸਮਾਜਕ ਅਧੋਗਤੀ ਦੀ ਇਕ ਬਾਹਰੀ ਇਲਾਮਤ ਹੋਣ ਦੇ ਰੂਪ ਵਿਚ ਵੀ ਲਿਆ ਜਾ ਸਕਦਾ ਹੈ। ਇਹੋ ਜਿਹੀ ਹੀ ਧਾਰਮਕ ਅਧੋਗਤੀ ਦਾ ਸਾਹਮਣਾ, ਆਪਣੇ ਸਮੇਂ ਵਿਚ ਵਾਰਿਸ ਸ਼ਾਹ ਨੂੰ ਵੀ ਕਰਨਾ ਪਿਆ, ਜਿਸ ਦੇ ਪ੍ਰਤਿਕਰਮ ਵਜੋਂ ਉਸ ਨੂੰ ਕਹਿਣਾ ਪਿਆ :

> ਵਾਰਸ ਸ਼ਾਹ ਖੁਦਾਇ ਦੇ ਖਾਨਿਆਂ ਨੂੰ,
> ਇਹ ਮੁੱਲਾਂ ਵੀ ਚੰਬੜੇ ਹੈਨ ਬਲਾਈਂ।

ਮੁਲਤਾਨੀਏ ਹੰਦਾਲੀ ਆਪ ਨੂੰ 'ਨਰੰਜਣੀਏਂ' ਕਹਾਉਣ ਜਾਂ 'ਖ਼ਿਜ਼ਰੀਏ'; ਹਾਥੀ ਦੇ ਦਿਖਾਵੇ ਵਾਲੇ ਦੰਦਾਂ ਵਾਂਗ ਵਿਖਾਵੇ ਲਈ ਬੇਸ਼ੱਕ ਬੀੜ ਵੀ ਰੱਖੀ ਹੋਵੇ, ਪਰ ਉਹ ਸਿੱਖ ਬਿਲਕੁਲ ਨਹੀਂ। ਇਸ ਘਾੜਤ ਨਾਲ ਹੰਦਾਲੀਆਂ ਦੇ ਇਸ ਦਾਅਵੇ ਕਿ ਉਹ ਗੁਰੂ ਸਾਹਿਬਾਨ ਦੇ ਬਰਾਬਰ ਦੇ ਸ਼ਰਧਾਲੂ ਹਨ[2], ਦਾ ਪੋਲ ਵੀ ਖੁੱਲ੍ਹਦਾ ਹੈ। ਗੁਰੂ ਸਾਹਿਬਾਨ ਬਾਰੇ ਉਨ੍ਹਾਂ ਦੀ ਸ਼ਰਧਾ ਦਾ ਚਮਤਕਾਰ ਤਾਂ ਤਿੰਨ ਗੁਰੂ ਸਾਹਿਬਾਨ ਦੇ ਚਰਿਤਰਘਾਤ ਵਾਲੀਆਂ ਘਾੜਤਾਂ ਤੋਂ ਹੀ ਹਰ ਨੀਝਵਾਨ ਨੂੰ ਪ੍ਰਤੱਖ ਦਿੱਸਣ ਲੱਗ ਪੈਂਦਾ ਹੈ। ਵਿਚਾਰ ਅਧੀਨ ਘਾੜਤ ਆਪਣੇ ਆਪ ਵਿਚ ਪ੍ਰਮਾਣ ਹੈ ਇਸ ਤੱਥ ਦਾ ਕਿ ਉਹ ਸੈਦੋ ਵਰਗੇ ਸਾਧਾਰਨ ਗੁਰਸਿੱਖ ਨੂੰ ਵੀ ਬਰਦਾਸ਼ਤ ਨਹੀਂ ਕਰਦੇ, ਸਦੀਆਂ ਲੰਘ ਜਾਣ 'ਤੇ ਵੀ ਨਹੀਂ ਬਖ਼ਸ਼ਦੇ। ਸੈਦੋ ਵਿਰੋਧੀ ਵਿਅਕਤੀਗਤ, ਘਿਨਾਉਣਾ ਤੇ ਕਰੂਰ ਨਿੰਦਿਆ ਅਭਿਆਸ, ਇਸ ਤੱਥ ਦਾ ਜਿਉਂਦਾ-ਜਾਗਦਾ ਸਬੂਤ ਹੈ ਕਿ 'ਸੈਦੋ ਜੱਟ ਜਾਤ ਘੇਹੋ' ਦੀ ਵਿਚਾਰ ਸ਼ਕਤੀ ਦੇ ਪਾਇਦਾਰ ਅਸਰ ਤੋਂ ਉਸ ਦੇ ਹੰਦਾਲੀ ਮਿੱਤਰ ਦੁਸ਼ਮਣ ਅੰਦਰੋ-ਅੰਦਰੀ ਹੁਣ ਤਕ ਭੈ ਖਾਂਦੇ ਅਤੇ ਕੰਬੀ ਜਾਂਦੇ ਰਹੇ ਹਨ।

ਵਿਚਾਰ ਚਰਚਾ ਦੇ ਮੁੱਖ ਅੰਸ਼

(1) ਇਸ ਹੰਦਾਲੀ ਘਾੜਤ ਦਾ ਮੁੱਖ ਉਦੇਸ਼ ਨਾਮਵਰ ਲੇਖਕ ਸੈਦੋ ਨੂੰ ਅਪਮਾਨਿਤ ਕਰਨਾ ਅਤੇ ਉਸ ਦੀ ਰਚਨਾ ਦੇ ਪ੍ਰਭਾਵ ਨੂੰ ਬੇਅਸਰ ਕਰਨਾ ਸੀ।

---

1. *ਕਿਰਤੋਕਤ*, ਪੰਨੇ 390-91.
2. ਗੁਰਚਰਨ ਸਿੰਘ, *ਖੋਜ ਪਤ੍ਰਿਕਾ*, ਪਟਿਆਲਾ, 1967-68, ਪੰਨਾ 162.

Scanned by CamScanner

(2) ਇਸ ਦਾ ਸਾਖੀ ਪਰੰਪਰਾ ਵਿਚ ਦਾਖ਼ਲਾ ਪਹਿਲੀ ਵਾਰੀ ਸੂਰਤ ਸਿੰਘ ਦੀ ਰਚੀ 'ਗਿਆਨ ਰਤਨਾਵਲੀ' ਦੀ ਲਿੱਥੋ ਛਾਪ ਵਿਚ ਕਰਵਾਇਆ ਗਿਆ।

(3) ਬਾਬੇ ਦੇ ਪ੍ਰਕਾਸ਼ ਦਿਵਸ ਨੂੰ ਆਪ-ਹੁਦਰੇ ਢੰਗ ਨਾਲ ਇਸ ਦੇ ਹੰਦਾਲੀ ਰੂਪ ਕੱਤਕ ਦੀ ਪੂਰਨਮਾਸ਼ੀ ਵਿਚ ਬਦਲਿਆ ਗਿਆ।

(4) ਵਧਾਏ ਫੁਲਾਏ ਰੂਪ ਵਿਚ ਇਹ ਘਾੜਤ ਜਨਮਸਾਖੀ ਬਾਲਾ ਦੀਆਂ ਉਪਰੋ-ਥਲੀ ਛਪਣ ਵਾਲੀਆਂ ਪਿਛਲੀਆਂ ਛਾਪਾਂ ਵਿਚ ਜੋੜੀ ਗਈ।

(5) ਇਹ ਹੰਦਾਲੀਆਂ ਵੱਲੋਂ ਗੁਰਮਤਿ ਵਿਰੁੱਧ ਵਿੱਢੇ ਅਤੇ ਸਦੀਆਂ ਤਕ ਚੱਲਦੇ ਰੱਖੇ ਨਿੰਦਿਆ ਅਭਿਆਨ ਦੀ ਆਖ਼ਰਤ ਨਹੀਂ, ਨਵੀਨੀਕਰਨ ਹੈ।

Scanned by CamScanner

ਜ਼ਮੀਮਾ 2

ਲਾਲੀਆ, ਲਾਲੋ ਦਾ

ਵਾਸਤਵਿਕਤਾ ਪਰੀਖਣ

ਸਾਖੀ ਮਹਲੁ ਪਹਿਲੇ ਕੀ ਦੇ ਵੱਖ-ਵੱਖ
ਲਾਲੋ ਬਾਰੇ ਬਹੁਤ ਮਹੱਤਵਪੂਰਨ ਤੱਥ, ਸਾਹਮਣੇ ਆ ਚੁੱਕੇ ਹਨ। ਇਹ ਵੀ
ਪ੍ਰਕਰਣਾਂ ਸਬੰਧੀ ਡੂੰਘੀ ਘੋਖ ਪੜਤਾਲ ਦੌਰਾਨ ਏਮਨਾਬਾਦ ਨਿਵਾਸੀ, ਬਾਬੇ ਦਾ ਸ਼ਰਧਾਲੂ
ਸਥਾਪਤ ਹੋ ਸਕਿਆ ਹੈ ਕਿ ਜਿਸ ਨੂੰ ਚਿਤਾਰਿਆ ਜਾਂਦਾ ਹੈ, ਅਸਲ ਵਿਚ
ਸੇਵਕ ਮੰਨਿਆ ਅਤੇ 'ਭਾਈ ਲਾਲੋ' ਕਰ ਕੇ ਸ਼ੈਤਾਨੀ ਕਾਢ, ਇਕ ਖ਼ਿਆਲੀ
ਹੰਦਾਲੀ ਲੇਖਕ ਗੋਰਖ ਦਾਸ ਦੇ ਜ਼ਰਖ਼ੇਜ਼ ਦਿਮਾਗ਼ ਦੀ ਘੜਿਆ ਅਤੇ 'ਜਨਮ
ਮੂਰਤ ਹੈ, ਜਿਸ ਨੂੰ ਰੰਘੜੀ ਪ੍ਰਸੰਗ ਨੂੰ ਕਾਰਗਰ ਬਣਾਉਣ ਲਈ ਪ੍ਰਤਿਕਿਰਿਅਕ
ਸਾਖੀ ਬਾਲਾ' ਵਿਚ ਜੋੜਿਆ ਗਿਆ। ਇਸ ਦੀ ਸਮਕਾਲੀਨ ਤੇ (ਪੁਰਾਤਨ) ਇਸ
ਰਚਨਾ, ਸੈਦੋ ਦੀ ਬੇਨਜ਼ੀਰ ਸਿਰਜਣਾ *ਸਾਖੀ ਬਾਬੇ ਨਾਨਕ ਜੀ ਕੀ* ਤਰ੍ਹਾਂ ਵਿਚਾਰੇ
ਮੰਤਵੀ ਹੰਦਾਲੀ ਘਾੜਤ ਨੂੰ, ਕਤਈ ਤੌਰ 'ਤੇ, ਰੱਦ ਕਰਦੀ ਹੈ। ਚੰਗੀ ਲੋੜ ਪਈ
ਅਤੇ ਨਿਪਟਾਏ ਜਾ ਚੁੱਕੇ ਇਸ ਮੁੱਦੇ ਵੱਲ ਮੁੜ ਕੇ ਫੇਰਾ ਪਾਉਣ ਦੀ ਜੇ
ਹੈ, ਤਾਂ ਇਸ ਦਾ ਵੀ ਕਾਰਨ ਹੈ।

ਪਿੱਛਲੇ ਦਿਨੀਂ ਤਰਕਸ਼ੀਲਾਂ ਦੇ ਗੜ੍ਹ ਮੰਨੇ ਜਾਂਦੇ ਬਰਨਾਲਾ ਸ਼ਹਿਰ ਵਿਚ ਅਜਮੇਰ ਸਿੰਘ ਔਲਖ ਨੂੰ 'ਮਲਵਈ ਬਾਈਆਂ' ਵੱਲੋਂ "ਭਾਈ ਲਾਲੋ ਕਲਾ ਸਨਮਾਨ" ਨਾਲ ਨਿਵਾਜੇ ਜਾਣ ਦੀ ਖ਼ਬਰ ਆਈ ਸੀ।[1] ਸਪਸ਼ਟ ਨਹੀਂ ਹੋ ਸਕਿਆ ਇਹ ਸਨਮਾਨ ਔਲਖ ਸਾਹਿਬ ਦਾ ਸੀ ਜਾਂ 'ਲਾਲੋ ਬਾਈ ਜੀ' ਦਾ; ਨਾ ਇਹ ਪਤਾ ਲੱਗ ਸਕਿਆ ਕਿ 'ਲਾਲੋ ਬਾਈ ਜੀ' ਕਿਹੜੀ ਕਲਾ ਦੇ ਮਾਹਰ ਸਨ - ਤੂੰਬਾ, ਤੂੰਬੀ ਖੜਕਾਉਂਦੇ ਸਨ, ਜਾਂ ਕਾਟੋ ? 'ਨੁੱਕੜ ਨਾਟਕ' ਦਾ ਰਿਵਾਜ ਤਾਂ ਨਵਾਂ ਹੈ। ਹੰਦਾਲੀ ਲਿਖਾਰੀ ਗੋਰਖ ਦਾਸ ਵੱਲੋਂ ਜੋ ਰੋਲ ਉਸ ਨੂੰ ਮਿਲਿਆ ਸੀ, ਉਹ ਬਾਜ਼ਾਰ ਦੀ ਨੁੱਕਰ - ਨਵੇਂ ਮਾਂਗਵੇਂ ਮੁਹਾਵਰੇ ਅਨੁਸਾਰ 'ਨੁੱਕੜ', 'ਤੇ ਖੜੋ ਕੇ 'ਕਰਤਾਰ ਦੇ ਰੰਗ ਤਮਾਸ਼ੇ ਦੇਖਣ', ਯਾਨੀ ਆਉਂਦੇ ਜਾਂਦੇ ਮੇਲ਼ ਗੇਲ਼ ਦੇ ਝਾਕੇ-ਫਾਕੇ ਤੱਕ ਸੀਮਤ ਸੀ, ਜਿਸ ਦਾ ਸਦਕਾ ਮੰਦਭਾਗੀ ਰੰਘੜੀ ਬਟੋਰਨ ਵਾਲੀ ਨੌਟੰਕੀ ਵਾਲੀਆਂ ਘਾੜਤਾਂ ਸੰਪੰਨ ਹੋ ਸਕੀਆਂ। 'ਲਾਲੋ' ਦਾ ਨਾਂ ਲੋਕ ਕਲਾ ਨਾਲ ਜੁੜਨਾ, ਕਲਾ ਅਤੇ ਕਲਾਵੰਤਾਂ ਦੋਵਾਂ ਦੀ ਮਾਣਹਾਨੀ ਜ਼ਰੂਰ ਹੈ। ਮਾਲਵੇ ਦੇ ਮਾਣ, ਨਾਟਕਕਾਰ ਗਾਰਗੀ, ਲੋਕ ਗੀਤਾਂ ਦੇ ਅਣਥੱਕ ਖੋਜੀ ਦੇਵਿੰਦਰ ਸਤਿਆਰਥੀ ਜਾਂ ਲੋਕ-ਕਲਾਵਾਂ ਦੀ ਵਿਰਾਸਤ ਸਾਂਭੀ ਬੈਠੇ ਮੁਹੰਮਦ ਸਦੀਕ ਦੇ ਨਾਵਾਂ ਦੀ ਥਾਂ ਲਾਲੋ ਦੇ ਨਾਂ ਨਾਲ ਜੋੜੇ ਜਾਣਾ ਹੈਰਾਨੀਜਨਕ ਵਰਤਾਰਾ ਹੈ।

---

1. *ਪੰਜਾਬੀ ਟ੍ਰਿਬਿਊਨ*, ਚੰਡੀਗੜ੍ਹ, ਮਾਰਚ 9, 2015.

Scanned by CamScanner

ਸੰਭਾਵਨਾ ਬਣੀ ਹੋਈ ਹੈ ਕਿ ਨਾਟਕਕਾਰ ਔਲਖ ਨੂੰ ਇਸ ਵਰਤਾਰੇ ਦਾ ਕੋਈ ਨਾਟਕੀ ਲਾਭ ਮਿਲ ਸਕੇ; ਇਕ ਅੱਧ, ਨਵੇਂ ਅੰਦਾਜ਼ ਦਾ, ਰੰਘੜੀ-ਰੋਮਾਂਸ-ਯੁਕਤ ਕੋਈ ਨਾਟਕ ਲਿਖਣ ਲਈ ਨਰਮ-ਗਰਮ ਮਸਾਲਾ ਲੱਭ ਸਕੇ, ਪਰ ਅਫ਼ਸੋਸ ਹੈ ਕਿ ਇਸ ਨਾਲ ਸਾਡੀ ਤਰਕਸ਼ੀਲਤਾ ਦਾ ਘਾਣ ਹੋ ਰਿਹਾ ਹੈ, ਸਮਾਜਕ ਇਨਕਲਾਬ ਦਾ ਸੰਕਲਪ ਵੀ ਇਸ ਵਿਵੇਕਹੀਣਤਾ ਵਿਚ ਗੁਆਚ ਰਿਹਾ ਹੈ। ਇੱਕ ਯੁੱਗ ਪੁਰਸ਼ ਦੀ ਕਿਰਦਾਰਕੁਸ਼ੀ ਕਰਨਹਾਰੀਆਂ ਘਾੜਤਾਂ ਅਤੇ ਉਨ੍ਹਾਂ ਦੇ ਕਾਰਬਰਦਾਰਾਂ - ਏਜੰਟਾਂ, ਦੀ ਆਦਰਯੋਗਤਾ ਵਿਚ ਵਾਧਾ ਹੋ ਰਿਹਾ ਹੈ। ਇਸ ਨਿੰਦਣਯੋਗ ਅਮਲ ਨਾਲ ਇਤਿਹਾਸ ਨਾਲ ਜੋ ਖਿਲਵਾੜ ਹੋ ਰਿਹਾ ਹੈ, ਉਸ ਦੀ ਕਲਪਣਾ ਹੀ ਨਹੀਂ ਕੀਤੀ ਜਾ ਸਕਦੀ। ਜਿਸ ਅਜ਼ੀਮ ਹਸਤੀ ਦੀ ਇਸ ਖੇਤਰ ਦੀ ਫੇਰੀ ਅਤੇ ਸਿੱਖਿਆ ਨੇ ਇਥੇ ਵਿਵੇਕ ਅਤੇ ਗਿਆਨ ਦੀ ਗੰਗਾ ਵਗਾ ਦਿੱਤੀ ਸੀ, ਉਥੇ ਹੁਣ, ਇਸ ਦੇ ਵਿਪਰੀਤ ਲਾਲੋ ਦੇ ਲਾਲੀਏ ਦਾ ਬੋਲਬਾਲਾ ਹੋ ਰਿਹਾ ਹੈ।

ਡੱਲਾ ਨਿਵਾਸੀ ਭਾਈ ਬੂਲੇ ਨੇ ਸੀਹਾਂ ਉੱਪਲ ਦੀ ਅਧੂਰੀ ਰਹਿ ਗਈ *ਸਾਖੀ ਮਹਲੁ ਪਹਿਲੇ ਕੀ* ਨੂੰ ਆਦਿ ਤੋਂ ਅੰਤ ਤੱਕ ਸੰਪੂਰਨ ਕਰਨ ਹਿਤ, ਇਸ ਦੇ ਬਿਰਤਾਂਤ ਵਿਚ ਇਕ ਛੋਟੀ ਜਿਹੀ ਪਰ ਮਹੱਤਵਪੂਰਨ ਸਾਖੀ 'ਜੰਗਲ ਮਹਿ ਗੰਗਾ ਆਣੀ' ਵੀ ਦਰਜ ਕੀਤੀ। ਮੁਲਾਹਜ਼ੇ ਲਈ ਪਾਠ ਹਾਜ਼ਰ ਹੈ:

> [1]ਤਾ ਏਕ ਸਮੈ ਜੰਗਲ ਮਹਿ ਜਾਇ ਥਾ॥ ਬਾਬੇ ਨਾਨਕ ਨਾਲਿ ਸਿਖ ਥੇ॥ ਉਨਹੁ ਸਿਖਹੁ ਕਹਿਆ ਬਾਬਾ ਜੀਉ ਹਮ ਪਿਆਸੇ ਹੈ॥ ਤਬ ਬਾਬੇ ਕਹਿਆ ਰੇ ਤੁਮ ਪਿਆਸੇ ਹਹੁ॥ ਤਾ ਉਨਹੁ ਕਹਿਆ ਜੀਉ ਬਹੁਤੁ ਪਿਆਸੇ ਹਾ॥ ਤਬ ਬਾਬੇ ਨਾਨਕ ਕਹਿਆ ਤਉ ਕਿਆ ਕਰਉ ਈਹਾ ਗੰਗਾ ਨਜੀਕ ਨਾਹੀ॥ ਤਬ ਇਤਨੇ ਕਹਨੇ ਸਾਥਿ ਬਾਵੇ [ਬਾਵਰੋਲੇ] ਕੀ ਨਿਆਈ ਗੰਗਾ ਆਇ ਗਈ॥ ਤਾ ਬਾਬੇ ਕਹਿਆ ਰੇ ਤੁਮ ਪਿਆਸੇ ਹਹੁ ਪੀਅਹੁ॥ ਤਬ ਉਨਹੁ ਪੀਆ ਭੀ ਅਰੁ ਨਾਇ ਭੀ॥ ਤਾ ਇਕਨਾ ਲੋਕਾ ਕਹਿਆ ਈਹਾ ਤਾ ਪਾਣੀ ਨਾ ਥਾ ਜੰਗਲ ਸਾ ਈਹਾ ਦਰੀਆਉ ਕਹਾ ਤੇ ਆਇਆ॥ ਤਬ ਤਮਾਸਗੀਰ ਲੋਕ ਦੇਖਣੇ ਕਉ ਚਲੇ॥ ਤਬ ਬਾਬੇ ਨਾਨਕ ਕਹਾ ਏ ਤਮਾਸਗੀਰ ਹੈ ਸੋ ਕਹੈਗੇ॥ ਤਾ ਬਾਬੇ ਨਾਨਕ ਪਿਛੇ ਕਉ ਹਾਥੁ ਕੀਆ॥ ਓਇ ਲੋਕ ਪੀਛੇ ਹੀ ਹਟਿ ਖਲੇ ਹੋਏ॥ ਆਗੈ ਕੋਈ ਆਇ ਨ ਸਕਿਓ॥[1]

ਇਸ ਦੇ ਵਿਵਰਨ ਵਿਚਲੀ ਗੰਗਾ - ਵਿਵੇਕ ਅਤੇ ਗਿਆਨ ਦੀ ਗੰਗਾ, ਦਾ ਚਿੰਨ੍ਹਾਤਮਕ ਮਹੱਤਵ ਬਹੁ-ਮੁੱਲਾ ਹੈ। ਮਾਲਵਾ, ਜਿਸ ਨੂੰ ਸਤਲੁਜ ਪਾਰ ਦੇ ਲੋਕ 'ਜੰਗਲ' ਸੱਦਦੇ ਸਨ, ਹਰ ਪੱਖੋਂ ਪੱਛੜਿਆ ਹੋਣ ਕਰਕੇ ਅਗਿਆਨਤਾ ਦੇ ਹਨੇਰੇ ਵਿਚ ਡੁੱਬਿਆ ਦਿੱਸਦਾ ਸੀ, ਪਰ ਜਦੋਂ ਬਾਬੇ ਦੇ ਦ੍ਰਿੜ੍ਹਾਏ ਵਿਵੇਕ ਅਤੇ ਗਿਆਨ ਦੀ ਲੋਅ ਇਥੇ ਅੱਪੜੀ ਤਾਂ 'ਗੰਗਾ' ਵਹਿ ਤੁਰੀ ਜਿਸ ਨੇ ਲੋਕਾਂ ਦੀ ਗਿਆਨ ਦੀ ਪਿਆਸ ਦੀ ਤਰਿਪਤੀ ਹੀ ਨਹੀਂ ਕੀਤੀ, ਲੋਕਾਂ ਨੂੰ ਇਸ ਵਿਚ ਟੁੱਭੀਆਂ ਵੀ ਲੁਆਈਆਂ। ਹੁਣ ਲੱਗਦੈ, ਬਾਬੇ ਦੇ 'ਵਿਵੇਕ ਅਤੇ ਗਿਆਨ ਦੀ ਗੰਗਾ' ਤਾਂ ਕਲਿਆਣਾਂ ਦੇ ਟਿੱਬਿਆਂ ਵਿਚ ਕਿਧਰੇ ਗੁੰਮ ਹੋ ਗਈ। ਤਮਾਸਗੀਰ - ਆਵਾਰਾ ਲੋਕ ਜੋ ਬਾਬੇ ਨੇ ਪਿੱਛੇ ਧੱਕੇ ਸਨ, ਹੁਣ ਅੱਗੇ ਆਏ, ਵਾਵਰੋਲਾ ਬਣੇ ਹੋਏ ਹਨ ਅਤੇ

1. *ਆਦਿ ਸਾਖੀਆਂ*, ਸੰਪਾ. ਪਿਆਰ ਸਿੰਘ, ਲੁਧਿਆਣਾ, 1983, ਪੰਨੇ 231-32.

'ਲਾਲੋ ਬਾਈ ਜੀ' ਦਾ ਬੋਲਬਾਲਾ ਕਰਨ ਵਿਚ ਮਸਰੂਫ਼ ਹਨ। ਕਲਾ ਤਾਂ ਇਕ ਪਾਸੇ, ਸਮਾਜਕ ਲਾਲ ਇਨਕਲਾਬ ਦਾ ਸੰਕਲਪ ਵੀ ਕਿਧਰੇ ਗੁੰਮ ਹੋ ਗਿਆ ਪ੍ਰਤੀਤ ਹੁੰਦਾ ਹੈ।

'ਲਾਲੋ' ਵਰਤਾਰੇ ਦੀਆਂ ਬਾਰੀਕੀਆਂ ਸਮਝਣ ਲਈ ਇਸ ਦੇ ਪ੍ਰੇਰਕ ਪ੍ਰਸੰਗ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ। ਇਹ ਸਥਾਪਤ ਤੱਥ ਹੈ ਕਿ 'ਲਾਲੋ' ਤਿਲੰਗ, ਸ਼ਬਦ 5 ਦੀਆਂ ਸੱਤ ਤੁਕਾਂ ਦੇ ਤੁਕਾਂਤ 'ਵੇ ਲਾਲੋ' ਤੋਂ ਪ੍ਰੇਰਤ ਲੱਖਣ ਹੈ :

[1]ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥[1]

ਅਤੇ ਇਸ ਸ਼ਬਦ ਦਾ ਪਿਛੋਕੜ 1526-39 ਈ. ਵਿਚ ਮੁਗ਼ਲ ਸੱਤਾ ਦੀ ਸਥਾਪਤੀ ਉਪਰੰਤ ਪ੍ਰਾਪਤ ਸਮਾਜਕ ਅਤੇ ਰਾਜਨੀਤਕ ਵਿਵਸਥਾ ਨਾਲ ਸਬੰਧਤ ਹੈ। ਇਸ ਦੀ ਰਚਨਾ ਕਰਤਾਰਪੁਰ ਵਿਚ ਸਵੇਰੇ-ਸ਼ਾਮ ਹੁੰਦੇ ਬਾਬੇ ਦੇ ਸ਼ਰਧਾਲੂ, ਲਾਲਾਂ, ਪਿਆਰਿਆਂ ਸਨਮੁਖ ਹੋਏ ਵਿਖਿਆਨਾਂ ਦਾ ਆਧਾਰ ਗੁਣ ਹੈ।

'ਵੇ ਲਾਲੋ' ਦਾ ਓਕਾਰੰਤ ਰੂਪ, ਸਮੂਹਕ ਸੰਬੋਧਨ ਦਾ ਲਖਾਇਕ ਹੈ, ਜਿਵੇਂ ਦੋਸਤੋ, ਲੋਕੋ, ਪਿਆਰਿਓ, ਮਿਹਰਬਾਨੋ; ਇੱਕ-ਵਚਨੀ ਦਾ ਨਹੀਂ। ਇਸ ਦੇ ਇਕ-ਵਚਨੀ ਰੂਪ, ਜਿਵੇਂ ਰੂਪੋ, ਸਵਰਨੋ, ਲਾਲੋ, ਕਾਲੋ ਵਿਚ ਲਿੰਗ ਭੇਦ ਉੱਭਰ ਆਉਂਦਾ ਹੈ। ਇਸ ਦੀ ਆਪਣੀ ਗਰਾਮਰ ਹੀ 'ਲਾਲੋ' ਸਬੰਧੀ ਲਿੰਗ-ਸੰਕਟ ਖੜ੍ਹਾ ਕਰਦੀ ਹੈ। ਜੇ ਇਸ ਨੂੰ ਵਿਅਕਤੀ ਵਿਸ਼ੇਸ਼ ਦਾ ਬੋਧਕ ਮੰਨਣਾ ਹੋਵੇ ਤਾਂ ਨਿਤਾਰਾ ਕਰਨਾ ਜ਼ਰੂਰੀ ਹੋ ਜਾਏਗਾ ਕਿ ਲਾਲੋ 'ਬਾਈ ਜੀ' ਸੀ ਜਾਂ 'ਮਾਈ ਜੀ' ? ਜਾਂ ਕੋਈ ਵਿਚ ਵਿਚਾਲੇ ਦੀ ਚੀਜ਼ ? ਸ਼ਾਇਦ ਕੋਈ ਲਾਲੋ ਦੀ ਵਾਸਤਵਿਕਤਾ ਦਾ ਸ਼ੈਦਾਈ ਦੇਸੀ ਵਿਦਵਾਨ ਜਾਂ ਬਾਲਾ-ਭਾਈ ਇਸ ਹਨੇਰੇ ਪੱਖ 'ਤੇ ਕੋਈ ਚਾਨਣਾ ਪਾ ਸਕੇ। ਜਿਨ੍ਹਾਂ ਤੋਂ ਭੈ-ਭੀਤ ਹੋ ਕੇ ਮੈਕਲੋਡ[2] ਵਰਗਾ ਤਾਰਕੀ ਵੀ ਇਸ ਦੀ ਅੱਧ-ਪਚੱਧੀ ਸੰਭਾਵਨਾ ਨੂੰ ਸਵੀਕਾਰ ਕਰ ਗਿਆ।

ਇਸ ਇਤਿਹਾਸਕ ਵਿਗਾੜ ਦਾ ਮੂਲ ਕਾਰਨ, ਮੁੱਢਲੀ ਸਾਖੀ ਪਰੰਪਰਾ ਵਿਚ 'ਬਾਬਰ ਬਾਣੀ' ਵਜੋਂ ਜਾਣੇ ਜਾਂਦੇ ਚਾਰ ਸ਼ਬਦਾਂ ਦਾ ਸੈਦਪੁਰ ਦੀ ਤਬਾਹੀ ਨਾਲ ਜੋੜੇ ਜਾਣਾ ਹੈ, ਜਦੋਂ ਕਿ ਚਾਰੇ ਸ਼ਬਦ ਸਮੇਂ ਦੀ ਵਿੱਥ ਨਾਲ ਵਾਪਰੀਆਂ ਵੱਖ-ਵੱਖ ਸਥਿਤੀਆਂ ਤੋਂ ਪ੍ਰੇਰਤ ਕਾਵਿਕ ਹੁੰਗਾਰੇ ਹਨ, ਜਿਨ੍ਹਾਂ ਦਾ ਸਹੀ ਮੁਲਾਂਕਣ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਹੀ ਹੋ ਸਕਦਾ ਹੈ। ਇਹ ਤੱਥ ਸੁਨਿਸਚਤ ਹੈ ਕਿ ਗੋਰਖ ਦੀ ਸਿਰਜੀ ਖ਼ਿਆਲੀ ਮੂਰਤ 'ਲਾਲੋ' ਦਾ ਨਾ ਏਮਨਾਬਾਦ ਨਾਲ ਕੋਈ ਸਬੰਧ ਹੈ ਅਤੇ ਨਾ ਬਾਬੇ ਨਾਲ ਕੋਈ ਵਾਹ ਵਾਸਤਾ। ਇਸ ਨੂੰ ਤਰਖਾਣ ਦੱਸਣਾ ਵੀ ਗੋਰਖ ਦਾਸ ਦੀਆਂ ਮਲੀਨ ਪਰਵਿਰਤੀਆਂ ਕਾਰਨ ਹੈ। ਹੋ ਸਕਦੈ, ਅਤੀਤਕਾਲ ਵਿਚ ਉਸ ਨੂੰ ਕਿਸੇ ਤਰਖਾਣ ਦੀ ਕਰੜੀ ਮਾਰ ਝੱਲਣੀ ਪਈ ਹੋਵੇ, ਜਿਸ ਦੀ ਕੁੜੱਤਣ ਮਨੋ-ਗੰਢ ਬਣ ਕੇ ਤਰਖਾਣਾਂ ਸਬੰਧੀ ਕੁਜ਼ੀਲ ਰਵੱਈਏ ਦਾ ਕਾਰਨ ਬਣੀ। ਲਾਲੋ ਨੂੰ ਇਨ੍ਹਾਂ 'ਸ਼ੂਦਰਾਂ' ਨਾਲ ਸੰਬੰਧਤ ਕੀਤਾ ਅਤੇ ਬਾਬੇ ਨੂੰ ਇਨ੍ਹਾਂ ਸੰਗ ਵਿਚਰਦਿਆਂ ਦਰਸਾ ਕੇ ਬਾਬੇ ਦੇ ਅਪਮਾਨ ਦੇ ਸਾਮਾਨ ਵਜੋਂ ਵਰਤਿਆ।

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 722.
2. *Sikhs and Sikhism*, pp. 86-87.

ਗੋਰਖ ਦਾਸ ਦੀ ਤੋਰੀ ਇਸ ਰੀਤ ਅਤੇ ਮਨੋਦਸ਼ਾ ਅਧੀਨ, ਪਿਛਲੇ ਪਿਛਲੇਰੇ ਸਦਾ ਸਰਗਰਮ ਹੰਦਾਲੀਆਂ ਨੇ ਆਪਣੇ "ਪੁਰਾਤਨ ਯਾਰ" 'ਸੈਦੋ ਜੱਟ ਜਾਤ ਘੇਹੋ' ਨੂੰ ਤਿੰਨ ਜਨਮ ਮਾੜੇ ਦੇ ਤਰਖਾਣਾਂ ਦੇ ਘਰ ਜੰਮਣ ਦੀ ਸਜ਼ਾ ਦਿੱਤੀ। ਇਹ ਜੁੱਗੋ ਜੁੱਗ ਅਟੱਲ ਹੀਣੀ ਹੰਦਾਲੀਅਤ ਦੀਆਂ ਸਿਫ਼ਤਾਂ ਹਨ। 'ਬਾਲਾ' ਮਿੱਥ ਵਾਂਗ ਹੀ ਇਸ ਮੰਤਵੀ ਘਾੜਤ ਅਤੇ ਨਿਰਾਧਾਰ 'ਲਾਲੋ' ਨੂੰ, ਤੁਰਤ ਅਤੇ ਕਤਈ ਤੌਰ 'ਤੇ, ਰੱਦ ਕੀਤੇ ਜਾਣਾ ਬਣਦਾ ਹੈ।

ਲਾਲ ਅਮੁੱਲੇ

(1) 'ਲਾਲੋ' ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਂ ਨਹੀਂ, ਨਾ ਹੀ ਇਸ ਦਾ ਏਮਨਾਬਾਦ ਨਾਲ ਕੋਈ ਵਾਸਤਾ ਹੈ।

(2) ਇਹ ਗੋਰਖ ਦਾਸ ਹੰਦਾਲੀ ਲੇਖਕ ਦੇ ਦਿਮਾਗ਼ ਦੀ ਉਪਜ, ਤਿਲੰਗ ੫, ਸ਼ਬਦ ਦੇ ਤੁਕਾਂਤ ਤੋਂ ਪ੍ਰੇਰਤ ਖ਼ਿਆਲੀ ਮੂਰਤ ਹੈ।

(3) ਇਸ ਦਾ ਤਰਖਾਣ ਤਥਾ ਸ਼ੂਦਰ ਹੋਣਾ ਬਾਬੇ ਦੇ ਅਪਮਾਨ ਦਾ ਕਾਰਬਰਦਾਰ ਦੇ ਤੌਰ 'ਤੇ ਚਿਤਵਿਆ ਗਿਆ ਹੰਦਾਲੀ ਕੂੜ-ਪਸਾਰ ਹੀ ਹੈ।

(4) 'ਬਾਲਾ ਜਨਮਸਾਖੀ' ਤੋਂ ਬਾਹਰ ਇਸ ਦੀ ਹੋਂਦ ਦਾ ਕੋਈ ਸਬੂਤ ਨਹੀਂ ਮਿਲਦਾ, ਸਿੱਖ ਪਰੰਪਰਾ ਵਿੱਚੋਂ ਵੀ ਇਹ ਨੇਸਤੋਨਾਬੂਦ ਹੈ।

(5) ਇਸ ਦੇ ਸਿਰਜਕ ਗੋਰਖ ਦਾਸ ਨੇ ਇਸ ਨੂੰ ਰੰਘੜੀ ਪ੍ਰਸੰਗ ਨੂੰ ਸਾਰਥਕ ਬਣਾਉਣ ਦੇ ਵਸੀਲੇ ਦੇ ਤੌਰ 'ਤੇ ਜੋੜਿਆ।

(6) ਨਿਖੇਧਾਤਮਕ ਲਾਲੋ ਨੂੰ ਲੋਕ-ਕਲਾਵਾਂ ਨਾਲ ਜੋੜਨਾ, ਕਲਾਵਾਂ ਦਾ ਅਪਮਾਨ ਅਤੇ ਇਤਿਹਾਸ ਨਾਲ ਖਿਲਵਾੜ ਕਰਨਾ ਹੈ।

Scanned by CamScanner

ਸਹਾਇਕ ਪੁਸਤਕ-ਸੂਚੀ

ਪੰਜਾਬੀ

ਅਮਰ ਸਿੰਘ, *ਤੁਕ-ਤਤਕਰਾ*, ਭਾਸ਼ਾ ਵਿਭਾਗ, ਪਟਿਆਲਾ, 1999.

ਅਮਰਜੀਤ *ਪੰਜਾਬ ਦੇ ਪਿੰਡ, ਸ਼ਹਿਰ ਅਤੇ ਕਸਬੇ*, ਲੁਧਿਆਣਾ, 2005.

ਐਮ.ਏ. ਮੈਕਾਲਿਫ, *ਜਨਮਸਾਖੀ ਬਾਬੇ ਨਾਨਕ ਜੀ ਕੀ*, ਰਾਵਲਪਿੰਡੀ, 1885.

ਐਲ.ਐਮ. ਜੋਸ਼ੀ, ਸ਼ਾਰਦਾ ਗਾਂਧੀ, ਸੰਪਾ., *ਧੱਮਪਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਈਸ਼ਰ ਸਿੰਘ ਨਾਰਾ, *ਵੈਸਾਖ ਨਹੀਂ- ਕੱਤਕ*, ਨਵੀਂ ਦਿੱਲੀ, 1970.

ਸ.ਸ. ਪਦਮ, *ਸਿੱਖਾਂ ਦੀ ਭਗਤਮਾਲਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013.

—, *ਸਾਖੀ ਮਹਲੁ ਪਹਿਲੇ ਕੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014.

ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਚਾਰ ਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬੀ ਹੱਥ-ਲਿਖਤਾਂ ਦੀ ਸੂਚੀ*, ਦੋ ਭਾਗ, ਭਾਸ਼ਾ ਵਿਭਾਗ, ਪਟਿਆਲਾ, 1961-63.

—, *ਸਾਡਾ ਹੱਥ-ਲਿਖਤ ਪੰਜਾਬੀ ਸਾਹਿਤ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968.

—, *ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ*, ਅੰਮ੍ਰਿਤਸਰ, 1969.

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਦੋ ਭਾਗ, ਭਾਸ਼ਾ ਵਿਭਾਗ, ਪਟਿਆਲਾ, 1971.

ਸਾਈਂ ਦਾਸ ਉਰਫ਼ ਸੁੰਦਰ ਸਿੰਘ, *ਗੁਰੂ ਹੰਦਾਲ ਪ੍ਰਕਾਸ਼*, ਅੰਮ੍ਰਿਤਸਰ, 1954.

ਸਾਹਿਬ ਸਿੰਘ, *ਆਦਿ ਬੀੜ ਬਾਰੇ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.

—, *ਗੁਰ-ਇਤਿਹਾਸ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.

ਸਾਧੂ ਸਿੰਘ, ਮਹੰਤ, *ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਲਾਹੌਰ, 1955 ਬਿ.।

ਸੀਕਰੀ, ਐਮ.ਐਲ., *ਭਾਰਤੀ ਇਤਿਹਾਸ ਦਾ ਮੁਸਲਿਮ ਯੁੱਗ*, ਜਲੰਧਰ, 1979.

ਸੁਜਾਨ ਰਾਏ ਭੰਡਾਰੀ, *ਖ਼ੁਲਾਸਤੁਤ ਤਵਾਰੀਖ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਸੁਰਿੰਦਰ ਸਿੰਘ ਕੋਹਲੀ, *ਪੰਜਾਬੀ ਵਾਰਤਕ*, ਭਾਸ਼ਾ ਵਿਭਾਗ, ਪਟਿਆਲਾ, 1959.

—, ਸੰਪਾ., *ਪੰਜਾਬੀ ਸਾਹਿਤ ਦਾ ਇਤਿਹਾਸ*, ਭਾਗ ਦੂਜਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1967.

—, *ਭਾਈ ਮਨੀ ਸਿੰਘ: ਜੀਵਨ ਤੇ ਰਚਨਾ*, ਭਾਸ਼ਾ ਵਿਭਾਗ, ਪਟਿਆਲਾ, 1961.

ਸੁਰਿੰਦਰ ਸਿੰਘ ਕੋਹਲੀ ਤੇ ਜਗਜੀਤ ਸਿੰਘ, ਸੰਪਾ. *ਜਨਮਸਾਖੀ ਭਾਈ ਬਾਲਾ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1990.

Scanned by CamScanner

ਸੇਵਾ ਸਿੰਘ, ਸੰਪਾ., *ਪ੍ਰਾਚੀਨ ਜਨਮ ਸਾਖੀ ਗੁਰੂ ਨਾਨਕ ਦੇਵ ਜੀ*, ਜਲੰਧਰ, 2006.

ਹਜ਼ਾਰਾ ਸਿੰਘ, ਗਿ., *ਵਾਰਾਂ ਭਾਈ ਗੁਰਦਾਸ*, ਅੰਮ੍ਰਿਤਸਰ, 1951.

ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ*, ਅੰਮ੍ਰਿਤਸਰ 2015.

ਹਰਬੰਸ ਸਿੰਘ ਤੇ ਹੋਰ, *ਸੰਸਾਰ ਦੇ ਧਰਮ*, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

ਹਰਿਭਜਨ ਸਿੰਘ, *ਪੁਰਾਤਨ ਜਨਮ ਸਾਖੀ*, ਖੋਜ-ਪੱਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1972.

ਕਬਿੱਤ ਸਵੈਯੇ ਭਾਈ ਗੁਰਦਾਸ ਜੀ ਕੇ, ਸੰਪਾ-ਪ੍ਰਕਾ., ਲਾ. ਗੰਗਾ ਬਿਸ਼ਨ, ਲਾਹੌਰ.

ਕਰਮ ਸਿੰਘ, ਹਿ., *ਕੱਤਕ ਕਿ ਵਿਸਾਖ*, ਲਾਹੌਰ, 1932.

—, *ਗੁਰਪੁਰਬ ਨਿਰਣਯ*, ਅੰਮ੍ਰਿਤਸਰ, 1912.

ਕਰਮਜੀਤ ਸਿੰਘ, ਸੰਪਾ., *ਮਹਾਂਕਵੀ ਭਾਈ ਸੰਤੋਖ ਸਿੰਘ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.

ਕਲਿਆਣ ਦਾਸ ਉਦਾਸੀ, *ਸੱਚੀ ਖੋਜ*, ਗੁਰਦੁਆਰਾ ਬਿਛਨੂੰ ਧਾਮ, ਕੋਸੀ, ਜ਼ਿਲਾ ਮਥਰਾ, ਨਾ.ਸ਼ਾ. ਸੰਮਤ 492/1961 ਈ.

ਕਵੀ ਸੋਹਨ, *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਹ-ਲਿ., ਨਿ.ਸਿ.।

ਕਾਨ੍ਹ ਸਿੰਘ, ਭਾ., *ਮਹਾਨ ਕੋਸ਼*, ਭਾਸ਼ਾ ਵਿਭਾਗ, ਪਟਿਆਲਾ, 1960.

—, *ਗੁਰਮਤ ਸੁਧਾਕਰ*, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005.

ਕਿਰਪਾਲ ਸਿੰਘ, ਤੇ ਹੋਰ, ਸੰਪਾ., *ਜਨਮ ਸਾਖੀ ਗੁਰੂ ਨਾਨਕ ਦੇਵ ਜੀ*, ਦੋ ਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ, 1962, 1969.

—, *ਜਨਮ ਸਾਖੀ ਪਰੰਪਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

—, *ਮਨੋਹਰ ਦਾਸ ਮਿਹਰਬਾਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਕੁਲਵਿੰਦਰ ਸਿੰਘ ਬਾਜਵਾ, ਸੰਪਾ., *ਮਹਿਮਾ ਪ੍ਰਕਾਸ਼ (ਵਾਰਤਕ)*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ*, ਸੰਪਾ. ਪਿਆਰਾ ਸਿੰਘ ਪਦਮ, *ਸਿੰਘ ਬ੍ਰਦਰਜ਼*, ਅੰਮ੍ਰਿਤਸਰ, 2005.

ਗੰਡਾ ਸਿੰਘ, *ਹੁਕਮਨਾਮੇ ਗੁਰੂ ਸਾਹਿਬਾਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਗਰਜਾ ਸਿੰਘ, ਗਿ., *ਸ਼ਹੀਦ ਬਿਲਾਸ*, ਕ੍ਰਿਤ ਸੇਵਾ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1961.

ਗਿਆਨ ਸਿੰਘ, ਗਿ., *ਪੰਥ ਪ੍ਰਕਾਸ਼*, ਅੰਮ੍ਰਿਤਸਰ, 1923.

—, *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ, ਪਟਿਆਲਾ, 1970.

ਗੁਰਦਿੱਤ ਸਿੰਘ, ਗਿ., *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*, ਸਿੱਖ ਸਾਹਿਤ ਸੰਸਥਾਨ, ਚੰਡੀਗੜ੍ਹ, 1990.

—, *ਮੁੰਦਾਵਣੀ*, ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 2003.

ਗੁਰਬਖਸ਼ ਸਿੰਘ, ਅਨੁ.-ਸੰਪਾ., *ਸਾਖੀ ਦਾ ਨਾਮਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਗੁਰਚਰਨ ਸਿੰਘ ਔਲਖ, *ਧੁਨੀ ਉਪਜੀ ਸਾਖੀ ਸਿਖੀ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

ਗੁਰਬਚਨ ਕੌਰ, ਸੰਪਾ., *ਜਨਮ ਸਾਖੀ ਭਾਈ ਬਾਲਾ*, ਭਾਸ਼ਾ ਵਿਭਾਗ, ਪਟਿਆਲਾ, 1987.

Scanned by CamScanner

ਗੁਰਮੁਖ ਸਿੰਘ, ਸੰਪਾ., *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

ਗੁਰਮੇਲ ਸਿੰਘ, *ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼*, ਪਟਿਆਲਾ, 2004.

ਗੋਕਲ ਚੰਦ ਨਾਰੰਗ, *ਸਿੱਖ ਮੱਤ ਦਾ ਪਰਿਵਰਤਨ*, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975.

ਚੰਦਾ ਸਿੰਘ, ਗਿ., *ਪ੍ਰਿਯਾਇ ਆਦਿ ਸ੍ਰੀ ਗੁਰੂ ਗ੍ਰੰਥ ਜੀ ਕੇ*, ਅੰਮ੍ਰਿਤਸਰ, 1904.

ਜਸਬੀਰ ਸਿੰਘ ਸਾਬਰ, ਸੰਪਾ., *ਗਿਆਨ ਰਤਨਾਵਲੀ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.

ਜਗਜੀਤ ਸਿੰਘ ਖਾਨਪੁਰੀ, *ਜਨਮ ਸਾਖੀਆਂ ਦਾ ਤਾਰਕਿਕ ਅਧਿਐਨ*, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1970.

—, *ਆਦਿ ਸਾਖੀਆਂ ਦਾ ਅਲੋਚਨਾਤਮਕ ਅਧਿਐਨ*, ਲੁਧਿਆਣਾ, 1973.

—, *ਪੁਰਾਤਨ ਜਨਮਸਾਖੀ : ਅਲੋਚਨਾਤਮਕ ਅਧਿਐਨ*, ਲੁਧਿਆਣਾ, 1976.

—, ਸੰਪਾ., *ਪ੍ਰਾਣ ਸੰਗਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਜੀ.ਬੀ.ਸਿੰਘ, *ਪ੍ਰਾਚੀਨ ਬੀੜਾਂ*, ਮਾਡਰਨ ਪਬਲੀਕੇਸ਼ਨਜ਼, ਲਾਹੌਰ, 1944.

ਜੇ.ਐਸ. ਗਰੇਵਾਲ ਤੇ ਹੋਰ, *ਮੁੱਢਲੀ ਉਨੀਵੀਂ ਸਦੀ ਦਾ ਪੰਜਾਬ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974.

ਜੋਧ ਸਿੰਘ, ਭਾਈ, *ਕਰਤਾਰਪੁਰੀ ਬੀੜ ਦੇ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਤਰਲੋਚਨ ਸਿੰਘ ਬੇਦੀ, *ਪੰਜਾਬੀ ਵਾਰਤਕ ਦਾ ਅਲੋਚਨਾਤਮਿਕ ਅਧਿਐਨ*, 1971.

—, ਸੰਪਾ., *ਸਿੱਖਾਂ ਦੀ ਭਗਤਮਾਲਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਤੇਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1995.

ਨਰਿੰਦਰ ਕੌਰ ਭਾਟੀਆ, ਸੰਪਾ., *ਮਿਹਰਬਾਨ ਰਚਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 1999.

ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

ਪਿਆਰ ਸਿੰਘ, *ਗਾਥਾ ਸ੍ਰੀ ਆਦਿ ਗ੍ਰੰਥ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1992.

—, ਸੰਪਾ., *ਆਦਿ ਸਾਖੀਆਂ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1983.

—, ਸੰਪਾ., *ਬੀ40 ਜਨਮਸਾਖੀ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989.

ਪਿਆਰਾ ਸਿੰਘ ਪਦਮ, *ਰਹਿਤਨਾਮੇ*, ਕਲਮ ਮੰਦਿਰ, ਪਟਿਆਲਾ, 1974.

—, *ਸੰਖੇਪ ਸਿੱਖ ਇਤਿਹਾਸ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1990.

—, ਸੰਪਾ., *ਗੁਰੂ ਕੀਆਂ ਸਾਖੀਆਂ ਕ੍ਰਿਤ ਸਰੂਪ ਸਿੰਘ ਕੌਸ਼ਿਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.

ਪ੍ਰੀਤਮ ਸਿੰਘ, ਪ੍ਰੋ., *ਅਹੀਆਪੁਰ ਵਾਲੀ ਪੋਥੀ*, ਭਾਗ ਪਹਿਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1998, ਭਾਗ ਦੂਜਾ, ਦੋ ਜਿਲਦਾਂ, 2012.

Scanned by CamScanner

ਪ੍ਰੀਤਮ ਸਿੰਘ, ਪ੍ਰੋ., *ਮੂਰਤਾਂ*, ਨਵੀਂ ਦਿੱਲੀ, 1996.

— ਤੇ ਜੋਗਿੰਦਰ ਸਿੰਘ ਆਹਲੂਵਾਲੀਆ, *ਸਿੱਖਾਂ ਦਾ ਛੋਟਾ ਮੇਲ*, ਪੰਜਾਬੀ ਐਜੂਕੇਸ਼ਨਲ ਐਂਡ ਕਲਚਰਲ ਫ਼ਾਊਂਡੇਸ਼ਨ, ਸੈਨ ਲਿਐਂਡਰੋ, ਕੈਲਿਫ਼ੋਰਨੀਆ, 2009.

ਬਲਵੰਤ ਸਿੰਘ ਢਿੱਲੋਂ, ਸੰਪਾ., *ਸ੍ਰੀ ਗੁਰ ਪੰਥ ਪ੍ਰਕਾਸ਼* ਕ੍ਰਿਤ ਰਤਨ ਸਿੰਘ ਭੰਗੂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਬਾਲੇ ਵਾਲੀ ਜਨਮਸਾਖੀ, ਅੰਮ੍ਰਿਤਸਰ, 1912.

ਮਹਾਂ ਸਿੰਘ, ਭਾਈ, 'ਕੱਤਕ ਕਿ ਵਿਸਾਖ', 'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ', ਮਾਸਿਕ *ਨਿਰਗੁਣੀਆਰਾ*, ਅੰਮ੍ਰਿਤਸਰ, ਮਾਰਚ 1962 ਤੇ ਜੁਲਾਈ 1959.

ਰਤਨ ਸਿੰਘ ਜੱਗੀ, *ਸਾਹਿੱਤ ਸੌਰਭ*, ਪਟਿਆਲਾ, 1976.

—, ਸੰਪਾ., *ਗੁਰੂ ਨਾਨਕ ਬਾਣੀ*, ਪੈਪਸੂ ਬੁੱਕ ਡੀਪੂ, ਪਟਿਆਲਾ, 1968.

—, *ਗੁਰੂ ਗ੍ਰੰਥ ਵਿਸ਼ਵ ਕੋਸ਼*, ਦੋ ਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

—, *ਜਨਮ ਸਾਖੀ ਭਾਈ ਬਾਲਾ*, ਖੋਜ-ਪੱਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974.

—, *ਦਸਮ ਗ੍ਰੰਥ ਦਾ ਕਰਤ੍ਰਿਤਵ*, ਨਵੀਂ ਦਿੱਲੀ, 1966.

—, *ਪੁਰਾਤਨ ਜਨਮਸਾਖੀ ਵਿਸ਼ਲੇਸ਼ਨਾਤਮਕ ਅਧਿਐਨ*, ਪਟਿਆਲਾ, 1977.

—, *ਭਾਈ ਗੁਰਦਾਸ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਵਲਾਇਤ ਵਾਲੀ ਜਨਮਸਾਖੀ, ਪੱਥਰ ਛਾਪ, ਇੰਡੀਅਨ ਪ੍ਰੈਸ, ਲਾਹੌਰ, 1884.

ਵੀਰ ਸਿੰਘ, ਭਾਈ, *ਸ੍ਰੀ ਅਸ਼ਟ ਗੁਰੂ ਚਮਤਕਾਰ*, ਭਾਗ ਦੋ, ਅੰਮ੍ਰਿਤਸਰ, 1968.

—, ਸੰਪਾ., *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 1950.

—, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਕ੍ਰਿਤ ਭਾਈ ਸੰਤੋਖ ਸਿੰਘ, ਭਾਸ਼ਾ ਵਿਭਾਗ, ਪਟਿਆਲਾ, 1989.

—, *ਪੁਰਾਤਨ ਜਨਮ ਸਾਖੀ*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1952.

ਅੰਗਰੇਜ਼ੀ

Apte, V.S., *Sanskrit-English Dictionary,* 3 Vols., Parsad Prakashan, Poona, 1959.

A Concise History of Ceylon, University of Ceylon, 1961.

Amritsar District Gazetteer, (ed. B.R.Chopra), Chandigarh, 1976.

Cunningham, J.D., *A History of the Sikhs,* S. Chand & Co., Delhi, 1966.

Encyclopaedia Britannica, 15th edition, London, 1977.

Griffin, Lepel H., *Chiefs and Families of Note in the Punjab,* Vol. I & II, Lahore, 1940.

Gupta, Hari Ram, *Studies in Later Mughal History of Punjab,* Lahore, 1944.

Harbans Singh, *The Heritage of the Golden Temple,* SGPC, Amritsar, 1957.

Scanned by CamScanner

Harbans Singh, ed., *Encyclopaedia of Sikhism*, 4 Vols., Punjabi University, Patiala.

Khushwant Singh, *A History of the Sikhs*, 2 Vols., Oxford University Press, London, 1963-65.

Kirpal Singh, *A Catalogue of Punjabi and Urdu Manuscripts*, Khalsa College, Amritsar, 1963.

Latif, Syed Mohammad, *History of the Punjab*, Calcutta, 1891.

Leitner, G.W., *History of Indigenous Education in the Punjab Since Annexation*, Calcutta, 1882; reprinted Languages Department, Punjab, Patiala, 1971.

Macauliffe, M.A., *The Sikh Religion*, 6 Vols., S. Chand and Co., Delhi, 1963.

Madanjit Kaur, *Golden Temple : Past and Present*, Amritsar, 1983.

Malcolm, John, *Sketch of the Sikhs*, John Murray, London, 1812.

McLeod, W.H., *Sikhs and Sikhism*, Oxford University Press, New Delhi, 2004.

—, *B40, Janam Sakhi*, Guru Nanak Dev University, Amritsar, 1981.

—, *The Principal Janam Sakhi*, Oxford, 1989.

Mohan Singh, *A History of Punjabi Literature*, Amritsar, 1956.

Mughal Empire, ed. Majmudar, Bharti Vidya Bhawan, Bombay, 1974.

Punjab History Conference Proceedings, (1970, 1978), Punjabi University, Patiala.

Sharma, S.R., *Religious Policy of the Mughal Emperors*, Oxford University Press, 1940.

Tripathi, R.P., *Rise and Fall of the Mughal Empire*, Allahabad, 1956.

Trumpp, Ernest, *The Adi Granth*, Munshiram Manoharlal, Delhi, 1978.

Scanned by CamScanner

ISBN 81-7205-596 X
9 788172 055967

Scanned by CamScanner